ਕੁਲ ਸੰਸਾਰ ਇਕ ਪਰਿਵਾਰ...

# ਨਵੀਂ ਦੁਨੀਆ

# Nawi Dunia

Free



16 ਜੂਨ 1963 : ਵੈਲਨਟੀਨਾ ਟਰੈਸਕੋਵਾ (ਰੂਸ) ਪੁਲਾੜ ਵਿਚ ਪਹੁੰਚਣ ਵਾਲੀ ਪਹਿਲੀ ਔਰਤ ਬਣੀ

ਸਾਲ : 6 ਅੰਕ : 6 Phone : 780 465 9118, 403 830 7007, 204 510 6284 : Fax: 780 465 0661, E-mail: info@nawidunia.com ਜੂਨ (June) 2015



ਅਲਬਰਟਾ ਦੀ ਨਵੀਂ ਐਨ.ਡੀ.ਪੀ. ਸਰਕਾਰ ਪੰਨਾ-3



ਐਡਮਿੰਟਨ ਵਿਚ ਨਗਰ ਕੀਰਤਨ ਸਜਾਇਆ ਪੰਨਾ-4



ਅਸੂਲਾਂ ਦਾ ਪਹਿਰੇਦਾਰ ਡਾ. ਸਾਧੂ ਸਿੰਘ ਪੰਨਾ-27



ਫ਼ਿਲਮ 'ਇਹ ਜਨਮ ਤੁਮ੍ਹਾਰੇ ਲੇਖੇ' ਪੰਨਾ-46



'ਟਰੁੱਥ ਐਂਡ ਰੀਕਨਸਾਈਲੇਸ਼ਨ' ਦੀ ਰਿਪੋਰਟ ਜਾਰੀ

# ਮੂਲ ਵਾਸੀਆਂ ਨਾਲ ਕੀਤਾ ਗਿਆ ਵਿਵਹਾਰ 'ਸਭਿਆਚਾਰਕ ਨਸਲਕੁਸ਼ੀ' ਗਰਦਾਨਿਆ

**ਕਮਿਸ਼ਨ ਵਲੋਂ ਕੀਤੀਆਂ ਸਿਫਾਰਸ਼ਾਂ ਸਲਾਹੁਣਯੋਗ**

**- - - - - - - - - - -**

**ਬਿਆਨਬਾਜ਼ੀ ਦੀ ਥਾਂ ਠੋਸ ਕਦਮ ਚੁੱਕੇ ਜਾਣ : ਮਗ੍ਰੀ ਸਿਨਕਲੇਅਰ**

ਐਡਮਿੰਟਨ (ਨਦਬ) : ਐਬਓਰਿਜਨਲ ਅਤੇ ਕਨੇਡਾ ਦੇ ਗੈਰ ਐਬਓਰਿਜਨਲ ਲੋਕਾਂ ਵਿੱਚ ਤਾਲਮੇਲ ਵਧਾਉਣ ਹਿਤ ਤੇ ਐਬਓਰਿਜਨਲ ਲੋਕਾਂ ਦੀਆਂ ਯਥਾਰਥਕ ਸਥਿਤੀਆਂ 'ਤੇ ਚਾਨਣਾ ਪਾਉਣ ਲਈ ਸੱਚ ਅਤੇ ਸਮਝੌਤਾ ਕਮਿਸ਼ਨ ਗਠਿਤ ਕੀਤਾ ਗਿਆ ਸੀ। ਪਿਛਲੇ ਦਿਨੀਂ ਇਸ ਕਮਿਸ਼ਨ ਵੱਲੋਂ ਐਬਓਰਿਜਨਲ ਲੋਕਾਂ ਦੀ 'ਸੱਭਿਆਚਾਰਕ ਨਸਲਕੁਸ਼ੀ' ਨੂੰ ਲੈ ਕੇ ਇੱਕ ਵਿਸ਼ੇਸ਼ ਰਿਪੋਰਟ ਜਾਰੀ ਕੀਤੀ ਗਈ, ਜਿਸ ਵਿੱਚ ਕਮਿਸ਼ਨ ਵੱਲੋਂ ਹਾਲਤਾਂ ਨੂੰ ਸੁਧਾਰਣ ਲਈ ਬਹੁਤ ਸਾਰੀਆਂ ਸਿਫ਼ਾਰਸ਼ਾਂ ਕੀਤੀਆਂ ਗਈਆਂ ਹਨ। ਸੱਭਿਆਚਾਰਕ ਨਸ਼ਲਕੁਸ਼ੀ ਦੇ ਨਜ਼ਰੀਏ ਤੋਂ ਰਿਹਾਇਸ਼ੀ ਸਕੂਲਾਂ ਦੇ ਸੰਦਰਭ ਵਿੱਚ ਇਹ ਸਿਫਾਰਿਸ਼ਾਂ ਪੂਰੀ ਤਰ੍ਹਾਂ ਵਿਚਾਰਨਯੋਗ ਹਨ ਤੇ ਲੋਕਾਂ ਵੱਲੋਂ ਇਹਨਾਂ ਦਾ ਭਰਪੂਰ ਸਵਾਗਤ ਕੀਤਾ ਜਾ ਰਿਹਾ ਹੈ।

☛ ਬਾਕੀ ਸਫ਼ਾ 41 'ਤੇ

# ਮੈਗੀ ਵਿਵਾਦ : ਗ੍ਰਿਫ਼ਤਾਰ ਹੋ ਸਕਦੇ ਹਨ ਅਮਿਤਾਭ, ਮਾਧੁਰੀ ਤੇ ਪ੍ਰੀਤੀ



ਨਵੀਂ ਦਿੱਲੀ (ਨਦਬ) : ਮੈਗੀ ਨੂਡਲਸ ਹਰ ਟੈਸਟ ਵਿਚ ਫ਼ੇਲ੍ਹ ਸਾਬਤ ਹੋ ਰਹੇ ਹਨ। ਪਹਿਲਾਂ ਯੂ.ਪੀ. ਅਤੇ ਹੁਣ ਦਿੱਲੀ-ਐਨ.ਸੀ.ਅਰ. ਵਿਚ ਹੋਏ ਟੈਸਟ ਵਿਚ ਮੈਗੀ ਫ਼ੇਲ੍ਹ ਹੋ ਗਈ ਹੈ। ਇਹ ਖਾਣ ਲਾਇਕ ਸਾਬਤ ਨਹੀਂ ਹੋਈ। ਬਿਹਾਰ ਦੇ ਮੁਜ਼ੱਫ਼ਰਨਗਰ ਦੀ ਅਦਾਲਤ ਨੇ ਮੈਗੀ ਦੇ ਇਸ਼ਤਿਹਾਰ ਕਰਨ ਵਾਲੇ ਅਮਿਤਾਭ ਬੱਚਨ, ਪ੍ਰੀਤੀ ਜਿੰਟਾ ਅਤੇ ਮਾਧੁਰੀ ਦੀਕਸ਼ਤ ਵਿਰੁੱਧ ਐਫ਼.ਆਈ.ਆਰ. ਦਰਜ ਕਰਨ ਦੇ ਹੁਕਮ ਦਿੱਤੇ ਹਨ। ਇਹ ਵੀ ਕਿਹਾ ਗਿਆ ਹੈ ਕਿ ਜ਼ਰੂਰਤ ਪੈਣ 'ਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਵੀ ਕੀਤਾ ਜਾ ਸਕਦਾ ਹੈ। ਉਥੇ ਹੀ ਕੇਰਲ ਸਰਕਾਰ ਨੇ ਆਪਣੇ ਸਾਰੇ 1400 ਆਊਟਲੇਟਸ ਵਿਚ ਮੈਗੀ ਵੇਚਣ 'ਤੇ ਰੋਕ ਲਾ ਦਿੱਤੀ ਹੈ। ਰਾਜਸਥਾਨ, ਹਰਿਆਣਾ ਅਤੇ ਕਰਨਾਟਕ ਸਰਕਾਰ ਨੇ ਮੈਗੀ ਦੇ ਨਮੂਨੇ ਲੈ ਕੇ ਜਾਂਚ ਲਈ ਭੇਜਣ ਦੇ ਹੁਕਮ ਦਿੱਤਾ ਹੈ। ਬਿਹਾਰ ਵਿਚ ਨੈਸਲੇ ਇੰਡੀਆ ਦੇ ਅਫ਼ਸਰਾਂ 'ਤੇ ਵੀ ਕੇਸ ਦਰਜ ਹੋਇਆ।

## ਉਮਰ ਕੈਦ ਹੋ ਸਕਦੀ ਹੈ : ਪਾਸਵਾਨ

ਖਾਦ ਅਤੇ ਖਪਤਕਾਰ ਮਾਮਲਿਆਂ ਦੇ ਮੰਤਰੀ ਰਾਮ ਵਿਲਾਸ ਪਾਸਵਾਨ ਨੇ ਕਿਹਾ ਹੈ ਕਿ ਨਵਾਂ ਕਾਨੂੰਨ ਬਣ ਰਿਹਾ ਹੈ। ਗੁਮਰਾਹ ਕਰਨ ਵਾਲੇ ਇਸ਼ਤਿਹਾਰਾਂ ਵਿਚ ਸ਼ਾਮਲ ਸੈਲੀਬ੍ਰਿਟੀ ਨੂੰ ਵੀ ਉਮਰ ਕੈਦ ਹੋ ਸਕਦੀ ਹੈ।

3rd in CANADA for Century 21-2005
Century 21 Canada Masters
Hall of fame inductee
Sweg Deol
"Your Key Connection To Real Estate"
Please call for all your Commercial Real Estate Needs in Hotel, Motel, Apartments & Shopping Centers
Sweg Deol
Land Parcels Available in throughout Alberta
A.L.L. Stars Realty Ltd., 312 Saddlebace Road, T6J 4R7
Cell : (780) 951-9873 Bus: (780) 434-4700

"Memories of a life Time"
For All Events
BASELINE LIMOUSINE
Call us +1 780 236 2273
Email : partybusbaseline@gmail.com
# 1-9808 47 Avenue NW Edmonton, Alberta T6E 5P3

Roof Trusses
Floor Systems
Lumber
Stairs
Tall Wall
Wall Panel
Floor Panel
ZyTech BUILDING SYSTEMS
Employment opportunities for : Forklift Operator, Lumber Stackers, Truss Builders and General Helpers.
ਨੌਕਰੀਆਂ : ਫੋਰਕਲਿਫਟ ਆਪ੍ਰੇਟਰਜ਼, ਲੰਬਰ ਸਟੈਕਰਸ, ਟਰੱਸ ਬਿਲਡਰਜ਼ ਅਤੇ ਜਨਰਲ ਹੈਲਪਰਜ਼
ਅਸੀਂ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਬਣਾਉਣ ਵਾਸਤੇ ਰੂਫ਼ ਟਰੱਸਜ਼, ਫਲੋਰ ਸਿਸਟਮ, ਲੰਬਰ ਪੈਕੇਜ ਅਤੇ ਸਟੇਅਰਜ਼ ਸਪਲਾਈ ਕਰਦੇ ਹਾਂ, ਜ਼ਿਆਦਾ ਜਾਣਕਾਰੀ ਲਈ ਸਾਡੀ ਨੇੜੇ ਦੀ ਲੁਕੇਸ਼ਨ 'ਤੇ ਸੰਪਰਕ ਕਰੋ।
ਰਘੁਬੀਰ ਸਿੰਘ ਭੰਡਾਲ : 780-980-9192
ਜਸਪਾਲ ਸਿੰਘ ਭੰਡਾਲ :403-912-3232
BALZAC (CALGARY): 262029 Balzac Blvd, Balzac, AB T4B 2T3, Phone: 403-912-3232, Fax: 403-226-8776, Please Contact : Jaspal Bhandal, jaspal@zytechtruss.com, HELP WANTED
Springbrook (Red Deer): Hanger 3, 3800 Airport Drive, Springbrook, AB T4S 0E2, Phone 403-348-0095, Fax 403 348 0096, Email:rdsales@zytechtruss.com, HELP WANTED
Leduc (Edmonton): 3907 77th Ave, Leduc Alberta T9E 0B7, Phone : 780-980-9192, Fax : 780-980-9193, Please Contact: Raghubir Bhandal, garry@zytechtruss.com, HELP WANTED
Saskatoon: Yard #5 Cory Place, RM of Corman Park, Martensville, Saskatoon, Tel : 306 477 3232, Fax : 306 477 3233, Email:rajeshn@zytechtruss.com, HELP WANTED

LUTHRA LAW GROUP
FREE CASE EVALUTION
Personal Injuries Representation
Real Estate Transactions
Immigration Law
Residential Real Estate Transactions
Criminal Case
Family Law Dispute & Mediation Service
Commercial Litigation
Services in Hindi, Punjabi, Urdu & Arabic
ਪੰਜਾਬੀ, ਹਿੰਦੀ, ਉਰਦੂ ਅਤੇ ਅਰਬੀ ਵਿਚ ਸੇਵਾਵਾਂ ਲਈ ਮਿਲੋ
Sarjan Luthra B.Sc, L.L.B
SARJAN LUTHRA TEAM
Barrister, Solicitor & Notary Public
780-466-4660 Fax : 780-463-4205

Rajbir Singh
(Mortgage Specialist)
Ask about.....Personal Services
Best Rates
First Time Home Buyer
Pre Approvals
New to Canada
Self- Employed
Construction Mortgage
BMO Bank of Montreal
Home financing expertise available at your convenience
ਮੌਰਗੇਜ਼ ਦੇ ਵਧੀਆ ਰੇਟ ਤੇ ਭਰੋਸੇਯੋਗ ਸੇਵਾਵਾਂ ਲਈ ਕਾਲ ਕਰੋ
780-278-1188
raj.wander@bmo.com

ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਵੇਚਣ ਜਾਂ ਖ਼ਰੀਦਣ ਲਈ
ਨੁਸਰਤ ਅਲੀ ਅਖ਼ਤਰ ਨੂੰ ਸੰਪਰਕ ਕਰੋ
REALTY EXECUTIVES
780-994-1600 (Cell)
780-450-6300 (24 Hrs)
Fax : 780-450-6670
Nusrat Ali Akhtar
Email : aakhtar@realtyexecutives.com
4107-99 St NW, Edmonton

Chanprit Baweja (Prince)
Ask about : Personal Services
BMO Bank of Montreal
Best Rates
First Time Homebuyers
Pre Approvals
New to Canada
Self Employed
Construction Mortgage
Home Financing expertise available at your convenience
780-862-7717
chanprit.baweja@bmo.com

ANOVA DRIVING SCHOOL
The World Belongs To Your Rear View Mirror
ਕਾਰ ਚਲਾਉਣੀ ਸਿੱਖੋ
Badan Sehrawat
Class 7 Preparation
Class 5 GDL Training
Class 5 Full License
Class 4 License
Defensive Driving Course
Insurance Reduction Certificate
Basic & Advanced Road Test
Experienced & Certified Trainers
Car Available For Road Test
Transportation Of Dangerous Goods
Phone : 780-709-6525
admin@anovacanada.com
www.anovacanada.com

ALL INDIA RESTAURANT & SWEETS
Full service customized catering for Event Planning/Weddings/ Birthdays/ Anniversaries for upto 800 persons.
Special rates for temples or churches Reunions
4249-23 Ave. Edmonton, AB. Canada
Tel: 780-463-7770 www.allindiarestaurant.ca

CRIMINAL LAW
REAL ESTATE LAW
IMMIGRATION LAW
FAMILY LAW
BUSINESS LAW
WILLS AND ESTATE
CIVIL LAW
BUILDERS LIEN
Enter The Courtoom With Confidence
If arrested do not give up your rights unless you speak to us. we will fight tough for your rights.
VLG Lawyers*
Barrister & Solicitors and Notaries
Gurpreet Singh Gill*
Kevin E Moore*
Lionel Chartrand*
*AN ASSOCIATION OF INDEPENDENT LAWYERS*
Phone: 780-469-0045/46 Fax: 780-469-0096
CONTACT OUR OFFICE AT: #204, 9252 34 Ave, Edmonton, AB T6E 5P2
FOR URGENT BAIL AND DEPORTATION MATTERS CALL US AT : 780-982-6806 OR 780-200-8352

**ADVANCED Roofing Systems Ltd.**

RESIDENTIAL COMMERCIAL

Residential/Commercial Insurance Claims • Asphalt & Specialty Shingles • Siding, Soffits, Fascia • 2 Ply Membranes (SBS) • Cedar Shakes • New & Re-Roof Specialists • Condominums Welcome • Steep Roofs Welcome • Licenced & Insured • Pine Shake Replacement • Roof Top Snow removel • FREE Estimates




5448-36 Street, Edmonton, Alberta T6B 3P3,
gill@advancedroofsystems.com, www.advancedroofsystems.com
(780) 463-6320, Fax : (780) 450-0365



**Supreme Pizza**
ਸੁਪਰੀਮ ਪੀਜ਼ਾ

Chicken Wings Hot, Honey Garlic

Menisa Plaza (on Millwood Road) 1079 Knottwood Road East NW Edmonton
780 485 1213 or 780 485 1231

Try Us Tonight For Best Deal In Town
3 For 1
Any 3 Toppings 12" Medium - 14" Large

ਅਧਰਕ, ਧਨੀਆ, ਲਾਲ ਪਿਆਜ਼ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਤੇ ਸਵਾਦੀ ਪੀਜ਼ਾ
ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ

Paneer Pizza • Vegetarian • Supreme Special • Chicken Special • The Pasta Niche




**POWAR HOMES LTD.**
Quality Custom Home Builder

ਪਾਵਰ ਹੋਮਸ਼ ਕੋਲ ਸ਼ਹਿਰ ਦੇ ਹਰ ਖੇਤਰ ਵਿੱਚ ਲਾਟਾਂ ਉਪਲਬਧ,
ਰਹਿਣ ਲਈ ਘਰ ਬਣਾਉਣਾ ਚਾਹੁੰਦੇ ਹੋ ਜਾਂ
ਘਰ ਬਣਵਾ ਕੇ ਵੇਚਣਾ ਚਾਹੁੰਦੇ ਹੋ, ਚੋਖਾ ਫਾਇਦਾ ਦਿਵਾਉਣ
ਦਾ ਵਾਅਦਾ, ਬੋਮਾਉਂਟ ਵਿਚ ਛੋਟੇ ਅਤੇ ਵੱਡੇ ਘਰ
ਬਣਾਉਣ ਲਈ ਲਾਟਾਂ ਤਿਆਰ ਬਰ ਤਿਆਰ ਹਨ.




Fax: 780-406-6797
Email: ranjit_pawar@hotmail.com

ਘਰ ਬਣਾ ਕੇ ਵੇਚਣ ਤੱਕ ਦੀਆਂ ਸੇਵਾਵਾਂ ਦਿੰਦੇ ਹਾਂ. ਵਾਜਬ ਕੀਮਤਾਂ,
ਤਸੱਲੀ ਬਖ਼ਸ਼ ਕੰਮ ਅਤੇ ਭਰੋਸੇਯੋਗ ਸੇਵਾਵਾਂ ਲਈ
ਰਣਜੀਤ ਸਿੰਘ ਪਵਾਰ ਅਤੇ
ਕੁਲਦੀਪ ਸਿੰਘ ਪਵਾਰ ਨਾਲ ਸੰਪਰਕ ਕਰੋ.

Contact At:
Ph: 780-695-6595

**PRITPAL KOONER**
CGA PROFESSIONAL CORPORATION
Certified General Accountant
Professional Accounting & Tax Services



- Complete Accounting & Book-keeping
- Personal & Corporate Taxation
- Financial Statement Preparation

ਟੈਕਸ ਸੰਬੰਧੀ ਕਿਸੇ ਵੀ ਤਰ੍ਹਾਂ ਦੀਆਂ ਸੇਵਾਵਾਂ ਲਈ ਕਾਲ ਕਰੋ।

Ph:(780) 469-4985
Fax: (780) 469-4926
Unit# 218, 4128A-97 Street, Edmonton, AB T6E 5Y6
Email: pritpal@koonercpa.com Web: www.koonercpa.com

**A-WIN Insurance**
ਹਰੇਕ ਤਰ੍ਹਾਂ ਦੀ ਇੰਸ਼ੋਰੈਂਸ ਲਈ ਫੋਨ ਕਰੋ

A-WIN: MAKING LIFE EASY

Who We Are
Western Canada's Biggest Brokers Team, designed to serve Canadians' with solutions for your personal and professional insurance needs.

When Time and Money Matters
Our team at A-WIN knows your time is valuable and that is why we want to help you save time and money. Ask for a quote on one or all of our services to simplify your life and save.

Quick Quotes When You Need Them

What we Offer
- Home/Auto Insurance
- RV Insurance
- Registry Services
- Life and Financial Services
- Mortgage Services
- Accounting Services
- Legal Services
- Travel Insurance
- Emergency Road Services
- Automobile Warranty Services
- Commercial Insurance
- D&O Coverage/ E&O Insurance
- A-WIN Rewards Program

What Our Customers Are Saying...

- ਕਾਰ ਮੋਟਰਸਾਈਕਲ ਇੰਸ਼ੋਰੈਂਸ
- ਘਰ, ਕੰਡੋਮੀਨੀਅਮ ਅਤੇ ਕਿਰਾਏਦਾਰ ਇੰਸ਼ੋਰੈਂਸ
- ਟਰੱਕ: ਲੌਂਗਹਾਲ ਅਤੇ ਗਰੈਵਲ
- ਕਮਰਸ਼ੀਅਲ ਅਤੇ ਬਿਜ਼ਨਸ ਇੰਸ਼ੋਰੈਂਸ
- ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ



ਅਸੀਂ ਅੰਗਰੇਜ਼ੀ, ਪੰਜਾਬੀ ਅਤੇ ਹਿੰਦੀ ਵਿਚ ਗੱਲਬਾਤ ਕਰ ਸਕਦੇ ਹਾਂ
We Provide Service In English, Punjabi and Hindi

Discounts up to 60% | Payment Options available

Edmonton : 780-465-6900 Calgary : 403-775-2100

**ADVANCE DRIVING SCHOOL LTD.**
www.advancedrivingschool.ca



2 Locations to Serve You!

- Lady Instructor Available
- Defensive Classes to Restore Demerits
- Free Pick up & Drop off
- Government Approved Courses For Insurance Discount
- 10 Hours on road & 15 Hours in classroom
- Training for Driving Instructor

9253-34A Ave Edmonton, AB | 10211-100 Ave Fort Saskatchewan, AB

780 660 4090

**ALPHA Tent Rentals**
All Events Big or Small
We are in this Business Since 2001



**Tents** All Size and Different Colours
**Tables** Rectangular & Round **Chairs** All Colours
**Lights**, Dance Floor, Heaters, Fans,
**Catering Equipment**, Coffee Brewers,
Big Burners, Big Pots (Patila), Cutlery and Plates,
**Portable Bars** Beer Tubs Ice Boxes
**Carpet, Stantions, Linens and Clips.**




Ladies Sangeet Jago Equipment

ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ
Guaranteed Low Prices Open Seven Days a Week
Umrao Ghinger: 780 237 5556
www.alphatentrentals.com
Office: 780 490 5354

# ਹਾਰ ਤੋਂ ਬਾਅਦ ਜਿੰਮ ਪ੍ਰੈਂਟਿਸ ਨੇ ਕਿਹਾ ਸਿਆਸਤ ਨੂੰ ਅਲਵਿਦਾ



ਐਡਮਿੰਟਨ (ਨਦਬ) : ਅਲਬਰਟਾ ਸੂਬੇ ਦੀਆਂ ਚੋਣਾਂ ਵਿਚ ਪੀ.ਸੀ. ਪਾਰਟੀ ਦੀ ਹੋਈ ਸ਼ਰਮਨਾਕ ਹਾਰ ਤੋਂ ਬਾਅਦ ਪਾਰਟੀ ਨੇਤਾ ਜਿੰਮ ਪ੍ਰੈਂਟਿਸ ਨੇ ਕੈਲਗਰੀ ਫੁਟਹਿਲਜ਼ ਤੋਂ ਐਮ.ਐਲ.ਏ. ਚੁਣੇ ਜਾਣ ਤੋਂ ਬਾਅਦ ਵਿਧਾਇਕ ਅਤੇ ਪਾਰਟੀ ਲੀਡਰ ਦੇ ਅਹੁਦੇ ਤੋਂ ਵੀ ਅਸਤੀਫ਼ਾ ਦੇ ਦਿੱਤਾ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਸਿਆਸਤ ਨੂੰ ਅਲਵਿਦਾ ਆਖ ਦਿੱਤਾ। ਅਸਤੀਫ਼ ਦੇਣ ਤੋਂ ਬਾਅਦ ਸ੍ਰੀ ਜਿੰਮ ਨੇ ਕਿਹਾ ਕਿ ਉਹ ਹੁਣ ਸਿਆਸਤ ਤੋਂ ਦੂਰ ਰਹਿ ਕੇ ਆਪਣੀ ਪਤਨੀ, ਬੱਚਿਆਂ ਤੇ ਪਰਿਵਾਰ ਨਾਲ ਸਮਾਂ ਬਿਤਾਉਣਗੇ।

## ਕਨੇਡਾ 'ਚ ਅਪ੍ਰੈਲ ਮਹੀਨੇ ਵੀਹ ਹਜ਼ਾਰ ਕਾਮੇ ਹੋਏ ਬੇਰੁਜ਼ਗਾਰ

ਐਡਮਿੰਟਨ (ਨਦਬ) : ਰੁਜ਼ਗਾਰ ਦੇ ਖੇਤਰ 'ਚ ਕਨੇਡਾ ਦੀ ਸਥਿਤੀ ਲਗਾਤਾਰ ਬਦਤਰ ਹੁੰਦੀ ਜਾ ਰਹੀ ਹੈ। ਅਪ੍ਰੈਲ ਵਿੱਚ ਲਗਭਗ 19700 ਕਾਮਿਆਂ ਨੂੰ ਆਪਣੇ ਰੁਜ਼ਗਾਰ ਤੋਂ ਹੱਥ ਧੋਣਾ ਪਿਆ ਹੈ। ਪਾਰਟ ਟਾਈਮ ਰੁਜ਼ਗਾਰ ਲਗਾਤਾਰ ਖੁਰਦਾ ਜਾ ਰਿਹਾ ਹੈ। ਉਸਾਰੀ ਅਤੇ ਰੀਟੇਲ ਸੈਕਟਰ ਵਿੱਚ ਇਸਦਾ ਪ੍ਰਭਾਵ ਸਪੱਸ਼ਟ ਦੇਖਿਆ ਜਾ ਸਕਦਾ ਹੈ। ਇਸ ਨੂੰ ਲੈ ਕੇ ਪਿਛਲੇ ਦਿਨੀਂ ਸਟੈਟਿਕਸ ਕਨੇਡਾ ਵਲੋਂ ਅੰਕੜੇ ਵੀ ਜਾਰੀ ਕੀਤੇ ਗਏ ਸਨ ਜਿਸ 'ਚ ਦੇਸ਼ ਦੀ ਬੇਰੁਜ਼ਗਾਰੀ ਦਰ 6.8 ਦਰਸਾਈ ਗਈ ਹੈ। ਇਸ ਤੋਂ ਪਹਿਲਾਂ ਦੇ ਅੰਕੜੇ ਵੀ ਇਸ ਖੇਤਰ ਵਿੱਚ ਇਹੋ-ਜਿਹੀ ਹੀ ਸਥਿਤੀ ਦਰਸਾਉਂਦੇ ਹਨ। ਪਿਛਲੇ ਸਾਲ ਤੋਂ ਰੁਜ਼ਗਾਰ ਦਰ ਬਹੁਤ ਥੋੜੇ ਫਰਕ ਨਾਲ ਘਟਦੀ-ਵਧਦੀ ਰਹੀ ਹੈ। ਪਿਛਲੇ ਸਾਲ ਇਨ੍ਹਾਂ ਦਿਨਾਂ 'ਚ ਰੁਜ਼ਗਾਰ ਦਰ 0.8 ਪ੍ਰਤੀਸ਼ਤ ਦੇ ਫਰਕ ਨਾਲ ਉੱਪਰ ਸੀ। ਪਰ ਇਸ ਸਾਲ ਦੀ ਤਿਮਾਹੀ ਵਿੱਚ ਗੈਰ ਸੰਭਾਵਤ ਗਿਰਾਵਟ ਦਰਜ ਕੀਤੀ ਗਈ ਹੈ ਜੋ ਕਿ ਦੇਸ਼ ਵਾਸੀਆਂ ਲਈ ਕਾਫ਼ੀ ਨਿਰਾਸ਼ਾ ਵਾਲੀ ਗੱਲ ਹੈ।

ਇਸ ਵਰਤਾਰੇ ਨੂੰ ਲੈ ਕੇ ਸੀਆਈਬੀਸੀ ਵਰਲਡ ਮਾਰਕੀਟ ਦੇ ਮੁੱਖ ਅਰਥ ਸ਼ਾਸਤਰੀ ਐਵਰੀ ਸ਼ੇਨਫੈਲਡ ਦਾ ਕਹਿਣਾ ਹੈ ਕਿ ਆਰਥਕਤਾ ਦੇ ਨਜ਼ਰੀਏ ਤੋਂ ਕਨੇਡਾ ਵਿਚ ਕੋਈ ਵੱਡਾ ਬਦਲਾਅ ਨਹੀਂ ਹੋਇਆ ਹੈ। ਇਸ ਸਾਲ ਦੇ ਪਹਿਲੀ ਤਿਮਾਹੀ ਵਿਚ ਮਾਮੂਲੀ ਜਿਹਾ ਉਛਾਲ ਦੇਖਿਆ ਗਿਆ ਸੀ। ਇਹੀ ਕਾਰਨ ਹੈ ਕਿ ਰੁਜ਼ਗਾਰ ਦੇ ਖੇਤਰ ਵਿੱਚ ਸਾਹਮਣੇ ਆਏ ਅੰਕੜੇ ਸਾਨੂੰ ਪ੍ਰਭਾਵਤ ਨਹੀਂ ਕਰਦੇ। ਜ਼ਿਕਰਯੋਗ ਹੈ ਕਿ ਉਸਾਰੀ ਅਤੇ ਰੀਟੇਲ ਖੇਤਰ ਵਿਚ ਰੁਜ਼ਗਾਰ ਦਰ ਵਿਚ ਗਿਰਾਵਟ ਦਾ ਪਹਿਲਾਂ ਤੋਂ ਅੰਦਾਜ਼ਾ ਲਗਾਇਆ ਜਾ ਰਿਹਾ ਸੀ। ਬਾਕੀ ਖੇਤਰਾਂ ਵਿਚ ਇਹ ਵਰਤਾਰਾ ਸਧਾਰਣ ਰਿਹਾ ਹੈ। ਜੇਕਰ ਸੂਬਿਆਂ ਦੇ ਹਿਸਾਬ ਤੋਂ ਗੱਲ ਕਰੀਏ ਤਾਂ ਬ੍ਰਿਟਿਸ਼ ਕੋਲੰਬੀਆ, ਓਨਟਾਰੀਓ ਅਤੇ ਨੋਵਾ ਸਕੋਸ਼ੀਆ ਵਿਚ ਰੁਜ਼ਗਾਰ ਘਟਿਆ ਹੈ। ਅਲਬਰਟਾ ਅਤੇ ਨਿਊਫੌਂਡਲੈਂਡ ਨੂੰ ਤੇਲ ਦੀਆਂ ਘਟੀਆਂ ਕੀਮਤਾਂ ਨੇ ਪ੍ਰਭਾਵਤ ਕੀਤਾ ਹੈ।

## ਵੋਟਾਂ ਦੀ ਦੁਬਾਰਾ ਗਿਣਤੀ 'ਚ ਐਨ.ਡੀ.ਪੀ ਉਮੀਦਵਾਰ ਜਿੱਤੀ

ਕੈਲਗਰੀ (ਨਦਬ) : ਕੈਲਗਰੀ ਗਲੈਨਮੋਰ ਵਿਧਾਨ ਸਭਾ ਹਲਕੇ ਤੋਂ ਵੋਟਾਂ ਦੀ ਦੁਬਾਰਾ ਗਿਣਤੀ 'ਚ ਐਨ.ਡੀ.ਪੀ ਉਮੀਦਵਾਰ 28 ਸਾਲਾ ਐਪਲੀਕੇਸ਼ਨ ਇੰਜੀਨੀਅਰ ਅਨਾਮ ਕਾਜ਼ੀਮ 6 ਵੋਟਾਂ ਨਾਲ ਜੇਤੂ ਰਹੀ ਹੈ। 5 ਮਈ ਨੂੰ ਵੋਟਾਂ ਦੀ ਹੋਈ ਗਿਣਤੀ ਦੌਰਾਨ ਕਾਜ਼ੀਮ ਤੇ ਉਨ੍ਹਾਂ ਦੇ ਵਿਰੋਧੀ ਪ੍ਰੋਗਰੈਸਿਵ ਕੰਜਰਵੇਟਿਵ (ਪੀ.ਸੀ.) ਉਮੀਦਵਾਰ ਲਿੰਡਾ ਜੌਹਨਸਨ ਨੂੰ ਬਰਾਬਰ ਵੋਟਾਂ ਮਿਲੀਆਂ ਸਨ। ਦੋਨਾਂ ਨੂੰ ਹੀ ਕੁੱਲ ਪਈਆਂ 21,152 ਵੋਟਾਂ 'ਚੋਂ 7015-7015 ਵੋਟਾਂ ਮਿਲੀਆਂ ਸਨ ਜਦਕਿ ਤੀਸਰੇ ਸਥਾਨ 'ਤੇ ਆਏ ਵਾਈਲਡ ਰੋਜ ਪਾਰਟੀ ਦੇ ਉਮੀਦਵਾਰ ਕ੍ਰਿਸ ਕੈਂਪ ਜੈਕਸਨ ਨੂੰ 5058 ਵੋਟਾਂ ਮਿਲੀਆਂ ਸਨ। ਦੁਬਾਰਾ ਕੀਤੀ ਗਿਣਤੀ 'ਚ ਕਾਜ਼ੀਮ ਨੂੰ 7018 ਤੇ ਜੌਹਨਸਨ ਨੂੰ 7012 ਵੋਟਾਂ ਮਿਲੀਆਂ ਹਨ। ਹੁਣ ਐਨ.ਡੀ.ਪੀ ਦੀਆਂ 87 ਮੈਂਬਰੀ ਵਿਧਾਨ ਸਭਾ 'ਚ 54 ਸੀਟਾਂ ਹੋ ਗਈਆਂ ਹਨ ਜਦਕਿ ਪੀ.ਸੀ. ਪਾਰਟੀ ਦੀਆਂ ਘਟ ਕੇ 9 ਸੀਟਾਂ ਰਹਿ ਗਈਆਂ ਹਨ।

## ਅਲਬਰਟਾ ਵਿਚ ਹੁਣ ਤਕ ਦੀ ਸਭ ਤੋਂ ਛੋਟੀ ਐਨ.ਡੀ.ਪੀ. ਸਰਕਾਰ ਦੀ ਕੈਬਨਿਟ


ਰੈਚਲ ਨੋਟਲੇ
ਪ੍ਰੀਮੀਅਰ ਅਲਬਰਟਾ ਅਤੇ ਮੰਤਰੀ ਕੌਮਾਂਤਰੀ ਤੇ ਸਰਕਾਰੀ ਮਹਿਕਮਿਆਂ ਸਬੰਧੀ


ਬਰਾਇਨ ਮੇਸਨ
ਹਾਊਸ ਲੀਡਰ ਅਤੇ ਮੰਤਰੀ ਬੁਨਿਆਦੀ ਢਾਂਚਾ ਤੇ ਟਰਾਂਸਪੋਰਟ


ਡੇਵਿਡ ਏਗਨ
ਮੰਤਰੀ ਸਿੱਖਿਆ, ਸਭਿਆਚਾਰ ਤੇ ਸੈਰ ਸਪਾਟਾ


ਡੇਰਨ ਬੀਲੋਸ
ਉਪ ਹਾਊਸ ਲੀਡਰ ਅਤੇ ਮੰਤਰੀ ਮਿਉਂਸਪਲ ਮਾਮਲਿਆਂ ਤੇ ਸਰਵਿਸ ਅਲਬਰਟਾ


ਜੋ ਸੀਸੀ
ਵਿਤ ਮੰਤਰੀ ਅਤੇ ਮੁਖੀ ਖਜ਼ਾਨਾ ਬੋਰਡ


ਮਾਰਗ ਮੈਕੁਏਗ-ਬੋਇਡ
ਮੰਤਰੀ ਊਰਜਾ


ਸਾਰ੍ਹਾ ਹੌਫ਼ਮੈਨ
ਮੰਤਰੀ ਸਿਹਤ


ਕੈਥਲੀਨ ਗੈਨਲੇ
ਮੰਤਰੀ ਨਿਆਂ ਤੇ ਸਾਲਿਸਟਰ ਜਨਰਲ ਅਤੇ ਐਬਓਰਿਜਨਲ ਸਬੰਧ


ਲੋਰੀ ਸਿਗੁਰਡਸਨ
ਮੰਤਰੀ ਇਨੋਵੇਸ਼ਨ ਤੇ ਐਡਵਾਂਸਡ ਐਜੁਕੇਸ਼ਨ, ਨੌਕਰੀਆਂ, ਮੁਹਾਰਤ, ਸਿਖਲਾਈ ਤੇ ਕਿਰਤ


ਓਨੀਲ ਕਾਰਲੀਅਰ
ਮੰਤਰੀ ਖੇਤੀਬਾੜੀ ਤੇ ਜੰਗਲਾਤ


ਸ਼ੈਨਨ ਫ਼ਿਲਪਸ
ਉਪ ਹਾਊਸ ਲੀਡਰ, ਮੰਤਰੀ ਵਾਤਾਵਰਣ ਅਤੇ ਪਾਰਕ, ਔਰਤਾਂ ਦੇ ਸਟੇਟਸ ਲਈ ਜ਼ਿੰਮੇਵਾਰ


ਇਰਫ਼ਾਨ ਸਬੀਰ
ਮੰਤਰੀ ਮਨੁੱਖੀ ਸੇਵਾਵਾਂ ਬਾਰੇ

ਕਾਰੋਬਾਰ ਦੇ ਪ੍ਰਚਾਰ 'ਚ ਤੁਹਾਡੇ ਦੋਸਤ!
EmbroidMe®
your promotional marketing partner
• sports team apparel
• business and corporate branding
• promotional products
• thousands of products available
ਆਪਣੇ ਬਰੈਂਡ ਪ੍ਰਮੋਸ਼ਨ ਅਤੇ ਪ੍ਰਚਾਰ ਨਾਲ ਸਬੰਧਤ ਹਰੇਕ ਤਰ੍ਹਾਂ ਦੀਆਂ ਵਸਤਾਂ ਲਈ ਅੱਜ ਹੀ ਸੰਪਰਕ ਕਰੋ


780.328.2020 | 5017-52 Ave, Beaumont
EmbroidMe-EdmontonSE.com
more than just embroidery

Services Provided
We also do Braces
Cosmetic and preventive Dentistry including:
>> Cleaning
>> Invisalign
>> Fillings
>> Root Canals
>> TMJ
>> Crowns & Bridges
>> Partial & Full Dentures
>> Sports & Night Guards
>> Teeth Whitening
>> Extractions
Take Home Whitening Kits with new patient exams & cleaning !
Clinic Hours:
Monday & Friday: 9 am to 5 pm
Tuesday, Wednesday & Thursday: 11 am to 7 pm
Saturday: 8 am to 2 pm
Maple DENTAL CLINIC
ਦੰਦਾਂ ਦੀ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਲਈ ਫ਼ੋਨ ਕਰੋ
ਤੁਹਾਡਾ ਬਿਲ ਸਿੱਧਾ ਇੰਸ਼ੋਰੈਂਸ ਕੰਪਨੀ ਨੂੰ ਭੇਜ ਸਕਦੇ ਹਾਂ।
Accepting New Patients
Appointments @
780-440-5001
4444-36 Ave NW Edmonton, AB T6L 3S1

Dr. Sandeep Dhaliwal DMD

# ਪ੍ਰਸਿੱਧ ਸ਼ਾਇਰ ਜਸਵਿੰਦਰ ਤੇ ਡਾ. ਜਸਮਲਕੀਤ ਦਰਸ਼ਕਾਂ ਦੇ ਰੂ ਬ ਰੂ ਹੋਏ



ਸਰੀ (ਨਦਬ) : ਜਾਰਜ ਮੈਕੀ ਲਾਇਬ੍ਰੇਰੀ ਡੈਲਟਾ ਵਿਚ ਹਰ ਮਹੀਨੇ ਦੇ ਤੀਜੇ ਮੰਗਲਵਾਰ ਮਨਾਈ ਜਾਂਦੀ ਕਾਵਿ-ਸ਼ਾਮ ਵਿਚ ਪ੍ਰਸਿੱਧ ਸ਼ਾਇਰ ਜਸਵਿੰਦਰ ਅਤੇ ਡਾ. ਜਸਮਲਕੀਤ ਨੂੰ ਸਰੋਤਿਆਂ ਦੇ ਰੂ ਬ ਰੂ ਹੋਏ। ਪ੍ਰੋਗਰਾਮ ਦੀ ਸ਼ੁਰੂਆਤ ਦੌਰਾਨ ਸਟੇਜ ਸੰਚਾਲਕ ਮੋਹਨ ਗਿੱਲ ਨੇ ਦੋਹਾਂ ਸ਼ਾਇਰਾਂ ਦਾ ਸਵਾਗਤ ਕੀਤਾ। ਜਰਨੈਲ ਸਿੰਘ ਚਿਤਰਕਾਰ ਨੇ ਪੰਜਾਬੀ ਕਵਿਤਰੀ ਡਾ. ਜਸਮਲਕੀਤ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਨ੍ਹਾਂ ਨੇ ਕਰੀਬ ਇਕ ਸਾਲ ਪਹਿਲਾਂ ਹੀ ਕਵਿਤਾ ਉਪਰ ਜ਼ੋਰ-ਅਜਮਾਈ ਸ਼ੁਰੂ ਕੀਤੀ ਹੈ ਪਰ ਉਨ੍ਹਾਂ ਦੀਆਂ ਕਵਿਤਾਵਾਂ ਵਿਚ ਨਾਰੀ ਦੀ ਵੇਦਨਾ ਤੇ ਸੰਵੇਦਨਾ ਨੂੰ ਬਾਖੂਬੀ ਪੇਸ਼ ਕੀਤਾ ਗਿਆ ਹੈ। ਸ਼ਾਇਰ ਜਸਵਿੰਦਰ ਨੂੰ ਪੇਸ਼ ਕਰਦਿਆਂ ਮੋਹਨ ਗਿੱਲ ਨੇ ਕਿਹਾ ਕਿ ਇਹ ਸਾਡੇ ਲਈ ਬੜੇ ਮਾਣ ਵਾਲੀ ਗੱਲ ਕਿ ਪੰਜਾਬੀ ਦੇ ਨਾਮਵਰ ਸ਼ਾਇਰ ਜਸਵਿੰਦਰ ਹੁਣ ਪੱਕੇ ਤੌਰ 'ਤੇ ਕਨੇਡਾ ਵਾਸੀ ਬਣ ਗਏ ਹਨ। ਉਪਰੰਤ ਜਸਵਿੰਦਰ ਨੇ ਆਪਣੀ ਕਲਮ ਦੇ ਸਫਰ ਬਾਰੇ ਵਿਸਥਾਰ ਨਾਲ ਦੱਸਿਆ। ਉਨ੍ਹਾਂ ਨੇ ਆਪਣੀਆਂ ਕੁਝ ਗ਼ਜ਼ਲਾਂ ਪੇਸ਼ ਕੀਤੀਆਂ, ਜਿਨ੍ਹਾਂ ਦੇ ਹਰ ਇਕ ਸ਼ਿਅਰ ਨੇ ਸਰੋਤਿਆਂ ਦੇ ਮਨਾਂ ਨੂੰ ਟੁੰਬਿਆ। ਪੰਜਾਬ ਤੋਂ ਆਏ ਨਾਮਵਰ ਗੀਤਕਾਰ ਅਲਮਸਤ ਦੇਸਰਪੁਰੀ ਨੇ ਵੀ ਆਪਣੀ ਇਕ ਕਵਿਤਾ ਪੇਸ਼ ਕੀਤੀ।

ਇਸ ਕਾਵਿ-ਸ਼ਾਮ ਦੀ ਮਹਿਫਲ ਵਿਚ ਡਾ. ਸਾਧੂ ਸਿੰਘ, ਜਰਨੈਲ ਸਿੰਘ ਸੇਖਾ, ਨਦੀਮ ਪਰਮਾਰ, ਅਜਮੇਰ ਰੋਡੇ, ਸੁਰਜੀਤ ਕਲਸੀ, ਪ੍ਰੋ. ਸਾਹਿਬ ਸਿੰਘ, ਮਨਜੀਤ ਕੰਗ, ਅੰਗ੍ਰੇਜ਼ ਬਰਾੜ, ਹਰਦਮ ਸਿੰਘ ਮਾਨ, ਸੁਰਿੰਦਰ ਚਾਹਲ, ਕੁਲਵਿੰਦਰ ਕੁਲਾਰ, ਗੁਰਚਰਨ ਟੱਲੇਵਾਲੀਆ, ਸੁਰਿੰਦਰ ਸਹੋਤਾ, ਨਿਰਮਲ ਗਿੱਲ, ਅਮਰਜੀਤ ਕੌਰ ਸ਼ਾਂਤ, ਅਮਰਜੀਤ ਸਿੰਘ ਰੈਣਾ, ਕ੍ਰਿਸ਼ਨ ਭਨੋਟ, ਰਾਜਵੰਤ ਰਾਜ ਬਾਗੜੀ, ਪ੍ਰਮਜੀਤ ਸਿੰਘ ਸੇਖੋਂ, ਅਵਤਾਰ ਕੌਰ ਰੈਂਚ ਅਤੇ ਕਈ ਹੋਰ ਸ਼ਖਸੀਅਤਾਂ ਨੇ ਇਸ ਕਾਵਿ ਮਹਿਫਲ ਦਾ ਅਨੰਦ ਮਾਣਿਆ।

# ਕਨੇਡਾ ਦੇ ਕਈ ਸ਼ਹਿਰਾਂ ਵਿਚ ਗਾਇਕ ਹਰਜਿੰਦਰ ਚੀਮਾ ਨੇ ਪਾਈਆਂ ਧੂੰਮਾਂ



ਟੋਰਾਂਟੋ (ਨਦਬ) : ਕਨੇਡਾ ਦੇ ਦੌਰੇ 'ਤੇ ਪਹੁੰਚੇ ਪੰਜਾਬੀ ਮਕਬੂਲ ਗਾਇਕ ਹਰਜਿੰਦਰ ਚੀਮਾ ਨੇ ਵੱਖ-ਵੱਖ ਸ਼ਹਿਰਾਂ ਵਿਚ ਕਰਵਾਏ ਜਾ ਰਹੇ ਮੇਲਿਆਂ ਵਿਚ ਸ਼ਿਰਕਤ ਕਰ ਕੇ ਖੂਬ ਧੂੰਮਾਂ ਪਾਈਆਂ ਹੋਈਆਂ ਹਨ। ਟੋਰਾਂਟੋ, ਵਿਨੀਪੈਗ, ਕੈਲਗਰੀ, ਮਿਸੀਸਾਗਾ, ਸਰੀ, ਵੈਨਕੂਵਰ ਆਦਿ ਸ਼ਹਿਰਾਂ ਵਿਚ ਵੱਖ-ਵੱਖ ਸੰਸਥਾਵਾਂ ਵਲੋਂ ਕਰਵਾਏ ਗਏ ਪੰਜਾਬੀ ਮੇਲਿਆਂ ਦੌਰਾਨ ਉਸ ਨੇ ਆਪਣੀ ਗਾਇਕੀ ਦਾ ਲੋਹਾ ਮੰਨਵਾਇਆ। ਮਿਸੀਸਾਗਾ ਵਿਚ ਕਰਵਾਏ ਗਏ 'ਮੇਲਾ ਪੰਜਾਬਣਾਂ ਦਾ' ਸਮਾਗਮ ਦੀ ਸ਼ੁਰੂਆਤ ਹਰਜਿੰਦਰ ਚੀਮਾ ਨੇ ਸ਼ਬਦ ਨਾਲ ਕੀਤੀ। ਉਪਰੰਤ ਉਸ ਨੇ ਆਪਣੀ ਨਵੀਂ ਆਈ ਕੈਸਿਟ 'ਰੈੱਡ ਲਾਈਟ' ਵਿਚੋਂ ਗੀਤ ਗਾ ਕੇ ਮੇਲੇ ਨੂੰ ਆਪਣੇ ਰੰਗ ਵਿਚ ਰੰਗ ਲਿਆ। ਇਸ ਕਨੇਡਾ ਦੌਰੇ ਵਿਚ ਗਾਇਕ ਚੀਮਾ ਨਾਲ ਅਨਮੋਲ ਗਗਨ, ਸੁਖਦੀਪ ਗਰੇਵਾਲ, ਗਾਲਵ ਵੜੈਚ, ਬਲਵੀਰ ਬੋਪਾਰਾਏ, ਭੁਪਿੰਦਰ ਗਿੱਲ ਅਤੇ ਪ੍ਰੀਤ ਲਾਲੀ ਦੀ ਦੋਗਾਣਾ ਜੋੜੀ, ਰੁਪਿੰਦਰ ਹਾਂਡ, ਗੀਤਾ ਜ਼ੈਲਦਾਰ ਅਤੇ ਫ਼ਿਰੋਜ਼ ਖ਼ਾਨ ਆਦਿ ਨੇ ਆਪਣੇ ਫ਼ਨ ਦਾ ਮੁਜਾਹਰਾ ਕਰ ਰਹੇ ਹਨ।

# ਚੈਰਿਟੀ ਦੇ ਨਾਂਅ 'ਤੇ ਲੱਖਾਂ ਦੀ ਠੱਗੀ

ਕੈਲਗਰੀ (ਨਦਬ) : ਕੈਲਗਰੀ 'ਚ ਚੈਰਿਟੀ ਦੇ ਨਾਂਅ 'ਤੇ ਠੱਗੀ ਮਾਰਨ ਵਾਲੇ ਗਰੋਹ ਦਾ ਪੁਲੀਸ ਵਲੋਂ ਪਰਦਾਫਾਸ਼ ਕੀਤਾ ਗਿਆ ਹੈ। ਪੁਲੀਸ ਨੇ ਇਸ ਮਾਮਲੇ ਦੀ ਜਾਂਚ ਪਿਛਲੇ ਸਾਲ ਦਸੰਬਰ 'ਚ ਸ਼ੁਰੂ ਕੀਤੀ ਸੀ। ਸਥਾਨਕ ਪੁਲੀਸ ਦੇ ਆਰਥਕ ਅਪਰਾਧ ਯੂਨਿਟ ਦੇ ਸਟਾਫ ਸਾਰਜੈਂਟ ਕ੍ਰਿਸਟੀ ਵਰਹੇਲ ਅਨੁਸਾਰ ਚੈਰਿਟੀ ਦੇ ਨਾਂਅ 'ਤੇ ਠੱਗੀ ਮਾਰਨ ਵਾਲੇ ਇਸ ਗਰੋਹ ਦੇ ਤਾਰ ਕੌਮਾਂਤਰੀ ਪੱਧਰ 'ਤੇ ਜੁੜੇ ਹੋਏ ਹੋ ਸਕਦੇ ਹਨ। ਇਸ ਗਰੋਹ ਦਾ ਸ਼ਿਕਾਰ ਇੱਕ ਸੀਨੀਅਰ ਨਾਗਰਿਕ ਵੀ ਹੋਇਆ ਹੈ ਜਿਸ ਕੋਲੋਂ ਇਸ ਗਰੋਹ ਨੇ ਪਿਛਲੇ 15 ਸਾਲਾਂ ਦੌਰਾਨ 80 ਲੱਖ ਠੱਗੇ ਹਨ। ਪੁਲੀਸ ਅਨੁਸਾਰ ਮੁੱਖ ਸ਼ੱਕੀ ਦੋਸ਼ੀ ਨਿਵੇਸ਼ ਕਰਨ ਲਈ ਫਰਜ਼ੀ ਚੈਰਿਟੀ ਸੰਸਥਾਵਾਂ ਦੀ ਵਰਤੋਂ ਕਰਦੇ ਸਨ ਅਤੇ ਨਿਵੇਸ਼ ਦਾ ਵੱਡਾ ਫਾਇਦਾ ਮਿਲਣ ਦਾ ਵਾਅਦਾ ਕਰਦੇ ਸਨ। ਪੁਲੀਸ ਅਨੁਸਾਰ ਸਾਰੇ ਦੋਸ਼ੀ ਕੈਲਗਰੀ ਦੇ ਹੀ ਵਸਨੀਕ ਹਨ ਜਿਨ੍ਹਾਂ 'ਚੋਂ 2 ਵਿਰੁੱਧ ਬਕਾਇਦਾ ਦੋਸ਼ ਆਇਦ ਕਰ ਦਿੱਤੇ ਗਏ ਹਨ। ਤੀਸਰੇ ਦੋਸ਼ੀ ਵਿਰੁੱਧ ਵਾਰੰਟ ਜਾਰੀ ਕੀਤੇ ਗਏ ਹਨ ਜਦ ਕਿ ਚੌਥੀ ਦੋਸ਼ੀ ਜੋ ਕਿ ਇੱਕ ਔਰਤ ਹੈ, ਨੂੰ ਗ੍ਰਿਫਤਾਰ ਕਰਨ ਉਪਰੰਤ ਰਿਹਾਅ ਕਰ ਦਿੱਤਾ ਗਿਆ ਸੀ। ਪੁਲੀਸ ਉਸ ਵਿਰੁੱਧ ਜਾਂਚ ਕਰ ਰਹੀ ਹੈ। ਦੋਸ਼ੀਆਂ 'ਚ 66 ਸਾਲਾ ਜੋਸਫ ਐਡੀਸਨ, 37 ਸਾਲਾ ਸਟੀਫਨੀ ਹਸੇ ਫਰਨਾਂਡੋ ਸ਼ਾਮਲ ਹਨ ਜਦਕਿ ਤੀਸਰੇ ਦੋਸ਼ੀ 39 ਸਾਲਾ ਅੰਸ਼ੂਲ ਐਡੀਸਨ ਫਰਨਾਂਡੋ ਵਿਰੁੱਧ ਵਾਰੰਟ ਜਾਰੀ ਕੀਤੇ ਗਏ ਹਨ।

# ਅਦਬੀ ਸਾਂਝ ਵਲੋਂ ਜਤਿੰਦਰ ਹਾਂਸ ਦਾ ਨਾਵਲ ਜਾਰੀ



ਮੈਲਬਰਨ (ਨਦਬ) : ਆਸਟਰੇਲੀਆ ਦੇ ਸ਼ਹਿਰ ਐਡੀਲੇਡ 'ਚ ਸੰਸਥਾ ਅਦਬੀ ਸਾਂਝ ਵਲੋਂ ਜਤਿੰਦਰ ਹਾਂਸ ਦਾ ਨਾਵਲ 'ਬੱਸ ਅਜੇ ਇੰਨਾ ਹੀ' ਰਿਲੀਜ਼ ਕੀਤਾ ਗਿਆ। ਕਹਾਣੀਕਾਰ ਦੇ ਪਲੇਠੇ ਨਾਵਲ 'ਚ ਸਰਮਾਏਦਾਰੀ ਦੇ ਮੁਨਾਫਾਖੋਰ ਤਾਣੇ ਬਾਣੇ 'ਚ ਜ਼ਿੰਦਗੀ ਲੀਹ 'ਤੇ ਲਿਆਉਣ ਲਈ ਆਮ ਬੰਦੇ ਵਲੋਂ ਮਾਰੇ ਜਾ ਰਹੇ ਹੱਥ ਪੱਲੇ ਦੀ ਗੱਲ ਕੀਤੀ ਗਈ ਹੈ। ਇਹ ਨਾਵਲ ਆਰਥਕ ਨਾਬਰਾਬਰੀ ਦੇ ਆਲਮ ਵਿਚ ਘਿਰੇ ਇਨਸਾਨ ਦੀ ਪਰਦੇਸਾਂ ਵੱਲ ਦੌੜ ਤੇ ਪਰਵਾਸ ਲਈ ਹੁੰਦੀ ਰਿਸ਼ਤਿਆਂ ਦੀ ਭੰਨ ਤੋੜ ਅਤੇ ਇਸੇ ਦੌਰਾਨ ਏਜੰਟਾਂ ਦੇ ਧੱਕੇ ਚੜ੍ਹੇ ਨੌਜਵਾਨਾਂ ਦੀ ਹੋਣੀ ਬਿਆਨਦਾ ਹੈ। ਇਸ ਨਾਵਲ ਸਬੰਧੀ ਗੱਲਬਾਤ ਕਰਦਿਆਂ ਲੇਖਕ ਜਤਿੰਦਰ ਹਾਂਸ ਨੇ ਕਿਹਾ ਕਿ ਧਰਤੀ ਨਾਲ ਜੁੜ ਕੇ ਦੁਖ ਸੁਖ ਹੰਢਾਉਂਦੇ ਲੋਕਾਂ ਦੀ ਗੱਲ ਸਾਹਿਤ ਦੀ ਹਰ ਵੰਨਗੀ 'ਚ ਪ੍ਰਵਾਨੀ ਗਈ ਹੈ।

ਇਸ ਲਿਖਤ ਦਾ ਕੁਝ ਮਹੀਨਿਆਂ ਬਾਅਦ ਹੀ ਦੂਜਾ ਐਡੀਸ਼ਨ ਛਪਣਾ ਵੀ ਇਸ ਗੱਲ ਦੀ ਪ੍ਰੋੜਤਾ ਕਰਦਾ ਹੈ ਕਿ ਸੌਖੀ ਭਾਸ਼ਾ ਵਿੱਚ ਲੇਖਕ ਪਾਠਕ ਦੇ ਜਲਦ ਨੇੜੇ ਅੱਪੜਦਾ ਤੇ ਨਵੇਂ ਪੜ੍ਹਣ ਵਾਲੇ ਵੀ ਮਿਲਦੇ ਹਨ। ਅਦਬੀ ਸਾਂਝ ਆਸਟਰੇਲੀਆ ਤੋਂ ਮੋਹਣ ਸਿੰਘ ਮਿਨਹਾਸ ਨੇ ਕਿਹਾ ਕਿ ਇਸ ਨਾਵਲ ਨੂੰ ਆਸਟਰੇਲੀਆ ਦੇ ਪਾਠਕਾਂ 'ਚ ਜਾਰੀ ਕਰਨ ਦਾ ਸੰਸਥਾ ਦਾ ਇਹ ਮੁੱਢਲਾ ਉਪਰਾਲਾ ਹੈ ਅਤੇ ਆਉਂਦੇ ਸਮੇਂ ਵਿੱਚ ਮਾਂ ਬੋਲੀ ਦੇ ਲੇਖਕਾਂ-ਚਿੰਤਕਾਂ ਤੇ ਬੁੱਧੀਜੀਵੀਆਂ ਨੂੰ ਸੰਸਥਾ ਵਲੋਂ ਇੱਥੇ ਵੀ ਇੱਕ ਅਦਬੀ ਮੰਚ ਨਾਲ ਜੋੜਣ ਦਾ ਉਪਰਾਲਾ ਕੀਤਾ ਜਾਵੇਗਾ ਤਾਂ ਜੋ ਨਵੀਂ ਪੀੜ੍ਹੀ 'ਚ ਵੀ ਪੰਜਾਬੀ ਸਾਹਿਤ ਨਾਲ ਖਿੱਚ ਬਣੇ ਤੇ ਬਰਕਰਾਰ ਰਹੇ। ਇਸ ਮੌਕੇ ਹੋਈ ਇਕੱਤਰਤਾ ਦੌਰਾਨ ਸ਼ੰਮੀ ਜਲੰਧੀ, ਮਹਿੰਗਾ ਸਿੰਘ ਸੰਗਰ, ਰਮਨਪ੍ਰੀਤ ਕੌਰ, ਕਰਨ ਬਰਾੜ, ਬਲਜੀਤਪਾਲ ਕੌਰ ਮਿਨਹਾਸ, ਜਗਦੀਪ ਸਿੰਘ ਸਿੱਧੂ ਅਤੇ ਸੁਰਿੰਦਰ ਸੰਗਰ ਆਦਿ ਹਾਜ਼ਰ ਸਨ।

# ਖ਼ਾਲਸਾ ਸਾਜਨਾ ਦਿਵਸ ਨੂੰ ਸਮਰਪਤ ਨਗਰ ਕੀਰਤਨ ਸਜਾਇਆ

ਐਡਮਿੰਟਨ (ਨਦਬ) : ਖ਼ਾਲਸਾ ਸਾਜਨਾ ਦਿਵਸ ਸਬੰਧੀ ਮਿਲਵੁੱਡਜ਼ 'ਚ ਨਗਰ ਕੀਰਤਨ ਸਜਾਇਆ ਗਿਆ। ਨਗਰ ਕੀਰਤਨ ਦੌਰਾਨ ਵੱਖ-ਵੱਖ ਸਕੂਲਾਂ, ਸਭਿਆਚਾਰਕ ਗਰੁੱਪਾਂ ਤੇ ਸੰਗੀਤਕ ਗਰੁੱਪਾਂ ਦੇ10 ਫਲੋਟ ਸ਼ਾਮਲ ਸਨ। ਨਗਰ ਕੀਰਤਨ 'ਚ ਸ਼ਾਮਲ ਪ੍ਰਬੰਧਕਾਂ ਨੇ ਦੱਸਿਆ ਕਿ ਸਾਲ 1999 ਵਿਚ ਜਦੋਂ ਇਸ ਥਾਂ ਤੋਂ ਨਗਰ ਕੀਰਤਨ ਸਜਾਏ ਜਾਣ ਦੀ ਸ਼ੁਰੂਆਤ ਕੀਤੀ ਗਈ ਸੀ, ਉਦੋਂ ਮਸੀਂ ਪੰਜ ਕੁ ਹਜ਼ਾਰ ਲੋਕ ਇਸ ਵਿਚ ਸ਼ਾਮਲ ਹੁੰਦੇ ਸਨ ਤੇ ਪਰ ਹੁਣ ਇਸ ਨਗਰ ਕੀਰਤਨ ਵਿਚ ਐਡਮਿੰਟਨ ਸਮੇਤ ਕੈਲਗਰੀ, ਰੈਡ ਡੀਅਰ, ਗਰੈਂਡ ਪ੍ਰੈਰੀ, ਵਾਈਟ ਕੋਡ ਤੋਂ ਅੰਦਾਜ਼ਨ 30 ਕੁ ਹਜ਼ਾਰ ਲੋਕ ਸ਼ਾਮਲ ਹੋਏ।



For all your Real Estate needs
NIRMAL (SONY) GILL
BUY OR SELL
Century 21 A.L.L. Stars Realty Ltd. MLS REALTOR
ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਵੇਚਣ ਜਾਂ ਖਰੀਦਣ ਲਈ
ਨਿਰਮਲ (ਸੋਨੀ) ਗਿੱਲ ਨੂੰ ਫ਼ੋਨ ਕਰੋ
780-937-9067
Office: 780-434-4700
Email : nirmalgill@live.com
SOLD 3229 22 st. Edmonton
SOLD 13039 165 Ave. Edmonton
SOLD 16520 131 st. Edmonton
Sold
In Wildrose: This Beautiful 2 story 2012 built Town House with single car attached Garage on sale. Very low condo fee. Fully landscape front & back. Main floor has beautiful kitchen, living area with fire place & half wash room. Upper level has 3 bedrooms with 2 full washrooms. This condo comes with 5 appliances. Unfinished basement. Close to all amenities. Ready to move in.

# 'ਭਾਰਤ ਅਤੇ ਜਮਹੂਰੀ ਹੱਕ' ਵਿਸ਼ੇ 'ਤੇ ਵਿਚਾਰ-ਚਰਚਾ

ਕੈਲਗਰੀ (ਨਦਬ) : ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਵਲੋਂ ਇੰਕਾ ਸੀਨੀਅਰ ਸੁਸਾਇਟੀ ਵਿਚ 'ਭਾਰਤ ਅਤੇ ਜਮਹੂਰੀ ਹੱਕ' ਵਿਸ਼ੇ 'ਤੇ ਵਿਸ਼ੇਸ਼ ਵਿਚਾਰ-ਚਰਚਾ ਕਰਵਾਈ ਗਈ। ਇਸ ਦੀ ਪ੍ਰਧਾਨਗੀ ਬੂਟਾ ਸਿੰਘ ਨਵਾਂ ਸ਼ਹਿਰ, ਸੋਹਨ ਮਾਨ, ਬਿੱਕਰ ਸਿੰਘ ਸੰਧੂ ਅਤੇ ਪ੍ਰਸ਼ੋਤਮ ਦੁਸਾਂਝ ਨੇ ਕੀਤੀ। ਇਸ ਵਿਚ ਭਾਰਤ ਤੋਂ ਕਨੇਡਾ ਫੇਰੀ ਤੇ ਆਏ ਜਮਹੂਰੀ ਅਧਿਕਾਰ ਸਭਾ (ਪੰਜਾਬ) ਦੇ ਪ੍ਰੈਸ ਸਕੱਤਰ, ਦੋ-ਮਾਸਿਕ ਪੰਜਾਬੀ ਮੈਗਜ਼ੀਨ 'ਸੁਲਗਦੇ ਪਿੰਡ' ਦੇ ਸੰਪਾਦਕ, ਲੇਖਕ ਤੇ ਚਿੰਤਕ ਬੂਟਾ ਸਿੰਘ ਨਵਾਂ ਸ਼ਹਿਰ ਨੇ ਮੁੱਖ ਬੁਲਾਰੇ ਵਜੋ ਸ਼ਮੂਲੀਅਤ ਕੀਤੀ। ਸਟੇਜ ਸਕੱਤਰ ਮਾਸਟਰ ਭਜਨ ਸਿੰਘ ਦੇ ਸੱਦੇ 'ਤੇ ਭਾਰਤ ਦੇ ਅਜੋਕੇ ਗੰਭੀਰ ਚਿੰਤਾਜਨਕ ਹਾਲਤਾਂ ਦਾ ਵਿਸ਼ਲੇਸ਼ਣ ਪੇਸ਼ ਕਰਦਿਆਂ ਬੂਟਾ ਸਿੰਘ ਨੇ ਕਿਹਾ ਕਿ ਇਸ ਸੰਕਟ ਦੀਆਂ ਜੜ੍ਹਾਂ 1947 ਦੀ ਸੱਤਾ-ਬਦਲੀ ਜ਼ਰੀਏ ਹੋਂਦ ਵਿਚ ਆਏ ਰਾਜ ਢਾਂਚੇ ਵਿਚ ਮੌਜੂਦ ਹਨ। ਜਿਸ ਨਾਲ ਜਮਹੂਰੀਅਤ, ਸਮਾਜਵਾਦ, ਧਰਮ-ਨਿਰਪੱਖ ਗਣਰਾਜ ਦੇ ਨਾਂ ਹੇਠ ਤਾਨਾਸ਼ਾਹ ਹਿੰਦੂ ਫਿਰਕਾਪ੍ਰਸਤ ਕੁਲੀਤੰਤਰ ਜਾਬਰ ਰਾਜਸੀ ਪ੍ਰਬੰਧ ਮੁਲਕ ਦੇ ਲੋਕਾਂ ਉੱਪਰ ਥੋਪਿਆ ਜਾ ਰਿਹਾ ਹੈ। ਰਸਮੀ ਆਜ਼ਾਦੀ ਦੇ ਪਰਦੇ ਹੇਠ ਨਾਂ ਸਿਰਫ਼ ਸਾਮਰਾਜਵਾਦ ਤੇ ਬਦੇਸ਼ੀ ਸਰਮਾਏ ਦਾ ਗਲਬਾ ਬਰਕਰਾਰ ਹੈ ਸਗੋਂ ਰਾਜਤੰਤਰ ਦੀ ਮੂਲ ਤਾਸੀਰ ਵੀ ਅੰਗਰੇਜ਼ੀ ਰਾਜ ਵਾਂਗ ਆਮ ਲੋਕਾਂ ਨੂੰ ਦਬਾਕੇ ਦੇਸੀ ਅਤੇ ਬਦੇਸ਼ੀ ਸਰਮਾਏਦਾਰਾਂ ਤੇ ਪਿਛਲਖੜੀ ਜਗੀਰਦਾਰਾਂ ਦੇ ਹਿੱਤ ਪੂਰੇ ਕਰਨ ਦੀ ਹੈ। ਉਨ੍ਹਾਂ ਕਿਹਾ ਕਿ 1947 ਤੋਂ ਹੀ 'ਆਜ਼ਾਦ ਭਾਰਤ ਦੇ ਹੁਕਮਰਾਨਾਂ ਨੇ ਆਪਣੇ ਹੀ ਲੋਕਾਂ ਵਿਰੁੱਧ ਜੰਗ ਛੇੜ ਰੱਖੀ ਹੈ, ਜਿਸ ਦੀ ਮਿਸਾਲ ਮਜ਼ਦੂਰਾਂ, ਕਿਸਾਨਾਂ, ਸਵੈ-ਨਿਰਣੇ ਲਈ ਸੰਘਰਸ਼ਸ਼ੀਲ ਕੌਮੀਅਤਾਂ, ਧਾਰਮਕ ਘੱਟ ਗਿਣਤੀਆਂ, ਆਦਿਵਾਸੀਆਂ ਸਮੇਤ ਹਰ ਦੱਬੇ-ਕੁਚਲੇ ਵਰਗ ਖਿਲਾਫ਼ ਫ਼ੌਜ ਅਤੇ ਨੀਮ-ਫ਼ੌਜੀ ਤਾਕਤਾਂ ਦੀ ਵਾਰ-ਵਾਰ ਬੇਰੋਕ ਵਰਤੋਂ ਹੈ। ਉਨ੍ਹਾਂ ਜ਼ੋਰ ਦਿੱਤਾ ਕਿ ਕਮਿਊਨਿਸਟਾਂ, ਦਲਿਤਾਂ, ਧਾਰਮਕ ਘੱਟ ਗਿਣਤੀਆਂ, ਕੌਮੀਅਤਾਂ ਸਮੇਤ ਸਮੂਹ ਹਾਸ਼ੀਆਗ੍ਰਸਤ ਦੱਬੇ-ਕੁਚਲੇ ਵਰਗਾਂ ਦੀਆਂ ਕੁਲ ਜਮਹੂਰੀ ਹਿਤੈਸ਼ੀ ਤਾਕਤਾਂ ਨੂੰ ਖੁੱਲ੍ਹੀ ਮੰਡੀ ਦੇ ਵਿਕਾਸ ਮਾਡਲ ਅਤੇ ਹਿੰਦੂਤਵੀ ਤਾਕਤਾਂ ਸਮੇਤ ਮੁੱਖ ਧਾਰਾ ਸਿਆਸਤ ਦੇ ਨਾਪਾਕ ਗਠਜੋੜ ਦੇ ਹਮਲੇ ਵਿਰੁੱਧ ਇਕਜੁੱਟ ਹੋ ਕੇ ਸਾਂਝੀ ਜੱਦੋ-ਜਹਿਦ ਕਰਨ ਦੀ ਜ਼ਰੂਰਤ ਨੂੰ ਪਛਾਨਣਾ ਚਾਹੀਦਾ ਹੈ ਅਤੇ ਅਗਾਂਹਵਧੂ ਸਿਆਸੀ ਬਦਲ ਬੁਲੰਦ ਕਰਨਾ ਚਾਹੀਦਾ ਹੈ। ਇਸ ਇਕੱਤਰਤਾ ਵਿਚ ਤਿੰਨ ਮਤੇ - ਬਿੱਲ ਸੀ-51 ਨੂੰ ਵਾਪਸ ਲੈਣ, ਪੰਜਾਬ ਵਿਚ ਔਰਬਿਟ ਬੱਸ ਦੇ ਚਾਲਕਾਂ ਵਲੋਂ ਚਲਦੀ ਬੱਸ ਵਿਚੋਂ ਧੱਕਾ ਦੇ ਕੇ ਕਤਲ ਕੀਤੀ ਲੜਕੀ ਦੇ ਮਾਮਲੇ ਬਾਰੇ ਅਤੇ 'ਗ਼ਦਰ ਨਾਮ ਹੇਠ ਸ਼ਰਾਬ ਦਾ ਬਰਾਂਡ ਜਾਰੀ ਕਰਨ ਦੀ ਘਿਨਾਉਣੀ ਕਾਰਵਾਈ ਬਾਰੇ ਪਾਸ ਕੀਤੇ ਗਏ। ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਦੀ ਨਾਟਕ ਮੰਡਲੀ ਟੀਮ ਦੀ ਆਗੂ ਕਮਲਪ੍ਰੀਤ ਕੌਰ ਪੰਧੇਰ ਅਤੇ ਨਾਟਕ ਟੀਮ ਮੈਂਬਰਾ ਵਲੋਂ ਬੂਟਾ ਸਿੰਘ ਨਵਾਂ ਸ਼ਹਿਰ ਦੀ 19ਵੀਂ ਮਸ਼ਹੂਰ ਅਨੁਵਾਦਤ ਕਿਤਾਬ 'ਸੁਪਨ ਸੰਸਾਰ ਲਈ ਹੱਜ' ਰਿਲੀਜ਼ ਕੀਤੀ ਗਈ। ਐਸੋਸੀਏਸ਼ਨ ਵਲੋਂ 26 ਸਤੰਬਰ ਨੂੰ ਹੋਣ ਵਾਲੇ ਛੇਵੇਂ ਨਾਟਕ ਸਮਾਗਮ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ।



# ਰਾਈਟਰਜ਼ ਫੋਰਮ ਦੀ ਮਾਸਿਕ ਇਕੱਤਰਤਾ

ਕੈਲਗਰੀ (ਨਦਬ) : ਰਾਈਟਰਜ਼ ਫੋਰਮ, ਕੈਲਗਰੀ ਦੀ ਮਾਸਿਕ ਇਕੱਤਰਤਾ ਕਾਊਂਸਲ ਆਫ ਸਿੱਖ ਆਰਗੇਨਾਈਜ਼ੇਸ਼ਨਜ਼ (ਕੋਸੋ) ਹਾਲ ਵਿਚ ਹੋਈ। ਜਨਰਲ ਸਕੱਤਰ ਜਸਬੀਰ (ਜੱਸ) ਚਾਹਲ ਨੇ ਸਭਾ ਦੇ ਪ੍ਰਧਾਨ ਪ੍ਰੋ. ਸ਼ਮਸ਼ੇਰ ਸਿੰਘ ਸੰਧੂ ਅਤੇ ਸੁਰਜੀਤ ਸਿੰਘ ਸੀਤਲ 'ਪੰਨੂੰ' ਹੋਰਾਂ ਨੂੰ ਪ੍ਰਧਾਨਗੀ ਮੰਡਲ ਦੀ ਸ਼ੋਭਾ ਬਣਨ ਦੀ ਬੇਨਤੀ ਕੀਤੀ ਅਤੇ ਪਿਛਲੀ ਇਕੱਤਰਤਾ ਦੀ ਰਿਪੋਰਟ ਪੜ੍ਹ ਕੇ ਸੁਣਾਈ ਜੋ ਕਿ ਸਭਾ ਵਲੋਂ ਪ੍ਰਵਾਨ ਕੀਤੀ ਗਈ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਹੈਪੀ ਮਾਨ ਹੋਰਾਂ ਨੇ ਨਿਭਾਈ। ਮਨਜੀਤ ਕਾਂਡਾ 'ਨਿਰਮਲ' ਨੇ ਅੰਗਰੇਜ਼ੀ ਕਹਾਣੀ *"Returning Home"* ਅਤੇ ਇਕ ਹਿੰਦੀ ਕਵਿਤਾ ਸਾਂਝੀ ਕੀਤੀ। ਗੁਰਨਾਮ ਸਿੰਘ ਗਿੱਲ, ਡਾ. ਮਨਮੋਹਨ ਸਿੰਘ ਬਾਠ, ਹਰਨੇਕ 'ਬੱਧਨੀ', ਪ੍ਰੋ. ਸ਼ਮਸ਼ੇਰ ਸਿੰਘ ਸੰਧੂ ਹੋਰਾਂ ਗ਼ਜ਼ਲਾਂ ਤੇ ਗੀਤ ਸੁਣਾਏ। ਜੱਸ ਚਾਹਲ ਨੇ ਅਪਣੀ ਹਿੰਦੀ ਗ਼ਜ਼ਲ ਦੇ ਕੁਝ ਸ਼ੇਅਰ ਪੇਸ਼ ਕੀਤੇ। ਡਾ. ਮਜ਼ਹਰ ਸੱਦੀਕੀ ਨੇ ਕੈਲਗਰੀ ਸ਼ਹਿਰ 'ਤੇ ਲਿਖੀ ਆਪਣੀ ਉਰਦੂ ਗ਼ਜ਼ਲ ਪੜ੍ਹੀ। ਬੀਬੀ ਵੈਲਰੀਨ ਮਲਾਨੀ ਨੇ ਨੇਪਾਲ 'ਚ ਆਏ ਭੁਚਾਲ ਦੇ ਪੀੜਤਾਂ ਦੀ ਮਦਦ ਕਰਨ ਦੀ ਅਪੀਲ ਕਰਦਿਆਂ ਨੇਪਾਲੀ ਸਮਾਜ 'ਚ ਪਰਚਲਿਤ Good Luck flags ਬਾਰੇ ਰੋਚਕ ਜਾਣਕਾਰੀ ਸਾਂਝੀ ਕੀਤੀ। ਜਸਵੀਰ ਸਿੰਘ ਸਿਹੋਤਾ, ਰਣਜੀਤ ਸਿੰਘ ਮਿਨਹਾਸ, ਅਦੀਲ ਖ਼ਾਨ, ਸੁਖਵਿੰਦਰ ਤੂਰ, ਮਨਜੋਤ ਸਿੰਘ ਗਿੱਲ, ਅਮਰੀਕ ਚੀਮਾ, ਸੁਰਜੀਤ ਸਿੰਘ ਸੀਤਲ 'ਪੰਨੂੰ' ਨੇ ਵੀ ਆਪਣੀਆਂ ਆਪਣੀਆਂ ਰਚਨਾਵਾਂ ਰਾਹੀਂ ਹਾਜ਼ਰੀ ਲਵਾਈ। ਜੱਸ ਚਾਹਲ ਨੇ ਸਭ ਦਾ ਧੰਨਵਾਦ ਕੀਤਾ।

ਅਰਪਨ ਲਿਖਾਰੀ ਸਭਾ ਕੈਲਗਰੀ ਦਾ ਸਾਲਾਨਾ ਸਮਾਗਮ
ਸ਼ਾਨਦਾਰ ਕਵੀ-ਦਰਬਾਰ, ਗੀਤ- ਸੰਗੀਤ ਅਤੇ
ਪੰਜਾਬੀ ਦੇ ਬਹੁ-ਪੱਖੀ ਲੇਖਕ ਡਾ. ਸਾਧੂ ਸਿੰਘ ਦਾ
'ਇਕਬਾਲ ਅਰਪਨ ਯਾਦਗਾਰੀ ਪੁਰਸਕਾਰ' ਨਾਲ ਸਨਮਾਨ

7 ਜੂਨ, 2015
ਦਿਨ ਐਤਵਾਰ
ਬਾਅਦ ਦੁਪਹਿਰ
1:00 ਵਜੇ
ਟੈਂਪਲ ਕਮਿਊਨਟੀ ਹਾਲ
167 ਟੈਂਪਲ ਗਰੀਨ ਰੋਡ
ਨੌਰਥ ਈਸਟ, ਕੈਲਗਰੀ



7 June , 2015
Sunday
1:00 pm
in
Temple Community Hall
167 Temple Green Rd. NE
Calgary Alberta
Canada

ਇਸ ਮੌਕੇ ਤੇ ਸ਼ਾਨਦਾਰ ਕਵੀ ਦਰਬਾਰ ਅਤੇ ਗੀਤ ਸੰਗੀਤ ਹੋਵੇਗਾ। ਇਸ ਸਮਾਗਮ ਵਿੱਚ ਇੰਡੀਆ ਤੋਂ ਡਾ. ਰਘਬੀਰ ਸਿੰਘ ਸਿਰਜਣਾ, ਜਸਵਿੰਦਰ ਗਜ਼ਲ-ਗੋ, ਡਾ. ਸੁਖਦੇਵ ਸਿੰਘ ਸਿਰਸਾ ਪ੍ਰਧਾਨ ਸਾਹਿਤ ਅਕੈਡਮੀ ਲੁਧਿਆਣਾ, ਕੈਮਲੂਪਸ ਤੋਂ ਡਾ. ਸੁਰਿੰਦਰ ਧੰਜਲ, ਵੈਨਕੋਵਰ ਤੋਂ ਸੂਫ਼ੀ ਅਮਰਜੀਤ, ਹਰਜੀਤ ਦੌਧਰੀਆ, ਜਰਨੈਲ ਸੇਖਾ, ਨਵਦੀਪ ਸਿੱਧੂ ਅਤੇ ਗੁਰਚਰਨ ਟੱਲੇਵਾਲੀਆ ਵੀ ਸ਼ਾਮਲ ਹੋਣਗੇ। ਐਡਮਿੰਟਨ ਤੋਂ ਡਾ. ਪ੍ਰਿਥਵੀ ਰਾਜ ਕਾਲ਼ੀਆ, ਦਲਬੀਰ ਸਾਂਗਿਆਣ, ਜਸਵੀਰ ਦਿਉਲ, ਨਵਤੇਜ ਬੈਂਸ, ਜੋਗਿੰਦਰ ਰੰਧਾਵਾ, ਕਿਰਤਮੀਤ ਕੁਹਾੜ, ਜਸਵੀਰ ਮੰਗੂਵਾਲ, ਡਾ. ਜਸਵਿੰਦਰ ਸਿੰਘ ਮੈਨੀਟੋਬਾ ਤੋਂ ਅਤੇ ਕਨੇਡਾ ਭਰ ਤੋਂ ਹੋਰ ਸਾਹਿਤਕਾਰ ਸ਼ਾਮਲ ਹੋ ਰਹੇ ਹਨ।

ਸਮਾਗਮ ਸਮੇਂ ਮਿਆਰੀ ਪੰਜਾਬੀ ਸਾਹਿਤ ਦੀ ਪੁਸਤਕ ਪ੍ਰਦਰਸ਼ਨੀ ਵੀ ਲਾਈ ਜਾਵੇਗੀ

ਸਾਰੇ ਪੰਜਾਬੀ ਭਾਈਚਾਰੇ ਨੂੰ ਹੁੰਮ ਹੁੰਮਾ ਕੇ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ (ਚਾਹ ਪਾਣੀ ਦਾ ਖ਼ਾਸ ਪ੍ਰਬੰਧ ਹੋਵੇਗਾ)

*Thanks to our Sponsors and Punjabi Media*

We appreciate all of your support and hope that jointly we can continue our efforts in developing the Punjabi language (Maa Boli) and keeping it alive for the generations to come.

Paul Ghataura, Dr. Amrik S. Basi, Bal Bains, Baldev S. Dhah, Baljit S. Grewal, Bakhtawar S. Basra, Dali S. Bajwa, Daljit S. Hoonjan, Gary Dhanjal, Gurkeert S. Gill, Gurjinder Dhillon, Gurmit S. Dhah, Harcharn S. Parhar, Dr. Jaswinder Singh Bains, Jagdeep Duggal, Jagwant S. Gill, Dr. J. B. Sidhu, Joginder S. Dhanda, Kartar S. Bhatia, Kashmir Singh, Koko Bhular, Kuljit Mann & Jasvir Mann, Laady Boparai, Mandeep S. Badyal, Mandeep Bal, Mandeep Duggal, Pali Virk, Pinder Basati, Rajneesh Aery, Rajpal Sidhu, Ram Auto, Rana Sandhu, Ranjit S. Sidhu/Gurinder S., Resham S. Sidhu, Romi Sidhu, Shamsher S. Gill, Singh & Partners Law Office, Sukh Brar, Westwind Pharmacy Ltd.

Sikh Virsa, Radio Sur Sangam, Red fm, Punjabi National, Lok Awaaz, Parvasi Punjabi, Asian Times, Radio Punjabi Link, Radio Sabrang, Radio Spice 102.1 Fm, Jag Punjabi TV, Lok Sath, Desh Videsh Times, Des Pardes Times, Hamdard, Indo Canadian Times, Nawi Dunia, Punjabi Akhbaar.

ਹੋਰ ਜਾਣਕਾਰੀ ਲਈ ਸੰਪਰਕ ਕਰੋ:
ਕੇਸਰ ਸਿੰਘ ਨੀਰ: 403-293-9039 ਲਖਬੀਰ ਸਿੰਘ ਰਿਆੜ: 403-402-7579

ਡਰਾਈਵਰਾਂ ਦੀ ਲੋੜ



ਏ.ਕੇ. ਨਿੱਝਰ ਟਰੱਕਿੰਗ ਲਿਮ. ਕੰਪਨੀ ਨੂੰ ਲੌਂਗ ਹਾਲ, ਸੈਂਡ ਐਂਡ ਗਰੈਵਲ ਟਰੱਕਾਂ ਲਈ ਡਰਾਈਵਰਾਂ ਦੀ ਜ਼ਰੂਰਤ ਹੈ। ਘੱਟੋ ਘੱਟ ਤਿੰਨ ਸਾਲ ਕੰਮ ਕਰਨ ਦਾ ਤਜ਼ਰਬਾ ਹੋਵੇ। ਵਧੀਆ ਤਨਖ਼ਾਹ।

ਸੰਪਰਕ : 780-271-5061

Email : v.nijjar@yahoo.ca

Emergency Service 24x7
Free Estimate with Treatment
GOLDEN ARROW PEST CONTROL INC.



CALL @ 780 462 6669

Specializing in:
Ants, Bees, Birds, Bedbugs, Flies,Bugs, Spiders, Flea, Mice/Rats, Cock-Roaches, Wasp, Squirrels, Gophers, Pigeons etc.

PROFESSIONAL CERTIFIED SERVICE PROVIDER FOR:
&
* Air-Guard And Konk- Fly Control Machines.
* Unwanted pests any kind 100% guarantee.
* Hanta Virus Clean-up & Disinfecting
* Exclusion work for Bird & Rodents.
* Special Gophers Poison
* bee's,Wasp,Hornet Control
* Home Protection Programs
* Residential and Commercial Experts

ਘਰਾਂ ਤੇ ਵਪਾਰਕ ਥਾਵਾਂ ਨੂੰ ਮੱਖੀਆਂ, ਕਾਕਰੋਚ, ਚੂਹਿਆਂ, ਕੀੜੀਆਂ ਅਤੇ ਹੋਰ ਅਣਚਾਹੇ ਜਾਨਵਰਾਂ ਤੋਂ ਮੁਕਤੀ ਲਈ ਅੱਜ ਹੀ ਕਾਲ ਕਰੋ **ਗੋਲਡਨ ਐਰੋ ਪੈਸਟ ਕੰਟਰੋਲ** ਨੂੰ।

M.S. (Sunny)
Expert Certified Service Technician
780 243 6705
908-77 AVE NW, Edmonton AB T6P 1M2
info@goldenarrowpestcontrol.com www.goldenarrowpestcontrol.com

# ਰਿਜ਼ੌਰਟ ਕੇਸ ਵਿਚ ਸੁਖਬੀਰ ਨੂੰ ਧਿਰ ਬਣਾਉਣ ਲਈ ਨੋਟਿਸ

ਚੰਡੀਗੜ੍ਹ (ਨਦਬ) : ਨਿਊ ਚੰਡੀਗੜ੍ਹ ਵਿਚ ਬਾਦਲਾਂ ਦੇ ਬਣ ਰਹੇ ਰਿਜ਼ੌਰਟ ਤਕ ਪੱਕੀ ਸੜਕ ਬਣਾਉਣ ਦੇ ਮਾਮਲੇ ਵਿਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਅੱਜ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੂੰ ਧਿਰ ਬਣਾਉਣ ਲਈ ਪੰਜਾਬ ਸਰਕਾਰ ਅਤੇ ਪੰਜਾਬ ਸ਼ਹਿਰੀ ਵਿਕਾਸ ਤੇ ਯੋਜਨਾ ਅਥਾਰਟੀ (ਪੁੱਡਾ) ਨੂੰ ਨੋਟਿਸ ਜਾਰੀ ਕਰ ਦਿੱਤਾ ਹੈ। ਇਸ ਰਿਜ਼ੌਰਟ ਵਿਚ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਉਨ੍ਹਾਂ ਦੀ ਪਤਨੀ ਹਰਸਿਮਰਤ ਕੌਰ ਬਾਦਲ ਦਾ ਵੀ ਹਿੱਸਾ ਹੈ। ਪਹਿਲਾਂ ਬੁੱਧਵਾਰ ਨੂੰ ਇਸ ਸਬੰਧੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਧਿਰ ਬਣਾਉਣ ਲਈ ਨੋਟਿਸ ਜਾਰੀ ਹੋਇਆ ਸੀ। ਇਹ ਪਟੀਸ਼ਨ ਡਾਕਟਰ ਜੁਵੀਜ਼ਾ ਚੱਢਾ ਨੇ ਦਾਖ਼ਲ ਕੀਤੀ ਸੀ ਜਿਸ ਵਿਚ ਉਨ੍ਹਾਂ ਦੋਸ਼ ਲਾਇਆ ਹੈ ਕਿ ਭੂਮੀ ਗ੍ਰਹਿਣ ਪ੍ਰਕਿਰਿਆ ਨੂੰ ਕਾਹਲੀ ਵਿਚ ਨਿਯਮਾਂ ਦੀ ਉਲੰਘਣਾ ਕਰ ਕੇ ਅਮਲ ਵਿਚ ਲਿਆਂਦਾ ਗਿਆ ਹੈ। ਆਪਣੇ ਵਕੀਲ ਰਾਜੀਵ ਆਤਮਾ ਰਾਮ ਜ਼ਰੀਏ ਉਨ੍ਹਾਂ ਅਦਾਲਤ ਨੂੰ ਦੱਸਿਆ ਕਿ ਮਾਜਰਾ ਪਿੰਡ ਰਾਹੀਂ 100 ਫੁਟ ਚੌੜੀ ਅਤੇ 1.3 ਕਿਲੋਮੀਟਰ ਲੰਬੀ ਸੜਕ ਬਣਾਈ ਜਾ ਰਹੀ ਹੈ ਜੋ ਮੁਹਾਲੀ ਜ਼ਿਲ੍ਹੇ ਦੇ ਪੱਲ੍ਹਣਪੁਰ ਪਿੰਡ ਵਿਚ ਬਣ ਰਹੇ ਮੈਟਰੋ ਈਕੋ ਗਰੀਨ ਰਿਜ਼ੌਰਟਸ ਤਕ ਜਾਂਦੀ ਹੈ। ਇਹ ਮਸਲਾ ਜ਼ਮੀਨ ਦੇ ਉਸ ਟੁਕੜੇ ਲਈ ਹੈ, ਜਿਥੋਂ ਰਿਜ਼ੌਰਟ ਲਈ ਰਾਹ ਜਾਂਦਾ ਹੈ। ਭੂਮੀ ਪ੍ਰਾਪਤੀ ਦੀ ਪ੍ਰਕਿਰਿਆ 2014 ਵਿਚ ਸ਼ੁਰੂ ਹੋਈ ਸੀ ਅਤੇ ਇਸ ਸਾਲ ਦੇ ਸ਼ੁਰੂ ਵਿਚ ਇਹ ਅਮਲ ਮੁਕੰਮਲ ਕਰ ਲਿਆ ਗਿਆ। ਪਟੀਸ਼ਨਰ ਨੇ ਸੱਤ ਕਨਾਲ 15 ਮਰਲਾ ਜ਼ਮੀਨ ਦੀ ਪ੍ਰਾਪਤੀ 'ਤੇ ਇਤਰਾਜ਼ ਜਤਾਉਂਦਿਆਂ ਇਸ ਫ਼ੈਸਲੇ ਨੂੰ ਅਦਾਲਤ ਵਿਚ ਚੁਣੌਤੀ ਦਿੱਤੀ ਹੈ।

ਕੇਸ ਦੀ ਸੁਣਵਾਈ ਦੌਰਾਨ ਵਕੀਲ ਰਾਜੀਵ ਆਤਮਾ ਰਾਮ ਨੇ ਦੋਸ਼ ਲਾਇਆ ਕਿ ਭੂਮੀ ਪ੍ਰਾਪਤੀ ਐਕਟ, 2013 ਦੀਆਂ ਸ਼ਰਤਾਂ ਨੂੰ ਪੂਰੀ ਤਰ੍ਹਾਂ ਲਾਗੂ ਨਹੀਂ ਕੀਤਾ ਗਿਆ। ਉਨ੍ਹਾਂ ਮੁਤਾਬਕ ਜ਼ਮੀਨ ਹਾਸਲ ਕਰਨ ਲਈ ਇਤਰਾਜ਼ ਜਤਾਉਣ ਵਾਸਤੇ ਲੋੜੀਂਦਾ 60 ਦਿਨਾਂ ਦਾ ਸਮਾਂ ਨਹੀਂ ਦਿੱਤਾ ਗਿਆ। ਉਨ੍ਹਾਂ ਇਹ ਵੀ ਸਵਾਲ ਕੀਤਾ ਕਿ ਮੁੱਖ ਮੰਤਰੀ ਨੇ ਅਜਿਹੇ ਪ੍ਰੋਜੈਕਟ ਨੂੰ ਪ੍ਰਵਾਨਗੀ ਦੇਣ ਲਈ ਬੈਠਕਾਂ ਦੀ ਪ੍ਰਧਾਨਗੀ ਕੀਤੀ ਜਿਸ 'ਤੇ ਸਰਕਾਰੀ ਵਕੀਲ ਨੇ ਇਤਰਾਜ਼ ਚੁੱਕਿਆ ਸੀ। ਗਮਾਡਾ ਦੇ ਵਕੀਲ ਨੇ ਕੇਸ ਦੀ ਪਿਛਲੀ ਸੁਣਵਾਈ ਦੌਰਾਨ ਅਦਾਲਤ ਨੂੰ ਭਰੋਸਾ ਦਿੱਤਾ ਸੀ ਕਿ ਪਟੀਸ਼ਨਰ ਦੀ ਜ਼ਮੀਨ 'ਤੇ ਉਸਾਰੀ ਨਹੀਂ ਕੀਤੀ ਜਾਏਗੀ।

## ਬਾਦਲਾਂ ਵਲੋਂ ਸਰਕਾਰੀ ਖਜ਼ਾਨੇ ਨੂੰ ਰਗੜਾ

ਬਠਿੰਡਾ (ਨਦਬ) : ਸਰਕਾਰੀ ਤੱਥਾਂ 'ਤੇ ਨਜ਼ਰ ਮਾਰੀਏ ਤਾਂ ਜਾਪਦਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਪ੍ਰਾਈਵੇਟ ਕੰਮਾਂ ਲਈ ਵੀ ਸਰਕਾਰੀ ਹੈਲੀਕਾਪਟਰ ਵਰਤਦੇ ਹਨ। ਆਡਿਟ ਵਿਭਾਗ ਵਲੋਂ ਵੀ ਸਰਕਾਰੀ ਹੈਲੀਕਾਪਟਰ ਦੀ ਵਰਤੋਂ 'ਤੇ ਉਂਗਲ ਉਠਾਈ ਗਈ ਹੈ। 'ਸੂਚਨਾ ਦਾ ਅਧਿਕਾਰ' ਐਕਟ ਰਾਹੀਂ ਸ਼ਹਿਰੀ ਹਵਾਬਾਜ਼ੀ ਵਿਭਾਗ ਤੋਂ ਪ੍ਰਾਪਤ ਵੇਰਵਿਆਂ ਅਨੁਸਾਰ ਪੰਜਾਬ ਸਰਕਾਰ ਨੇ ਅਕਤੂਬਰ 2013 ਤੋਂ ਸਤੰਬਰ 2014 ਦੌਰਾਨ ਵਰਤੇ ਸਰਕਾਰੀ ਹੈਲੀਕਾਪਟਰ ਦੀ ਯਾਤਰਾ ਦਾ ਭੇਤ ਰੱਖਿਆ ਹੋਇਆ ਹੈ। ਮਈ 2014 'ਚ ਲੋਕ ਸਭਾ ਚੋਣਾਂ ਹੋਈਆਂ ਸਨ। ਲੋਕ ਸਭਾ ਚੋਣਾਂ ਦੌਰਾਨ ਹਾਕਮ ਧਿਰ ਤਰਫੋਂ ਪ੍ਰਾਈਵੇਟ ਹੈਲੀਕਾਪਟਰ ਦੀ ਵਰਤੋਂ ਕੀਤੀ ਗਈ ਸੀ ਪਰ ਇਸ ਦੌਰਾਨ ਹੈਲੀਕਾਪਟਰ ਦੀ ਯਾਤਰਾ ਦਾ ਉਦੇਸ਼ ਨਹੀਂ ਦੱਸਿਆ ਗਿਆ। ਆਡਿਟ ਵਿਭਾਗ ਨੇ ਵੀ ਇਤਰਾਜ਼ ਜਤਾਇਆ ਹੈ ਕਿ ਇਸ ਇਕ ਵਰ੍ਹੇ ਦੌਰਾਨ ਹੈਲੀਕਾਪਟਰ ਦੇ ਯਾਤਰੀਆਂ ਅਤੇ ਯਾਤਰਾ ਦੇ ਮਕਸਦ ਬਾਰੇ ਕਿਤੇ ਕੋਈ ਜ਼ਿਕਰ ਨਹੀਂ ਕੀਤਾ ਗਿਆ ਹੈ। ਪੰਜਾਬ ਸਰਕਾਰ ਦੇ ਖ਼ਜ਼ਾਨੇ 'ਚੋਂ ਅਕਤੂਬਰ 2013 ਤੋਂ ਸਤੰਬਰ 2014 ਤੱਕ 1.01 ਕਰੋੜ ਰੁਪਏ ਦਾ ਤੇਲ ਸਰਕਾਰੀ ਹੈਲੀਕਾਪਟਰ ਵਿਚ ਵਰਤਿਆ ਗਿਆ ਹੈ।

**ਆਡਿਟ ਵਿਭਾਗ ਨੇ ਜਤਾਇਆ ਇਤਰਾਜ਼**

## ਹਵਾਈ ਅੱਡੇ ਦੇ ਉਦਘਾਟਨ ਲਈ ਪੰਜਾਬ ਨੇ ਪਾਇਆ ਅੜਿੱਕਾ

ਚੰਡੀਗੜ੍ਹ (ਨਦਬ) : ਭਾਰਤੀ ਜਨਤਾ ਪਾਰਟੀ ਦੀ ਅਗਵਾਈ ਹੇਠਲੀ ਐਨ.ਡੀ.ਏ. ਸਰਕਾਰ ਵਲੋਂ ਚੰਡੀਗੜ੍ਹ ਹਵਾਈ ਅੱਡੇ ਨੂੰ ਇਕ ਸਾਲ ਦੀਆਂ ਪ੍ਰਾਪਤੀਆਂ ਵਿਚ ਸ਼ੁਮਾਰ ਕਰਨ ਲਈ ਉਦਘਾਟਨ ਦੀਆਂ ਕੀਤੀਆਂ ਜਾ ਰਹੀਆਂ ਤਿਆਰੀਆਂ ਮੂਹਰੇ ਅਕਾਲੀ-ਭਾਜਪਾ ਸਰਕਾਰ ਨੇ ਸ਼ਰਤਾਂ ਦਾ ਅੜਿੱਕਾ ਲਾ ਦਿੱਤਾ ਹੈ। ਸੂਤਰਾਂ ਮੁਤਾਬਕ ਕੇਂਦਰ ਸਰਕਾਰ ਦੇ ਪੱਤਰ ਦੇ ਜਵਾਬ 'ਚ ਰਾਜ ਸਰਕਾਰ ਨੇ ਕਿਹਾ ਹੈ ਕਿ ਇਸ ਹਵਾਈ ਅੱਡੇ ਤੋਂ ਕੌਮਾਂਤਰੀ ਉਡਾਨਾਂ ਸ਼ੁਰੂ ਕੀਤੀਆਂ ਜਾਣ, ਤਾਂ ਕਿ ਇਸ ਨੂੰ ਕੌਮਾਂਤਰੀ ਹਵਾਈ ਅੱਡੇ ਦਾ ਅਸਲੀ ਅਰਥਾਂ ਵਿਚ ਦਰਜਾ ਮਿਲ ਸਕੇ। ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਅਸ਼ੋਕ ਗਜਾਪਤੀ ਰਾਜੂ ਪੂਸਾਪਤੀ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਚਿੱਠੀ ਲਿਖ ਕੇ ਚੰਡੀਗੜ੍ਹ ਹਵਾਈ ਅੱਡੇ ਦਾ ਤੁਰੰਤ ਉਦਘਾਟਨ ਕਰਨ ਦੀ ਇੱਛਾ ਪ੍ਰਗਟਾਈ ਹੈ। ਉਦਘਾਟਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਕੀਤੇ ਜਾਣ ਦੇ ਆਸਾਰ ਹਨ। ਰਾਜ ਸਰਕਾਰ ਦਾ ਕਹਿਣਾ ਹੈ ਕਿ ਕੇਂਦਰ ਵਲੋਂ ਕੀਤੀ ਜਾਣ ਵਾਲੀ ਉਦਘਾਟਨੀ ਰਸਮ ਦਾ ਸਵਾਗਤ ਕਰਦੇ ਹਨ ਪਰ ਠੀਕ ਇਹੀ ਹੋਵੇਗਾ ਕਿ ਕੌਮਾਂਤਰੀ ਉਡਾਨਾਂ ਵੀ ਸ਼ੁਰੂ ਕੀਤੀਆਂ ਜਾਣ। ਗ਼ੌਰਤਲਬ ਹੈ ਕਿ ਅੱਡੇ ਦੇ ਉਦਘਾਟਨ ਲਈ ਰਾਜ ਸਰਕਾਰ ਦੀ ਸਹਿਮਤੀ ਜ਼ਰੂਰੀ ਹੈ, ਕਿਉਂਕਿ ਸਭ ਤੋਂ ਜ਼ਿਆਦਾ ਖ਼ਰਚ ਪੰਜਾਬ ਨੇ ਹੀ ਕੀਤਾ ਹੈ। ਮੁੱਖ ਮੰਤਰੀ ਦਫ਼ਤਰ ਮੁਤਾਬਕ ਬਾਦਲ ਨੇ ਇਸ ਸਬੰਧੀ ਕੇਂਦਰੀ ਮੰਤਰੀ ਨੂੰ ਪੱਤਰ ਭੇਜਣ ਬਾਰੇ ਸਹਿਮਤੀ ਦੇ ਦਿੱਤੀ ਹੈ। ਚੰਡੀਗੜ੍ਹ ਦੇ ਘਰੇਲੂ ਹਵਾਈ ਅੱਡੇ ਨੂੰ ਕੌਮਾਂਤਰੀ ਦਰਜਾ ਦੇਣ ਦਾ ਮਾਮਲਾ ਰਾਜ ਸਰਕਾਰ ਦੇ ਵਕਾਰੀ ਪ੍ਰੋਜੈਕਟਾਂ ਵਿਚ ਸ਼ਾਮਲ ਹੈ। ਬਾਦਲ ਪਿਛਲੇ ਤਿੰਨ ਸਾਲਾਂ ਤੋਂ ਕੇਂਦਰ ਨਾਲ ਮੁਲਾਕਾਤਾਂ ਦੌਰਾਨ ਹਵਾਈ ਅੱਡੇ ਤੋਂ ਕੌਮਾਂਤਰੀ ਉਡਾਨਾਂ ਚਲਾਉਣ ਦੀ ਪੈਰਵੀ ਕਰਦੇ ਰਹੇ ਹਨ, ਪਰ ਕੇਂਦਰ ਨੇ ਕਿਸੇ ਨਾਲ ਕਿਸੇ ਬਹਾਨੇ ਘਰੇਲੂ ਉਡਾਨਾਂ ਤੋਂ ਅੱਗੇ ਮਾਮਲਾ ਨਹੀਂ ਵਧਣ ਦਿੱਤਾ। ਕਰੀਬ ਡੇਢ ਸਾਲ ਪਹਿਲਾਂ ਏਅਰ ਅਰੇਬੀਆ ਨੂੰ ਦੁਬਈ-ਚੰਡੀਗੜ੍ਹ ਉਡਾਣ ਲਈ ਪ੍ਰਵਾਨਗੀ ਵੀ ਦੇ ਦਿੱਤੀ ਗਈ ਸੀ ਪਰ ਰੱਖਿਆ ਮੰਤਰਾਲੇ ਦੇ ਇਤਰਾਜ਼ਾਂ ਕਾਰਨ ਇਹ ਸ਼ੁਰੂ ਨਹੀਂ ਸੀ ਹੋ ਸਕੀ। ਪੰਜਾਬ ਦੇ ਸ਼ਹਿਰੀ ਹਵਾਬਾਜ਼ੀ ਵਿਭਾਗ ਦਾ ਕਹਿਣਾ ਹੈ ਕਿ ਇੰਡੀਗੋ ਅਤੇ ਸਪਾਈਸਜੈੱਟ ਦੀਆਂ ਸਿੰਗਾਪੁਰ ਅਤੇ ਦੁਬਈ ਉਡਾਨਾਂ ਨੂੰ ਡਾਇਰੈਕਟਰ ਜਨਰਲ ਸ਼ਹਿਰੀ ਹਵਾਬਾਜ਼ੀ ਨੇ ਤਾਂ ਪ੍ਰਵਾਨਗੀ ਦੇ ਦਿੱਤੀ ਹੈ ਪਰ ਮੰਤਰਾਲੇ ਵਲੋਂ ਹਰੀ ਝੰਡੀ ਨਹੀਂ ਦਿੱਤੀ ਗਈ। ਪੰਜਾਬ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ 'ਤੇ ਦਬਾਅ ਬਣਾਉਣ ਦਾ ਇਹ ਢੁਕਵਾਂ ਮੌਕਾ ਹੈ।

## ਪਿੰਕੀ ਦੀ ਬਹਾਲੀ ਦਾ ਮਾਮਲਾ ਭਖਿਆ

ਚੰਡੀਗੜ੍ਹ (ਨਦਬ) : ਪੰਜਾਬ ਕਾਂਗਰਸ ਅਤੇ ਆਮ ਆਦਮੀ ਪਾਰਟੀ (ਆਪ) ਨੇ ਪੰਜਾਬ-ਹਰਿਆਣਾ ਹਾਈ ਕੋਰਟ ਦੇ ਮੁੱਖ ਜੱਜ ਨੂੰ ਅਪੀਲ ਕੀਤੀ ਹੈ ਕਿ ਪੰਜਾਬ ਪੁਲੀਸ ਦੇ ਬਰਖ਼ਾਸਤ ਮੁਲਾਜ਼ਮ ਗੁਰਮੀਤ ਸਿੰਘ ਪਿੰਕੀ ਨੂੰ ਨਾਟਕੀ ਢੰਗ ਨਾਲ ਬਹਾਲ ਕਰਨ ਦੇ ਮਾਮਲੇ ਦੀ ਔਰਬਿਟ ਬੱਸ ਕਾਂਡ ਵਾਂਗ ਖ਼ੁਦ ਨੋਟਿਸ ਲੈ ਕੇ ਉੱਚ ਪੱਧਰੀ ਜਾਂਚ ਕਰਵਾਈ ਜਾਵੇ। ਦੋਵਾਂ ਪਾਰਟੀਆਂ ਨੇ ਦੋਸ਼ ਲਾਇਆ ਹੈ ਕਿ ਪਿੰਕੀ ਦੀ ਚੁੱਪ-ਚੁਪੀਤੇ ਬਹਾਲੀ ਕਥਿਤ ਤੌਰ 'ਤੇ ਉਪ ਮੁੱਖ ਮੰਤਰੀ ਅਤੇ ਗ੍ਰਹਿ ਵਿਭਾਗ ਦੇ ਇੰਚਾਰਜ ਸੁਖਬੀਰ ਸਿੰਘ ਬਾਦਲ ਦੇ ਇਸ਼ਾਰੇ 'ਤੇ ਹੀ ਹੋਈ ਹੈ। ਦੋਵਾਂ ਪਾਰਟੀਆਂ ਨੇ ਕਿਹਾ ਕਿ ਬਾਦਲ ਸਰਕਾਰ ਅਜਿਹੇ ਅਨਸਰਾਂ ਨੂੰ ਖੁਦ ਸ਼ਹਿ ਦੇ ਕੇ ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਕਥਿਤ ਤੌਰ 'ਤੇ ਗੁੰਡਾਗਰਦੀ ਨਾਲ ਵੋਟਰਾਂ ਨੂੰ ਡਰਾਉਣ ਦਾ ਰਸਤਾ ਸਾਫ਼ ਕਰ ਰਹੀ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਉਪ ਮੁੱਖ ਮੰਤਰੀ ਪਿੰਕੀ ਵਰਗੇ ਅਨਸਰਾਂ ਨੂੰ ਖ਼ੁਦ ਖੁੱਲ੍ਹੀਆਂ ਛੁੱਟੀਆਂ ਦੇਣ ਦੀ ਰਣਨੀਤੀ ਤਹਿਤ ਚੱਲ ਰਹੇ ਹਨ। ਉਨ੍ਹਾਂ ਕਿਹਾ ਕਿ ਪਿੰਕੀ ਨੂੰ ਕੋਈ ਵੀ ਡੀ.ਆਈ.ਜੀ. ਬਹਾਲ ਕਰਨ ਦੀ ਹਿੰਮਤ ਨਹੀਂ ਕਰ ਸਕਦਾ। ਇਹ ਸਾਰਾ ਕੁਝ ਸੁਖਬੀਰ ਬਾਦਲ ਦੀ ਸਹਿਮਤੀ ਨਾਲ ਹੀ ਹੋਇਆ ਹੈ। ਇਸ ਲਈ ਉਹ ਹਾਈ ਕੋਰਟ ਦੇ ਮੁੱਖ ਜੱਜ ਤੋਂ ਮੰਗ ਕਰਦੇ ਹਨ ਕਿ ਮਾਮਲੇ ਦੀ ਉਚ ਪੱਧਰੀ ਜਾਂਚ ਹੋਵੇ। 'ਆਪ' ਦੇ ਸੂਬਾਈ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੇ ਕਿਹਾ ਕਿ ਪਿੰਕੀ ਨੂੰ ਕਿਸੇ ਡੀ.ਆਈ.ਜੀ. ਨੇ ਨਹੀਂ ਸਗੋਂ ਸੁਖਬੀਰ ਬਾਦਲ ਦੇ ਇਸ਼ਾਰੇ ਉਪਰ ਹੀ ਬਹਾਲ ਕੀਤਾ ਹੈ। ਉਨ੍ਹਾਂ ਕਿਹਾ ਕਿ ਇਕ ਪਾਸੇ ਪਿੰਕੀ ਵਰਗਿਆਂ ਨੂੰ ਕਤਲ ਦੀ ਸਜ਼ਾ ਵਿਚੋਂ ਵੀ ਮੁਆਫ਼ੀ ਦੇ ਕੇ ਪਹਿਲਾਂ ਰਿਹਾਅ ਕਰਨ ਮਗਰੋਂ ਬਹਾਲ ਕੀਤਾ ਜਾ ਰਿਹਾ ਹੈ। ਦੂਜੇ ਪਾਸੇ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਵਿਅਕਤੀ ਜੇਲ੍ਹਾਂ ਵਿਚ ਸੜ ਰਹੇ ਹਨ।

ਬਾਪੂ ਸੂਰਤ ਸਿੰਘ ਖਾਲਸਾ ਸੰਘਰਸ਼ ਕਮੇਟੀ ਦੇ ਬੁਲਾਰੇ ਅਤੇ ਯੂਨਾਈਟਿਡ ਅਕਾਲੀ ਦਲ ਦੇ ਸਕੱਤਰ ਜਨਰਲ ਗੁਰਦੀਪ ਸਿੰਘ ਬਠਿੰਡਾ ਨੇ ਕਿਹਾ ਕਿ ਪੰਜਾਬ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਨਹੀਂ ਸਗੋਂ ਪੁਲੀਸ ਮੁਖੀ ਸੁਮੇਧ ਸਿੰਘ ਸੈਣੀ ਦਾ ਰਾਜ ਚੱਲਦਾ ਹੈ। ਹੁਣ ਪੁਲੀਸ ਕੈਟ ਪਿੰਕੀ ਨੂੰ ਨੌਕਰੀ 'ਤੇ ਬਹਾਲ ਕਰਨ ਦੇ ਘਟਨਾਕ੍ਰਮ ਨੇ ਇਹ ਸੱਚ ਉਜਾਗਰ ਕਰ ਦਿੱਤਾ ਹੈ, ਕਿਉਂਕਿ ਪਿੰਕੀ ਕਹਿ ਚੁੱਕਿਆ ਹੈ ਕਿ ਉਹ ਸੈਣੀ ਦਾ ਖਾਸ ਹੈ।

# ਐੱਸਸੀ ਵਿਦਿਆਰਥੀਆਂ ਤੋਂ ਫੀਸਾਂ ਵਸੂਲਣ ਵਾਲਿਆਂ ਖਿਲਾਫ਼ ਹੋਵੇਗੀ ਕਾਰਵਾਈ

ਸ੍ਰੀ ਮੁਕਤਸਰ ਸਾਹਿਬ (ਨਦਬ) : ਪੰਜਾਬ ਅਨੁਸੂਚਿਤ ਜਾਤੀ ਕਮਿਸ਼ਨ ਅਜਿਹੇ ਕਾਲਜ ਪ੍ਰਬੰਧਕਾਂ ਖ਼ਿਲਾਫ਼ ਭਾਰਤੀ ਦੰਡ ਵਿਧਾਨ ਦੀ ਧਾਰਾ 420 ਅਧੀਨ ਕੇਸ ਦਰਜ ਕਰਵਾ ਕੇ ਸਖ਼ਤ ਕਾਰਵਾਈ ਕਰਨ ਦੇ ਰੌਂਅ ਵਿਚ ਹੈ, ਜਿਹੜੇ 'ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ' ਅਧੀਨ ਸਰਕਾਰ ਪਾਸੋਂ ਐਸਸੀ ਵਿਦਿਆਰਥੀਆਂ ਦੀਆਂ ਫੀਸਾਂ ਲੈਣ ਦੇ ਨਾਲ- ਨਾਲ ਵਿਦਿਆਰਥੀਆਂ ਪਾਸੋਂ ਵੀ ਧੱਕੇ ਨਾਲ ਫੀਸਾਂ ਦੀ ਵਸੂਲੀ ਕਰਦੇ ਹਨ।

ਅਨੁਸੂਚਿਤ ਜਾਤੀ ਕਮਿਸ਼ਨ ਦੇ ਮੈਂਬਰ ਕਰਨਵੀਰ ਸਿੰਘ ਇੰਦੌਰਾ ਨੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਕਾਲਜਾਂ 'ਚ ਪੜ੍ਹਦੇ ਢਾਈ ਲੱਖ ਰੁਪਏ ਸਾਲਾਨਾ ਤੋਂ ਘੱਟ ਆਮਦਨ ਵਾਲੇ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਦੀ 'ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ' ਅਧੀਨ ਦਾਖ਼ਲਾ ਤੇ ਸਾਰੀ ਫੀਸ ਮੁਆਫ ਕੀਤੀ ਹੋਈ ਹੈ ਪਰ ਫਿਰ ਵੀ ਕਈ ਕਾਲਜਾਂ ਵਲੋਂ ਵਿਦਿਆਰਥੀਆਂ ਪਾਸੋਂ ਵੀ ਫੀਸਾਂ ਵਸੂਲ ਕੀਤੀਆਂ ਜਾਂਦੀਆਂ ਹਨ ਜਦੋਂ ਕਿ ਇਨ੍ਹਾਂ ਨੂੰ ਸਰਕਾਰ ਵਲੋਂ ਵੀ ਆਨਲਾਈਨ ਤਰੀਕੇ ਨਾਲ ਉਨ੍ਹਾਂ ਦੇ ਖਾਤੇ ਵਿਚ ਫੀਸਾਂ ਭੇਜ ਦਿੱਤੀਆਂ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਅਨੁਸੂਚਿਤ ਜਾਤੀ ਕਮਿਸ਼ਨ ਵਲੋਂ ਅਜਿਹੇ ਕਾਲਜ ਪ੍ਰਬੰਧਕਾਂ ਖ਼ਿਲਾਫ਼ ਧਾਰਾ 420 ਅਧੀਨ ਕੇਸ ਦਰਜ ਕਰਵਾ ਕੇ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਜਿਹੜੇ ਵੀ ਕਾਲਜ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਐੱਸਸੀ ਵਿਦਿਆਰਥੀਆਂ ਨੂੰ ਕਾਲਜ 'ਚ ਦਾਖ਼ਲ ਕਰਨ ਤੋਂ ਨਾਂਹ ਕਰਨਗੇ, ਉਨ੍ਹਾਂ ਖ਼ਿਲਾਫ਼ ਸਖ਼ਤ ਕਾਰਵਾਈ ਹੋਵੇਗੀ। ਇੰਦੌਰਾ ਨੇ ਦੱਸਿਆ ਕਿ ਜਿਹੜੇ ਐੱਸਸੀ ਵਿਦਿਆਰਥੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਅੱਗੋਂ ਕਾਲਜ ਦੀ ਪੜ੍ਹਾਈ ਕਰਨਾ ਚਾਹੁੰਦੇ ਹਨ ਤਾਂ ਉਹ ਪੰਜਾਬ ਦੇ ਕਿਸੇ ਵੀ ਕਾਲਜ ਵਿਚ ਦਾਖ਼ਲਾ ਲੈ ਸਕਦੇ ਹਨ। ਕਾਲਜ ਵਾਲੇ ਇਸ ਸਬੰਧੀ ਵਿਭਾਗ ਨੂੰ ਆਨਲਾਈਨ ਅਪਲਾਈ ਕਰ ਦੇਣਗੇ। ਵਿਭਾਗ ਵਿਦਿਆਰਥੀ ਦੀ ਫੀਸ ਕਾਲਜ ਦੇ ਖਾਤੇ ਵਿਚ ਭੇਜ ਦੇਵੇਗਾ। ਕਾਲਜ ਨੇ ਵਿਦਿਆਰਥੀ ਕੋਲੋਂ ਕੋਈ ਫੀਸ ਨਹੀਂ ਲੈਣੀ ਹੁੰਦੀ ਪਰ ਇਸ ਦੇ ਬਾਵਜੂਦ ਬਹੁਤੇ ਕਾਲਜਾਂ ਵਾਲੇ ਰੋਲ ਨੰਬਰ ਜਾਰੀ ਨਾ ਕਰਨ ਜਾਂ ਅਸਲ ਸਰਟੀਫਿਕੇਟ ਆਪਣੇ ਕਬਜ਼ੇ ਵਿਚ ਰੱਖ ਕੇ ਵਿਦਿਆਰਥੀਆਂ ਕੋਲੋਂ ਵੀ ਫੀਸਾਂ ਬਟੋਰ ਲੈਂਦੇ ਹਨ।


HERBALIFE Independent Distributor

Health Nutrition, Fitness & Skincare

Natural Weight Management!!

ਕੀ ਤੁਸੀਂ ਆਪਣੇ ਵਧੇ ਹੋਏ ਭਾਰ ਤੋਂ ਪ੍ਰੇਸ਼ਾਨ ਹੋ ? ਕਿਉਂਕਿ ਵਧਿਆ ਭਾਰ ਆਪਣੇ ਨਾਲ ਸੌ ਬਿਮਾਰੀਆਂ ਲੈ ਕੇ ਆਉਂਦਾ ਹੈ ? ਜਾਂ ਤੁਸੀਂ ਸਭ ਕੁਝ ਕਰ ਕੇ ਥੱਕ ਚੁੱਕੇ ਹੋ ਤੇ ਭਾਰ ਘਟਣ ਦਾ ਨਾਮ ਨਹੀਂ ਲੈ ਰਿਹਾ ਤਾਂ ਫਿਕਰ ਨਾ ਕਰੋ। ਹੁਣੇ ਹੀ ਰਸ਼ਮਿੰਦਰ ਦਿਓਲ ਨਾਲ ਗੱਲ ਕਰੋ। ਉਹ ਕੁਦਰਤੀ ਤਰੀਕੇ ਨਾਲ ਭਾਰ ਘਟਾਉਣ ਵਿਚ ਤੁਹਾਡੀ ਮਦਦ ਕਰਨਗੇ। ਉਹ ਹਰ ਹਫ਼ਤੇ ਤੁਹਾਡੇ ਭਾਰਤ ਨੂੰ ਮੋਨੀਟਰ ਵੀ ਕਰਨਗੇ।



Rashminder Deol

have lots of energy, feel & look great

BUSINESS OPPORTUNITY

Tel : 403-293-0162 Cell : 403-477-4547

# ਪੰਜਾਬ

## ਅੱਜ-ਕੱਲ੍ਹ

ਪੰਜਾਬ ਪਾਲ

## ਕਿਸਾਨਾਂ ’ਤੇ ਫੇਰ ਕਹਿਰ



ਪੰਜਾਬ ਦੇ ਕਿਸਾਨ ਨੂੰ ਇਸ ਵਾਰ ਫਿਰ ਉਹੀ ਮਾਰ ਪਈ, ਜਿਹੜੀ ਪਹਿਲਾਂ ਵੀ ਅਕਸਰ ਪਈ ਰਹਿੰਦੀ ਹੈ। ਪਹਿਲੀ, ਬੇਮੌਸਮੀ ਬਰਸਾਤ ਦੀ ਮਾਰ ਜਿਸ ਨੇ ਫ਼ਸਲ ਦਾ ਝਾੜ 10 ਤੋਂ 20 ਫ਼ੀਸਦੀ ਤਕ ਘਟਾ ਦਿੱਤਾ। ਦੂਜੀ, ਸਰਕਾਰੀ ਨੀਤੀਆਂ ਦੀ ਮਾਰ, ਜਿਨ੍ਹਾਂ ਨੀਤੀਆਂ ਵਿਚ ਕਿਸਾਨ ਨੂੰ ਅਜੋਕੇ ਸੰਕਟ ਵਿਚੋਂ ਕੱਢਣ ਲਈ ਕੋਈ ਕਾਰਗਰ ਯੋਜਨਾ ਨਹੀਂ ਹੈ। ਮੰਡੀਆਂ ਵਿਚ ਮਹੀਨਾ ਭਰ ਕਣਕ ਦਾ ਕੁਹਰਾਮ ਮੱਚਿਆ ਰਿਹਾ। ਹਾਕਮ ਪਾਰਟੀਆਂ ਇਸ ਕੁਹਰਾਮ ਉਪਰ ਨਿਰੋਲ ਰਾਜਨੀਤੀ ਕਰਦੀਆਂ ਰਹੀਆਂ। ਸੱਤਾ ਵਿਚਲੇ ਰਾਜਸੀ ਨੇਤਾ ਅਤੇ ਖ਼ਰੀਦ ਏਜੰਸੀਆਂ ਦੇ ਅਧਿਕਾਰੀ ਖ਼ਰੀਦ ਪ੍ਰਬੰਧਾਂ ਦਾ ਰਸਮੀ ਜਾਇਜ਼ਾ ਲੈਣ ਲਈ ਮੰਡੀਆਂ ਦੇ ਗੇੜੇ ਕੱਢ ਗਏ। ਵਿਰੋਧੀ ਧਿਰ ਦੇ ਰਾਜਸੀ ਆਗੂ ਮਸਲੇ ਦਾ ਰਾਜਨੀਤਕ ਲਾਭ ਚੁੱਕਣ ਲਈ ਤਰਲੋਮੱਛੀ ਹੁੰਦੇ ਰਹੇ। ਕਣਕ ਦੇ ਅੰਬਾਰ ਹਰੀ ਕ੍ਰਾਂਤੀ ਦੇ ਫ਼ਾਇਦਿਆਂ ਦਾ ਮੂੰਹ ਚਿੜਾਉਂਦੇ ਰਹੇ। ਕਿਸੇ ਧਿਰ ਨੇ ਇਹ ਸੋਚਣ ਦਾ ਸੰਕੇਤ ਨਹੀਂ ਦਿੱਤਾ ਕਿ ਕਣਕ-ਝੋਨੇ ਦੀ ਖ਼ਰੀਦ ਦਾ ਮਾਮਲਾ ਹਰ ਸੀਜ਼ਨ ਵਿਚ ਸਾਹਮਣੇ ਆਉਂਦਾ ਹੈ ਤਾਂ ਕਿਉਂ ਨਾ ਇਸ ਉਪਰ ਡੂੰਘੀ ਸੋਚ ਵਿਚਾਰ ਕਰ ਕੇ ਮਸਲੇ ਦਾ ਕੋਈ ਸਥਾਈ ਹੱਲ ਲੱਭਿਆ ਜਾਵੇ। ਮਸਲੇ ਦੀ ਜੜ੍ਹ ਇਹ ਨਹੀਂ ਕਿ ਬਰਸਾਤ ਨੇ ਕਣਕ ਦੀ ਕੁਆਲਿਟੀ ’ਤੇ ਅਸਰ ਪਾਇਆ ਹੈ। ਮਸਲੇ ਦੀ ਜੜ੍ਹ ਇਹ ਵੀ ਨਹੀਂ ਕਿ ਏਜੰਸੀਆਂ ਦੀ ਨੀਅਤ ਵਿਚ ਕੋਈ ਖੋਟ ਹੈ। ਮਸਲਾ ਅਸਲ ਵਿਚ ਇਹ ਹੈ ਕਿ ਕਣਕ ਦੀ ਆਮਦ ਮੰਡੀਆਂ ’ਚ ਮੰਗ ਤੋਂ ਕਈ ਗੁਣਾਂ ਵੱਧ ਗਈ ਹੈ ਤੇ ਜੇਕਰ ਰਾਜਸੀ ਟਿੱਪਣੀਆਂ ਨੂੰ ਇਸ ਮਸਲੇ ਤੋਂ ਅਲੱਗ ਕਰ ਦੇਈਏ ਤਾਂ ਕਣਕ ਦਾ ਸੰਕਟ ਸਰਪਲਸ ਉਤਪਾਦਨ ਦਾ ਹੈ।

ਸਰਕਾਰੀ ਨੀਤੀਆਂ ਵਿਚ ਸਾਰਾ ਜ਼ੋਰ ਪੈਦਾਵਾਰ ਵਧਾਉਣ ਉਪਰ ਦਿੱਤਾ ਜਾਂਦਾ ਹੈ। ਪੈਦਾਵਾਰ ਨੂੰ ਮੰਡੀ ਦੀ ਮੰਗ ਅਤੇ ਇਸ ਉਪਰ ਨਿਯੰਤਰਣ ਰੱਖਣ ਲਈ ਕੋਈ ਯੋਜਨਾ ਨਹੀਂ ਬਣਾਈ ਜਾਂਦੀ। ਇਥੋਂ ਤਕ ਕਿ ਅਨਮੋਲ ਕੁਦਰਤੀ ਸਰੋਤਾਂ ਨੂੰ ਆਉਣ ਵਾਲੀਆਂ ਨਸਲਾਂ ਲਈ ਬਚਾ ਕੇ ਰੱਖਣ ਨੂੰ ਵੀ ਗੰਭੀਰਤਾ ਨਾਲ ਨਹੀਂ ਲਿਆ ਜਾਂਦਾ। ਹਰੀ ਕ੍ਰਾਂਤੀ ਦਾ ਅਮਲ ਵਿੱਢਣ ਸਮੇਂ ਅਸੀਂ ਇਹੀ ਵੱਡੀਆਂ ਕੁਤਾਹੀਆਂ ਕੀਤੀਆਂ ਹਨ। ਅਸੀਂ ਇਹ ਨਹੀਂ ਸੋਚਿਆ ਕਿ ਜੇਕਰ ਕਣਕ-ਝੋਨੇ ਦੀਆਂ ਜਿਣਸਾਂ ਦਾ ਉਤਪਾਦਨ ਸਭ ਹੱਦੇ ਬੰਨੇ ਪਾਰ ਕਰ ਗਿਆ ਤਾਂ ਮੰਡੀ ’ਚ ਇਨ੍ਹਾਂ ਦਾ ਕੋਈ ਖ਼ਰੀਦਦਾਰ ਨਹੀਂ ਰਹੇਗਾ। ਘੱਟੋ ਘੱਟ ਸਮਰਥਨ ਮੁੱਲ ਦੇਣ ਸਮੇਂ ਵੀ ਕਿਸਾਨਾਂ ਨੂੰ ਕਈ ਨਖ਼ਰੇ ਸਹਿਣੇ ਪੈਣਗੇ। ਪਰ ਹੁਣ ਪਾਣੀ ਪੁਲਾਂ ਤੋਂ ਲੰਘ ਗਿਆ ਹੈ, ਪੈਦਾਵਾਰ ਵਧਾਉਣ ਦੀ ਹੋੜ ’ਚ ਅਸੀਂ ਆਪਣੇ ਵਾਤਾਵਰਣ ਨੂੰ ਗੰਧਲਾ ਕਰ ਬੈਠੇ ਹਾਂ। ਕੁਦਰਤੀ ਸਰੋਤਾਂ ਨੂੰ ਨਿਚੋੜ ਚੁੱਕੇ ਹਾਂ। ਲੰਘੇ ਵੇਲ਼ੇ ਨੂੰ ਪਛਤਾ ਰਹੇ ਹਾਂ। ਕਦੇ ਕਣਕਾਂ ਦੇ ਮਿੱਠੇ ਸੁਰੀਲੇ ਗੀਤ ਹੁੰਦੇ ਸਨ, ਹੁਣ ਕਣਕ ਦਾ ਕੁਹਰਾਮ ਮੱਚਿਆ ਹੋਇਆ ਹੈ।

ਕਣਕ-ਝੋਨੇ ਦੇ ਮੰਡੀਕਰਣ ਦੀਆਂ ਔਕੜਾਂ ਤੋਂ ਛੁਟਕਾਰਾ ਤਦ ਹੀ ਸੰਭਵ ਹੈ ਜੇਕਰ ਉਨ੍ਹਾਂ ਨੀਤੀਆਂ ’ਤੇ ਮੁੜ ਗੌਰ ਕੀਤਾ ਜਾਵੇ ਜਿਨ੍ਹਾਂ ਦਾ ਖ਼ਾਮਿਆਜ਼ਾ ਅੱਜ ਅਸੀਂ ਭੁਗਤ ਰਹੇ ਹਾਂ। ਇਨ੍ਹਾਂ ਦੋਹਾਂ ਫ਼ਸਲਾਂ ਨੂੰ ਪੈਦਾਵਾਰ ਦੀ ਮੰਗ ਤਕ ਸੀਮਤ ਕਰ ਕੇ ਹੋਰ ਫ਼ਸਲਾਂ ਦੀ ਕਾਸ਼ਤ ਨੂੰ ਸਰਕਾਰ ਆਪਣੇ ਖ਼ਜ਼ਾਨੇ ਨਾਲ ਉਤਸ਼ਾਹਿਤ ਕਰੇ, ਬਿਲਕੁਲ ਉਵੇਂ ਜਿਵੇਂ ਉਹ ਕਾਰਪੋਰੇਟਰਾਂ ਨੂੰ ਹੱਲਾਸ਼ੇਰੀ ਦੇਣ ਲਈ ਲੱਖਾਂ ਕਰੋੜਾਂ ਦੇ ਪੈਕੇਜ ਦੇ ਰਹੀ ਹੈ। ਕਿਸਾਨਾਂ ਨੂੰ ਵੀ ਸਰਕਾਰ ਉਪਰ ਅਜਿਹਾ ਕਰਨ ਲਈ ਦਬਾਅ ਬਣਾ ਕੇ ਰੱਖਣਾ ਚਾਹੀਦਾ ਹੈ। ਮਾਹਰਾਂ ਅਨੁਸਾਰ ਜੇਕਰ ਸਰਕਾਰ ਬਦਲਵੀਆਂ ਫ਼ਸਲਾਂ ਦੀ ਕਾਸ਼ਤ ਵਾਲੇ ਕਿਸਾਨਾਂ ਨੂੰ ਜੋਖ਼ਮ ਉਠਾਉਣ ਦੇ ਇਵਜ਼ ਵਜੋਂ ਉਨ੍ਹਾਂ ਦੇ ਬਣਦੇ ਲਾਭਾਂ ਦੀ ਗਾਰੰਟੀ ਦੇਵੇ ਤਾਂ ਕਿਸਾਨ ਕਣਕ-ਝੋਨੇ ਦੇ ਫ਼ਸਲੀ ਚੱਕਰ ਤੋਂ ਪਿਛਾਂਹ ਹੱਟ ਸਕਦੇ ਹਨ।

ਆਓ, ਇਕ ਨਜ਼ਰ ਉਨ੍ਹਾਂ ਅੰਕੜਿਆਂ ’ਤੇ ਪਾਈਏ ਜਿਹੜੇ ਕਣਕ-ਝੋਨੇ ਦੇ ਮਾਰੂ ਨਤੀਜਿਆਂ ਵੱਲ ਸੰਕੇਤ ਕਰਦੇ ਹਨ। ਖ਼ਾਸ ਕਰ ਕੇ ਝੋਨੇ ਨੇ ਪੰਜਾਬ ਦੀ ਮਿੱਟੀ, ਪੌਣ ਤੇ ਪਾਣੀ ਨੂੰ ਘਾਤਕ ਹੱਦ ਤਕ ਪ੍ਰਭਾਵਿਤ ਕੀਤਾ ਹੈ। ਅੰਕੜਿਆਂ ਮੁਤਾਬਕ ਇਕ ਕਿੱਲੋ ਚਾਵਲ ਪੈਦਾ ਕਰਨ ਲਈ 4000 ਲੀਟਰ ਪਾਣੀ ਵਰਤਿਆ ਜਾਂਦਾ ਹੈ, ਸਿੱਟੇ ਵਜੋਂ ਪੰਜਾਬ ਦੇ 142 ਬਲਾਕਾਂ ਵਿਚੋਂ 115 ਵਿਚ ਪਾਣੀ ਦੀ ਹਾਲਤ ਸੰਕਟ ਵਿਚ ਹੈ।

## ਬੀਜ ਦਾ ਵਪਾਰ

ਆਧੁਨਿਕ ਖੇਤੀਬਾੜੀ ਵਿਚ ਬੀਜ ਦੀ ਭੂਮਿਕਾ ਪਹਿਲਾਂ ਨਾਲੋਂ ਕਿਤੇ ਵੱਧ ਨਿਰਣਾਇਕ ਅਤੇ ਅਹਿਮ ਹੋ ਗਈ ਹੈ। ਪਹਿਲਾਂ ਵਾਲਾ ਸਮਾਂ ਚੇਤੇ ਕਰੀਏ ਤਾਂ ਪਤਾ ਲੱਗਦਾ ਹੈ ਕਿ ਉਦੋਂ ਬੀਜ ਬਾਰੇ ਬਹੁਤ ਸਾਰੀਆਂ ਚਿੰਤਾਵਾਂ ਨਹੀਂ ਸੀ ਕੀਤੀਆਂ ਜਾਂਦੀਆਂ। ਕਿਸਾਨ ਪਰਿਵਾਰ ਘਰ ਵਰਤਣ ਲਈ ਜੋ ਜਿਣਸ ਆਪਣੀ ਹਾੜ੍ਹੀ-ਸਾਉਣੀ ਦੀ ਕੁੱਲ ਪੈਦਾਵਾਰ ਵਿਚੋਂ ਅਲੱਗ ਰੱਖਦਾ ਸੀ, ਉਸ ਵਿਚ ਅਗਲੀ ਰੁੱਤ ਵਿਚ ਵਰਤਿਆ ਜਾਣ ਵਾਲਾ ਬੀਜ ਵੀ ਸ਼ਾਮਲ ਹੁੰਦਾ ਸੀ। ਖੇਤੀਬਾੜੀ ਦੇ ਬਦਲੇ ਹੋਏ ਸਭਿਆਚਾਰ ਵਿਚ ਕਿਸਾਨ ਅਜਿਹਾ ਨਹੀਂ ਕਰ ਸਕਦਾ ਕਿਉਂਕਿ ਹੁਣ ਹਾਈਬ੍ਰਿਡ ਬੀਜ ਚੱਲ ਰਹੇ ਹਨ, ਜਿਹੜੇ ਕੇਵਲ ਇਕ ਸਾਲ ਲਈ ਹੀ ਚੱਲ ਸਕਦੇ ਹਨ। ਵਿਸ਼ੇਸ਼ ਤਕਨੀਕ ਨਾਲ ਤਿਆਰ ਕੀਤੇ ਬੀਜਾਂ ਤੋਂ ਉਗਾਈ ਫ਼ਸਲ ਤੋਂ ਬੀਜ ਵਰਤਣੇ ਕਿਸਾਨ ਲਈ ਬਹੁਤ ਵੱਡਾ ਸੰਕਟ ਪੈਦਾ ਕਰ ਸਕਦੇ ਹਨ। ਅਜਿਹੇ ਬੀਜਾਂ ਤੋਂ ਤਿਆਰ ਫ਼ਸਲ ਦੀ ਉਪਜ ਬਹੁਤ ਘੱਟ ਜਾਂਦੀ ਹੈ, ਕਈ ਵਾਰ ਤਾਂ ਉਪਜ ਨਾਂਹ ਦੇ ਬਰਾਬਰ ਵੀ ਰਹਿ ਜਾਂਦੀ ਹੈ। ਜੀ.ਐਮ. ਬੀਜਾਂ ਤੋਂ ਤਿਆਰ ਫ਼ਸਲ (ਬੀ.ਟੀ. ਕਾਟਨ ਆਦਿ) ਤੋਂ ਬੀਜ ਰੱਖ ਲੈਣਾ ਤਾਂ ਬਹੁਤ ਵੱਡਾ ਜੋਖਮ ਉਠਾਉਣਾ ਹੈ। ਇਨ੍ਹਾਂ ਰੱਖੇ ਹੋਏ ਬੀਜਾਂ ਤੋਂ ਤਿਆਰ ਫ਼ਸਲ ਨੂੰ ਤਾਂ ਫ਼ਲ ਹੀ ਨਹੀਂ ਆਉਂਦਾ। ਇਸ ਤਰ੍ਹਾਂ ਇਸ ਸਮੇਂ ਬੀਜ ਦੇ ਮਾਮਲੇ ਵਿਚ ਕਿਸਾਨ ਦੀ ਸਵੈ-ਨਿਰਭਰਤਾ ਖ਼ਤਮ ਹੋ ਗਈ ਹੈ। ਉਹ ਪੂਰੀ ਤਰ੍ਹਾਂ ਬੀਜ ਤਿਆਰ ਕਰਨ ਵਾਲੀਆਂ ਕੰਪਨੀਆਂ ’ਤੇ ਨਿਰਭਰ ਹੋ ਗਿਆ ਹੈ। ਉਹ ਏਨਾ ਲਾਚਾਰ ਹੈ ਕਿ ਉਸ ਕੋਲ ਬੀਜ ਹਾਸਲ ਕਰਨ ਦਾ ਫ਼ਿਲਹਾਲ ਕੋਈ ਬਦਲ ਨਹੀਂ ਹੈ।



ਜੈਨੇਟੀਕਲੀ ਮੋਡੀਫ਼ਾਈਡ ਬੀਜਾਂ ਦੀ ਸਪਲਾਈ ਵਿਚ ਕੰਪਨੀਆਂ ਦੀ ਅਜਾਰੇਦਾਰੀ ਨੇ ਕਿਸਾਨਾਂ ਲਈ ਤਾਂ ਸਮੱਸਿਆਵਾਂ ਪੈਦਾ ਕੀਤੀਆਂ ਹੀ ਹਨ, ਨਾਲ ਹੀ ਵੱਡੇ ਤੇ ਘਾਤਕ ਭ੍ਰਿਸ਼ਟਾਚਾਰ ਨੂੰ ਵੀ ਉਤਸ਼ਾਹਤ ਕੀਤਾ ਹੈ। ਪਿਛਲੇ ਦਿਨੀਂ ਬੇਨਕਾਬ ਹੋਇਆ ਇਕ ਸਕੈਂਡਲ ਇਸੇ ਭ੍ਰਿਸ਼ਟਾਚਾਰ ਦੀ ਹੀ ਨਿਸ਼ਾਨਦੇਹੀ ਕਰਦਾ ਹੈ। ਨਾਕੇ ਉਪਰ ਇਕ ਗੱਡੀ ਵਿਚੋਂ 51 ਲੱਖ ਰੁਪਏ ਦੀ ਰਕਮ ਬਰਾਮਦ ਕੀਤੀ ਗਈ। ਪੁਲੀਸ ਪੁੱਛਗਿੱਛ ਦੌਰਾਨ ਪਤਾ ਲੱਗਾ ਕਿ ਗੱਡੀ ਵਿਚ ਬੀਜ ਤਿਆਰ ਕਰਨ ਵਾਲੀਆਂ ਕੰਪਨੀਆਂ ਦੇ ਅਧਿਕਾਰੀ ਸਵਾਰ ਸਨ। ਜਿਹੜੇ ਬੀਜ ਕੰਪਨੀਆਂ ਵਲੋਂ ਇਕਵੰਜਾ ਲੱਖ ਰੁਪਏ ਦੀ ਰਕਮ ਚੰਡੀਗੜ੍ਹ ਕਿਸੇ ਮੰਤਰੀ ਨੂੰ ਗੁੰਡਾ ਟੈਕਸ ਵਜੋਂ ਭੇਟ ਕਰਨ ਲਈ ਲਿਜਾ ਰਹੇ ਸਨ। ਖ਼ਬਰਾਂ ਮੁਤਾਬਕ ਪੂਰਾ ਸੌਦਾ ਇਕ ਕਰੋੜ ਰੁਪਏ ਵਿਚ ਤੈਅ ਹੋਇਆ ਸੀ। ਸਵਾਲ ਪੈਦਾ ਹੁੰਦਾ ਹੈ ਕਿ ਇਹ ਗੁੰਡਾ ਟੈਕਸ ਆਖ਼ਰ ਕੰਪਨੀਆਂ ਕਿਸ ਉਦੇਸ਼ ਲਈ ਅਦਾ ਕਰ ਰਹੀਆਂ ਹਨ, ਜ਼ਾਹਰ ਹੈ ਕਿ ਬੀਜ ਵੇਚਣ ਦੇ ਮਾਮਲੇ ਵਿਚ ਮਨਮਾਨੀਆਂ ਕਰਨ ਲਈ ਅਰਥਾਤ ਭਾਰੀ ਮੁਨਾਫ਼ੇ ਕਮਾਉਣ ਲਈ। ਇਕ ਵਾਰ ਗੁੰਡਾ ਟੈਕਸ ਦੀ ਅਦਾਇਗੀ ਮਗਰੋਂ ਕੰਪਨੀਆਂ ਨੇ ਇਸ ਰਕਮ ਦੀ ਵਸੂਲੀ ਲਈ ਕਿਸਾਨਾਂ ਦੀਆਂ ਜੇਬਾਂ ਖ਼ਾਲੀ ਕਰਨੀਆਂ ਹਨ। ਇਹ ਕੰਮ ਦੋ ਢੰਗਾਂ ਨਾਲ ਕੀਤਾ ਜਾਂਦਾ ਹੈ। ਇਕ ਢੰਗ ਹੈ ਨਕਲੀ ਬੀਜ ਵੇਚਣ ਦਾ ਤੇ ਦੂਜਾ ਬਹੁਤ ਮਹਿੰਗੇ ਭਾਅ ’ਤੇ ਬੀਜ ਵੇਚਣ ਦਾ। ਦੋਹੇਂ ਢੰਗ ਕਿਸਾਨ ਦੀ ਆਰਥਕ ਤਬਾਹੀ ਦਾ ਦਰ ਖੋਲ੍ਹਣ ਵਾਲੇ ਹਨ। ਕਿਸਾਨਾਂ (ਖ਼ਾਸ ਕਰ ਕੇ ਕਪਾਹ ਪੱਟੀ ਵਾਲੇ) ਅਕਸਰ ਸ਼ਿਕਾਇਤ ਰਹੀ ਹੈ ਕਿ ਉਨ੍ਹਾਂ ਨੇ ਮਹਿੰਗੇ ਭਾਅ ਦੇ, ਬਾਜ਼ਾਰ ਵਿਚੋਂ ਖ਼ਰੀਦੇ ਹੋਏ, ਬੀਜ ਵਰਤੇ ਸਨ ਫਿਰ ਵੀ ਉਨ੍ਹਾਂ ਨੂੰ ਉਹ ਨਤੀਜਾ ਨਹੀਂ ਮਿਲਿਆ, ਬੀਜ ਸਪਲਾਈ ਕਰਨ ਵਾਲੀਆਂ ਕੰਪਨੀਆਂ ਜਿਸ ਦਾ ਦਾਅਵਾ ਕਰਦੀਆਂ ਸਨ। ਕੰਪਨੀਆਂ ਨੇ ਕਿਉਂਕਿ ਗੁੰਡਾ ਟੈਕਸ ਭਰਿਆ ਹੁੰਦਾ ਹੈ, ਇਸ ਲਈ ਉਹ ਕਿਸਾਨਾਂ ਦੇ ਰੋਸ ਜਾਂ ਵਿਰੋਧ ਦੀ ਘੱਟ ਹੀ ਚਿੰਤਾ ਕਰਦੀਆਂ ਹਨ।

## ਔਰਬਿਟ ਬੱਸ ਦੀ ਮਾਰੋ-ਮਾਰ

ਬੱਸ ਅੱਡਿਆਂ ’ਤੇ ਬੱਸ ਵਿਚ ਸਵਾਰੀਆਂ ਚੜ੍ਹਾਉਣ ਲਈ ਚੀਕ-ਚਿਹਾੜਾ ਪਾਉਂਦੇ, ਆਪਸ ਵਿਚ ਖਹਿਬੜਦੇ, ਗਾਲੀ-ਗਲੋਚ ਕਰਦੇ, ਗੁੱਥਮ-ਗੁੱਥਾ ਹੁੰਦੇ ਕੰਡਕਟਰਾਂ ਨੂੰ ਦੇਖ ਕੇ ਸਭਿਆ ਸਮਾਜ ਦੇ ਮਨ ਵਿਚ ਇਕ ਵਾਰ ਤਾਂ ਇਹ ਸਵਾਲ ਸਿਰ ਚੁੱਕਦਾ ਹੀ ਹੋਵੇਗਾ ਕਿ ਕੀ ਇਹ ਮਿਸ ਕੰਡਕਟਰ ਕਰਨ ਵਾਲੇ ਲੋਕ ਸਹੀ ਅਰਥਾਂ ਵਿਚ ਕੰਡਕਟਰ ਅਖਵਾਉਣ ਦੇ ਹੱਕਦਾਰ ਵੀ ਹਨ ? ਕੀ ਇਨ੍ਹਾਂ ਦੀ ਬੋਲੀ ਤੇ ਵਿਹਾਰ ਨੂੰ ਦੇਖ ਕੇ ਇਨ੍ਹਾਂ ਨੂੰ ਮਿਸ-ਕੰਡਕਟਰ ਕਹਿਣਾ ਵਧੇਰੇ ਵਾਜਬ ਨਹੀਂ ਹੋਵੇਗਾ ? ਪਰ ਨਹੀਂ, ਸਾਡੇ ਦੇਸ਼ ਵਿਚ ਮਿਸ-ਕੰਡਕਟਰ ਕਰਨ ਵਾਲੇ




ਲੋਕਾਂ ਨੂੰ ਹੀ ਟਰਾਂਸਪੋਰਟ ਕੰਪਨੀਆਂ ਡਰਾਈਵਰਾਂ ਅਤੇ ਕੰਡਕਟਰਾਂ ਵਜੋਂ ਤਰਜੀਹੀ ਤੌਰ ’ਤੇ ਭਰਤੀ ਕਰਦੀਆਂ ਹਨ। ਸਵਾਰੀਆਂ ਨੂੰ ਇਨ੍ਹਾਂ ਪ੍ਰਤੀ ਆਮ ਤੌਰ ’ਤੇ ਇਹ ਸ਼ਿਕਾਇਤਾਂ ਰਹਿੰਦੀਆਂ ਹਨ ਕਿ ਡਰਾਈਵਿੰਗ ਠੀਕ ਤਰੀਕੇ ਨਾਲ ਨਹੀਂ ਕੀਤੀ ਜਾਂਦੀ, ਗੱਡੀ ਦੀ ਰਫ਼ਤਾਰ ਨਿਯੰਤਰਣ ਵਿਚ ਨਹੀਂ ਰੱਖੀ ਜਾਂਦੀ ਅਤੇ ਆਵਾਜਾਈ ਦੇ ਨੇਮਾਂ ਦੀ ਅਕਸਰ ਉਲੰਘਣਾ ਕੀਤੀ ਜਾਂਦੀ ਹੈ। ਦੂਜੇ ਪਾਸੇ ਕੰਡਕਟਰ ਸਵਾਰੀਆਂ ਨਾਲ ਦੁਰ-ਵਿਹਾਰ ਕਰਦੇ ਹਨ, ਉਨ੍ਹਾਂ ਨਾਲ ਆਦਰ ਸਹਿਤ ਪੇਸ਼ ਨਹੀਂ ਆਉਂਦੇ ਤੇ ਬਕਾਇਆ ਮੋੜਨ ਦੇ ਮਾਮਲੇ ਵਿਚ ਉਨ੍ਹਾਂ ਨੂੰ ਖਾਹ-ਮਖਾਹ ਪ੍ਰੇਸ਼ਾਨ ਕਰਦੇ ਹਨ।

ਨਿੱਜੀ ਕੰਪਨੀਆਂ ਦੇ ਡਰਾਈਵਰਾਂ ਤੇ ਕੰਡਕਟਰਾਂ ਨੂੰ ਦੇਖ ਕੇ ਇਉਂ ਜਾਪਦਾ ਹੈ ਜਿਵੇਂ ਇਹ ਕਬੱਡੀ ਦੇ ਖਿਡਾਰੀ ਹੋਣ। ਜਿਵੇਂ ਕਬੱਡੀ ਦਾ ਧਾਵੀ ਵਿਰੋਧੀ ਪਾੜੇ ਵਿਚ ਕੌਡੀ ਪਾਉਣ ਲਈ ਉਤਰਦਾ ਹੈ ਉਵੇਂ ਨਿੱਜੀ ਕੰਪਨੀਆਂ ਦੇ ਡਰਾਈਵਰ ਬੱਸ ਨੂੰ ਸੜਕ ’ਤੇ ਉਤਾਰਦੇ ਹਨ। ਧਾਵੀ ਦੀ ਕੋਸ਼ਿਸ਼ ਹੁੰਦੀ ਹੈ ਕਿ ਵਿਰੋਧੀ ਟੀਮ ਦੇ ਖਿਡਾਰੀ/ਖਿਡਾਰੀਆਂ ਨੂੰ ਧੱਫ਼ਾ ਮਾਰ ਕੇ ਪਾੜੇ ਵਿਚੋਂ ਬਾਹਰ ਸੁੱਟੇ। ਆਦਤਨ ਇਸੇ ਤਰ੍ਹਾਂ ਇਹ ਡਰਾਈਵਰ ਸੜਕ ’ਤੇ ਚੱਲਣ ਵਾਲੇ ਹੋਰ ਵਾਹਨਾਂ ਨੂੰ ਸੜਕ ਤੋਂ ਬਾਹਰ ਧੱਕਣ ਦੇ ਯਤਨ ’ਚ ਰਹਿੰਦੇ ਹਨ। ਮੋਗਾ ਜ਼ਿਲ੍ਹੇ ਵਿਚ ਵਾਪਰੀ ਘਟਨਾ ਨੇ ਧੱਕੇਸ਼ਾਹੀ ਦੇ ਵਤੀਰੇ ਦਾ ਭਿਅੰਕਰਤਾ ਦਾ ਇਕ ਤਰ੍ਹਾਂ ਨਾਲ ਅੰਜ਼ਾਮ ਹੀ ਦਿਖਾ ਦਿੱਤਾ ਹੈ। ਇਸ ਘਟਨਾ ਦਾ ਜ਼ਿਕਰ ਕਰਨ ਤੋਂ ਪਹਿਲਾਂ ਇਹ ਦੱਸਣਾ ਵੀ ਬਣਦਾ ਹੈ ਕਿ ਨਿੱਜੀ ਕੰਪਨੀਆਂ ਦੀਆਂ ਬੱਸਾਂ ਵਿਚ ਡਰਾਈਵਰ ਤੇ ਕੰਡਕਟਰ ਤੋਂ ਇਲਾਵਾ ਉਨ੍ਹਾਂ ਦੇ ਸਹਿਯੋਗੀਆਂ ਵਜੋਂ ਗੁੰਡਾ-ਗਾਰਦ ਵੀ ਤੈਨਾਤ ਹੁੰਦੀ ਹੈ। ਕਿਹਾ ਇਹ ਵੀ ਜਾਂਦਾ ਹੈ ਕਿ ਪੰਜਾਬ ਵਿਚ ਕਬੱਡੀ ਕੱਪ ਨਿੱਜੀ ਕੰਪਨੀਆਂ ਲਈ ਡਰਾਈਵਰ ਅਤੇ ਕੰਡਕਟਰ ਪੈਦਾ ਕਰਨ ਲਈ ਹੀ ਕਰਵਾਏ ਜਾਂਦੇ ਹਨ। ਖ਼ੈਰ ਕੁਝ ਵੀ ਹੋਵੇ ਉਪਰੋਕਤ ਭਾਂਤ ਦੇ ਡਰਾਈਵਰ-ਕੰਡਕਟਰ ਕਾਰਨ ਇਕ ਅਜਿਹੀ ਘਟਨਾ ਵਾਪਰ ਗਈ, ਜਿਸ ਨੂੰ ਦੇਖ ਕੇ ਨਾ ਕੇਵਲ ਦਿਲ ਦਹਿਲ ਜਾਂਦਾ ਹੈ, ਸਗੋਂ ਅਜੋਕੇ ਸਮਾਜ ਦੀ ਸੰਵੇਦਨਹੀਣਤਾ ’ਤੇ ਸ਼ਰਮਸਾਰ ਵੀ ਹੋਣਾ ਪੈਂਦਾ ਹੈ।

ਹੋਇਆ ਇਹ ਕਿ ਸ਼ਾਮ ਸਮੇਂ ਇਕ ਮਾਂ-ਧੀ ਆਪਣੇ ਘਰ ਜਾਣ ਲਈ ਬੱਸ ’ਤੇ ਸਵਾਰ ਹੋਈਆਂ। ਇਹ ਬੱਸ ਔਰਬਿਟ ਕੰਪਨੀ ਅਰਥਾਤ ਬਾਦਲ ਪਰਿਵਾਰ ਦੀ ਸੀ। ਬਸ ਅੰਦਰ ਸਵਾਰ ਡਰਾਈਵਰ-ਕੰਡਕਟਰ ਦੇ ਸਹਿਯੋਗੀਆਂ (ਗੁੰਡਾ-ਗਾਰਦ) ਨੇ ਮਾਂ ਧੀ ਨਾਲ ਛੇੜ-ਛਾੜ ਕਰਨੀ ਸ਼ੁਰੂ ਕਰ ਦਿੱਤੀ। ਮਾਂ-ਧੀ ਨੇ ਸਵਾਰੀਆਂ ਅੱਗੇ ਮਦਦ ਦੀ ਗੁਹਾਰ ਲਗਾਈ। ਮਦਦ ਲਈ ਕੋਈ ਨਾ ਬਹੁੜਿਆ। ਦੋਹਾਂ ਨੂੰ ਚਲਦੀ ਬੱਸ ਵਿਚੋਂ ਧੱਕਾ ਮਾਰ ਦਿੱਤਾ ਗਿਆ। ਧੀ (15 ਸਾਲ) ਦੀ ਮੌਕੇ ’ਤੇ ਹੀ ਮੌਤ ਹੋ ਗਈ ਜਦਕਿ ਮਾਂ ਜ਼ੇਰੇ ਇਲਾਜ ਹੈ। ਇਸ ਦੁਖਾਂਤ ਨੇ ਜਿੱਥੇ ਸੰਵੇਦਨਸ਼ੀਲ ਪੰਜਾਬੀਆਂ ਦੀ ਜ਼ਮੀਰ ਨੂੰ ਝੰਜੋੜਿਆ ਹੈ, ਉਥੇ ਡਰਾਈਵਰਾਂ-ਕੰਡਕਟਰਾਂ ਦੀ ਸਮਾਜ ਪ੍ਰਤੀ ਜਵਾਬਦੇਹੀ ਦੇ ਮੁੱਦੇ ਨੂੰ ਵੀ ਉਭਾਰਿਆ ਹੈ। ਡਰਾਈਵਰਾਂ-ਕੰਡਕਟਰਾਂ ਦੀ ਜਵਾਬਦੇਹੀ ਸਮਾਜ ਪ੍ਰਤੀ ਵੀ ਹੋਣੀ ਚਾਹੀਦੀ ਹੈ ਜਦਕਿ ਅਜੇ ਤਕ ਉਹ ਕੇਵਲ ਆਪਣੇ ਮਾਲਕਾਂ ਪ੍ਰਤੀ ਹੀ ਜਵਾਬ ਚੱਲੇ ਆ ਰਹੇ ਹਨ।

## ਛੇਕੜਲੀ ਗੱਲ

ਡਿਪਟੀ ਸੀ.ਐਮ. (ਅਮਰੀਕਾ ਫੇਰੀ ਸਮੇਂ ਉਥੋਂ ਦੇ ਮੰਤਰੀ ਦਾ ਘਰ ਦੇਖ ਕੇ) : ਮਿਸਟਰ ਘਰ ਬੜਾ ਸੋਹਣਾ, ਕਿਵੇਂ ਬਣਾਇਐ ?

ਮੰਤਰੀ : ਓਹ ਜੋ ਪੁਲ ਦਿਖਾਈ ਦੇ ਰਿਹੈ, ਸਰਕਾਰੀ, ਉਹਦਾ ਦਸ ਫ਼ੀਸਦੀ ਮੈਂ ਆਪਣੇ ਘਰ ’ਤੇ ਲਾਇਐ।

ਅਮਰੀਕਾ ਦਾ ਮੰਤਰੀ (ਪੰਜਾਬ ਫੇਰੀ ਸਮੇਂ ਡਿਪਟੀ ਸੀ.ਐਮ. ਨੂੰ) : ਸਰਦਾਰ ਜੀ, ਤੁਹਾਡਾ ਘਰ ਬੜਾ ਸੋਹਣਾ, ਕਿਵੇਂ ਬਣਾਇਐ ?

ਡਿਪਟੀ ਸੀ.ਐਮ. : ਓਹ ਜੋ ਪੁਲ ਨਜ਼ਰ ਆਉਂਦੈ... ਸਰਕਾਰੀ ...

ਅਮਰੀਕਾ ਦਾ ਮੰਤਰੀ : ਪਰ ਸਰਦਾਰ ਜੀ, ਪੁਲ਼ ਤਾਂ ਉਥੇ ਕੋਈ ਹੈ ਹੀ ਨਹੀਂ !

ਡਿਪਟੀ ਸੀ.ਐਮ. : ਬਸ ਸਾਰਾ ਪੈਸਾ ਏਧਰ ਘਰ ’ਤੇ ਈ ਲੱਗੈ !

(ਸੋਸ਼ਲ ਮੀਡੀਆ ਵਿਚ ਚਰਚਿਤ)

# WHY USE A MORTGAGE BROKER ?

There are generally two ways to get a mortgage in Canada: From a bank or from a licensed mortgage Broker.

While a bank only offers the products from their particular institution, licensed mortgage brokers send millions of dollars in mortgage business each year to Canada's largest banks, credit unions, and trust companies … offering their clients better rates, more choice, and access to hundreds of mortgage products!

As a result, clients benefit from the trust, confidence, and security of knowing they are getting the best mortgage for their needs.

Mortgage professionals work for you, and not the banks; therefore, they work in your best interest. From the first consultation, to the signing of your mortgage, their services are free. A Whether you're purchasing a home for the first time, taking out equity from your home for investment or pleasure, or your current mortgage up for renewal, it's important that you are making an educated buying decision with professional unbiased advice.

5 Commonly Asked Mortgage Questions

1. What's the best rate I can get?
- Your credit score plays a big part in the interest rate for which you will qualify, as the riskier you appear as a borrower, the higher your rate will be. Rate is not the most important aspect of a mortgage, however, as many rock-bottom rates often come from no frills mortgage products. In other words, even if you qualify for the lowest rate, you often have to give up other things such as prepayments and porting privileges when opting for the lowest-rate product.

2. What's the maximum mortgage amount for which I can qualify?
- To determine the amount for which you will qualify, there are two calculations you'll need to complete. The first is your Gross Debt Service (GDS) ratio. GDS looks at your proposed new housing costs (mortgage payments, taxes, heating costs and 50% of strata/condo fees, if applicable). Generally speaking, this amount should be no more than 32% of your gross monthly income. For example, if your gross monthly income is $4,000, you should not be spending more than $1,280 in monthly housing expenses. Second, you will need to calculate your Total Debt Service (TDS) ratio. The TDS ratio measures your total debt obligations (including housing costs, loans, car payments and credit card bills). Generally speaking, your TDS ratio should be no more than 40% of your gross monthly income. Keep in mind that these numbers are prescribed maximums and that you should strive for lower ratios for a more affordable lifestyle. Before falling in love with a potential new home, you may want to obtain a pre-approved mortgage. This will help you stay within your price range and spend your time looking at homes you can reasonably afford.

3. How much money do I need for a down payment?
- The minimum down payment required is 5% of the purchase price of the home. And in order to avoid paying mortgage default insurance, you need to have at least a 20% down payment. There are programs available that enable you to use other forms of down payment, such as borrowed funds, your RRSPs, a cash-back product, or a gift

4. What credit score do I need to qualify?
- Generally speaking, you're a prime candidate for a mortgage if your credit score is 680 and above. The higher you can get above 700 the better, as you will qualify for the lowest rates. These days almost anyone can obtain a mortgage, but the key for those with lower credit scores is the size of the down payment. If you have a sufficient down payment, you can reduce the risk to the lender providing you with the mortgage.

5. What happens if my credit score isn't great?
- There are several things you can do to boost your credit fairly quickly. From lowering your credit card balances to obtaining secure financing to build history. There are still many options for you if you don't have great credit. These options generally require a slightly higher down payment. It's a good idea to speak with us regarding your financing options.

Dominion Lending Centres Mortgage Force



**Sunny Vig**
Mortgage Broker/Franchise Owner
(780)-466-9898 Ext. 203
(780)-270-2727

# Tips to Get Into College

**Donald Dunbar**

Getting into college is as competitive as ever, and will most likely be one of the most challenging tasks your teen has faced thus far. There is research to be done, applications to fill out, recommendations to get, plus the stress of waiting for acceptance letters. Here are some tactics and tips your teen can use to make all this work go a little farther towards getting into college.

Be aware that not all of these guidelines will be right for your child, and all of them together would be overkill. When you sit down with your child to come up with a plan of action for getting into college, try on some of these ideas and see which ones stick.

Plan your four year high school curriculum as a freshman. The courses your teen takes are the most important components of her record. They also affect how her SAT and ACT scores are viewed. If a student's courses are less impressive than her scores, colleges read that as a sign that a student isn't willing to challenge herself. The process of beefing out your transcript begins in the seventh or eighth grade, when middle school track students into tiered math groups. Encourage your child to stay in the highest math track she can handle. Even more important than how that looks on the transcript, the fast track will help your child on the SATs and ACTs, and also give her better access to courses in the sciences.

It's better to take Advanced Placement courses and get B's than get A's in standard courses. This may sound counterintuitive, but the fact is students learn more in honors courses, and that's the first thing a college admissions officer looks at. They don't care much about weighted G.P.A.'s. They look at the courses themselves and make their own determination on how well you did.

Know what academic subjects interest you the most The colleges, as well as your teen's teachers, care most about his level of genuine academic interest. Your teen doesn't have to like everything; find at least one subject that turns him on. That said, the subjects most valued by the colleges are: English, History, Philosophy, Math, Physics, Chemistry, Biology, and foreign languages. These are the courses they look for on your transcript. They want those good writing courses, a good follow through in Math, and a strong finish in either the sciences or foreign languages. Above all, be as interested as possible.

If you are a student with learning issues, take the extended timed SAT's or ACT's. Those scores are valued on a par with regular test scores. If you have good grades and un-timed scores, you will be in good shape. Then it will depend on how advanced your classes are in each subject to determine how competitive you can be. For the colleges that have special programs for students with learning disadvantages, you usually have to get into the college through the regular admissions process.

Don't grade grub. Show the teacher that you are genuinely interest in learning about, or improving your skills in, a subject, and not just about getting high marks. Ask the teacher what you can read on your own. Don't make every one-on-one conversation with your teacher about grades.

Plan ahead for your classes. Your teen should be ready to add to every class discussion. Encourage him to think not so much what he can get out of a class, but about how much he can contribute.

Get solid teacher recommendations. College admissions people need to satisfy their professors by putting people in their classrooms they are going to like to teach. That's one reason teacher recommendations are so important. If the colleges ask for two letters, but your child has more, that's fine. Admissions officers value teacher letters more than any others, and will usually read them all .

# ਅਮਰਜੀਤ ਸੋਹੀ 'ਮੈਨ ਆਫ਼ ਆਨਰ' ਅਤੇ 'ਲਾਈਫ਼ ਟਾਈਮ ਐਵਾਰਡ' ਨਾਲ ਸਨਮਾਨਤ



ਐਡਮਿੰਟਨ (ਨਦਬ) : ਇਥੋਂ ਦੇ ਕੌਂਸਲਰ ਅਮਰਜੀਤ ਸਿੰਘ ਸੋਹੀ ਨੂੰ ਔਰਤਾਂ ਦਾ ਜਿਨਸੀ-ਸੋਸ਼ਣ ਰੁਕਵਾਉਣ ਵਾਲੀ ਸੰਸਥਾ (ਸੀ.ਈ.ਏ.ਐਸ.ਈ.) ਵਲੋਂ ਕਰਵਾਏ ਗਏ ਸਮਾਗਮ ਦੌਰਾਨ 'ਮੈਨ ਆਫ਼ ਆਨਰ' ਐਵਾਰਡ ਨਾਲ ਨਿਵਾਜਿਆ ਗਿਆ। ਇਹ ਪੁਰਸਕਾਰ ਉਨ੍ਹਾਂ ਵਲੋਂ ਸਮਾਜ ਵਿਚ ਔਰਤਾਂ ਨੂੰ ਬਣਦਾ ਸਤਿਕਾਰ ਦਿਵਾਉਣ ਲਈ ਕੀਤੇ ਵਿਸ਼ੇਸ਼ ਉਪਰਾਲਿਆਂ ਸਦਕਾ ਪ੍ਰਾਪਤ ਹੋਇਆ ਹੈ। ਐਡਮਿੰਟਨ ਸ਼ਹਿਰ ਦੇ ਸਾਬਕਾ ਮੇਅਰ ਮਿ. ਮੈਂਡੇਲ ਤੋਂ ਬਾਅਦ ਸੋਹੀ ਦੂਜੇ ਵਿਅਕਤੀ ਹਨ ਜਿਨ੍ਹਾਂ ਨੂੰ ਇਹ ਐਵਾਰਡ ਦਿੱਤਾ ਗਿਆ ਹੈ। ਇਸ ਮੌਕੇ ਉਨ੍ਹਾਂ ਆਖਿਆ ਕਿ ਹੁਣ ਇਸ ਪ੍ਰਾਪਤੀ ਤੋਂ ਬਾਅਦ ਉਹ ਹੋਰ ਵੀ ਜ਼ਿੰਮੇਵਾਰੀ ਨਾਲ ਇਸ ਕਾਰਜ ਵਿਚ ਯਤਨਸ਼ੀਲ ਰਹਿਣਗੇ।

ਸ. ਸੋਹੀ ਲਈ ਮਾਣ ਵਾਲੀ ਗੱਲ ਹੈ ਇਹ ਵੀ ਹੈ ਕਿ ਲੰਘੀ 20 ਮਈ ਨੂੰ ਐਡਮਿੰਟਨ ਮੈਨੋਨਾਈਟ ਸੈਂਟਰ ਵਲੋਂ ਉਨ੍ਹਾਂ ਨੂੰ ਸਨਮਾਨਤ ਕੀਤਾ ਗਿਆ। ਇਹ ਸ਼ਾਨਦਾਰ ਇਨਾਮ ਵੰਡ ਸਮਾਰੋਹ ਰਾਈਸ ਐਵਾਰਡ 2015 ਸੀ, ਜਿਸ ਵਿਚ ਬਾਹਰਲੇ ਦੇਸ਼ਾਂ ਤੋਂ ਕਨੇਡਾ ਆ ਕੇ ਵੱਸਣ ਵਾਲੇ ਪ੍ਰਵਾਸੀਆਂ ਦੀਆਂ ਵਿਸ਼ੇਸ਼ ਪ੍ਰਾਪਤੀਆਂ ਸਦਕਾ 5 ਵਿਅਕਤੀਆਂ ਨੂੰ ਸਨਮਾਨਤ ਕੀਤਾ ਗਿਆ। ਇਸ ਸਾਲ ਅਮਰਜੀਤ ਸੋਹੀ ਨੂੰ ਉਨ੍ਹਾਂ ਦੀਆਂ ਬਹੁਪੱਖੀ ਸਮਾਜ ਸੇਵਾਵਾਂ (ਪੁਲੀਸ ਕਮਿਸ਼ਨ ਸਰਵਿਸ, ਮਿਲਵੁਡਜ਼ ਕ੍ਰਾਈਮ ਕੌਂਸਲ ਦੀ ਸਥਾਪਨਾ, ਲੇਬਰ ਮੂਵਮੈਂਟ ਵਿਚ ਅਹਿਮ ਯੋਗਦਾਨ ਅਤੇ ਆਰਟ ਐਂਡ ਕਲਚਰ ਖੇਤਰ ਵਿਚ ਵਿਸ਼ੇਸ਼ ਸਹਿਯੋਗ ਆਦਿ) ਨੂੰ ਮੱਦੇ ਨਜ਼ਰ ਰੱਖਦਿਆਂ 'ਲਾਈਫ਼ ਟਾਈਮ ਅਰਚੀਵਮੈਂਟ' ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਇਸ ਮੌਕੇ ਮੇਅਰ ਡਾਨ ਇਵਸਨ ਨੇ ਇਨਾਮ ਦਿੰਦੇ ਹੋਏ ਸੋਹੀ ਦੀਆਂ ਛੋਟੀ ਉਮਰੇ ਵੱਡੀਆਂ ਪ੍ਰਾਪਤੀਆਂ ਦੀ ਲੰਮੀ ਸੂਚੀ ਦਾ ਵਰਨਣ ਕੀਤਾ। ਅਮਰਜੀਤ ਸੋਹੀ ਨੇ ਭਾਵ-ਪੂਰਤ ਸ਼ਬਦਾਂ ਰਾਹੀਂ ਆਪਣੇ ਬਚਪਨ ਤੋਂ ਲੈ ਕੇ ਹੁਣ ਤਕ ਕੀਤੇ ਸੰਘਰਸ਼ ਅਤੇ ਐਡਮਿੰਟਨ ਨੂੰ ਹਰ ਪੱਖੋਂ ਹੋਰ ਬਿਹਤਰ ਬਣਾਉਣ ਲਈ ਕੀਤੇ ਉੱਦਮ ਅਤੇ ਸੰਕਲਪ ਦਾ ਜ਼ਿਕਰ ਕੀਤਾ। ਉਨ੍ਹਾਂ ਇਸ ਪ੍ਰਾਪਤੀ ਪਿਛੇ ਆਪਣੇ ਪਰਿਵਾਰ, ਮਿੱਤਰਾਂ ਅਤੇ ਸ਼ੁਭ-ਚਿੰਤਕਾਂ ਦੇ ਭਰਪੂਰ ਸਹਿਯੋਗ ਦੀ ਸ਼ਲਾਘਾ ਕੀਤੀ। ਉਨ੍ਹਾਂ ਆਖਿਆ ਕਿ ਮੈਂ ਇਹ ਐਵਾਰਡ ਐਡਮਿੰਟਨ ਦੇ ਉਨ੍ਹਾਂ ਲੋਕਾਂ ਨੂੰ ਸਮਰਪਤ ਕਰਦਾ ਹਾਂ ਜੋ ਬਾਹਰੋਂ ਆਏ ਪ੍ਰਵਾਸੀਆਂ ਨੂੰ ਖਿੜੇ ਮੱਥੇ ਆਪਣੇ ਗੱਲ ਨਾਲ ਲਾਉਂਦੇ ਹਨ। ਸਮਾਗਮ ਦੀ ਖ਼ੂਬਸੂਰਤੀ ਨੂੰ ਚਾਰ ਚੰਦ ਲਾਉਂਦਿਆਂ ਸਾਊਥ ਏਸ਼ੀਅਨ ਆਰਟਸ ਅਤੇ ਕਿਊਬਾ ਦੇ ਕਲਾਕਾਰਾਂ ਨੇ ਵੰਨ-ਸੁਵੰਨਾ ਨ੍ਰਿਤ ਪੇਸ਼ ਕੀਤਾ। ਅੰਤ ਵਿਚ ਆਪਣੇ ਕੂੰਜੀਵਤ ਭਾਸ਼ਣ ਸਮੇਂ ਕਾਂਗੋ ਤੋਂ ਅਤਿ-ਜੁਲਮ ਦਾ ਸ਼ਿਕਾਰ ਹੋ ਕੇ ਇਕ ਸ਼ਰਨਾਰਥੀ ਦੇ ਰੂਪ ਵਿਚ ਕਨੇਡਾ ਆ ਕੇ ਵੱਸੇ ਪ੍ਰਵਾਸੀ ਨੌਜਵਾਨ ਮਿਸ਼ੈਲ ਚਿਕਵਾਨੀਨੇ ਨੇ ਆਪਣੀ ਦਰਦਾਂ ਭਰੀ ਵਿਥਿਆ ਦਸਦਿਆਂ ਮੈਨੋਨਾਈਟ ਸੰਸਥਾ ਵਲੋਂ ਮਿਲੇ ਸਹਿਯੋਗ ਤੇ ਸਹਾਇਤਾ ਲਈ ਰੱਜ ਕੇ ਤਾਰੀਫ਼ ਕੀਤੀ।



## ਰੰਗਾਰੰਗ ਪ੍ਰੋਗਰਾਮ ਕਰਵਾਇਆ

ਐਡਮਿੰਟਨ (ਨਦਬ) : ਖੋਸਾ ਹੋਮਜ਼ ਵਲੋਂ ਲੰਘੀ 18 ਮਈ ਨੂੰ ਰੰਗਾ ਰੰਗ ਪ੍ਰੋਗਰਾਮ 'ਦਲਜੀਤ ਦੁਸਾਂਝ ਲਾਈਵ' ਕਰਵਾਇਆ ਗਿਆ। ਜੁਬਲੀ ਐਡੀਟੋਰੀਅਮ ਐਡਮਿੰਟਨ ਵਿਖੇ ਕਰਵਾਏ ਗਏ ਇਸ ਪ੍ਰੋਗਰਾਮ ਦਰਸ਼ਕਾਂ ਨੇ ਵੱਡੀ ਗਿਣਤੀ ਵਿਚ ਹਿੱਸਾ ਲਿਆ। ਪ੍ਰੋਗਰਾਮ ਦੇ ਆਰਗੇਨਾਈਜ਼ਰ ਗੁਰਿੰਦਰ ਖੋਸਾ, ਮਨਜਿੰਦਰ ਗਿੱਲ, ਤੇਜਿੰਦਰ ਖੋਸਾ ਅਤੇ ਗੁਰਕੇਵਲ ਗਿੱਲ ਨੇ ਪ੍ਰੋਗਰਾਮ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਪਹਿਲਾ ਪੰਜਾਬੀ ਪ੍ਰੋਗਰਾਮ ਹੈ ਜਿਸ ਦੀਆਂ ਟਿਕਟਾਂ 'ਟਿਕਟ ਮਾਸਟਰ' 'ਤੇ ਵੇਚੀਆਂ ਗਈਆਂ।

## ਇੰਕਾ ਸੀਨੀਅਰ ਸਿਟੀਜ਼ਨ ਸੁਸਾਇਟੀ ਕੈਲਗਰੀ ਦੀ ਇਕੱਤਰਤਾ

ਕੈਲਗਰੀ (ਨਦਬ) : ਇੰਕਾ ਸੀਨੀਅਰ ਸਿਟੀਜ਼ਨ ਸੁਸਾਇਟੀ ਕੈਲਗਰੀ ਦੀ ਇਕੱਤਰਤਾ ਦੌਰਾਨ ਪ੍ਰਧਾਨਗੀ ਮੰਡਲ ਵਿਚ ਬਿੱਕਰ ਸਿੰਘ ਸੰਧੂ, ਮੋਤਾ ਸਿੰਘ ਮਿਨਹਾਸ ਤੇ ਬੀਬੀ ਮਲਕੀਤ ਕੌਰ ਬਰਾੜ ਹਾਜ਼ਰ ਹੋਏ। ਸਭ ਤੋਂ ਪਹਿਲਾਂ ਮੋਤਾ ਸਿੰਘ ਮਿਨਹਾਸ ਉਪ ਪ੍ਰਧਾਨ ਨੇ ਸਾਰੇ ਮੈਂਬਰਾਂ ਨੂੰ ਜੀ ਆਇਆਂ ਕਿਹਾ। ਬਾਅਦ ਵਿਚ ਬਿੱਕਰ ਸਿੰਘ ਸੰਧੂ ਨੇ ਕਿਹਾ ਕਿ ਬਜ਼ੁਰਗਾਂ ਦੀ ਸੁਸਾਇਟੀ ਇਕ ਪਰਿਵਾਰ ਵਾਂਗ ਹੁੰਦੀ ਹੈ, ਜਿੱਥੇ ਬੈਠ ਕੇ ਸਾਰੇ ਦੁੱਖ-ਸੁੱਖ ਸਾਂਝੇ ਕਰਦੇ ਹਨ। ਇਸ ਲਈ ਇਹ ਬਹੁਤ ਹੀ ਜ਼ਰੂਰੀ ਹੈ ਕਿ ਇਕ-ਦੂਜੇ ਦੀਆਂ ਭਾਵਨਾਵਾਂ ਦੀ ਕਦਰ ਕਰਦੇ ਹੋਏ ਸੁਸਾਇਟੀ ਵਿਚ ਸਹੀ ਵਾਤਾਵਰਨ ਰੱਖਿਆ ਜਾਵੇ। ਅਜਾਇਬ ਸਿੰਘ ਬਰਾੜ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜਨਮ ਦਿਨ ਨੂੰ ਯਾਦ ਕਰਦੇ ਹੋਏ ਕਿਹਾ ਕਿ ਸ਼ਹੀਦ ਕੌਮ ਦਾ ਸਰਮਾਇਆ ਹੁੰਦੇ ਹਨ। ਸਾਰੇ ਮੈਂਬਰਾਂ ਨੇ ਖੜ੍ਹੇ ਹੋ ਕੇ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਸ਼ਰਧਾਂਜਲੀ ਭੇਟ ਕੀਤੀ। ਮੇਜਰ ਸਿੰਘ ਧਾਲੀਵਾਲ ਨੇ ਮਜ਼ਦੂਰ ਦਿਵਸ ਬਾਰੇ ਜਾਣਕਾਰੀ ਦਿੱਤੀ।




# ਮਨ ਮੋਹ ਗਿਆ ਐਡਮਿੰਟਨ ਪੰਜਾਬੀ ਫ਼ੋਕ ਫੈਸਟੀਵਲ-2015

## ਅਰਸ਼ਦੀਪ ਝੱਜ ਬਣੀ ਐਡਮਿੰਟਨ ਦੀ ਨੰਨ੍ਹੀ ਪੰਜਾਬਣ-2015

ਐਡਮਿੰਟਨ (ਨਦਬ) : ਪੰਜਾਬੀ ਫ਼ੋਕ ਡਾਂਸ ਅਕੈਡਮੀ ਅਤੇ ਦੇਸ਼ ਵਿਦੇਸ਼ ਟਾਈਮਜ਼ ਵਲੋਂ ਪੰਜਵਾਂ ਸਾਲਾਨਾ ਪ੍ਰੋਗਰਾਮ 'ਫ਼ੋਕ ਫੈਸਟੀਵਲ 2015' ਸ਼ੇਰਵੁੱਡ ਪਾਰਕ ਫ਼ੈਸਟੀਵਲ ਪਲੇਸ ਵਿਖੇ 16 ਮਈ ਨੂੰ ਕਰਵਾਇਆ ਗਿਆ। ਇਸ ਪ੍ਰੋਗਰਾਮ ਨੇ ਪੰਜਾਬੀ ਸਭਿਆਚਾਰ ਦਾ ਹਰ ਰੰਗ ਪੇਸ਼ ਕੀਤਾ। ਗੁਰਸੇਵਕ ਸਿੱਧੂ ਦੁਆਰਾ ਤਿਆਰ ਭੰਗੜਾ ਟੀਮਾਂ, ਅਮਰਜੋਤ ਮਾਂਗਟ ਦੇ ਤਿਆਰ ਕਰਵਾਏ ਗਿੱਧੇ ਤੇ ਬਲਬੀਰ ਚੰਦ ਦੁਆਰਾ ਤਿਆਰ ਕੀਤੇ ਲੁੱਡੀ, ਝੂਮਰ ਤੇ ਸੰਮੀ ਨੇ ਹਾਲ ਵਿਚ ਗੂੰਜਾਂ ਪਾ ਦਿੱਤੀਆਂ। ਨੰਨ੍ਹੇ ਬੱਚਿਆਂ ਦੀ ਭੰਗੜੇ ਦੀ ਪੇਸ਼ਕਾਰੀ ਦੇਖ ਕੇ ਦਰਸ਼ਕ ਖ਼ੁਸ਼ੀ ਵਿਚ ਝੂਮ ਉਠੇ। ਪ੍ਰੋਗਰਾਮ ਦੌਰਾਨ 'ਨੰਨ੍ਹੀ ਪੰਜਾਬਣ' ਨਾਂ ਦਾ ਮੁਕਾਬਲਾ ਕਰਵਾਇਆ ਗਿਆ ਜਿਸ ਵਿਚ 10 ਤੋਂ 16 ਸਾਲ ਦੀਆਂ 25 ਬੱਚੀਆਂ ਨੇ ਭਾਗ ਲਿਆ। ਇਸ ਪ੍ਰੋਗਰਾਮ ਵਿਚ ਬੱਚੀਆਂ ਦਾ ਆਤਮ ਵਿਸ਼ਵਾਸ ਸ਼ਲਾਘਾਯੋਗ ਸੀ। ਅਰਸ਼ਦੀਪ ਝੱਜ ਨੇ 'ਨੰਨ੍ਹੀ ਪੰਜਾਬਣ' ਦਾ ਖ਼ਿਤਾਬ ਜਿੱਤਿਆ ਜਦਕਿ ਫ਼ਸਟ ਰਨਰ ਅਪ ਸਬਰੀਨਾ ਮਾਨ ਤੇ ਸੈਕਿੰਡ ਰਨਰ ਅਪ ਸਿਮਰਨ ਪਨੇਸਰ ਰਹੀਆਂ। ਗਿੱਧਿਆਂ ਦੀ ਰਾਣੀ ਦਾ ਖ਼ਿਤਾਬ ਰਵਨੀਤ ਕੈਲੇ ਦੇ ਹਿੱਸੇ ਆਇਆ ਤੇ ਬੈਸਟ ਸਮਾਈਲ ਜਸਕੀਰਤ ਹੋਠੀ ਨੂੰ ਮਿਲਿਆ। ਬੈਸਟ ਪੰਜਾਬੀ ਡਰੈਸ ਜਸਮਨ ਉੱਪਲ, ਮੋਸਟ ਇੰਟੈਲੀਜੈਂਟ ਪੰਜਾਬਣ ਤਰਨਪ੍ਰੀਤ ਬਰਾੜ ਤੇ ਟੇਲੈਂਟ ਪੰਜਾਬਣ ਦਾ ਖ਼ਿਤਾਬ ਏਰਨ ਸ਼ੇਰਗਿੱਲ ਦੀ ਝੋਲੀ ਪਿਆ। ਫ਼ੈਸਟੀਵਲ ਦੌਰਾਨ ਭੰਗੜੇ ਦੀਆਂ ਟੀਮਾਂ ਵਿਚਕਾਰ ਮੁਕਾਬਲੇ ਕਰਵਾਏ ਗਏ। ਫ਼ਸਟ ਪੁਜੀਸ਼ਨ ਭੰਗੜਾ ਟੀਮ ਮੜਕ ਪੰਜਾਬਣਾਂ ਦੀ, ਸੈਕਿੰਡ ਪੁਜੀਸ਼ਨ ਪੰਜਾਬਣ ਇਨਟੈਸਿਟੀ ਤੇ ਪੁੱਤ ਪੰਜਾਬੀ ਤੇ ਥਰਡ ਪੁਜੀਸ਼ਨ ਸਿੰਘ ਤੇ ਕੌਰ ਗਰੁੱਪ ਤੇ









ਜੂਨੀਅਰ ਫੁਲਕਾਰੀ ਗਰੁੱਪ ਨੇ ਪ੍ਰਾਪਤ ਕੀਤੀ। ਫ਼ੋਕ ਫੈਸਟੀਵਲ ਦੇ ਸੋਲੋ ਮੁਕਾਬਲੇ ਵਿਚ ਫ਼ਸਟ ਪੁਜੀਸ਼ਨ ਜੈਸਿਕਾ ਢਿੱਲੋਂ ਤੇ ਰੈਵਨੀਤ ਢਿੱਲੋਂ, ਸੈਕਿੰਡ ਪੁਜੀਸ਼ਨ ਤਨਜੋਤ ਸਰਾਉਂ ਤੇ ਏਰਨ ਸ਼ੇਰਗਿੱਲ, ਗੁਰਮਨ ਸਿੱਧੂ ਤੇ ਸਾਹਿਲ ਪਰਤਾਪ ਢਿੱਲੋਂ ਅਤੇ ਥਰਡ ਪੁਜੀਸ਼ਨ ਖ਼ੁਸ਼ੀ ਕੈਲੇ ਦੇ ਹਿੱਸੇ ਆਈ।

ਇਸ ਪ੍ਰੋਗਰਾਮ ਵਿਚ ਪੰਜਾਬੀ ਸਭਿਆਚਾਰ ਨਾਲ ਸਬੰਧਤ ਪ੍ਰਦਰਸ਼ਨੀ ਲਾਈ ਗਈ ਜਿਸ ਵਿਚ ਮੁਸਕਾਨ ਨਾਹਲ ਹੋਰਾਂ ਦਾ ਗਾਂਧੀ ਚਰਖਾ ਖਿੱਚ ਦਾ ਕੇਂਦਰ ਰਿਹਾ। ਇਸ ਚਰਖੇ ਨੂੰ ਹਰ ਇਕ ਨੇ ਖੜ੍ਹ ਕੇ ਦੇਖਿਆ ਤੇ ਇਸ ਨੂੰ ਪਹਿਲਾ ਇਨਾਮ ਵੀ ਮਿਲਿਆ। ਦੂਜਾ ਇਨਾਮ ਨਰਿੰਦਰ ਬਰਾੜ ਹੋਰਾਂ ਦੇ ਗੱਡੀਆਂ ਵਾਲੀ ਦਾ ਪਹਿਰਾਵਾ ਨੂੰ ਮਿਲਿਆ। ਤੀਸਰਾ ਇਨਾਮ ਰਾਜਵੀਰ ਢਿੱਲੋਂ ਦੀ ਫ਼ੁਲਕਾਰੀ, ਚੌਥਾ ਇਨਾਮ ਕਿਰਨ ਬਰਾੜ ਹੋਰਾਂ ਦੇ ਥਾਲ ਤੇ ਟਰੇ ਕਵਰ, ਪੰਜਵਾਂ ਇਨਾਮ ਫ਼ੈਸ਼ਨ ਵਰਲਡ ਵਾਲਿਆਂ ਦਾ ਬਾਗ਼ ਤੇ ਛੇਵਾਂ ਇਨਾਮ ਜਿਗਰਜੀਤ ਹੋਰਾਂ ਦੀ ਦਰੀ ਦੇ ਹਿੱਸੇ ਆਇਆ। ਫ਼ੈਸਟੀਵਲ ਵਿਚ ਅਕੈਡਮੀ ਦੀ ਸੀਨੀਅਰ ਟੀਮ ਗੁਰਸੇਵਕ ਸਿੱਧੂ, ਰਾਜਵਿੰਦਰ ਬਰਾੜ, ਪ੍ਰਭਪਾਲ ਗਿੱਲ, ਜਤਿੰਦਰ ਸਿੰਘ, ਜਗਰਾਜ ਸਿੰਘ, ਰਨਦੀਪ ਧਾਲੀਵਾਲ, ਉਸਤਾਦ ਬਲਬੀਰ ਚੰਦ ਹੋਰਾਂ ਨੇ ਆਪਣੀ ਵਿਲੱਖਣ ਪੇਸ਼ਕਾਰੀ ਦੁਆਰਾ ਦਰਸ਼ਕਾਂ ਨੂੰ ਝੂੰਮਣ ਲਾ ਦਿੱਤਾ। ਮੰਚ ਸੰਚਾਲਨ ਦੀ ਭੂਮਿਕਾ ਰਣਜੀਤ ਸਿੰਘ ਸਿੱਧੂ ਰੇਡੀਓ ਸੁਰ ਸੰਗਮ ਤੇ ਵੈਨਕੂਵਰ ਤੋਂ ਆਈ.ਟੀ.ਵੀ ਹੋਸਟ ਮੀਰਾ ਗਿੱਲ ਨੇ ਬਾਖ਼ੂਬੀ ਨਿਭਾਈ। ਇਸ ਪ੍ਰੋਗਰਾਮ ਵਿਚ ਇੰਡੀਆ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਢੋਲੀ ਬਲਬੀਰ ਚੰਦ (ਪੰਜਾਬ ਸਟੇਟ ਐਵਾਰਡ ਜੇਤੂ) ਨੂੰ ਸਨਮਾਨਤ ਕੀਤਾ ਗਿਆ। ਉਨ੍ਹਾਂ ਦੁਆਰਾ ਕੀਤੀ ਗਈ ਢੋਲ ਦੀ ਪੇਸ਼ਕਾਰੀ ਦਰਸ਼ਕਾਂ ਲਈ ਖਿੱਚ ਦਾ ਕੇਂਦਰ ਸੀ। ਇਸ ਫ਼ੈਸਟੀਵਲ ਵਿਚ ਪੰਜਾਬੀ ਕਮਿਊਨਿਟੀ ਵਿਚੋਂ ਕਿਸੇ ਵੀ ਖੇਤਰ ਵਿਚ ਸ਼ਲਾਘਾਯੋਗ ਕੰਮ ਕਰਨ ਵਾਲੇ ਵਿਅਕਤੀ ਨੂੰ ਸਨਮਾਨਤ ਕੀਤਾ ਜਾਂਦਾ ਹੈ। ਇਸ ਵਾਰੀ ਇਹ ਸਨਮਾਨ ਪਾਲੀ ਵਿਰਕ ਹੋਰਾਂ ਨੂੰ ਦਿੱਤਾ ਗਿਆ, ਜਿਹੜੇ ਕਿ ਹਰ ਖੇਤਰ ਵਿਚ ਮੂਹਰੇ ਹੋ ਕੇ ਕੰਮ ਕਰਨ ਲਈ ਤਤਪਰ ਰਹਿੰਦੇ ਹਨ।

ਐਡਮਿੰਟਨ ਦੀਆਂ ਉੱਘੀਆਂ ਸ਼ਖ਼ਸ਼ੀਅਤਾਂ ਦੀ ਇਸ ਫ਼ੈਸਟੀਵਲ ਵਿਚ ਸ਼ਮੂਲੀਅਤ ਸੀ ਜਿਨ੍ਹਾਂ ਵਿਚ ਐਮ.ਪੀ. ਟਿੰਮ ਉੱਪਲ, ਐਮ.ਐਲ.ਏ. ਮੈਨਿੰਗ ਹੈਦਰ ਸਵੀਟ, ਐਮ.ਐਲ.ਏ. ਮਿਲਵੁੱਡਜ਼ ਕਰਿਸਟੀਨਾ, ਪ੍ਰੈਸ ਕੌਂਸਲ ਦੇ ਪ੍ਰਧਾਨ ਯਸ਼ ਸ਼ਰਮਾ, ਪਾਲ ਬੋਪਾਰਾਏ, ਸੈਮ ਝੱਜ, ਅਵਤਾਰ ਗਰੇਵਾਲ, ਪਰਮਿੰਦਰ ਬੱਦੋਵਾਲ, ਇੰਦਰਜੀਤ ਮੁੱਲਾਂਪੁਰ (ਦੇਸ਼ ਵਿਦੇਸ਼ ਟਾਈਮਜ਼) ਅਤੇ ਪਾਲੀ ਵਿਰਕ ਸ਼ਾਮਲ ਹਨ। ਅੰਤ ਵਿਚ ਟਿੰਮ ਉੱਪਲ ਹੋਰਾਂ ਨੇ ਬੱਚਿਆਂ ਨੂੰ ਇਨਾਮ ਦੇ ਕੇ ਸਨਮਾਨਤ ਕੀਤਾ ਤੇ ਆਏ ਹੋਏ ਦਰਸ਼ਕਾਂ ਤੇ ਪ੍ਰਬੰਧਕਾਂ ਦਾ ਇਸ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਲਈ ਧੰਨਵਾਦ ਕੀਤਾ। ਪ੍ਰੋਗਰਾਮ ਦੇ ਪ੍ਰਬੰਧਕ ਇੰਦਰਜੀਤ ਸਿੰਘ ਮੁੱਲਾਂਪੁਰ ਤੇ ਗੁਰਸੇਵਕ ਸਿੱਧੂ ਨੇ ਫ਼ੈਸਟੀਵਲ ਦੇ ਸਪਾਂਸਰਜ਼ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।

# ਇੰਦਰਜੀਤ ਧਾਮੀ ਦੀ ਪੁਸਤਕ 'ਤੇ ਭਰਵੀਂ ਬਹਿਸ

ਦਸੂਹਾ (ਨਦਬ) : ਸਾਹਿਤ ਸਭਾ ਦਸੂਹਾ ਗੜ੍ਹਦੀਵਾਲਾ (ਰਜਿ.) ਵਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਹਿਯੋਗ ਨਾਲ ਪਰਵਾਸੀ ਸ਼ਾਇਰ ਇੰਦਰਜੀਤ ਸਿੰਘ ਧਾਮੀ ਦੀ ਨਵ-ਪ੍ਰਕਾਸ਼ਤ ਪੁਸਤਕ 'ਕਲਾ ਕਾਵਿ - ਦਿਮਾਗੀ ਵੀ, ਜ਼ਮੀਰੀ ਵੀ' ਗੁਰੂ ਤੇਗ ਬਹਾਦਰ ਖਾਲਸਾ ਕਾਲਜ ਦਸੂਹਾ ਵਿਖੇ ਰਿਲੀਜ਼ ਕੀਤੀ ਗਈ। ਸਮਾਗਮ ਦੀ ਦੀ ਪ੍ਰਧਾਨਗੀ ਪਦਮ ਸ੍ਰੀ ਸੁਰਜੀਤ ਪਾਤਰ ਨੇ ਕੀਤੀ। ਪ੍ਰਧਾਨਗੀ ਮੰਡਲ ਵਿਚ ਉਨ੍ਹਾਂ ਨਾਲ ਡਾ. ਕਰਮਜੀਤ ਸਿੰਘ, ਜਨਰਲ ਸਕੱਤਰ ਕੇਂਦਰੀ ਪੰਜਾਬੀ ਲੇਖਕ ਸਭਾ, ਸ਼ਾਇਰ ਸੁਲੱਖਣ ਸਰਹੱਦੀ, ਸਾਹਿਤ ਸਭਾ ਦਸੂਹਾ-ਗੜ੍ਹਦੀਵਾਲ ਦੇ ਪ੍ਰਧਾਨ ਕਹਾਣੀਕਾਰ ਲਾਲ ਸਿੰਘ, ਸ਼ਾਇਰ ਇੰਦਰਜੀਤ ਧਾਮੀ, ਕਾਲਜ ਦੇ ਸਕੱਤਰ ਚੰਨਣ ਸਿੰਘ ਸੈਣੀ, ਕਾਜਲ ਪ੍ਰਿੰਸੀਪਲ ਨਰਿੰਦਰ ਕੌਰ ਘੁੰਮਣ ਅਤੇ ਸਕੂਲ ਪ੍ਰਿੰਸੀਪਲ ਸੁਰਜੀਤ ਕੌਰ ਬਾਜਵਾ ਸ਼ਾਮਲ ਸਨ। ਪ੍ਰੋਗਰਾਮ ਦੀ ਸ਼ੁਰੂਆਤ ਗੁਰੂ ਤੇਗ ਬਹਾਦਰ ਖਾਲਸਾ ਸਕੂਲ ਦੀਆਂ ਵਿਦਿਆਰਥਣਾਂ ਵਲੋਂ ਗਾਏ ਸ਼ਬਦ ਨਾਲ ਕੀਤੀ ਗਈ। ਪ੍ਰਿੰਸੀਪਲ ਨਰਿੰਦਰ ਕੌਰ ਘੁੰਮਣ ਨੇ ਸਾਰਿਆਂ ਨੂੰ ਜੀ ਆਇਆਂ ਕਿਹਾ।




ਇੰਦਰਜੀਤ ਧਾਮੀ ਵਲੋਂ ਕੁਝ ਸ਼ੇਅਰ ਸਾਂਝੇ ਕਰਨ ਮਗਰੋਂ ਇਸ 'ਤੇ ਹੋਈ ਬਹਿਸ ਵਿਚ ਸਲੱਖਣ ਸਰਹੱਦੀ, ਡਾ. ਧਰਮਪਾਲ ਸਾਹਿਲ, ਡਾ. ਕਰਮਜੀਤ ਸਿੰਘ, ਅਮਰੀਕ ਡੋਗਰਾ, ਪ੍ਰੋ. ਬਲਦੇਵ ਬੱਲੀ ਨੇ ਹਿੱਸਾ ਲੈਂਦਿਆਂ ਪੁਸਤਕ ਦੀ ਕਾਵਿ ਵੰਨਗੀ ਨੂੰ ਆਧਾਰ ਬਣਾਇਆ। ਬਹਿਸ ਨੂੰ ਸਮੇਟਦਿਆਂ ਡਾ. ਸੁਰਜੀਤ ਪਾਤਰ ਨੇ ਇਕੋ ਹੀ ਵਿਸ਼ੇ 'ਤੇ ਲਿਖੀ ਲੰਮੀ ਕਵਿਤਾ ਦੀ ਸ਼ਲਾਘਾ ਵੀ ਕੀਤੀ ਤੇ ਇਸ ਦੀ ਬਹਿਸ-ਵੰਨਗੀ ਦੀਆਂ ਸੀਮਾਵਾਂ ਦਾ ਵੀ ਜ਼ਿਕਰ ਕੀਤਾ। ਵਿਦਿਆਰਥਣ ਹਰਵਿੰਦਰ ਕੌਰ ਨੇ ਸੁਰਜੀਤ ਪਾਤਰ ਦੀ ਗਜ਼ਲ ਸੁਰੀਲੀ ਆਵਾਜ਼ ਵਿਚ ਗਾ ਕੇ ਸੁਣਾਈ। ਸਾਹਿਤ ਸਭਾ ਵਲੋਂ ਸ਼ਖਸ਼ੀਅਤਾਂ ਦਾ ਸਨਮਾਨ ਕੀਤਾ ਗਿਆ। ਸਟੇਜ ਦੀ ਕਾਰਵਾਈ ਸਭਾ ਦੇ ਸਰਪ੍ਰਸਤ ਜਰਨੈਲ ਸਿੰਘ ਘੁੰਮਣ ਨੇ ਬਾਖੂਬੀ ਨਿਭਾਈ। ਸਮਾਗਮ ਦੇ ਦੂਜੇ ਕਾਲ ਵਿਚ ਕਵੀ ਦਰਬਾਰ ਹੋਇਆ ਜਿਸ 'ਚ ਮਾਸਟਰ ਕਰਨੈਲ ਸਿੰਘ, ਸੁਲੱਖਣ ਸਰਹੱਦੀ, ਅਮਰੀਕ ਡੋਗਰਾ, ਇੰਦਰਜੀਤ ਕਾਜਲ, ਸੁਰਿੰਦਰ ਸਿੰਘ ਨੇਕੀ, ਗੁਰਇਕਬਾਲ ਸਿੰਘ ਬੋਦਲ, ਰਣਬੀਰ ਖਾਲਸਾ, ਲਾਲੀ ਕਰਤਾਰਪੁਰੀ, ਕੁਲਤਾਰ ਸਿੰਘ ਕੁਲਤਾਰ, ਉਂਕਾਰ ਸਿੰਘ ਧਾਮੀ, ਅਜ਼ੀਬ ਦਿਵੇਦੀ ਨੇ ਹਿੱਸਾ ਲਿਆ। ਸਮਾਗਮ ਵਿਚ ਜਗਦੀਸ਼ ਸਿੰਘ ਸੋਈ, ਭੁਪਿੰਦਰ ਸਿੰਘ ਘੁੰਮਣ, ਦਿਲਜੀਤ ਸਿੰਘ ਕੋਚ, ਅਮਰਜੀਤ ਸਿੰਘ ਕਾਨੂਗੋ, ਅਮਰਜੀਤ ਸਿੰਘ ਦੀਦਾਰ, ਪੰਡਿਤ ਸੁਰਿੰਦਰ ਸ਼ਰਮਾ, ਜਗਮੋਹਣ ਸ਼ਰਮਾ, ਸੁਰਿੰਦਰ ਸਿੰਘ ਬਸਰਾ, ਬਾਬੂ ਰਾਮ ਸ਼ਰਮਾ, ਕੇਸਰ ਸਿੰਘ ਬੰਸੀਆਂ, ਸੂਬੇਦਾਰ ਸੁਰਜੀਤ ਸਿੰਘ, ਮਾਸਟਰ ਯੋਧ ਸਿੰਘ, ਨਵਤੇਜ ਗੜ੍ਹਦੀਵਾਲਾ, ਰੂਪ ਲਾਲ ਭਗਤ, ਪ੍ਰੋ. ਸ਼ਾਮ ਸਿੰਘ ਗੜ੍ਹਦੀਵਾਲਾ, ਸੁਖਦੇਵ ਕੌਰ ਚਮਕ, ਡਾ. ਰੁਪਿੰਦਰ ਰੰਧਾਵਾ, ਡਾ. ਰੁਪਿੰਦਰ ਗਿੱਲ, ਅਮਰਜੀਤ ਕਲਕਟ, ਰਾਜਿੰਦਰ ਸੈਣੀ, ਨਵਨੀਤ ਕੌਰ, ਪੰਮੀ ਦਿਵੇਦੀ, ਗੁਰਦਿਆਲ ਸਿੰਘ ਸੰਧੂ, ਬਲਜੀਤ ਸਿੰਘ, ਲੈਕ ਪ੍ਰਭਜਿੰਦਰ ਕੌਰ, ਸੁਖਦੀਪ ਕੌਰ ਵੀ ਹਾਜ਼ਰ ਸਨ।

# ਮੰਤਰੀ ਦੀ ਫੇਰੀ ਨਾਲ ਹਰਪ੍ਰੀਤ ਦੀ ਚੋਣ ਮੁਹਿੰਮ ਹੋਈ ਹੋਰ ਮਜ਼ਬੂਤ

ਵਿਨੀਪੈਗ (ਨਦਬ) ਹਰਪ੍ਰੀਤ ਤੁਰਕਾ ਉੱਤਰੀ ਵਿਨੀਪੈਗ ਤੋਂ ਫੈਡਰਲ ਚੋਣਾਂ ਲਈ ਉਮੀਦਵਾਰ ਹੈ। ਉਸ ਦੀ ਚੋਣ ਮੁਹਿੰਮ ਨੂੰ ਉਸ ਵੇਲੇ ਭਾਰੀ ਹੁੰਗਾਰਾ ਮਿਲਿਆ ਜਦੋਂ ਨਾਗਰਿਕਤਾ ਤੇ ਪਰਵਾਸੀ ਮਾਮਲਿਆਂ ਬਾਰੇ ਮੰਤਰੀ ਕ੍ਰਿਸ਼ ਅਲੈਂਗਜੈਂਡਰ ਨੇ ਉਸ ਦੇ ਹੱਕ ਵਿਚ ਪ੍ਰਚਾਰ ਕੀਤਾ ਤੇ ਪੀਸੀ ਪਾਰਟੀ ਦੇ ਮੈਂਬਰਾਂ, ਵਲੰਟੀਅਰਾਂ ਤੇ ਲੋਕਾਂ ਨਾਲ ਚੋਣਾਂ ਨੂੰ ਲੈ ਕੇ ਸੰਵਾਦ ਰਚਾਇਆ। ਮੰਤਰੀ ਦੇ ਆਉਣ 'ਤੇ ਹਰਪ੍ਰੀਤ ਤੁਰਕਾ ਨੇ ਖੁਸ਼ੀ ਦਾ ਇਜ਼ਹਾਰ ਕੀਤਾ। ਦੱਸਣਾ ਬਣਦਾ ਹੈ ਕਿ ਹਰਪ੍ਰੀਤ ਤੁਰਕਾ ਵਿਨੀਪੈਗ (ਮੈਨੀਟੋਬਾ) ਵਿਚ ਜੰਮਿਆ-ਪਲਿਆ ਹੈ। ਉਹ ਜ਼ਿਆਦਾਤਰ ਕੇਂਦਰੀ ਜਾਂ ਉੱਤਰੀ ਵਿਨੀਪੈਗ ਵਿਚ ਰਿਹਾ ਹੈ। ਜਦੋਂ ਉਹ ਅਜੇ ਛੋਟਾ ਸੀ ਤਾਂ ਤੁਰਕਾ ਦੇ ਪਿਤਾ ਨੇ ਉਸ ਨੂੰ ਪੁੱਛਿਆ ਸੀ ਕਿ ਤੂੰ ਵੱਡੇ ਹੋ ਕੇ ਕੀ ਬਣਨਾ ਹੈ ਤਾਂ ਉਸ ਨੇ ਜਵਾਬ ਵਿਚ ਐਕਟਰ ਬਣਨ ਦੀ ਇੱਛਾ ਜ਼ਾਹਰ ਕੀਤੀ ਸੀ। ਇਸ ਗੱਲ ਨੂੰ ਧਿਆਨ ਵਿਚ ਰੱਖਦਿਆਂ ਦੂਜੀ ਜਮਾਤ ਤੋਂ ਹੀ ਉਸ ਦੇ ਪਿਤਾ ਨੇ ਉਸ ਨੂੰ ਐਕਟਿੰਗ ਕਲਾਸਾਂ ਵਿਚ ਦਾਖ਼ਲਾ ਦਿਵਾ ਦਿੱਤਾ ਸੀ। ਕਿਉਂਕਿ ਹਰਪ੍ਰੀਤ ਤੁਰਕਾ ਦੇ ਪਰਿਵਾਰ ਮੈਂਬਰ ਪੱਗ ਬੰਨ੍ਹਦੇ ਸਨ, ਇਸ ਲਈ ਵਿਦਿਆਰਥੀ




ਜੀਵਨ ਵਿਚ ਉਹ ਵੀ ਪੱਗ ਬੰਨ੍ਹਦਾ ਸੀ। ਇਸ ਪਹਿਰਾਵੇ ਕਾਰਨ ਉਸ ਨੂੰ ਕਈ ਵਾਰੀ ਨਸਲੀ ਵਿਤਕਰੇ ਦਾ ਵੀ ਸਾਹਮਣਾ ਕਰਨਾ ਪਿਆ। ਇਸ ਦੇ ਚਲਦਿਆਂ ਉਸ ਨੇ ਐਕਟਰ ਬਣਨ ਦਾ ਖ਼ਿਆਲ ਛੱਡ ਦਿੱਤਾ। ਹਾਈ ਸਕੂਲ ਵਿਚ ਪੜ੍ਹਦਿਆਂ ਉਸ ਨੂੰ ਖੇਡਾਂ ਚੰਗੀਆਂ ਲੱਗੀਆਂ। ਇਸ ਤੋਂ ਇਲਾਵਾ ਪੜ੍ਹਾਈ ਵਿਚ ਵੀ ਉਸ ਨੇ ਕਾਫ਼ੀ ਰੁਚੀ ਦਿਖਾਈ। ਖੇਡਾਂ ਵਿਚ ਰੁਚੀ ਹੋਣ ਕਾਰਨ ਉਹ ਚੰਗਾ ਅਥਲੀਟ ਬਣਿਆ। ਇਸ ਤਰ੍ਹਾਂ ਸਮਾਜ ਵਿਚ ਆਪਣੀਆਂ ਸਰਗਰਮੀਆਂ ਰਾਹੀਂ ਕਈ ਢੰਗਾਂ ਨਾਲ ਯੋਗਦਾਨ ਪਾਉਣ ਤੋਂ ਬਾਅਦ ਉਹ ਘਰ ਮੁੜਿਆ ਤੇ ਇੱਥੇ ਉਸ ਨੇ ਸਥਾਨਕ ਰਾਜਨੀਤੀ 'ਚ ਪੈਰ ਰੱਖਿਆ। ਜਦੋਂ ਉਨ੍ਹਾਂ ਨੂੰ ਚੋਣ ਲੜਨ ਦਾ ਮਕਸਦ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਮੈਂ ਨੌਜਵਾਨਾਂ ਦੀ ਪ੍ਰਤੀਨਿਧਤਾ ਕਰਨਾ ਚਾਹੁੰਦਾ ਹਾਂ ਤੇ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ ਸਮਾਜ ਵਿਚ ਹਰ ਸੁਵਿਧਾ ਮਿਲਣੀ ਚਾਹੀਦੀ ਹੈ।

ਸਰਕਾਰ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਹਾਰਪਰ ਸਰਕਾਰ ਸਭ ਕੁਝ ਬਹੁਤ ਹੀ ਸਹੀ ਤਰੀਕੇ ਨਾਲ ਕਰ ਰਹੀ ਹੈ। ਬਹੁਤ ਸਾਰੇ ਟੈਕਸਾਂ ਵਿਚ ਛੋਟਾਂ ਦਿੱਤੀਆਂ ਗਈਆਂ ਹਨ। ਉਦਾਹਰਣ ਲਈ ਅਸੀਂ ਫੈਮਿਲੀ ਟੈਕਸ 'ਤੇ ਲਾਏ ਗਏ ਕੱਟ ਨੂੰ ਲੈ ਸਕਦੇ ਹਾਂ। ਇਸ ਤੋਂ ਇਲਾਵਾ ਬੱਚਿਆਂ ਵੱਲ ਸਰਕਾਰ ਦਾ ਵਿਸ਼ੇਸ਼ ਧਿਆਨ ਹੈ ਤੇ ਬੱਚਿਆਂ 'ਤੇ ਬਹੁਤ ਸਾਰਾ ਖਰਚ ਕੀਤਾ ਜਾ ਰਿਹਾ ਹੈ।

ਮੰਤਰੀ ਨਾਲ ਹੋਈ ਮੀਟਿੰਗ ਵਿਚ ਪਾਰਟੀ ਮੈਂਬਰਾਂ ਵਲੋਂ ਆਪਣੀਆਂ ਸਮੱਸਿਆਵਾਂ ਸਾਂਝੀਆਂ ਕੀਤੀਆਂ ਗਈਆਂ ਤੇ ਇਸ ਗੱਲ ਦਾ ਯਕੀਨ ਲਿਆ ਗਿਆ ਕਿ ਇਨ੍ਹਾਂ ਸਮੱਸਿਆਵਾਂ ਨੂੰ ਲੈ ਕੇ ਅਮਲੀ ਪੱਧਰ 'ਤੇ ਕਾਰਵਾਈ ਹੋਵੇਗੀ। ਇਸ ਮੌਕੇ ਹਰਪ੍ਰੀਤ ਨੇ ਕਿਹਾ ਕਿ ਜੇਕਰ ਕਿਸੇ ਵਿਅਕਤੀ ਨੂੰ ਇਮੀਗ੍ਰੇਸ਼ਨ ਨਾਲ ਸਬੰਧਤ ਕੋਈ ਸਮੱਸਿਆ ਹੈ ਤਾਂ ਉਹ ਉਸ ਨੂੰ 204-930-8370 'ਤੇ ਕਾਲ ਜਾਂ h_turka@hotmail.com 'ਤੇ ਮੇਲ ਕਰ ਸਕਦਾ ਹੈ।

# A-WIN Insurance

## What we Offer

- Home
- Auto Insurance
- RV Insurance
- Travel Insurance
- Emergency Road Services
- Auto Mobile Warranty Services
- Commercial Insurance
- D & O Coverage
- E & O Insurance

ਕਾਰ, ਮੋਟਰਸਾਈਕਲ, ਘਰ, ਕੰਡੋਮੀਨੀਅਮ, ਕਿਰਾਏਦਾਰ, ਟਰੱਕ, ਲੌਂਗਹਾਲ , ਗਰੈਵਲ, ਕਮਰਸ਼ੀਅਲ, ਬਿਜ਼ਨਸ, ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ

ਹਰ ਤਰ੍ਹਾਂ ਦੀ **ਇੰਸ਼ੋਰੈਂਸ** ਲਈ ਫ਼ੋਨ ਕਰੋ

Quick Quotes When You Need Them









**Western Canada's**

Biggest Brokers Team, designed to serve Canadian's with solutions for your personal and professional insurance needs.

**When Time and Money Matters**

Our team at A-WIN knows your time is valuable and that is why we want to help you save time and money. Ask for a quote on one or all of our services to simplify your life and save.

*Discounts up to* **60%** *Payment Options available*

*MON - FRI : 9:00 a.m -- 5:00 pm*
*SAT till 2:00 p.m by appointments only*
*Closed on Sunday & Stat Holidays.*









A-WIN: MAKING LIFE EASY

ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲਬਾਤ ਕਰ ਸਕਦੇ ਹਾਂ।

We Provide Services In English, Punjabi, Hindi & Urdu.

PROVID G PEACE OF MIND
100 YEAR & B YOND
SMI
SASKATCHEWAN MUTUAL
NSURANCE COMPANY

**Edmonton: 780-465-6900**
ਜਸਵੀਰ ਦਿਓਲ, ਨਵਤੇਜ ਬੈਂਸ, ਰਮਨ ਗਿੱਲ, ਪੁਨੀਤ ਚੱਠਾ, ਹਰਪ੍ਰੀਤ ਗਿੱਲ

**Calgary: 403-775-2100**
ਜੈਸੀ ਸਿੰਘ, ਰੂਪੀ ਚੇਰਾ, ਹਰਪ੍ਰੀਤ ਉੱਪਲ, ਤਰਨਪ੍ਰੀਤ ਮੈਹਦਵਾਨ

# EAGLEROCK GOLF COURSE

50549, RANGE ROAD 234 EDMONTON, AB

ਜਨਮ ਦਿਨ , ਲੇਡੀਜ਼ ਸੰਗੀਤ
ਵਿਆਹ-ਸ਼ਾਦੀਆਂ ਪਾਰਟੀਆਂ
50 ਤੋਂ ਲੈ ਕੇ 200 ਆਦਮੀਆਂ ਤੱਕ
ਦਾ ਪੰਜਾਬੀ ਖਾਣੇ ਦਾ ਖਾਸ ਪ੍ਰਬੰਧ

Birthday Parties,
Ladies Sangeet,
Golf Tournaments,
Catering,Wedding
Banquet




eaglerock GOLF COURSE

ਵਧੇਰੇ ਜਾਣਕਾਰੀ ਲਈ ਫੋਨ ਕਰੋ:

Linda :
780-464-4653 Ext: 2
Cell: 780-720-6895

---

# Gurkeerat Holding Ltd.



- We Build New House
- We Build Basement
- We Do Renovation
- Kitchen Cabinets

ਨਵਾਂ ਘਰ, ਨਵੀਂ ਬੇਸਮੈਂਟ, ਰੈਨੋਵੇਸ਼ਨ ਕਰਵਾਉਣ, ਸਸਤੀਆਂ ਅਤੇ ਵਧੀਆ ਕਿਚਨ ਕੈਬਨਿਟਾਂ ਲਈ ਵਧੀਆ ਕੰਮ ਅਤੇ ਵਾਜਬ ਰੇਟ ਲਈ ਸਾਨੂੰ ਕਾਲ ਕਰੋ

Ph. 780-996-2873

---

# DRIVING SCHOOL LTD.

Authorised teach Certification Course



Gurcharan Singh Garcha
(M.Sc. M.Ed.)

EDMONTON'S NO. 1 DRIVING SCHOOL

ਕਿਸੇ ਵੀ ਤਰ੍ਹਾਂ ਦਾ ਡਰਾਈਵਿੰਗ ਲਾਇਸੈਂਸ ਲੈਣ ਲਈ
ਭਰੋਸੇਮੰਦ ਨਾਮ G DRIVING SCHOOL

Services available in English, Punjabi, Hindi & Urdu



DRIVING SCHOOL LTD.

Male & Female Instructors are available | VEHICLE PROVIDE FOR ROAD TEST | Free Pickup & Drop Off in Edmonton & Area

9866-41 Ave. Edmonton AB T6E 5L6

Ph. : Off 780-229-1332, Cell : 780-907-0332, Fax : 780-229-0593

E-mail : info@gdrivingshool.com, www.gdrivingschool.com

---

Do it Once Do it Right !!!

# uniTech

CONSTRUCTION

ਘਰਾਂ ਤੇ ਕਾਰੋਬਾਰਾਂ ਦੀ ਸੁੰਦਰ ਦਿੱਖ ਲਈ ਸੰਪਰਕ ਕਰੋ :

ਰਾਜ

780.860.1975

bhardwaj75@gmail.com

| DESIGN | CONSTRUCTION | RENOVATION |
|---|---|---|
| Hardscapes | Rough to Final Grades | Water Features |
| Greenscapes | Fence & Deck | Renovations |
| | Concrete | |

---

# Sidhu Stucco Ltd.

Residential & Commercial

ਕਿਸੇ ਵੀ ਤਰ੍ਹਾਂ ਦੀ ਵਧੀਆ ਸਟੱਕੋ ਲਈ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ ।

Stucco is a versatile, beautiful, durable and fire resistant cladding.



Harinder Dhaliwal

All kind of Stucco
Acrylic & Rain Screen (780) 297-9165

---

EconoLodge BY CHOICE HOTELS

# Red Deer Econo Lodge Inn & Suites

www.choicehotels.com

Reservations 1-877-424-6423



403-346-4188
Cell: 403-505-4188
Email: econolodgereddeer@shaw.ca



Varinder Sidhu
President

37433 Highway 2 South, East Side Gasoline Alley
Red Deer, Alberta T4E 1B3

---

# $299,900

Incl. Home, lot & net GST
ਕੀਮਤ ਘਰ, ਲਾਟ ਅਤੇ ਨੈਟ ਜੀ ਐਸ ਟੀ ਸਮੇਤ ਹੈ

$299,900

SOUTH EAST
2 Storey
3 bedrooms
2 1/2 baths
1290sq.ft
Single Garage
6 Appliances





$318,800

2 storey
Detached home
3 bedrooms
1 1/2 baths
1260 sq.ft
6 Appliances
double Garage

SOUTH WEST
2 Storey
3 bedrooms
2 1/2 baths
1711sq.ft
Bonus Room
Attached Garage



$375,000



ਫਾਇਨਾਂਸਿੰਗ ਦੀ ਸੁਵਿਧਾ ਹੈ
ਡਾਊਨ ਪੇਮੈਂਟ, ਨੋ ਪਰਾਬਲਮ

FINANCING AVAILABLE
No Down Payment, No Problem
Call Rennie @ 780-966-1688
rennie1688@gmail.com

# ਪੰਜਾਬੀਆਂ ’ਤੇ 1600 ਕਰੋੜ ਦਾ ਨਵਾਂ ਬੋਝ

ਚੰਡੀਗੜ੍ਹ (ਨਦਬ) : ਪੰਜਾਬ ਸਰਕਾਰ ਨੇ ਲੋਕਾਂ ’ਤੇ 1600 ਕਰੋੜ ਰੁਪਏ ਤੋਂ ਵੱਧ ਦਾ ਸਾਲਾਨਾ ਮਾਲੀ ਬੋਝ ਪਾਉਂਦਿਆਂ ਡੀਜ਼ਲ, ਪੈਟਰੋਲ, ਖੰਡ ਅਤੇ ਬਿਜਲੀ ਮਹਿੰਗੀ ਕਰ ਦਿੱਤੀ ਹੈ। ਸੂਬਾਈ ਵਜ਼ਾਰਤ ਨੇ ਬਿਜਲੀ ਡਿਊਟੀ 100 ਯੂਨਿਟ ’ਤੇ 5 ਰੁਪਏ ਲਾ ਦਿੱਤੀ ਹੈ ਜਿਸ ਨੂੰ ਬੁਨਿਆਦੀ ਢਾਂਚਾ ਵਿਕਾਸ ਫੰਡ ਦਾ ਨਾਮ ਦਿੱਤਾ ਗਿਆ ਹੈ। ਇਸੇ ਤਰ੍ਹਾਂ ਡੀਜ਼ਲ ਅਤੇ ਪੈਟਰੋਲ ’ਤੇ ਇਕ-ਇਕ ਰੁਪਏ ਦਾ ਸੈੱਸ ਵਧਾ ਦਿੱਤਾ ਗਿਆ ਹੈ। ਬਾਹਰਲੇ ਸੂਬਿਆਂ ਤੋਂ ਆਉਣ ਵਾਲੀ ਖੰਡ ’ਤੇ 11 ਫ਼ੀਸਦੀ ਐਂਟਰੀ ਟੈਕਸ ਅਤੇ ਜ਼ਮੀਨਾਂ ਦੀਆਂ ਰਜਿਸਟਰੀਆਂ ’ਤੇ ਵੀ 1 ਫ਼ੀਸਦੀ ਵਿਕਾਸ ਕਰ ਲਾਇਆ ਗਿਆ ਹੈ।

ਸਰਕਾਰ ਵਲੋਂ ਚਲੰਤ ਮਾਲੀ ਸਾਲ ਦਾ ਬਜਟ ਪੇਸ਼ ਕਰਦਿਆਂ ਟੈਕਸ ਨਾ ਲਾਉਣ ਦਾ ਐਲਾਨ ਕੀਤਾ ਗਿਆ ਸੀ ਅਤੇ ਬਿਜਲੀ ਦਰਾਂ ਵਿਚ ਵੀ ਵਾਧਾ ਨਹੀਂ ਹੋਇਆ ਸੀ ਪਰ ਮਾਲੀ ਸਾਲ ਦੇ ਦੂਜੇ ਮਹੀਨੇ ਦੌਰਾਨ ਹੀ ਲੋਕਾਂ ’ਤੇ ਵਿੱਤੀ ਭਾਰ ਲੱਦ ਦਿੱਤਾ ਗਿਆ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਦਾਅਵਾ ਕੀਤਾ ਹੈ ਕਿ ਨਵੇਂ ਕਰਾਂ ਨਾਲ ਇਕੱਠੇ ਹੋਣ ਵਾਲੇ ਪੈਸੇ ਨੂੰ ਦਿਹਾਤੀ ਤੇ ਸ਼ਹਿਰੀ ਖੇਤਰਾਂ ਦੇ ਵਿਕਾਸ ਲਈ ਖ਼ਰਚਿਆ ਜਾਵੇਗਾ ਅਤੇ ਇਸ ਲਈ ਸਰਕਾਰ ਨੂੰ 5 ਹਜ਼ਾਰ ਕਰੋੜ ਰੁਪਏ ਦੇ ਫੰਡ ਲੋੜੀਂਦੇ ਹਨ।

ਮੰਤਰੀ ਮੰਡਲ ਦੇ ਹੋਰਨਾਂ ਫ਼ੈਸਲਿਆਂ ਮੁਤਾਬਕ ਸਰਕਾਰ ਨੇ ਪੇਂਡੂ ਖੇਤਰਾਂ ਦੀ ਤਰਜ਼ ’ਤੇ ਸ਼ਹਿਰੀ ਖੇਤਰਾਂ ਵਿਚ ਵੀ ਪਰਿਵਾਰਕ ਮੈਂਬਰਾਂ ਸਮੇਤ ਜੀਵਨ ਸਾਥੀ ਦੇ ਨਾਂ ਅਚੱਲ ਜਾਇਦਾਦ ਤਬਦੀਲ ਕਰਨ ’ਤੇ ਸਟੈਂਪ ਡਿਊਟੀ ਅਤੇ ਉਸ ਉਤੇ ਲਗਦਾ ਸੈੱਸ ਮੁਆਫ਼ ਕਰਨ ਦਾ ਫ਼ੈਸਲਾ ਕੀਤਾ ਹੈ। ਜਾਇਦਾਦ ਵੇਚਣ ਲਈ ਦਿੱਤੇ ਜਾਂਦੇ ਮੁਖਤਿਆਰਨਾਮਿਆਂ ’ਤੇ ਲਗਦੀ 2 ਫ਼ੀਸਦੀ ਸਟੈਂਪ ਡਿਊਟੀ ਨੂੰ ਘਟਾ ਕੇ ਅੱਧਾ ਫ਼ੀਸਦੀ ਕਰ ਦਿੱਤਾ ਹੈ ਅਤੇ ਇਹ ਸਟੈਂਪ ਡਿਊਟੀ ਜਾਇਦਾਦ ਦੀ ਰਜਿਸਟਰੀ ਕਰਾਉਣ ਵੇਲੇ ਲੱਗਣ ਵਾਲੀ ਸਟੈਂਪ ਡਿਊਟੀ ਵਿਚ ਐਡਜਸਟ ਕੀਤੀ ਜਾਏਗੀ। ਜਾਇਦਾਦ ਵੇਚਣ ਤੋਂ ਬਿਨਾਂ ਬਾਕੀ ਸਾਰੇ ਮੁਖਤਿਆਰਨਾਮਿਆਂ ’ਤੇ 2000 ਰੁਪਏ ਦੀ ਸਟੈਂਪ ਡਿਊਟੀ ਲੱਗੇਗੀ। ਵਜ਼ਾਰਤ ਨੇ ਸੂਬੇ ਵਿਚ ਨਵੀਨਤਮ ਗੁਦਾਮਾਂ ਦੀ ਸਹੂਲਤ ਮੁਹੱਈਆ ਕਰਵਾਉਣ ਲਈ ਪੰਜਾਬ ਰਾਜ ਗੁਦਾਮ ਨਿਗਮ ਵਲੋਂ 15 ਲੱਖ ਮੀਟਰਕ ਟਨ ਦੀ ਸਮਰੱਥਾ ਵਾਲੇ ਸਟੀਲ ਸਾਇਲੋ ਸਥਾਪਤ ਕਰਨ ਦੇ ਪ੍ਰਸਤਾਵ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ। ਇਨ੍ਹਾਂ ਦੀ ਉਸਾਰੀ ਭਾਰਤੀ ਖੁਰਾਕ ਨਿਗਮ ਅਤੇ ਭਾਰਤ ਸਰਕਾਰ ਦੀ ਨੀਤੀ ਅਨੁਸਾਰ ਹੋਵੇਗੀ।

ਮੰਤਰੀ ਮੰਡਲ ਨੇ ਪੰਜਾਬ ਅਪਾਰਟਮੈਂਟ ਐਂਡ ਪ੍ਰਾਪਰਟੀ ਰੈਗੂਲੇਸ਼ਨ ਐਕਟ (ਪਾਪਰਾ) 1995 ਹੇਠ ਮੈਗਾ ਹਾਊਸਿੰਗ ਪ੍ਰੋਜੈਕਟਾਂ ਨੂੰ ਦਿੱਤੀਆਂ ਕੁਝ ਛੋਟਾਂ ਵਾਪਸ ਲੈਣ ਦੇ ਫ਼ੈਸਲੇ ਵਿਚ ਸੋਧ ਕੀਤੀ ਹੈ। ਇਹ ਫ਼ੈਸਲਾ ਉਨ੍ਹਾਂ ਮੈਗਾ ਹਾਊਸਿੰਗ ਪ੍ਰੋਜੈਕਟਾਂ ’ਤੇ ਹੀ ਲਾਗੂ ਹੋਵੇਗਾ ਜੋ 17 ਦਸੰਬਰ, 2011 ਤੋਂ ਬਾਅਦ ਉਚ ਤਾਕਤੀ ਕਮੇਟੀ ਵਲੋਂ ਪ੍ਰਵਾਨ ਕੀਤੇ ਗਏ ਹਨ।

ਪੰਜਾਬ ਜਲ ਸਪਲਾਈ ਤੇ ਸੀਵਰੇਜ ਬੋਰਡ ਦੇ ਅਲਾਟ ਕੀਤੇ ਕੰਮਾਂ ਨੂੰ ਸ਼ੁਰੂ ਕਰਨ ਲਈ ਸੰਗਠਤ ਟੈਂਡਰ ਦੀ ਤਜਵੀਜ਼ ਨੂੰ ਵੀ ਪ੍ਰਵਾਨਗੀ ਦਿੱਤੀ ਗਈ ਹੈ ਜਿਸ ਵਿਚ ਵੱਖ-ਵੱਖ ਸ਼ਹਿਰਾਂ ਲਈ 10 ਸਾਲਾਂ ਵਾਸਤੇ ਕੰਮ ਚਲਾਉਣ ਅਤੇ ਰੱਖ-ਰਖਾਅ ਵੀ ਸ਼ਾਮਲ ਹੈ। ਇਸ ਨਵੀਂ ਸਕੀਮ ਤਹਿਤ ਸੜਕਾਂ, ਸੀਵਰੇਜ, ਸਟਰੀਟ ਲਾਈਟਾਂ, ਜਲ ਸਪਲਾਈ ਤੇ ਸੀਵੇਜ ਟਰੀਟਮੈਂਟ ਪਲਾਂਟ ਵਰਗੇ ਸਾਰੇ ਕੰਮ ਵੱਖ-ਵੱਖ ਏਜੰਸੀਆਂ ਦੀ ਥਾਂ ਹੁਣ ਇਕੋ ਏਜੰਸੀ ਕਰੇਗੀ। ਨਿਊ ਚੰਡੀਗੜ੍ਹ (ਮੁੱਲਾਂਪੁਰ) ਵਿਖੇ ਬਣਾਈ ਜਾ ਰਹੀ ਮੈਡੀਸਿਟੀ ਵਿਚ ਹਸਪਤਾਲਾਂ, ਮਲਟੀ ਸਪੈਸ਼ਲਿਟੀ ਹਸਪਤਾਲਾਂ, ਮੈਡੀਕਲ ਕਾਲਜ-ਕਮ-ਹਸਪਤਾਲ ਅਤੇ ਮੈਡੀਕਲ ਖੋਜ ਸੰਸਥਾਵਾਂ ਵਾਸਤੇ ਪਲਾਟ ਅਲਾਟ ਕਰਨ ਲਈ ਜ਼ਮੀਨ ਅਲਾਟਮੈਂਟ ਨੀਤੀ-2014 ਵਿਚ ਸੋਧ ਕਰਨ ਨੂੰ ਪ੍ਰਵਾਨਗੀ ਦਿੱਤੀ ਗਈ। ਸੋਧੀ ਗਈ ਨੀਤੀ ਤਹਿਤ ਵਿਦੇਸ਼ੀ ਸਿਹਤ ਸੰਸਥਾਵਾਂ ਵਲੋਂ ਆਪਣੀ 100 ਫ਼ੀਸਦੀ ਮਾਲਕੀ ਵਾਲੇ ਜਾਂ ਕਿਸੇ ਹੋਰ ਨਾਲ ਸਾਂਝੀਦਾਰੀ ਵਾਲੇ ਹਸਪਤਾਲਾਂ, ਮਲਟੀ ਸਪੈਸ਼ਲਿਟੀ ਹਸਪਤਾਲਾਂ ਜਾਂ ਮੈਡੀਕਲ ਕਾਲਜ-ਕਮ-ਹਸਪਤਾਲ ਸਥਾਪਤ ਕਰਨ ਲਈ ਪਿੱਤਰੀ ਕੰਪਨੀ ਵਲੋਂ ਪਲਾਟ ਹਾਸਲ ਕਰਨ ਲਈ ਅਰਜ਼ੀਆਂ ਦੇ ਸਕਦੀਆਂ ਹਨ।

ਮੰਤਰੀ ਮੰਡਲ ਨੇ ਸਰਕਾਰੀ ਕਾਲਜ ਸ੍ਰੀ ਮੁਕਤਸਰ ਸਾਹਿਬ ਨਾਲ ਸਬੰਧਤ ਪੰਜ ਏਕੜ ਖਾਲੀ ਪਈ ਜ਼ਮੀਨ ਪੰਜਾਬ ਯੂਨੀਵਰਸਿਟੀ ਰਿਜਨਲ ਸੈਂਟਰ ਦੇ ਨਵੇਂ ਕੈਂਪਸ ਦੀ ਉਸਾਰੀ ਲਈ ਤਬਦੀਲ ਕਰਨ ਨੂੰ ਹਰੀ ਝੰਡੀ ਦੇ ਦਿੱਤੀ ਹੈ। ਸੂਬੇ ਭਰ ਦੇ 582 ਵੈਟਰਨਰੀ ਹਸਪਤਾਲਾਂ ’ਚ ਕੰਮ ਕਰ ਰਹੇ 517 ਸਰਵਿਸ ਪ੍ਰੋਵਾਈਡਰਾਂ ਅਤੇ 531 ਸਫਾਈ ਸੇਵਕਾਂ ਦਾ ਠੇਕੇ ’ਤੇ ਆਧਾਰਤ ਸੇਵਾਕਾਲ ਕੰਮ ਚਲਾਊ ਪ੍ਰਬੰਧਾਂ ਵਜੋਂ 31 ਦਸੰਬਰ, 2015 ਤਕ ਵਧਾਉਣ ਲਈ ਕਾਰਜ-ਬਾਅਦ ਪ੍ਰਵਾਨਗੀ ਦੇ ਦਿੱਤੀ ਹੈ। ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਨੂੰ ਪੱਚਵਾੜਾ ਵਿਖੇ ਕੇਂਦਰੀ ਕੋਲ ਖਾਣਾਂ ਵਿਖੇ ਖਣਨ ਕਾਰਜਾਂ ਲਈ 9 ਮਹੀਨੇ ਦੇ ਸਮੇਂ ਵਾਸਤੇ ਅਸਥਾਈ ਪ੍ਰਬੰਧ ਵਜੋਂ ਜਾਂ ਜਦੋਂ ਤਕ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਦੁਆਰਾ ਮੁਕਾਬਲੇ ਵਾਲੀਆਂ ਬੋਲੀਆਂ ਰਾਹੀਂ ਖਣਨ ਕਾਰਜਾਂ ਲਈ ਮਾਈਨ ਵਿਕਾਸਕਾਰ-ਕਮ-ਸੰਚਾਲਕ (ਐਮਡੀਓ) ਨਿਯੁਕਤ ਨਹੀਂ ਕੀਤਾ ਜਾਂਦਾ, ਜੋ ਵੀ ਪਹਿਲਾਂ ਹੋਵੇਗਾ, ਓਨੇ ਸਮੇਂ ਲਈ ਈਸਟਰਨ ਮਿਨਰਲ ਐਂਡ ਟਰੇਡਿੰਗ ਏਜੰਸੀ ਕੋਲ ਲਿਮਟਿਡ ਨੂੰ ਪਾਵਰਕੌਮ ਨੂੰ ਖਣਨ ਠੇਕੇਦਾਰ ਵਜੋਂ ਜਾਰੀ ਰੱਖਣ ਸਬੰਧੀ ਪ੍ਰਵਾਨਗੀ ਦੇ ਦਿੱਤੀ ਹੈ।

ਗਊਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਪੰਜਾਬ ਗਊ ਸੇਵਾ ਕਮਿਸ਼ਨ ਦੇ ਕੰਮ-ਕਾਜ ਨੂੰ ਨਿਰਵਿਘਨ ਚਲਾਉਣ ਵਾਸਤੇ ਪੰਜਾਬ ਗਊ ਸੇਵਾ ਕਮਿਸ਼ਨ ਐਕਟ, 2014 ਵਿੱਚ ਸੋਧ ਕਰਕੇ ਇਸ ਦੇ ਗੈਰ-ਸਰਕਾਰੀ ਮੈਂਬਰ 7 ਤੋਂ ਵਧਾ ਕੇ 10 ਕਰਨ ਅਤੇ ਇਕ ਉਪ ਚੇਅਰਮੈਨ ਨਿਯੁਕਤ ਕਰਨ ਵਾਸਤੇ ਪ੍ਰਵਾਨਗੀ ਦੇ ਦਿੱਤੀ ਹੈ।

## ਨਸ਼ੇੜੀਆਂ ਦੇ ਪੁਨਰਵਾਸ ’ਚ ਪੰਜਾਬ ਨਾਕਾਮ

ਚੰਡੀਗੜ੍ਹ : ਨਸ਼ੇਬਾਜ਼ਾਂ ਅਤੇ ਕੈਂਸਰ ਪੀੜਤਾਂ ਦੇ ਇਲਾਜ ਅਤੇ ਉਨ੍ਹਾਂ ਦੇ ਪੁਨਰਵਾਸ ਵਿਚ ਪੰਜਾਬ ਸਰਕਾਰ ਨਾਕਾਮ ਰਹੀ ਹੈ। ਪੰਜਾਬ ਸਰਕਾਰ ਇਸ ਮਾਮਲੇ ਵਿਚ ਠੋਸ ਜਵਾਬ ਨਹੀਂ ਦੇ ਸਕੀ, ਲਿਹਾਜ਼ਾ ਹੁਣ ਹਾਈਕੋਰਟ ਦੇ ਮੁੱਖ ਸਕੱਤਰ ਨੂੰ ਨਿੱਜੀ ਤੌਰ ’ਤੇ ਹਲਫ਼ਨਾਮਾ ਦਾਖ਼ਲ ਕਰ ਕੇ ਜਵਾਬ ਦੇਣ ਨੂੰ ਕਿਹਾ ਹੈ। ਬੈਂਚ ਨੇ ਟਿੱਪਣੀ ਕਰਦੇ ਹੋਏ ਕਿਹਾ ਕਿ ਐਡਵੋਕੇਟ ਐਚ.ਸੀ. ਅਰੋੜਾ ਦੇ ਮੰਗ ਪੱਤਰ ਨੂੰ ਸਰਕਾਰ ਨੇ ਗੰਭੀਰਤਾ ਨਾਲ ਨਹੀਂ ਲਿਆ। ਇਕ ਪਟੀਸ਼ਨ ਦਾਇਰ ਕਰ ਕੇ ਅਰੋੜਾ ਨੇ ਪੁਨਰਵਾਸ ਲਈ ਠੋਸ ਕਾਰਵਾਈ ਦੀ ਮੰਗ ਕੀਤੀ ਸੀ ਅਤੇ ਹਾਈਕੋਰਟ ਨੇ ਅਰੋੜਾ ਨੂੰ ਨਿਰਦੇਸ਼ ਦਿੱਤੇ ਸਨ ਕਿ ਉਹ ਸਰਕਾਰ ਨੂੰ ਮੰਗ ਪੱਤਰ ਸੌਂਪੇ ਅਤੇ ਸਰਕਾਰ ਨੂੰ ਕਿਹਾ ਸੀ ਕਿ ਇਸ ਮੰਗ ਪੱਤਰ ’ਤੇ ਵਿਚਾਰ ਕਰ ਕੇ ਠੋਸ ਕਾਰਵਾਈ ਕੀਤੀ ਜਾਵੇ। ਇਸ ਮਾਮਲੇ ਵਿਚ ਪੰਜਾਬ ਸਰਕਾਰ ਨੇ ਹਾਈਕੋਰਟ ਨੂੰ ਦੱਸਿਆ ਸੀ ਕਿ ਸੂਬੇ ਵਿਚ ਕੈਂਸਰ ਪੀੜਤਾਂ ਇਲਾਜ ਲਈ ਡੇਢ ਲੱਖ ਰੁਪਏ ਦੇਵੇਗੀ। ਹੁਣ ਅਰੋੜਾ ਨੇ ਹਾਈਕੋਰਟ ਨੂੰ ਦੱਸਿਆ ਕਿ ਨੀਤੀ ਬਣ ਗਈ ਹੈ ਪਰ ਇਸ ਲਈ ਫ਼ੰਡ ਨਹੀਂ ਬਣਾਇਆ ਗਿਆ, ਜਿਥੇ ਰਾਸ਼ੀ ਜਮ੍ਹਾਂ ਹੋਵੇ। ਅਰੋੜਾ ਨੇ ਸਰਕਾਰ ਤੋਂ ਮੰਗ ਕੀਤੀ ਸੀ ਕਿ ਸੂਬੇ ’ਚ ਨਸ਼ੇਬਾਜ਼ਾਂ ਦਾ ਐਲੋਪੈਥੀ ਨਾਲੋਂ ਹੋਮਿਊਪੈਥੀ ਨਾਲ ਇਲਾਜ ਕੀਤਾ ਜਾਣਾ ਚਾਹੀਦਾ ਹੈ। ਪੰਜਾਬ ਸਰਕਾਰ ਨੇ ਵੀ ਮੰਨਿਆ ਸੀ ਕਿ ਨਸ਼ੇਬਾਜ਼ਾਂ ਦੇ ਇਲਾਜ ਅਤੇ ਪੁਨਰਵਾਸ ਲਈ ਹੋਮਿਊਪੈਥੀ ਜ਼ਿਆਦਾ ਕਾਰਗਰ ਹੈ। ਇਸ ਮੁੱਦੇ ’ਤੇ ਹਾਈਕੋਰਟ ਨੂੰ ਦੱਸਿਆ ਕਿ ਪਿਛਲੇ ਸਾਲ 7763 ਨਸ਼ੇਬਾਜ਼ਾਂ ਦਾ ਹੋਮਿਊਪੈਥੀ ਨਾਲ ਇਲਾਜ ਕੀਤਾ ਗਿਆ ਤੇ ਇਹ ਦਵਾਈ ਨਸ਼ੇਬਾਜ਼ਾਂ ਨੂੰ ਆਦੀ ਨਹੀਂ ਬਣਾਉਂਦੀ।



# ਔਰਬਿਟ ਬੱਸ ਕਾਂਡ ’ਚੋਂ ਉਭਰੇ ਸਵਾਲ



ਮੱਖਣ ਕੁਹਾੜ
+91-95013-65522
makhansinghkohar@gmail.com

30 ਅਪ੍ਰੈਲ 2015 ਦੇ ਮਨਹੂਸ ਦਿਨ ਨੂੰ ਮੋਗਾ ਵਿਖੇ ਵਾਪਰਿਆ ਔਰਬਿਟ ਬੱਸ ਕੰਪਨੀ ਦਾ ਕਾਂਡ, ਜਿਸ ਵਿਚ ਇਕ ਧੀ ‘ਅਰਸ਼ਦੀਪ’ ਦੀ ਮੌਤ ਹੋ ਗਈ ਤੇ ਉਸ ਦੀ ਮਾਂ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਈ, ਬਹੁਤ ਸਾਰੇ ਨਵੇਂ ਸਵਾਲ ਉਭਾਰ ਗਿਆ ਹੈ। ਸਰਕਾਰੀ ਸ਼ਹਿ ਪ੍ਰਾਪਤ ਬੁਰਸ਼ਾਗਰਦੀ ਤੋਂ ਅੱਕੇ ਲੋਕਾਂ ਦੇ ਮਨਾਂ ਵਿਚ ਛਿਪਿਆ ਲਾਵਾ ਜਿਵੇਂ ਇਕਦਮ ਫੱਟ ਗਿਆ ਹੈ। ਇਹ ਘਟਨਾ ਵੀ ਲਗਭਗ 16 ਦਸੰਬਰ 2012 ਵਾਪਰੀ ਦਿੱਲੀ ਬੱਸ ਵਾਲੀ ਘਟਨਾ ਵਰਗੀ ਹੀ ਹੈ। ਦਿੱਲੀ ਬੱਸ ਕਾਂਡ ਦੀ ਘਟਨਾ ਨੇ ਸਮੁੱਚੇ ਭਾਰਤ ਵਿਚ ਤੂਫ਼ਾਨ ਲੈ ਆਂਦਾ ਸੀ। ਕੇਂਦਰ ਸਰਕਾਰ ਨੂੰ ਇਸ ਬਾਰੇ ਸਖ਼ਤ ਐਕਸ਼ਨ ਲੈਣ ਅਤੇ ਕਨੂੰਨ ਵਿਚ ਸੋਧ ਕਰਨ ਲਈ ਮਜਬੂਰ ਹੋਣਾ ਪਿਆ ਸੀ। ਇਸ ਘਟਨਾ ਨੇ ਸਾਰੇ ਦੇਸ਼ ਵਿਚ ਭਾਰਤ ਦੀ ਕਿਰਕਿਰੀ ਕਰ ਦਿੱਤੀ ਸੀ। ਇਸ ਘਟਨਾ ਨਾਲ ਪੰਜਾਬ ਦਾ ਵਿਗੜਿਆ ਹੋਇਆ ਸਮੁੱਚਾ ਤਾਣਾ-ਬਾਣਾ ਸਾਹਮਣੇ ਆਇਆ ਹੈ। ਅਰਸ਼ਦੀਪ ਮੋਗਾ ਬੱਸ ਕਾਂਡ ਵਰਗੀਆਂ ਘਟਨਾਵਾਂ ਨਿੱਤ ਵਾਪਰਦੀਆਂ ਹੀ ਰਹਿੰਦੀਆਂ ਹਨ। ਹਰ ਰੋਜ਼ ਵਾਪਰ ਰਹੀਆਂ ਹਨ, ਪਰ ਉਹ ਸਾਹਮਣੇ ਨਹੀਂ ਆਉਂਦੀਆਂ। ਮੋਗਾ ਬੱਸ ਕਾਂਡ ਨੇ ਪੰਜਾਬ ਦੇ ਗ਼ੈਰਤਮੰਦ ਲੋਕਾਂ ਨੂੰ ਕੁਝ ਸੋਚਣ, ਕਹਿਣ ਅਤੇ ਕਰਨ ਲਈ ਮਜਬੂਰ ਕਰ ਦਿੱਤਾ ਹੈ। ਔਰਬਿਟ -ਮੋਗਾ-ਅਰਸ਼ਦੀਪ ਕਤਲ ਬੱਸ ਕਾਂਡ ਨੇ ਸਮੂਹ ਪੰਜਾਬੀਆਂ ਨੂੰ ਹਲੂਣ ਕੇ ਤਾਂ ਰੱਖਿਆ ਹੀ ਸਗੋਂ ਇਹ ਵੀ ਦੁਨੀਆ ਨੂੰ ਦਰਸਾ ਦਿੱਤਾ ਹੈ ਕਿ ਪੰਜਾਬੀਆਂ ਦੀ ਅਣਖ ਅਜੇ ਮਰੀ ਨਹੀਂ ਹੈ। ਜਾਲਮ ਹਕੂਮਤ ਭਾਵੇਂ ਲੱਖ ਖ਼ੂਨੀ ਚਰਖੜੀਆਂ, ਥਾਂ ਥਾਂ ਚਲਾਵੇ, ਲੱਖਾਂ ਲੋਹਾਂ ਤੱਤੀਆਂ ਤਾਵੇ, ਲੱਖਾਂ ਪੁਲਿਸ ਤੇ ਗੁੰਡਿਆਂ ਬਦਮਾਸ਼ਾਂ ਤੋਂ ਗ਼ਰੀਬ ਲੋਕਾਂ ਦੇ ਸਿਰ ਤੱਤੀਆਂ ਰੇਤਾ ਪਵਾਵੇ, ਲੱਖ ਸੂਲੀਆਂ ਚੌਰਾਹਿਆਂ ਵਿਚ ਗੱਡੇ, ਪੁਲਿਸ ਨੂੰ ਲੋਕਾਂ ਦੇ ਬੰਦ-ਬੰਦ ਕੱਟਣ ਦੇ ਹੁਕਮ ਕਰੇ, ਲੱਖਾਂ ਉਬਲਦੀਆਂ ਦੇਗਾਂ ਥਾਣਿਆਂ ਵਿਚ ਧਰੇ, ਮਸੂਮ ਜ਼ਿੰਦਾਂ ਨੂੰ ਨੇਜਿਆਂ ’ਤੇ ਟੰਗਣ ਦੇ ਹੁਕਮ ਦੇਵੇ, ਲੱਖਾਂ ਧੀਆਂ ਨਾਲ ਗੈਂਗ ਰੇਪ ਕਰਾਵੇ, ਔਰਬਿਟ ਬੱਸਾਂ ’ਚੋਂ ਧੱਕੇ ਦੇ ਕੇ ਧੀਆਂ ਨੂੰ ਕਤਲ ਕਰੇ, ਧੀ ਦੀ ਇੱਜ਼ਤ ਬਚਾਉਂਦੇ ਥਾਣੇਦਾਰਾਂ ਦਾ ਕਤਲ ਕਰਾਵੇ ਤੇ ਕੁਟਾਪੇ ਚੜ੍ਹਾਵੇ।

ਮੋਗਾ-ਔਰਬਿਟ ਬੱਸ ਕਾਂਡ ਨੇ ਅਨੇਕਾਂ ਹੋਰ ਸਵਾਲਾਂ ਦੇ ਨਾਲ ਔਰਤਾਂ ਨਾਲ ਹੋ ਰਹੇ ਜੁਰਮਾਂ ਨੂੰ ਵੀ ਨੰਗਿਆ ਕੀਤਾ ਹੈ। ਥਾਂ-ਥਾਂ ਅਜਿਹਾ ਹੋ ਰਿਹਾ ਹੈ। ਪੰਜਾਬ ਵਿਚਔਰਤਾਂ ਨਾਲ ਛੇੜਛਾੜ ਤਾਂ ਹੁਣ ਆਮ ਵਰਤਾਰਾ ਹੈ। ਗੈਂਗ ਰੇਪ ਕਰਨ ਵਾਲੇ ਗੁੰਡਿਆਂ ਦੇ ਹੌਸਲੇ ਬੁਲੰਦ ਹਨ। ਉਹ ਕਿਸੇ ਔਰਤ ਜਿਸ ਬਾਰੇ ਉਹ ਠਾਣ ਲੈਣ ਉਸ ਨਾਲ ਜੈਸੀ ਚਾਹੇ ਬਦਸਲੂਕੀ ਕਰਨ ਦੇ ਸਮਰਥ ਹਨ, ਉਸ ਦਾ ਕਤਲ ਕਰ ਸਕਦੇ ਹਨ। ਉਹ ਗੁੰਡੇ ਜੋ ਪੰਜਾਬ ਦੀਆਂ ਧੀਆਂ-ਭੈਣਾਂ ਦੀ ਇੱਜ਼ਤ ਨਾਲ ਖਿਲਵਾੜ ਤੇ ਕਤਲ ਕਰਦੇ ਹਨ ਉਨ੍ਹਾਂ ਨੂੰ ਸੱਤਾ ਦਾ ਥਾਪੜਾ ਵੀ ਹਾਸਲ ਹੈ। ਪੁਲੀਸ ਵੀ ਉਨ੍ਹਾਂ ਅੱਗੇ ਬੇਵੱਸ ਨਜ਼ਰ ਆਉਂਦੀ ਹੈ।

ਪਰ ਪੰਜਾਬੀ ਲੋਕ ਗੁਰੂ ਗੋਬਿੰਦ ਸਿੰਘ ਜੀ ਦੇ ਹਵਾਲੇ ਵਾਲਾ ‘ਚੂੰ ਕਾਰ ਅਜ਼ ਹਮਾ ਹੀਲ ਤੇ ਦਰਗੁਜ਼ਸ਼ਤ ॥ ਹਲਾਲ ਅਸਤ ਬੁਰਦਨ ਬ ਸਮਸੀਰ ਦਸਤ ॥’ ਦਾ ਨਾਅਰਾ ਨਹੀਂ ਭੁੱਲੇ। ਔਰਬਿਟ ਮੋਗਾ ਬੱਸ ਕਾਂਡ ਹੋਣ ’ਤੇ ਸਿਰਫ਼ ਮੋਗੇ ਹੀ ਨਹੀਂ ਸਾਰੇ ਪੰਜਾਬ ਵਿਚ ਹੀ ਜਿਵੇਂ ਲੋਕਾਂ ਦੇ ਗੁੱਸੇ ਦਾ ਲਾਵਾ ਫੁੱਟ ਪਿਆ। ਲੋਕ ਆਪ ਮੁਹਾਰੇ ਸੜਕਾਂ ’ਤੇ ਨਿਕਲ ਆਏ। ਸੜਕਾਂ ਰੋਕ ਦਿੱਤੀਆਂ। ਥਾਂ-ਥਾਂ ਬਾਦਲ ਹਕੂਮਤ ਦੇ ਪਿੱਟ ਸਿਆਪੇ ਕੀਤੇ। ਮੋਗੇ ਦੇ ਲੋਕਾਂ ਨੇ ਸਿਆਸਤਾਂ, ਧਰਮਾਂ, ਜਾਤਾਂ, ਮਜ਼ਹਬਾਂ ਤੋਂ ਉਪਰ ਉੱਠ ਕੇ ਸਾਂਝੀ ਸੰਘਰਸ਼ ਕਮੇਟੀ ਬਣਾਈ। ਮੁਕੰਮਲ ਤੌਰ ’ਤੇ ਮੋਗਾ ਬੰਦ ਰੱਖਿਆ ਗਿਆ। ਬੇਟੀ ਅਰਸ਼ਦੀਪ ਦੀ ਲਾਸ਼ ਦਾ ਸਸਕਾਰ ਕਰਨ ਤੋਂ ਨਾਂਹ ਕਰ ਦਿੱਤੀ। ਲੋਕਾਂ ਔਰਬਿਟ ਬੱਸਾਂ ਨੂੰ ਸੜਕਾਂ ’ਤੇ ਨਿਕਲਣ ਤੋਂ ਰੋਕ ਦਿੱਤਾ। ਕਿਸਾਨਾਂ-ਮਜ਼ਦੂਰਾਂ-ਮੁਲਾਜ਼ਮਾਂ ਔਰਤਾਂ, ਅਧਿਆਪਕਾਂ, ਵਿਦਿਆਰਥੀਆਂ, ਸਾਰੇ ਵਰਗਾਂ ਦੇ ਲੋਕਾਂ ਨੇ ਲਗਾਤਾਰ ਇਸ ਹਾਕਮੀ ਗੁੰਡਾਗਰਦ ਵਰਤਾਰੇ ਵਿਰੁੱਧ ਲਾਮਿਸਾਲ ਧਰਨੇ, ਜਲਸੇ, ਜਲੂਸ, ਮੁਜਾਹਰੇ ਕੀਤੇ, ਆਮ ਲੋਕਾਂ ਨੇ ਖ਼ੁਦ-ਬ-ਖ਼ੁਦ ਹੀ ਔਰਬਿਟ ਬੱਸ ਕਾਂਡ ਤੇ ਉਸ ਦੇ ਮਾਲਕ ਬਾਦਲ ਪਰਿਵਾਰ ਦੇ ਥਾਂ-ਥਾਂ ਪੁਤਲੇ ਫੂਕੇ। ਇਹ ਵਰਤਾਰਾ ਅਜੇ ਵੀ ਜਾਰੀ ਹੈ। ਲੋਕਾਂ ਦੇ ਇਸ ਬੇਮਿਸਾਲੀ ਗੁੱਸੇ ਦੇ ਪ੍ਰਗਟਾਵੇ ਦਾ ਹੀ ਸਿੱਟਾ ਹੈ ਕਿ ਪੰਜਾਬ ਹਰਿਆਣਾ ਹਾਈਕੋਰਟ ਵਲੋਂ ਇਸ ਦਾ ਖ਼ੁਦ-ਬ-ਖ਼ੁਦ ਹੀ ਨੋਟਿਸ ਲਿਆ ਗਿਆ ਅਤੇ ਸੀ.ਬੀ.ਆਈ. ਇੰਕੁਆਰੀ ਦੀ ਮੰਗ ਉਭਰੀ ਹੈ। ਸੁਖਬੀਰ ਬਾਦਲ ਨੂੰ ਮੰਤਰੀ ਮੰਡਲ ਤੋਂ ਹਟਾਉਣ ਦੀ ਮੰਗ ਹੋਰ ਜ਼ੋਰ ਫੜ ਰਹੀ ਹੈ। ਲੋਕ ਗਲੀਂ, ਬਜ਼ਾਰੀਂ, ਚੌਰਾਹੀਂ, ਉੱਚੀ-ਉੱਚੀ ਚਰਚਾ ਕਰਦੇ ਆਖਦੇ ਆਮ ਵੇਖੇ ਜਾਂਦੇ ਹਨ ਕਿ ਟਰਾਂਸਪੋਰਟ ਧੰਦਾ ਇਕ ਮਾਫ਼ੀਆ ਚਲਾਉਂਦਾ ਹੈ, ਜਿਸ ਦੇ ਪਿੱਛੇ ਸਿੱਧੇ-ਅਸਿੱਧੇ ਸੱਤਾ ਦਾ ਹੱਥ ਹੈ, ਲੋਕ ਤਾਂ ਸੁਖਬੀਰ ਬਾਦਲ ਦਾ ਹੀ ਨਾਮ ਲੈਂਦੇ ਹਨ। ਠੀਕ ਉਵੇਂ ਹੀ ਜਿਵੇਂ ਕੇਬਲ ਟੀ.ਵੀ. ਮਾਫ਼ੀਆ, ਰੇਤ ਬਜਰੀ ਮਾਫ਼ੀਆ, ਭੌਂ ਮਾਫ਼ੀਆ, ਨਸ਼ਾ ਤਸਕਰੀ ਮਾਫ਼ੀਆ, ਗੈਂਗ ਰੇਪ ਮਾਫ਼ੀਆ ਆਦਿ ਵੀ ਉਸ ਦੀ ਹੀ ਅਗਵਾਈ ਵਿਚ ਚਲ ਰਹੇ ਹਨ।

ਲੋਕਾਂ ਦੇ ਰੋਹ ਦੇ ਪ੍ਰਗਟਾਵੇ ਕਾਰਨ ਹੀ ਸਰਕਾਰ ਨੂੰ ਅਰਸ਼ਦੀਪ ਦੇ ਮਾਪਿਆਂ ਨੂੰ ਵੀਹ ਲੱਖ ਦਾ ਮੁਆਵਜਾ ਅਤੇ ਇਕ ਜੀਅ ਨੂੰ ਨੌਕਰੀ ਦਾ ਵਾਅਦਾ ਕਰਨਾ ਪਿਆ। ਲੋਕਾਂ ਤੋਂ ਡਰਦਿਆਂ ਪ੍ਰਸ਼ਾਸਨ ਨੂੰ ਅਰਸ਼ਦੀਪ ਦੀ ਲਾਸ਼ ਦਾ ਰਾਤ ਵੇਲੇ ਸਸਕਾਰ ਕਰਨਾ ਪਿਆ। ਸਰਕਾਰ ਦੀ ਮੁਆਵਜਾ ਦੇਣ ਦੀ ਚਾਲ ਵੀ ਸਫ਼ਲ ਨਹੀਂ ਹੋਈ। ਭਾਵੇਂ ਛੇਹਰਟਾ ਪੁਲੀਸ ਅਫ਼ਸਰ ਦੇ ਕਤਲ ਸਮੇਂ ਵੀ ਬਸ ਮੁਆਵਜੇ ਦੀ ਰਾਸ਼ੀ ਅਤੇ ਨੌਕਰੀ ਦਾ ਇਕਦਮ ਐਲਾਨ ਕੀਤਾ ਸੀ। ਫ਼ਰੀਦਕੋਟ ਦੇ ਵਿਰੋਧ ਦਾ ਸਾਮਣਾ ਕਰਨਾ ਔਖਾ ਹੋ ਗਿਆ ਤਾਂ ਸ਼ਰੂਤੀ ਦੇ ਅਗਵਾ ਦੇ ਦੋਸ਼ੀ ਨੂੰ ਗ੍ਰਿਫ਼ਤਾਰ ਕਰਨਾ ਪਿਆ ਪਰ ਹੁਣ ਲੋਕਾਂ ਨੇ ਇਹ ਦਰਸਾ ਦਿੱਤਾ ਹੈ ਕਿ ਹਾਕਮਾਂ ਦਾ ਕੋਈ ਛਲਕਪਟੀ ਮੁਆਵਜਾ ਵੀ ਲੋਕਾਂ ਦੇ ਰੋਹ ਨੂੰ ਸ਼ਾਂਤ ਨਹੀਂ ਕਰ ਸਕਦਾ। ਇਹ ਪੰਜਾਬ ਦੇ ਲੋਕਾਂ ਦੀ ਸੋਚ ਦਾ ਇਕ ਚੰਗਾ ਪ੍ਰਗਟਾਵਾ ਹੈ ਅਤੇ ਪੰਜਾਬ ਦੇ ਲੋਕਾਂ ਦੀ ਬਹਾਦਰੀ ਦੀ ਹੋ ਰਹੀ ਪੁਨਰ ਸਥਾਪਤੀ ਦਾ ਸੰਕੇਤ ਹੈ। ਇਸ ਨਾਲ ਆਮ ਲੋਕਾਂ ਦੇ ਜ਼ੁਲਮ ਵਿਰੁੱਧ ਬਿਨਾਂ ਭੇਦਭਾਵ ਇਕਮੁੱਠ ਹੋ ਕੇ ਲੜਨ ਦਾ ਹੌਸਲਾ ਵਧਿਆ ਹੈ। ਲੋਕ ਪੱਖੀ ਜਥੇਬੰਦੀਆਂ ਤੇ ਸਿਆਸਤ ਦੇ ਹੌਸਲੇ ਵੀ ਇਸ ਕਹਿਰੀ ਜੁਰਮ ਵਿਰੁੱਧ ਲਾਮਬੰਦ ਹੋ ਕੇ ਹੋਰ ਵਧੇ ਹਨ।

ਮੋਗਾ-ਔਰਬਿਟ ਬੱਸ ਕਾਂਡ ਨੇ ਅਨੇਕਾਂ ਹੋਰ ਸਵਾਲਾਂ ਦੇ ਨਾਲ ਔਰਤਾਂ ਨਾਲ ਹੋ ਰਹੇ ਜੁਰਮਾਂ ਨੂੰ ਵੀ ਨੰਗਿਆ ਕੀਤਾ ਹੈ। ਥਾਂ-ਥਾਂ ਅਜਿਹਾ ਹੋ ਰਿਹਾ ਹੈ। ਪੰਜਾਬ ਵਿਚਔਰਤਾਂ ਨਾਲ ਛੇੜਛਾੜ ਤਾਂ ਹੁਣ ਆਮ ਵਰਤਾਰਾ ਹੈ। ਗੈਂਗ ਰੇਪ ਕਰਨ ਵਾਲੇ ਗੁੰਡਿਆਂ ਦੇ ਹੌਸਲੇ ਬੁਲੰਦ ਹਨ। ਉਹ ਕਿਸੇ ਔਰਤ ਜਿਸ ਬਾਰੇ ਉਹ ਠਾਣ ਲੈਣ ਉਸ ਨਾਲ ਜੈਸੀ ਚਾਹੇ ਬਦਸਲੂਕੀ ਕਰਨ ਦੇ ਸਮਰਥ ਹਨ, ਉਸ ਦਾ ਕਤਲ ਕਰ ਸਕਦੇ ਹਨ। ਉਹ ਗੁੰਡੇ ਜੋ ਪੰਜਾਬ ਦੀਆਂ ਧੀਆਂ-ਭੈਣਾਂ ਦੀ ਇੱਜ਼ਤ ਨਾਲ ਖਿਲਵਾੜ ਤੇ ਕਤਲ ਕਰਦੇ ਹਨ ਉਨ੍ਹਾਂ ਨੂੰ ਸੱਤਾ ਦਾ ਥਾਪੜਾ ਵੀ ਹਾਸਲ ਹੈ। ਪੁਲੀਸ ਵੀ ਉਨ੍ਹਾਂ ਅੱਗੇ ਬੇਵੱਸ ਨਜ਼ਰ ਆਉਂਦੀ ਹੈ।

ਇਸ ਕਾਂਡ ਨਾਲ ਨਿੱਜੀਕਰਨ ਦਾ ਸਵਾਲ ਵੀ ਖ਼ੂਬ ਭਖਿਆ ਹੈ। ਘਰ-ਘਰ ਨਿੱਜੀ ਬੱਸਾਂ ਦੇ ਨਾਲ ਨਾਲ, ਨਿੱਜੀ ਸਕੂਲਾਂ, ਨਿੱਜੀ ਹਸਪਤਾਲਾਂ, ਨਿੱਜੀ ਸੜਕਾਂ (ਟੋਲ ਟੈਕਸਾਂ), ਨਿੱਜੀ ਦਵਾ ਕੰਪਨੀਆਂ, ਨਿੱਜੀ ਬਿਜਲੀ, ਨਿੱਜੀ ਰੀਅਲ ਅਸਟੇਟ ਆਦਿ ਦੀ ਚਰਚਾ ਆਮ ਹੋ ਰਹੀ ਹੈ। ਲੋਕ ਤਾਂ ਪਹਿਲਾਂ ਹੀ ਨਿੱਜੀਕਰਨ ਦੀ ਨੀਤੀ ਤੋਂ ਅੱਕੇ ਪਏ ਹਨ। ਗ਼ਰੀਬਾਂ ਤੋਂ ਤਾਂ ਕਦੋਂ ਦੀਆਂ ਹੀ ਸਿੱਖਿਆ, ਸਿਹਤ, ਪਾਣੀ, ਬਿਜਲੀ, ਆਦਿ ਦੀਆਂ ਬੁਨਿਆਦੀ ਸਹੂਲਤਾਂ ਖੁਸ ਚੁੱਕੀਆਂ ਹਨ। ਹੁਣ ਦਰਮਿਆਨੀ ਜਮਾਤ ਦੇ ਲੋਕਾਂ ਤੋਂ ਵੀ ਇਸ ਨਿੱਜੀਕਰਨ ਨੇ ਸਹੂਲਤਾਂ ਖੋਹਣ ਵੱਲ ਕਦਮ ਤੇਜ਼ ਕਰ ਦਿੱਤੇ ਹਨ। ਨਿੱਜੀਕਰਨ ਨੇ ਲੋਕਾਂ ਦਾ ਜੀਵਨ ਨਰਕ ਬਣਾ ਦਿੱਤਾ ਹੈ ਅਤੇ ਇਹ ਇਸ ਨਾਲ ਅਮੀਰਾਂ ਤੇ ਵੱਡੇ ਲੋਕਾਂ ਨੂੰ ਦੋਹੀਂ-ਦੋਹੀਂ ਹੱਥੀਂ ਲੁੱਟਣ ਤੇ ਕੁਟਣ ਦੀ ਪੂਰਨ ਖੁਲ੍ਹ ਦਿੱਤੀ ਹੋਈ ਹੈ। ਕੇਂਦਰ ਸਰਕਾਰ ਨੇ ਸਾਰੇ ਵਿਭਾਗਾਂ ਤੇ ਖੇਤਰਾਂ ਨੂੰ ਕਾਰਪੋਰੇਟ ਸੈਕਟਰਾਂ ਹਵਾਲੇ ਕਰਨ ਦੀ ਪੱਕੀ ਠ੍ਹਾਣੀ ਹੋਈ ਹੈ। ਪੰਜਾਬ ਸਰਕਾਰ ਉਸ ਤੋਂ ਵੀ ਅੱਗੇ ਜਾਣਾ ਚਾਹੁੰਦੀ ਹੈ।

ਮੋਗਾ ਔਰਬਿਟ ਬੱਸ ਕਾਂਡ ’ਚੋਂ ਉਭਰਦਾ ਇਕ ਹੋਰ ਅਹਿਮ ਸਵਾਲ ਹੈ, ਇਸ ਦੇ ਮਾਲਕ ਵਿਰੁੱਧ ਕਤਲ ਦਾ ਕੇਸ ਦਰਜ ਕਰਨਾ, ਔਰਬਿਟ ਬੱਸ ਕਾਂਡ ਦਾ ਲਾਈਸੈਂਸ ਰੱਦ ਕਰਨਾ ਅਤੇ ਕਿਉਂਕਿ ਇਸ ਬੱਸ ਕੰਪਨੀ ਦਾ ਮਾਲਕ ਖ਼ੁਦ ਸਰਕਾਰ ਵਿਚ ਮੰਤਰੀ (ਉਪ ਮੁੱਖ ਮੰਤਰੀ) ਵੀ ਹੈ, ਇਸ ਲਈ ਉਸ ਤੋਂ ਅਸਤੀਫ਼ੇ ਦੀ ਮੰਗ ਕਰਨਾ। ਜਦ ਕਿਸੇ ਕਾਰਜ ਦੇ ਪ੍ਰਬੰਧਨ ਵਿਚ ਘੋਰ ਨਕਾਮੀਆਂ ਹੁੰਦੀਆਂ ਹਨ, ਨੁਕਸ ਹੁੰਦੇ ਹਨ ਤਦ ਹੀ ਵੱਡੇ ਹਾਦਸੇ ਵਾਪਰਦੇ ਹਨ। ਦਿੱਲੀ ਬੱਸ ਹਾਦਸੇ ਵੇਲੇ ਵੀ ਇੰਜ ਹੀ ਵਾਪਰਿਆ ਸੀ। ਭੂਪਾਲ ਗੈਸ ਕਾਂਡ ਦੇ ਯੂਨੀਅਨ ਕਾਰਬਾਈਡ ਕੰਪਨੀ ਦੇ ਮੁਖੀ ਨੂੰ ਭਾਰਤ ਲਿਆ ਕੇ ਉਸ ਵਿਰੁੱਧ ਸਮੂਹ ਕਤਲਾਂ ਦਾ ਕੇਸ ਦਰਜ ਕਰਨ ਦੀ ਮੰਗ ਸਾਰਾ ਭਾਰਤ ਦੇਸ਼ ਕਰ ਰਿਹਾ ਹੈ। ਦਿੱਲੀ ਵਿਖੇ ਉਪਹਾਰ ਸਿਨਮੇ ਵਿਚ ਅੱਗ ਲੱਗਣ ਨਾਲ ਜਦ ਅਨੇਕਾਂ ਦਰਸ਼ਕ ਝੁਲਸ ਗਏ ਸਨ ਉਸ ਦੇ ਮਾਲਕ ਵਿਰੁੱਧ ਮੁਕੱਦਮਾ ਚਲਿਆ ਸੀ। ਜਦੋਂ ਵੀ ਕਿਸੇ ਸੂਬੇ ਵਿਚ ਕਨੂੰਨ ਅਵਸਥਾ ਦੀ ਹਾਲਤ ਮੰਦੀ ਹੋ ਜਾਂਦੀ ਹੈ ਤਦ ਉਥੇ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਮੰਗ ਉਭਰਦੀ ਹੈ। ਬਹੁਤੀ ਵਾਰ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਜਾਂਦਾ ਹੈ। ਐਸੀਆਂ ਅਨੇਕਾਂ ਉਦਾਹਰਣਾ ਹਨ। ਇਸ ਲਈ ਇਹ ਲਾਜ਼ਮੀ ਹੈ ਕਿ ਔਰਬਿਟ ਬੱਸ ਕੰਪਨੀ ਦੇ ਮਾਲਕ ਵਿਰੁੱਧ ਕੇਸ ਦਰਜ ਹੋਵੇ ਅਤੇ ਇਸ ਦੇ ਮਾਲਕ ਸੁਖਬੀਰ ਬਾਦਲ ਨੂੰ ਸਰਕਾਰ ਤੋਂ ਵੱਖ ਕੀਤਾ ਜਾਵੇ।

ਇਕ ਹੋਰ ਅਹਿਮ ਸਵਾਲ ਮੁਆਵਜੇ ਦਾ ਹੈ। ਪੀੜਤ ਨੂੰ ਲਾਜ਼ਮੀ ਹੀ ਮੁਆਵਜਾ ਮਿਲਣਾ ਚਾਹੀਦਾ ਹੈ ਅਤੇ ਇਸ ਦੀ ਰਾਸ਼ੀ ਉਚੀ ਤੋਂ ਉਚੀ ਹੋਣੀ ਚਾਹੀਦੀ ਹੈ ਪਰ ਕੀ ਮੁਆਵਜਾ ਦੋਸ਼ੀ ਨੂੰ ਸਜ਼ਾ ਦੇਣ ਦਾ ਬਦਲ ਹੋ ਸਕਦਾ ਹੈ? ਮੁਆਵਜੇ ਨਾਲ ਸਬੰਧਤ ਪਰਿਵਾਰ ਨੂੰ ਤਾਂ ਕੁਝ ਰਾਹਤ ਮਿਲ ਜਾਂਦੀ ਹੈ ਪਰ ਸਮੂਹ ਲੋਕਾਂ ਦੇ ਦਿਲਾਂ ਨੂੰ ਤਦ ਹੀ ਠੰਢ ਪੈਂਦੀ ਹੈ ਜਦ ਮੁੱਖ ਦੋਸ਼ੀ ਤੇ ਉਂਗਲ ਧਰੀ ਜਾਵੇ ਅਤੇ ਉਸ ਨੂੰ ਬਣਦੀ ਸਜ਼ਾ ਦਿੱਤੀ ਜਾਵੇ।

ਮੋਗਾ ਬੱਸ ਕਾਂਡ ਇਕਲੌਤਾ ਨਹੀਂ ਹੈ। ਇਹ ਤਾਂ ਜੱਗ-ਜਾਹਰ ਹੋ ਗਿਆ ਤਾਂ ਲਗਦਾ ਹੈ। ਸੋਚਣ ਦੀ ਗੱਲ ਹੈ ਕਿ ਅਜਿਹਾ ਵਾਤਾਵਰਨ ਕਿਉਂ ਉਸਰ ਗਿਆ ਹੈ। ਪੰਜਾਬ ਵਿਚ ਬੇਟੀਆਂ ਕਿਉਂ ਸੁਰੱਖਿਅਤ ਨਹੀਂ ਹਨ? ਪੰਜਾਬ ਵਿਚ ਨਸ਼ਿਆਂ ਦਾ ਐਨਾ ਬੋਲਬਾਲਾ ਕਿਉਂ ਹੋ ਗਿਆ ਹੈ? ਹਰ ਤਰ੍ਹਾਂ ਦਾ ਮਾਫ਼ੀਆ ਐਨਾ ਸਰਗਰਮ ਕਿਉਂ ਹੈ? ਔਰਤਾਂ ਦੀ ਗਿਣਤੀ ਲਗਾਤਾਰ ਕਿਉਂ ਘਟਦੀ ਹੀ ਜਾ ਰਹੀ ਹੈ? ਹੱਕ ਮੰਗਦੇ ਲੋਕਾਂ ’ਤੇ ਤਸ਼ੱਦਦ ਕਿਉਂ ਵੱਧ ਗਿਆ ਹੈ? ਅੰਗਰੇਜ਼ਾਂ ਵੇਲੇ ਦਾ ਕਾਲਾ ਕਾਨੂੰਨ ਫੇਰ ਕਿਉਂ ਲਿਆਂਦਾ ਜਾ ਰਿਹਾ ਹੈ? ਲੁੱਟਾਂ ਖੋਹਾਂ ਦਾ ਬੋਲਬਾਲਾ ਕਿਉਂ ਹੋ ਗਿਆ ਹੈ? ਪੰਜਾਬ ਵਿਚ ਸਰਕਾਰ ਨਾਮ ਦੀ ਕੋਈ ਵਸਤੂ ਕਿਤੇ ਨਜ਼ਰ ਨਹੀਂ ਆਉਂਦੀ। ਰੇਤ-ਬਜ਼ਰੀ ਮਾਫ਼ੀਆ, ਭੌਂ ਮਾਫ਼ੀਆ, ਗੈਂਗਰੇਪ ਮਾਫ਼ੀਆ, ਟਰਾਂਸਪੋਰਟ ਮਾਫ਼ੀਆ, ਕੇਬਲ ਟੀ.ਵੀ. ਮਾਫ਼ੀਆ, ਸ਼ਰਾਬ ਮਾਫ਼ੀਆ, ਨਸ਼ਾ ਤਸਕਰ ਮਾਫ਼ੀਆ, ਕਾਤਲ ਮਾਫ਼ੀਆ, ਬੱਚਾ-ਚੋਰ ਮਾਫ਼ੀਆ, ਵੋਟ ਮਾਫ਼ੀਆ, ਹੋਟਲ ਮਾਫ਼ੀਆ, ਲੁੱਟ ਖੋਹ ਮਾਫ਼ੀਆ, ਗੱਲ ਕੀ, ਹਰ ਪਾਸੇ ਧੱਕੇਸ਼ਾਹੀ ਕਰਨ ਵਾਲੇ ਗੈਂਗ ਦਨਦਨਾਉਂਦੇ ਫਿਰਦੇ ਹਨ। ਕੋਈ 50 ਨੌਜਵਾਨਾਂ ਦਾ ਗੈਂਗ, ਕੋਈ 100 ਦਾ, ਕੋਈ 200 ਦਾ ਆਦਿ। ਉਹ ਇਕੋ ਮੋਬਾਈਲ ਸੁਨੇਹੇ ਨਾਲ ਪਲਾਂ ਵਿਚ ਇਕੱਤਰ ਹੋ ਜਾਂਦੇ ਹਨ। ਉਹ ਕਿਸੇ ਵੀ ਸਿਆਸੀ ‘ਆਕਾ’ ਦਾ ਹੁਕਮ ਅੱਖ ਝਮਕਦੇ ਹੀ ਪੂਰਾ ਕਰ ਦਿੰਦੇ ਹਨ। ਉਨ੍ਹਾਂ ਵਿਚੋਂ ਬਹੁਤ ਸਾਰੇ ਉੱਚ ਸਿੱਖਿਆ ਪ੍ਰਾਪਤ ਵੀ ਹਨ।

ਅਫ਼ਸੋਸ ਤਾਂ ਇਸ ਗੱਲ ਦਾ ਹੈ ਕਿ ਹਰ ਤਰ੍ਹਾਂ ਦੇ ਮਾਫ਼ੀਏ ਨੂੰ ਰਾਜਸੱਤਾ ਦੀ ਪੁਸ਼ਤਪਨਾਹੀ ਤੇ ਹੱਲਾਸ਼ੇਰੀ ਹੈ। ਬਹੁਤਾ ਕੁਝ ਰਾਜ ਸੱਤਾ ਦੇ ਇਸ਼ਾਰੇ ’ਤੇ ਹੀ ਹੋ ਰਿਹਾ ਹੈ। ਪੰਜਾਬ ਦੀ ਇਸ ਸਰਮਾਏਦਾਰੀ-ਜਗੀਰਦਾਰੀ ਰਾਜ ਸੱਤਾ ਵਿਚ ਭਾਈਵਾਲ ਵੱਡੇ ਤੋਂ ਵੱਡਾ ਤੇ ਨਿੱਕੇ ਤੋਂ ਨਿੱਕਾ ਕਾਰਕੁਨ ‘ਮਾਇਆ-ਜਾਇਦਾਦ’ ਹੋਰ ਹੋਰ ਵਧਾਉਣ ਲਈ ਰਾਤ ਦਿਨ ਕੰਮ ਕਰ ਰਿਹਾ ਹੈ ਅਤੇ ‘ਕੋਈ ਹਰਿਆ ਬੂਟ ਹੀ ਰਹਿਓ ਰੀ’ ਹੈ। ਹਾਕਮਾਂ ਲਈ ਲੋਕਾਂ ਦੇ ਮਸਲੇ ਹੱਲ ਕਰਨੇ, ਗ਼ਰੀਬੀ ਦੂਰ ਕਰਨੀ, ਬੇਰੁਜ਼ਗਾਰੀ ਦਾ ਮਸਲਾ ਹੱਲ ਕਰਨਾ ਲੋਕਾਂ ਨੂੰ ਇਨਸਾਫ਼ ਦੇਣਾ, ਆਦਿ ਕਦੇ ਵੀ ਏਜੰਡੇ ’ਤੇ ਨਹੀਂ ਹੁੰਦਾ। ਕਦੇ

PAKISTANI & EAST AFRICAN MENU
BEEF RIB, MOGO, MISHKAKI, CHOPS, CHAPPALI KABAB, SEEKH KABAB
Shafi Tandoori Grill
Party Hall Available
Catering in Town or Out of Town
Tuesday Closed
ASK For
780 462 3556
3444-93 Street, NW, Edmonton AB T6E 6A4, Fax : 780 462 3575, Toll Free : 1 866 362 3556

ਵੀ ਓਹ ਇਸ ਬਾਰੇ ਨਹੀਂ ਸੋਚਦੇ। ਸੱਤਾ ਦੇ ਗਲਿਆਰਿਆਂ ਦੀ ਸੋਚ ਸਿਰਫ਼ ਇਸ ਚੱਕਰਵਿਊ 'ਚ ਫਸੀ ਹੈ ਕਿ ਅਗਲੀ ਚੋਣ ਜਿੱਤਣ ਲਈ ਮਾਇਆ ਕਿਵੇਂ ਇਕੱਠੀ ਕਰਨੀ ਹੈ। ਸੱਤਾਂ ਪੁਸ਼ਤਾਂ ਲਈ ਜਾਇਦਾਦ ਕਿਵੇਂ ਇਕੱਤਰ ਕਰਨੀ ਹੈ। ਸਿਆਸਤ ਹੁਣ 'ਲੋਕ ਸੇਵਾ' ਦੀ ਥਾਂ ਇਕ ਲਾਹੇਵੰਦ 'ਧੰਦਾ' ਬਣ ਗਈ ਹੈ। ਇਕ ਮੁਨਾਫ਼ੇ ਯੋਗ ਕਾਰੋਬਾਰ। ਇਹ ਸੋਚ ਪਰਬਲ ਹੁੰਦੀ ਜਾ ਰਹੀ ਹੈ ਕਿ ਉਹ ਸਿਆਸਤ ਕਿਸ ਕੰਮ ਜੋ ਸੱਤਾ ਨਹੀਂ ਬਖ਼ਸ਼ਦੀ ਤੇ ਉਹ ਸੱਤਾ ਕਿਸ ਕੰਮ ਜੋ ਜਾਇਦਾਦ ਤੇ ਧੰਨ ਦੌਲਤ 'ਚ ਵਾਧਾ ਨਹੀਂ ਕਰਦੀ। ਐਸਾ ਹੀ ਹੋ ਰਿਹਾ ਹੈ ਪੰਜਾਬ ਵਿਚ। ਵੋਟਾਂ ਚਾਂਦੀ ਦੀ ਜੁੱਤੀ ਮਾਰ ਕੇ ਜਾਂ ਝੂਠੇ ਨਾਹਰਿਆਂ ਤੇ ਫਰਾਡੀ ਲਾਰਿਆਂ ਨਾਲ ਲੈ ਲਈਆਂ ਜਾਂਦੀਆਂ ਹਨ।

ਪੰਜਾਬ ਵਿਚ ਇਸ ਵੇਲੇ ਜੋ ਮਾਫ਼ੀਆ ਗਿਰੋਹ ਕੰਮ ਕਰ ਰਹੇ ਹਨ ਉਨ੍ਹਾਂ ਵਿਚੋਂ ਵੱਡੀ ਗਿਣਤੀ ਨੂੰ ਕਿਸੇ ਨਾ ਕਿਸੇ ਤਰ੍ਹਾਂ ਦੀ ਹਾਕਮੀ ਛਤਰੀ ਪ੍ਰਾਪਤ ਹੈ। ਇਸ ਵੇਲੇ ਪੰਜਾਬ ਵਿ ਬਾਦਲ ਸਿੰਡੀਕੇਟ ਦਾ ਰਾਜ ਹੈ। ਖ਼ੁਦ ਹਾਕਮੀ ਵਾੜ ਹੀ ਖੇਤ ਨੂੰ ਖਾ ਰਹੀ ਹੈ ਤਾਂ ਖੇਤ ਕਿਵੇਂ ਬਚੇਗਾ? ਭ੍ਰਿਸ਼ਟਾਚਾਰ ਦਾ ਦੈਂਤ ਗਲੀਂ, ਬਾਜ਼ਾਰੀਂ, ਘਰੀਂ- ਦਫ਼ਤਰੀਂ, ਅੰਦਰ-ਬਾਹਰ ਖੌਰੂ ਪਾ ਰਿਹਾ ਹੈ। ਹਾੜਬੂੰ-ਹਾੜਬੂੰ ਹੋ ਰਹੀ ਹੈ। ਹਰ ਵੱਡਾ ਜਾਨਵਰ ਆਪਣੇ ਤੋਂ ਛੋਟੇ ਨੂੰ ਚੀਰ ਖਾ ਰਿਹਾ ਹੈ। ਕੋਈ ਰੋਕਣ ਵਾਲਾ ਨਹੀਂ ਹੈ। ਜੇ ਹਿਰਨ ਤੇ ਹੋਰ ਛੋਟੇ ਜਾਨਵਰ ਆਪਣੇ ਆਪ ਨੂੰ ਇਨ੍ਹਾਂ ਬਘਿਆੜਾਂ ਤੋਂ ਬਚਾਅ ਲਈ ਡਾਰਾਂ ਬਣਦੇ ਹਨ ਰਾਖੇ ਬਾਘਾਂ ਦੀ ਮਦਦ ਕਰਦੇ ਹਨ। ਹੱਕ ਮੰਗਦੇ ਲੋਕਾਂ ਨੂੰ ਹਾਕਮ ਕਾਲਾ ਕਾਨੂੰਨ ਦਿਖਾਉਂਦਾ ਹੈ, ਪੁਲੀਸ, ਜੇਲਾਂ, ਲਾਠੀਆਂ-ਗੋਲੀਆਂ ਦੀ ਵਰਤੋਂ ਕਰਦਾ ਹੈ। ਇਹ ਨਿਰੋਲ ਜੰਗਲ ਰਾਜ ਹੈ? ਕਿਵੇਂ ਹਿਰਨ ਪਾਣੀ ਦੀ ਘਾਟ ਤੀਕ ਪੁੱਜੇ ਜਦ ਪੈਰ ਪੈਰ 'ਤੇ ਸ਼ੇਰ, ਬਘਿਆੜ, ਅਜਗਰ, ਲੱਕੜਬੱਘੇ ਤੇ ਹੋਰ ਅਨੇਕਾਂ ਸ਼ਿਕਾਰੀ ਰਾਹ ਰੋਕੀ ਬੈਠੇ ਨੇ ਹੋਣ।

ਅੱਜ ਕੋਈ ਵੀ ਪਲਾਟ ਜਗ੍ਹਾ ਖ਼ਾਲੀ ਪਈ ਹੈ ਤਾਂ ਕੁਝ ਦਿਨਾਂ ਬਾਅਦ ਉਥੇ ਮਿੱਟੀ ਪਾ ਕੇ ਉਸ ਤੇ ਆਪਣੀ ਉਸਾਰੀ ਕਰ ਕੇ ਮੁਕੰਮਲ ਕਬਜ਼ਾ ਕਰ ਲਿਆ ਜਾਂਦਾ ਹੈ। ਕੋਈ ਲੱਖ ਰਜਿਸਟਰੀਆਂ, ਇੰਤਕਾਲਾਂ ਲਈ ਫਿਰੇ ਕੋਈ ਮੁੱਲ ਨਹੀਂ। ਕੋਈ ਐਸੀ ਜ਼ਮੀਨ ਦੀ ਢੇਰੀ ਦਿੱਸੇ ਜਿਸ ਦਾ ਮਾਲਕ ਕਮਜ਼ੋਰ ਹੋਵੇ, ਅੱਗੋਂ ਮੁਕਾਬਲਾ ਕਰਨਯੋਗ ਨਾ ਹੋਵੇ, ਜਾਂ ਉਹ ਜ਼ਮੀਨ ਸ਼ਾਮਲਾਟ ਜਾਂ ਸਰਕਾਰੀ, ਅਰਧ ਸਰਕਾਰੀ ਹੋਵੇ, ਲੈਂਡ ਮਾਫ਼ੀਏ ਦੇ ਕਰਿੰਦੇ ਗਿਰਝਾਂ ਦੀ ਤਰ੍ਹਾਂ ਹਰ ਵਕਤ ਮੰਡਰਾਉਂਦੇ ਰਹਿੰਦੇ ਹਨ ਅਤੇ ਕਬਜ਼ਾ ਕਰ ਲੈਂਦੇ ਹਨ। ਕੋਈ ਫ਼ਰਿਆਦ ਨਹੀਂ, ਕਿਤੇ ਸੁਣਵਾਈ ਨਹੀਂ।

ਜਿਸ ਪੰਜਾਬ ਨੂੰ ਕਦੇ ਸਵਰਗ ਕਿਹਾ ਜਾਂਦਾ ਸੀ, ਦੇਵਤਿਆਂ ਦੀ ਧਰਤੀ, ਵੇਦਾਂ ਵੇਦਾਂਤਾਂ ਦੀ ਧਰਤੀ, ਬਾਬੇ ਨਾਨਕ, ਬੁਲ੍ਹੇ ਸ਼ਾਹ ਦੀ ਧਰਤੀ ਕਿਹਾ ਜਾਂਦਾ ਸੀ ਅੱਜ ਉਸ ਪੰਜਾਬ ਵਿਚ ਅੱਜ ਮੁਕੰਮਲ ਰਾਖ਼ਸ਼ਸ਼ਾਂ ਦਾ ਰਾਜ ਜਾਪਦਾ ਹੈ। 'ਰੰਗਲੇ' ਪੰਜਾਬ ਤੇ ਹੋਰ ਵੀ ਤਰਸ ਆਉਂਦਾ ਹੈ ਜਦ ਇਥੋਂ ਦੇ ਹਾਕਮ ਦਿੱਲੀ ਦੇ ਤਖ਼ਤ 'ਤੇ ਬੈਠੇ ਮਲਕ ਭਾਗੋਆਂ ਦੇ ਰਾਖੇ ਹਾਕਮਾਂ ਨਾਲ ਘਿਉ ਖਿਚੜੀ ਹਨ। ਭਗਤ ਸਿੰਘ ਦੀ ਸੋਚ ਨੂੰ ਖੁੰਡਿਆਂ ਕਰਨ ਲਈ ਉਸ ਨੂੰ ਪੂਜਨੀਕ ਸਥਾਨਾਂ 'ਚ ਵਾੜਨ ਦੀ ਸਾਜ਼ਿਸ਼ ਹੋ ਰਹੀ ਹੈ। ਅੱਜ ਪੰਜਾਬ ਵਿਚ ਆਮ ਲੋਕ ਸੁਰੱਖਿਅਤ ਮਹਿਸੂਸ ਨਹੀਂ ਕਰ ਰਹੇ। ਤੁਸੀਂ ਘਰ ਵਿਚ ਸੁਰੱਖਿਅਤ ਨਹੀਂ ਹੋ। ਗੈਂਗ ਤੁਹਾਡਾ ਘਰ ਲੁੱਟ ਸਕਦੇ ਹਨ। ਤੁਹਾਡਾ ਘਰ ਢਾਹ ਕੇ ਰਾਤੋ ਰਾਤ ਮਲਬਾ ਦਰਿਆ 'ਚ ਸੁੱਟ ਕੇ ਉਸ ਨੂੰ ਆਪਣਾ ਪਲਾਟ ਕਹਿ ਸਕਦੇ ਹਨ। ਕਰੋੜਾਂ ਦੀ ਫਿਰੌਤੀ ਦਿਉ ਜਾਂ ਮੁਰਦਾ ਬੱਚੇ ਦੀ ਲਾਸ਼ ਲਭਦੇ ਫਿਰੋ। ਰਾਹ ਜਾਂਦੇ ਤੁਹਾਡੀ ਗੱਡੀ ਰੋਕ ਕੇ ਮਾਰ ਸਕਦੇ ਹਨ। ਲੁੱਟ ਖੋਹ ਕਰ ਸਕਦੇ ਹਨ। ਜੇ ਤੁਸੀਂ ਜਿੱਤੇ ਹੋਏ ਵਿਧਾਇਕ ਨੂੰ ਵੋਟ ਨਾ ਪਾਉਣ ਦਾ ਗੁਨਾਹ ਕਰ ਬੈਠੇ ਹੋ ਤਾਂ ਖ਼ਾਮਿਆਜ਼ਾ ਭੁਗਤਣਾ ਪਵੇਗਾ। ਕੋਈ ਥਾਣਾ-ਪਥਾਣਾ ਤੁਹਾਡੀ ਮਦਦ ਨਹੀਂ ਕਰੇਗਾ। ਕੋਈ ਅਦਾਲਤ ਤੁਹਾਡੀ ਫ਼ਰਿਆਦ ਨਹੀਂ ਸੁਣੇਗੀ। ਇਥੇ ਮੁਗਲਾਂ ਦੇ ਰਾਜ ਵਰਗਾ ਵਾਤਾਵਰਨ ਉਸਰ ਗਿਆ ਹੈ।

ਪੰਜਾਬ ਦਾ ਅਜਿਹਾ ਜੰਗਲੀ ਰਾਜ ਵਰਗਾ ਵਾਤਾਵਰਨ ਹੀ ਮੁੱਖ ਕਾਰਨ ਹੈ, ਮੋਗਾ ਬੱਸ ਕਾਂਡ ਦਾ। ਲੋੜ ਹੈ ਇਸ ਵਾਤਾਵਰਨ ਨੂੰ ਮੋੜਾ ਦੇਣ ਦੀ। ਇਹ ਵੀ ਕਿ ਇਹ ਮਹਿਜ਼ ਸਰਕਾਰਾਂ ਦੀ ਅਦਲਾ-ਬਦਲੀ ਨਾਲ ਦੂਰ ਨਹੀਂ ਹੋਵੇਗਾ। ਫੇਰ ਤੋਂ ਮਾਨਵਤਾ ਦੀ ਰਾਖੀ ਲਈ ਧਰਮਾਂ, ਜਾਤਾਂ, ਮਜ਼ਹਬਾਂ ਖਿੱਤਿਆਂ ਤੋਂ ਉਪਰ ਉਠ ਕੇ ਸਾਂਝੀਵਾਲਤਾ ਬਰਾਬਰਤਾ, ਇਨਸਾਫ਼ ਵਾਲਾ, ਭਾਈ ਲਾਲੋਆਂ ਦੀ ਭਲਾਈ ਵਾਲਾ ਰਾਜ ਬਣਾਉਣ ਲਈ ਲੜਨਾ ਹੋਵੇਗਾ ਪਰ ਇਕੱਲਾ ਪੰਜਾਬ ਨਹੀਂ ਬਚਣਾ ਜੇ ਸਮੁੱਚੇ ਭਾਰਤ ਵਿਚ ਬਿਹਤਰ ਰਾਜ ਨਾ ਹੋਇਆ। ਆਮ ਲੋਕਾਂ ਨੂੰ ਸੁਚੇਤ ਕਰਨ ਤੇ ਉਨ੍ਹਾਂ ਨੂੰ ਜਨਤਕ ਲਹਿਰਾਂ ਵਿ ਪਾਉਣ ਤੋਂ ਬਿਨਾਂ ਨਹੀਂ ਸਰਨਾ ਜੇ ਪੰਜਾਬ ਦੀ ਅਤੇ ਇਥੋਂ ਦੇ ਲੋਕਾਂ ਦੀ ਰਾਖੀ ਕਰਨੀ ਹੈ। ਨੌਜਵਾਨਾਂ ਨੂੰ ਗੈਂਗਾਂ ਵਿਚੋਂ ਕੱਢ ਕੇ ਪ੍ਰਗਤੀਸ਼ੀਲ ਜਥੇਬੰਦੀਆਂ ਵਿਚ ਤੋਰਨਾ ਹੋਵੇਗਾ।

ਪੰਜਾਬ ਦਾ ਟਰਾਂਸਪੋਰਟ ਵਿਭਾਗ ਇਸ ਵੇਲੇ 'ਟਰਾਂਸਪੋਰਟ ਮਾਫ਼ੀਆ' ਚਲਾ ਰਿਹਾ ਹੈ। ਸਰਕਾਰੀ 'ਪੰਜਾਬ ਰੋਡਵੇਜ' ਦੀਆਂ ਬੱਸਾਂ ਦੁਰਲੱਭ ਵਸਤੂ ਬਣ ਗਈਆਂ ਹਨ। ਜੇ ਹਾਲ ਇਹੀ ਰਿਹਾ ਤਾਂ ਇਹ ਛੇਤੀ ਹੀ ਇਤਿਹਾਸ ਬਣ ਜਾਣਗੀਆਂ। ਇਸ ਰੋਡਵੇਜ ਨੂੰ ਫੇਲ੍ਹ ਕਰਨ ਦੀ ਸਾਜ਼ਸ਼ ਚਿਰਾਂ ਤੋਂ ਰਚੀ ਗਈ ਸੀ। ਇਸ ਨੂੰ ਬਦਨਾਮ ਕੀਤਾ ਗਿਆ। ਜਿਵੇਂ ਸਰਕਾਰੀ ਸਕੂਲਾਂ ਦਾ ਨਿੱਜੀਕਰਨ ਕਰਨ ਹਿੱਤ ਅਧਿਆਪਕਾਂ ਨੂੰ ਬਦਨਾਮ ਕੀਤਾ ਗਿਆ। ਇਸੇ ਤਰ੍ਹਾਂ ਬੱਸਾਂ ਦੇ ਕੰਡਕਟਰਾਂ ਡਰਾਈਵਰਾਂ ਨੂੰ ਦੋਸ਼ੀ ਗਰਦਾਨਿਆ ਗਿਆ। ਕੰਡਕਟਰਾਂ, ਇੰਸਪੈਕਟਰਾਂ ਨੂੰ ਉਪਰ ਮਹੀਨੇ ਭਰਨ ਲਈ ਮਜਬੂਰ ਕੀਤਾ, ਫੇਰ ਬਸਾਂ ਦੀ ਮੁਰੰਮਤ ਨਾ ਕਰਨੀ, ਨਵੀਂ ਬੱਸ ਨਹੀਂ ਪਾਉਣੀ ਅਤੇ ਲਾਹੇਵੰਦ ਰੂਟਾਂ ਤੇ ਟਾਈਮ ਪ੍ਰਾਈਵੇਟ ਬੱਸਾਂ ਵਾਲਿਆਂ ਦੇ ਹਵਾਲੇ ਕਰ ਦੇਣਾ ਆਦਿ। ਹਰ ਪਾਸੇ ਨਿੱਜੀ ਬੱਸਾਂ ਦੇ ਬੇੜੇ ਚਲਦੇ ਹਨ। ਜਿਥੇ ਵੱਖ-ਵੱਖ ਨਾਂਵਾਂ ਹੇਠ ਬਾਦਲਕਿਆਂ ਦੀਆਂ ਬੱਸਾਂ ਦੇ ਬੇੜੇ 'ਚ 600 ਦੇ ਲਗਭਗ ਬੱਸਾਂ ਹਨ, ਉਥੇ ਸ਼ਾਇਦ ਹੀ ਪੰਜਾਬ ਦਾ ਕੋਈ ਸਾਬਕਾ ਜਾਂ ਹੁਣ ਵਾਲਾ ਮੰਤਰੀ-ਸੰਤਰੀ ਹੋਵੇਗਾ ਜਿਸ ਕੋਲ ਐਸੇ ਬੱਸ ਬੇੜੇ ਨਾ ਹੋਣ। ਰੋਡਵੇਜ ਦੀ ਬੱਸ ਦੇ ਟਾਈਮ ਤੋਂ ਅੱਗੇ ਤੇ ਪਿੱਛੇ ਨਿੱਜੀ ਬੱਸਾਂ ਦੇ ਟਾਈਮ ਹੁੰਦੇ ਹਨ ਜੋ ਧੱਕੇ ਨਾਲ ਸਵਾਰੀਆਂ ਰੋਡਵੇਜ ਦੀ ਬੱਸ 'ਚ ਨਹੀਂ ਬੈਠਣ ਦਿੰਦੇ। ਰੋਡਵੇਜ ਦੀ ਬੱਸ ਨੂੰ ਲੰਢੀ ਘੋੜੀ ਵਾਂਗ ਬਿਨਾਂ ਸਵਾਰੀ ਦੇ ਦੌੜਨ ਲਈ ਮਜਬੂਰ ਕੀਤਾ ਜਾਂਦਾ ਹੈ। ਹਰ ਨਿੱਜੀ ਬੱਸ ਵਿ ਡਰਾਈਵਰ ਕੰਡਕਟਰ ਐਸੇ ਭਰਤੀ ਕੀਤੇ ਜਾਂਦੇ ਹਨ ਜੋ ਮਾਲਕਾਂ ਦੇ ਇਰਾਦਿਆਂ ਦੀ ਪੂਰਤੀ ਲਈ ਖਰੇ ਉਤਰਦੇ ਹੋਣ। ਜੋ ਲੱਠ ਮਾਰ ਹੋਣ, ਲੋੜ ਪੈਣ 'ਤੇ ਖੰਗਣ-ਕੁਸਕਣ ਸ਼ਿਕਾਇਤ ਕਰਨ, ਸਪੀਕਰ ਦੀ ਆਵਾਜ਼ ਘੱਟ ਕਰਨ ਜਾਂ ਬੰਦ ਕਰਨ, ਬੱਸ ਸਹਿਜੇ ਚਲਾਉਣ ਜਾਂ ਖਲੋਤੀਆਂ ਸਵਾਰੀਆਂ ਦੇ 'ਹੋਰ ਅੱਗੇ ਚਲੋ-ਅੱਗੇ ਚਲੋ' ਦਾ ਸ਼ਾਹੀ ਫੁਰਮਾਨ ਮੰਨਣ ਤੋਂ ਆਨਾਕਾਨੀ ਕਰਨ ਵਾਲੀ ਸਵਾਰੀ ਦੀ ਖ਼ੂਬ ਛਿੱਤਰ ਪਰੇਡ ਕਰਨ ਦੇ ਸਮਰਥ ਹੋਣ। ਕੁਝ ਬੱਸਾਂ ਵਿਚ ਤਾਂ ਦੋ ਹੋਰ 'ਮਾਲਕੀ-ਬੁਰਛੇ' ਵੀ ਬੈਠੇ ਹੁੰਦੇ ਜੋ ਕਿਸੇ ਦੇ ਵੀ ਕੁਸਕਣ 'ਤੇ ਬਘਿਆੜਾਂ ਵਾਂਗ ਝਪਟ ਪੈਂਦੇ ਹਨ। ਉਸ ਨੂੰ ਧੱਕੇ ਦੇ ਕੇ ਬੱਸ ਤੋਂ ਲਾਹ ਦਿੰਦੇ ਹਨ। ਅਗਲੇ ਅੱਡੇ ਤੋਂ ਸਵਾਰੀਆਂ ਚੁੱਕਣ ਦੀ ਪਹਿਲ ਕਰਨ ਲਈ ਬੱਸ ਨੂੰ ਇਵੇਂ ਦੁੜਾਉਂਦੇ ਹਨ ਜਿਵੇਂ ਅੱਗ ਬੁਝਾਉ ਗੱਡੀ ਦੌੜਦੀ ਹੈ। ਜੇ ਕੋਈ ਦੁਰਘਟਨਾ ਦੇ ਡਰੋਂ ਬੱਸ ਸਹਿਜੇ ਕਰਨ ਦੀ ਗੁਜਾਰਿਸ਼ ਕਰੇ ਤਾਂ ਉਸ ਦੀ ਉਹ ਕੁੱਤੇ ਖਾਣੀ ਕੀਤੀ ਜਾਂਦੀ ਹੈ, ਕਿ ਉਹ ਮੁੜ ਨਹੀਂ ਕੁਸਕਦਾ। ਬੱਸ ਵਿਚ ਸਵਾਰੀਆਂ ਨੂੰ ਕੁੱਕੜਾਂ ਵਾਂਗ ਤੁੰਨਿਆ ਜਾਂਦਾ ਹੈ। ਸਵਾਰੀ ਚਾੜ੍ਹਨੀ ਹੋਵੇ ਤਾਂ ਇਕ ਸਵਾਰੀ ਲਈ ਵੀ ਬੱਸ ਰੋਕ ਲੈਣਗੇ। ਕਿਧਰੇ ਰਾਹ ਵਿਚ ਉਤਾਰਨਾ ਹੋਵੇ ਤਾਂ ਕਦੇ ਨਹੀਂ ਮੰਨਣਗੇ। ਅੱਡੇ 'ਤੇ ਸਵਾਰੀਆਂ ਚੜ੍ਹਾਉਣ ਲਈ ਬੱਸ ਵਿਚਲੀਆਂ ਸਵਾਰੀਆਂ ਨੂੰ ਧੱਕੇ ਦੇ ਦੇ ਕੇ ਹੇਠਾਂ ਸੁੱਟਿਆ ਜਾਂਦਾ ਹੈ। ਜਲਦੀ ਕਰੋ ਜਲਦੀ ਕਰੋ! ਦੂਸਰੀ ਬੱਸ ਤੋਂ ਅੱਗੇ ਲੰਘਣ ਦੀ ਵਾਹੋ-ਦਾਹੀ ਦੌੜ ਵਿ ਅਕਸਰ ਹੀ ਬੱਸਾਂ ਰੁੱਖਾਂ ਨਾਲ ਵੱਜ ਕੇ ਦੁਰਘਟਨਾਵਾਂ ਹੁੰਦੀਆਂ ਹਨ- ਬੱਸਾਂ ਪਲਟਦੀਆਂ ਅਕਸਰ ਸੁਣਦੀਆਂ ਹਨ ਪਰ ਇਨ੍ਹਾਂ ਦੀ ਸਿਹਤ 'ਤੇ ਕੋਈ ਅਸਰ ਨਹੀਂ ਪੈਂਦਾ। ਪਾਇਦਾਨ 'ਤੇ ਪੈਰ ਵੀ ਨਹੀਂ ਰੱਖਿਆ ਹੁੰਦਾ ਕਿ ਬੱਸ ਦੌੜਾ ਦਿੰਦੇ ਹਨ। ਕੋਈ ਸ਼ਿਕਾਇਤ ਨਹੀਂ, ਕੋਈ ਸ਼ਿਕਵਾ ਨਹੀਂ, ਸਫ਼ਰ ਕਰਨਾ ਹੈ ਤਾਂ ਕਰੋ ਵਰਨਾ ਘਰ ਬੈਠੇ ਰਹੋ। ਨਿੱਜੀ ਬੱਸਾਂ ਨੂੰ ਜਿਵੇਂ ਹਾਦਸੇ ਕਰਨ ਦਾ ਬੁਨਿਆਦੀ ਹੱਕ ਹੋਵੇ। ਐਸੇ ਗੰਦੇ ਤੇ ਲੱਚਰ ਗੀਤ ਵਜਾਉਂਦੇ ਹਨ ਕਿ ਸੁਣਨ ਵਾਲੇ ਸ਼ਰਮ 'ਚ ਮਰ ਮਰ ਜਾਂਦੇ ਹਨ। ਕੰਨ ਵੱਖਰੇ ਪਾਟਣ ਨੂੰ ਆਉਂਦੇ ਹਨ। ਤੁਸੀਂ ਆਪਣਾ ਮੁਬਾਈਲ ਵੀ ਨਹੀਂ ਸੁਣ ਸਕਦੇ। ਜੇ ਕੋਈ ਇਸ ਨੂੰ ਘੱਟ ਜਾਂ ਬੰਦ ਕਰਨ ਲਈ ਕਹੇ ਤਾਂ ਜੁਆਬ ਮਿਲਦਾ ਹੈ, "ਬੈਠਣਾ ਹੈ ਤਾਂ ਬੈਠ ਨਹੀਂ ਤਾਂ ਹੇਠਾਂ ਉਤਰ ਜਾਹ, ਦੂਜੀ ਬੱਸ 'ਚ ਆ ਜਾਵੀਂ ਜਿਸ 'ਚ ਸਪੀਕਰ ਨਾ ਹੋਊ।" ਮੁਸਾਫ਼ਰ ਇਨ੍ਹਾਂ ਬੱਸਾਂ ਰਾਹੀਂ ਸਹੀ ਸਲਾਮਤ ਟਿਕਾਣੇ ਪੁਜ ਕੇ ਇੰਜ ਮਹਿਸੂਸ ਕਰਦਾ ਹੈ ਜਿਵੇਂ ਕੋਈ ਬਲਦੀ ਅੱਗ 'ਚੋਂ ਬੱਚ ਕੇ ਆਇਆ ਹੋਵੇ। ਨਿੱਕੇ ਅੱਡਿਆਂ 'ਚੋਂ ਬੱਸ ਓਨਾ ਚਿਰ ਰੋਕੀ ਰਖਦੇ ਹਨ ਜਿੰਨਾ ਚਿਰ ਪਿਛਲੀ ਬੱਸ ਆ ਕੇ ਹਾਰਨ ਨਾ ਮਾਰਨ ਲੱਗ ਜਾਵੇ। ਜੇ ਪਿਛਲੀ ਬੱਸ ਫ਼ਾਟਕ ਜਾਂ ਕਿਸੇ ਹੋਰ ਕਾਰਨ ਲੇਟ ਹੋ ਗਈ ਤਾਂ ਸਮਝੋ ਅਗਲੀਆਂ ਵੀ ਲੇਟ। ਮੁਸਾਫ਼ਰ ਬੱਸ ਤੋਰਨ ਲਈ ਮਰਲੇ ਮਾਰਦੇ ਹਨ ਪਰ ਸਭ ਬੇਕਾਰ।



ਮੋਗਾ ਦੀ ਪੀੜਤ ਔਰਤ ਦਾ ਸੁੰਨਸਾਨ ਪਿਆ ਘਰ ਅਤੇ (ਹਾਸ਼ੀਏ 'ਚ) ਮ੍ਰਿਤਕ ਲੜਕੀ ਦੀ ਪੁਰਾਣੀ ਤਸਵੀਰ।

ਅਜੋਕੇ ਤੇ ਪੁਰਾਣੇ ਹਾਕਮ ਲਾਣੇਤੇ ਉਨ੍ਹਾਂ ਦੇ ਹੱਥ ਠੋਕਿਆਂ ਦੀਆਂ ਇਕ-ਇਕ ਨੰਬਰ 'ਤੇ ਕਈ-ਕਈ ਬੱਸਾਂ ਚਲਦੀਆਂ ਹਨ। ਸਭ ਤੋਂ ਵਧੀਆ ਰੂਟ ਇਨ੍ਹਾਂ ਨਿੱਜੀ ਬੱਸਾਂ ਵਾਲਿਆਂ ਕੋਲ ਹਨ। ਕਈ ਬੱਸਾਂ ਬਿਨਾਂ ਰੂਟਾਂ ਦੇ ਹੀ ਚਲਦੀਆਂ ਰਹਿੰਦੀਆਂ ਹਨ। ਸਈਆਂ ਭਏ ਕੋਤਵਾਲ ਅਬ ਡਰ ਕਾਹੇ ਕਾ। ਜੇ ਕੋਈ ਗਰਭਵਤੀ ਜਾਂ ਬੱਚੇ ਵਾਲੀ ਸਵਾਰੀ ਸੀਟ ਦੀ ਮੰਗ ਕਰ ਬੈਠੇ ਤਾਂ ਉਸ ਦੀ ਲਾਹ-ਪਾਹ ਕ ਕੇ ਘਰੇ ਬੈਠੇ ਰਹਿਣ ਦੀ ਮੱਤ ਦਿੰਦੇ ਹਨ। ਜਦ ਇਹ ਬੱਸਾਂ ਤੇਜ਼ ਦੌੜਦੀਆਂ ਹਨ ਤਾਂ ਅਕਸਰ ਸੁਣੀਦਾ ਹੈ 'ਪਰੇ ਹੱਟ ਜਾਓ, ਇਨ੍ਹਾਂ ਨੂੰ ਸੱਤ ਖ਼ੂਨ ਮਾਫ਼ ਨੇ।' ਕੀ ਮੋਟਰ ਸਾਈਕਲਾਂ/ਕਾਰਾਂ ਵਾਲੇ ਸਭ ਇਨ੍ਹਾਂ ਤੋਂ ਡਰਦੇ ਨੇ ਕਿ ਪਤਾ ਨਹੀਂ ਇਹ ਕਿਥੇ ਮਾਰ ਕੇ ਸੁੱਟ ਜਾਣ। ਇਹ ਸੁਣ ਕੇ ਹੈਰਾਨੀ ਹੁੰਦੀ ਹੈ ਕਿ ਏ.ਸੀ. ਬੱਸਾਂ ਦਾ ਟੈਕਸ ਹੀ 10 ਗੁਣਾਂਤਕ ਘੱਟ ਹੈ ਤੇ ਇਸ ਲਈ ਬਹੁਤੇ ਟਰਾਂਸਪੋਰਟਰਾਂ ਨੇ ਹੁਣ ਏ.ਸੀ. ਬੱਸਾਂ ਹੀ ਚਲਾ ਲਈਆਂ ਨੇ। ਕਿਰਾਇਆ ਵੱਧ ਟੈਕਸ ਘੱਟ। ਮੌਜਾਂ ਹੀ ਮੌਜਾਂ। ਇਹ ਬੱਸ ਮਾਲਕ ਆਪਣੇ ਮੁਲਾਜ਼ਮਾਂ ਨੂੰ ਗੁਲਾਮਾਂ ਵਾਂਗ ਰੱਖਦੇ ਹਨ। ਦੋ-ਤਿੰਨ ਹਜ਼ਾਰ ਤਨਖ਼ਾਹ- ਫੇਰ ਵੀ ਉਹ ਇਨ੍ਹਾਂ ਦੇ ਬੰਦੂਆ ਮਜ਼ਦੂਰਾਂ ਵਾਂਗ ਹੀ ਵਿਚਰਦੇ ਹਨ।

ਕੀ ਨਿੱਜੀ ਬੱਸਾਂ ਲਈ ਕੋਈ ਕਾਇਦਾ ਕਾਨੂੰਨ ਨਹੀਂ ਹੈ? ਕੀ ਬੱਸਾਂ ਵਿਚ ਸਪੀਕਰ ਲਾਉਣ ਦੀ ਮਨਾਹੀ ਨਹੀਂ ਕੀਤੀ ਜਾ ਸਕਦੀ। ਕੀ ਸਪੀਡ ਸੀਮਾ ਕਾਨੂੰਨ ਸਖ਼ਤੀ ਨਾਲ ਲਾਗੂ ਨਹੀਂ ਕੀਤਾ ਜਾ ਸਕਦਾ? ਕੀ 52 ਸੀਟਾਂ ਵਾਲੀ ਬੱਸ 'ਤੇ ਸਿਰਫ਼ ਤੇ ਸਿਰਫ਼ 52 ਸਵਾਰੀਆਂ ਹੀ ਨਹੀਂ ਚੜ੍ਹਾਈਆਂ ਜਾਣੀਆਂ ਚਾਹੀਦੀਆਂ? ਕੀ ਬੱਸਾਂ ਵਿਚ ਤੇ ਰਸਤਿਆਂ ਵਿਚ ਕੈਮਰੇ ਨਹੀਂ ਲਗ ਸਕਦੇ? ਕੀ ਕੋਈ ਵਿਵਸਥਾ ਨਹੀਂ ਕਿ ਘੱਟੋ ਘੱਟ ਅਧੀਆਂ ਬੱਸਾਂ ਸਰਕਾਰੀ ਹੋਣ ਅਤੇ ਹਰ ਰੂਟ 'ਤੇ ਚੱਲਣ। ਕੀ ਜੰਮੂ ਕਸ਼ਮੀਰ, ਹਿਮਾਚਲ, ਹਰਿਆਣਾ, ਚੰਡੀਗੜ੍ਹ ਦੀ ਤਰਜ਼ 'ਤੇ ਪੰਜਾਬ ਰੋਡਵੇਜ ਵਿਚ ਫਿਰ ਤੋਂ ਜਾਨ ਨਹੀਂ ਪੈ ਸਕਦੀ? ਪਰ ਸਵਾਲਾਂ ਦਾ ਸਵਾਲ ਤਾਂ ਇਹ ਹੈ ਕਿ ਜੇ ਸਰਕਾਰ ਹੋਵੇ ਤਦ ਹੀ ਕਾਨੂੰਨ ਲਾਗੂ ਹੋਣਗੇ? ਬੱਸਾਂ ਤਾਂ ਕੀ ਹਰ ਖੇਤਰ ਵਿਚ ਲੋਕੀਂ ਕੁੱਟੇ ਤੇ ਲੁੱਟੇ ਜਾ ਰਹੇ ਹਨ। ਜੇ ਲੋਕਾਂ ਦੇ ਹਕੀਕੀ ਵਾਰਸ ਹੁਣ ਵੀ ਨਹੀਂ ਜਾਗਣੇ ਤਾਂ ਕਦੋਂ ਜਾਗਣਗੇ? ਬੰਦਾ ਬਹਾਦਰ ਦੀ ਵਿਰਾਸਤ ਨੂੰ ਕੌਣ ਅੱਗੇ ਤੋਰੇਗਾ? ਇਸ ਖ਼ਤਰਨਾਕ ਅਵਸਥਾ ਨੂੰ ਬਦਲਣ ਲਈ ਇਕੋ ਇਕ ਤੇ ਸਹੀ ਰਾਹ ਲੋਕ ਪੱਖੀ ਸ਼ਕਤੀਆਂ ਵਲੋਂ ਜਨ ਸਮੂਹਾਂ ਨੂੰ ਸੁਸਿਖਿਅਤ ਤੇ ਜਥੇਬੰਦ ਕਰ ਕੇ ਉਨ੍ਹਾਂ ਨੂੰ ਜਨ ਅੰਦੋਲਨਾਂ ਵਿਚ ਪਾਉਣਾ ਅਤੇ ਮਲਕ ਭਾਗੋਆਂ ਨੂੰ ਹਰਾਉਣਾ ਜਨਤਕ ਪ੍ਰਤੀਰੋਧ ਹੀ ਇਸ ਚਿੰਤਾਜਨਕ ਸਥਿਤੀ ਬਦਲਣ ਦਾ ਰਾਹ ਹੈ। ਹੋਰ ਕੋਈ ਰਾਹ ਨਹੀਂ।

16 ਮਈ 2015 ਨੂੰ ਔਰਬਿਟ ਮਾਲਕਾਂ ਵਲੋਂ ਸਾਰੀਆਂ ਪ੍ਰਾਈਵੇਟ ਕੰਪਨੀਆਂ ਦੀ ਲਾਬੀ ਨੇ ਪੰਜਾਬ ਵਿਚ ਹੜਤਾਲ ਕੀਤੀ। ਪੰਜ ਹਜ਼ਾਰ ਤੋਂ ਵਧੇਰੇ ਬੱਸਾਂ ਬੰਦ ਰਹੀਆਂ। ਪੰਜਾਬ ਦੇ ਸਾਰੇ ਲੋਕ ਆਖਦੇ ਹਨ ਕਿ ਇਹ ਹੜਤਾਲ ਜਬਰੀ ਕਰਵਾਈ ਗਈ ਹੈ ਅਤੇ ਇਹ 'ਸੁਖਬੀਰ ਬਾਦਲ ਸਪਾਂਸਰਡ' ਦੀ ਭਾਈਵਾਲ ਨਿਊ ਦੀਪ ਬੱਸ ਕੰਪਨੀ ਦੇ ਡਰਾਈਵਰ-ਕੰਡਕਟਰ ਨੇ ਮੁਕਤਸਰ ਵਿਖੇ ਦੋ ਨਾਬਾਲਗ ਲੜਕੀਆਂ ਨਾਲ ਛੇੜਛਾੜ ਕੀਤੀ ਤੇ ਉਨ੍ਹਾਂ ਨੂੰ ਬੱਸ 'ਚੋਂ ਉਤਰਣ ਲਈ ਮਜਬੂਰ ਕਰ ਦਿੱਤਾ। ਲੋਕਾਂ ਨੇ ਸੜਕਾਂ ਜਾਮ ਕਰ ਕੇ ਪੁਲੀਸ ਨੂੰ ਦੋਸ਼ੀ ਡਰਾਈਵਰ-ਕੰਡਕਟਰ ਵਿਰੁੱਧ ਕੇਸ ਦਰਜ ਕਰਨ ਲਈ ਮਜਬੂਰ ਕੀਤਾ। ਬਸ ਇਸੇ ਦੇ ਵਿਰੋਧ ਵਿਚ ਕੇਸ ਰੱਦ ਕਰਵਾਉਣ ਲਈ ਔਰਬਿਟ ਬੱਸ ਦੇ ਮਾਲਕਾਂ ਦੀ ਧੌਂਸ ਨਾਲ ਇਹ ਹੜਤਾਲ ਕਰਵਾਈ ਗਈ। ਨਿਊ ਦੀਪ ਬੱਸ ਕੰਪਨੀ ਦੇ ਹੈਂਕੜਬਾਜ਼ ਬੱਸ ਡਰਾਈਵਰ-ਕੰਡਕਟਰ ਨੇ ਮੋਗਾ ਬੱਸ ਕਾਂਡ ਦੇ ਵਿਰੋਧ ਵਿਚ ਮੁਜਾਹਰਾ ਕਰਦੇ ਵਿਦਿਆਰਥੀਆਂ ਉਪਰ ਬੱਸ ਚਾੜ੍ਹਨ ਦਾ ਯਤਨ ਕੀਤਾ। ਵਿਦਿਆਰਥੀਆਂ ਨੇ ਮਸਾਂ ਜਾਨ ਬਚਾਈ। ਪ੍ਰੰਤੂ ਬਜਾਏ ਇਸ ਦੇ ਕਿ ਡਰਾਈਵਰ-ਕੰਡਕਟਰ ਵਿਰੁੱਧ ਪਰਚਾ ਦਰਜ ਹੋਵੇ, ਇਸ ਦੇ ਉਲਟ ਪੁਲੀਸ ਨੇ ਵਿਦਿਆਰਥੀਆਂ ਉਪਰ ਕਤਲ ਦੇ ਪਰਚੇ ਦਰਜ ਕਰ ਦਿੱਤੇ। ਇਹ ਹਾਕਮੀ ਜੁਲਮ ਦੀ ਇੰਤਹਾ ਹੈ।

New Location of
K.P. ACCOUNTING & TAX SERVICES
SAVE YOUR TAX
FOR FAST REFUND USE E-FILES
- INDIVIDUAL TAX RETURNS
- INCORPORATION OF COMPANIES
- PAYROLL, T4 SLIPS
- CORPORATE TAX RETURNS
ਇਨਕਮ ਟੈਕਸ ਦੇ ਪੇਪਰ ਭਰਾਉਣ ਲਈ ਆਪਣੇ ਭਾਈਚਾਰੇ ਦੇ ਜਾਣੇ-ਪਛਾਣੇ ਅਕਾਊਂਟੈਂਟ ਕਪਿਲ ਸ਼ਰਮਾ ਨਾਲ ਸੰਪਰਕ ਕਰੋ
Ph. : 780-469-2677 Fax : 780-469-2026
9218 34 Ave in Plaza 34

Kapil Sharma

ਕੁਲ ਸੰਸਾਰ ਇਕ ਪਰਿਵਾਰ...
ਨਵੀਂ ਦੁਨੀਆ

## ਸੰਪਾਦਕੀ

# ਇਹ ਕੇਹੀ ਖੁਸ਼ਹਾਲੀ?

ਪੰਜਾਬ ਦੇ ਮੁੱਖ ਮੰਤਰੀ ਪਰਕਾਸ਼ ਸਿੰਘ ਬਾਦਲ ਅਤੇ ਉਨ੍ਹਾਂ ਦੇ ਸਾਹਿਬਜ਼ਾਦੇ ਅਤੇ ਸੂਬੇ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਾ ਇਹ ਸਾਬਤ ਕਰਨ ’ਤੇ ਲਗਾਤਾਰ ਜ਼ੋਰ ਲੱਗਾ ਹੋਇਆ ਹੈ ਕਿ ਪੰਜਾਬ ਖੂਬ ਤਰੱਕੀ ’ਤੇ ਹੈ ਤੇ ਪੰਜਾਬ ਜਿੰਨੀ ਖੁਸ਼ਹਾਲੀ ਕਿਸੇ ਹੋਰ ਸੂਬੇ ਦੇ ਹਿੱਸੇ ਨਹੀਂ ਹੈ।

ਕੀ ਆਪਣਾ ਪੰਜਾਬ ਸੱਚੀਓਂ ਖੁਸ਼ਹਾਲ ਐ?

ਪਿੱਛੇ ਜਿਹੇ ਇਕ ਵਕਾਰੀ ਰਸਾਲੇ ਨੇ ਵੀ ਪੰਜਾਬ ਨੂੰ ਸਭ ਤੋਂ ਖੁਸ਼ਹਾਲ ਸੂਬੇ ਦਾ ਸਰਟੀਫਿਕੇਟ ਜਾਰੀ ਕਰ ਦਿੱਤਾ ਸੀ। ਇਸ ਦਾ ਪ੍ਰਚਾਰ ਕਰਨ ਲਈ ਸੁਖਬੀਰ ਸਿੰਘ ਬਾਦਲ ਨੇ ਮੀਡੀਆ ਵਿਚ ਲਗਾਤਾਰ ਇਸ਼ਤਹਾਰਬਾਜ਼ੀ ਵੀ ਕੀਤੀ। ਇੱਥੇ ਬਹੁਤ ਹੀ ਮਹੱਤਵਪੂਰਨ ਸਵਾਲ ਆ ਖਲੋਂਦਾ ਹੈ ਕਿ ਭਲਾ, ਇਸ਼ਤਿਹਾਰਬਾਜ਼ੀ ਦੀ ਲੋੜ ਕਿਸਨੂੰ ਹੁੰਦੀ ਹੈ? ਜੁਆਬ ਹੈ-ਸੱਚ ਨੂੰ ਕਿਸੇ ਵਿਗਿਆਪਨ ਦੀ ਜ਼ਰੂਰਤ ਨਹੀਂ ਹੁੰਦੀ। ਇਸ਼ਤਿਹਾਰ ਤੁਹਾਡੀਆਂ ਅੱਖਾਂ ਚੁੰਧਿਆ ਸਕਦਾ ਹੈ, ਹੋਣੀ ਨਹੀਂ ਬਦਲ ਸਕਦਾ। ਸੱਚ ਇਹ ਹੈ ਕਿ ਜਿਸ ਗਰੀਬ ਦੇ ਕੱਚੇ -ਪਿੱਲੇ ਮਕਾਨ ਦੀਆਂ ਕੰਧਾਂ ’ਤੇ ਫਿਲਮੀ ਹੀਰੋਇਨਾਂ ਬੇਸ਼ਕੀਮਤੀ ਪਹਿਰਾਵਿਆਂ ਦੀ ਮਸ਼ਹੂਰੀ ਕਰਦੀਆਂ ਦਿਖਾਈ ਦਿੰਦੀਆਂ ਹਨ, ਉਸੇ ਮਕਾਨ ਅੰਦਰ ਰਹਿਣ ਵਾਲੀਆਂ ਔਰਤਾਂ ਦੇ ਜਿਸਮਾਂ ’ਤੇ ਪੂਰੇ ਕਪੱੜੇ ਤੱਕ ਨਹੀਂ ਹੁੰਦੇ।

ਸੁਖਬੀਰ ਸਿੰਘ ਬਾਦਲ ਖੁਸ਼ ਹੋ ਸਕਦੇ ਹਨ-ਉਨ੍ਹਾਂ ਕੋਲ ਖੁਸ਼ ਹੋਣ ਦੇ ਕਾਰਣ ਹਨ ਪਰ ਪੰਜਾਬ ਦੇ ਆਮ ਬੰਦੇ ਕੋਲ ਖੁਸ਼ ਹੋਣ ਦਾ ਕੋਈ ਸਬੱਬ ਨਹੀਂ ਹੈ। ਆਮ ਬੰਦਾ ਸੁਖਬੀਰ ਸਿੰਘ ਬਾਦਲ ਦੇ ਜਸ਼ਨ ਵਿਚ ਕੱਤਈ ਸ਼ਾਮਲ ਨਹੀਂ ਹੋ ਸਕਦਾ। ਉਸ ਕੋਲ ਅਜਿਹਾ ਕੁਝ ਨਹੀਂ ਜਿਹਦੇ ਕਰਕੇ ਉਹ ਲੁੱਡੀਆਂ ਪਾ ਸਕੇ। ਆਮ ਪੰਜਾਬੀ ਦੇ ਸਾਹਮਣੇ ਤਾਂ ਤੰਗੀਆਂ-ਤੁਰਸੀਆਂ ਤੇ ਸਮਸਿਆਵਾਂ ਦਾ ਅਜਿਹਾ ਜੰਜਾਲ ਹੈ, ਜਿਹਦੇ ਤੋਂ ਦੁਨੀਆ ਦਾ ਕੋਈ ਸਨਮਾਨ ਉਸ ਨੂੰ ਨਿਜਾਤ ਨਹੀਂ ਦਿਵਾ ਸਕਦਾ।

ਦਰਅਸਲ ਇਹ ਖੁਸ਼ਹਾਲੀ ਨਹੀਂ ਖੁਸ਼ਹਾਲੀ ਦਾ ਮਜ਼ਾਕ ਹੈ। ਖੁਸ਼ਹਾਲੀ ਦੀ ਇਸ ਤਰ੍ਹਾਂ ਖਿੱਲ੍ਹੀ ਉਡਾਉਣ ਵਿਚ ਪੰਜਾਬ ਦੇ ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਦਾ ਕੋਈ ਸਾਨੀ ਨਹੀਂ ਹੈ। ਜੇ ਸੱਚਮੁਚ ਹੀ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੇ ਰਾਜ ਦੌਰਾਨ ਆਮ ਬੰਦਾ ਕਿਸੇ ਤਕਲੀਫ਼ ਵਿਚ ਨਹੀਂ ਹੈ ਤਾਂ ਇਹ ਸਵਾਲ ਤਾਂ ਸਾਧਾਰਨ ਬੱਚਾ ਵੀ ਪੁੱਛ ਸਕਦਾ ਹੈ ਕਿ ਹਰ ਦਿਨ ਅਖ਼ਬਾਰਾਂ ਲੋਕਾਂ ਅਤੇ ਪੁਲਸ ਦੇ ਟਕਰਾਅ ਵਾਲੀਆਂ ਖ਼ਬਰਾਂ-ਫੋਟੋਆਂ ਨਾਲ ਕਿਉਂ ਭਰੀਆਂ ਹੁੰਦੀਆਂ ਹਨ? ਕਿਉਂ ਭਲਾ ਬੇਰੁਜ਼ਗਾਰ ਅਧਿਆਪਕ ਲਗਾਤਾਰ ਮਰਨ ਵਰਤ ਰੱਖਣ ਲਈ ਮਜਬੂਰ ਹੁੰਦੇ ਹਨ। ਇਹ ਖ਼ਬਰ ਕਿਉਂ ਆ ਜਾਂਦੀ ਹੈ ਕਿ ਪਿਛਲੇ 8 ਸਾਲਾਂ ਦੌਰਾਨ ਪੰਜਾਬ ਦੇ ਹਜ਼ਾਰਾਂ ਕਿਸਾਨ ਖੁਦਕੁਸ਼ੀ ਕਰ ਚੁੱਕੇ ਹਨ। ਨਵੇਂ ਰੁਜ਼ਗਾਰ ਪੈਦਾ ਨਹੀਂ ਹੋ ਰਹੇ, ਜਿਹੜੇ ਹਨ, ਉਹ ਵੀ ਖੁੱਸ ਰਹੇ ਹਨ ਤੇ ਬੇਰੁਜ਼ਗਾਰਾਂ ਦੀ ਇਕ ਤਕੜੀ ਫੌਜ ਦਿਸ਼ਾਹੀਣ ਹੋ ਕੇ ਭਟਕ ਰਹੀ ਹੈ, ਜਿਸਨੇ ਅੱਜ ਨਹੀਂ ਤਾਂ ਕੱਲ੍ਹ ਪੰਜਾਬ ਵਿਚ ਪੂਰੀ ਤਰ੍ਹਾਂ ਅਰਾਜਕਤਾ ਦਾ ਮਾਹੌਲ ਪੈਦਾ ਕਰਨ ਵੱਲ ਵਧਣਾ ਹੈ। ਵਿਦਿਅਕ ਅਦਾਰੇ ਜਵਾਨੀ ਦੇ ਹਿੰਸਕ ਧਮਾਕਿਆਂ ਨਾਲ ਦਹਿਲ ਰਹੇ ਹਨ। ਪੰਜਾਬ ਦੇ ਬੁਨਿਆਦੀ ਢਾਂਚੇ ਦੀਆਂ ਚੂਲਾਂ ਹੌਲੀ-ਹੌਲੀ ਢਿਲੀਆਂ ਹੋਈ ਜਾ ਰਹੀਆਂ ਹਨ। ਹਿੰਸਕ ਅੰਦੋਲਨਾਂ ਕਾਰਨ ਆਮ ਲੋਕਾਂ ਦੇ ਜੀਵਨ ਦੀ ਕੋਈ ਸੁਰਖਿਆ ਹੀ ਨਹੀਂ ਰਹੀ ਹੈ। ਇਸਤੋਂ ਇਲਾਵਾ ਲਗਾਤਾਰ ਵੱਧ ਰਹੀ ਮਹਿੰਗਾਈ ਨੇ ਆਮ ਬੰਦੇ ਦੇ ਮੂੰਹੋਂ ਬੁਰਕੀ ਵੀ ਖੋਹ ਲੈਣ ਦੇ ਹਾਲਾਤ ਪੈਦਾ ਕਰ ਦਿੱਤੇ ਹਨ। ਰੋਜ਼ੀ-ਰੋਟੀ ਦੀ ਲੜਾਈ ਲੜਨ ਵਾਲੇ ਕਿਉਂ ਭਲਾ ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਦੇ ਪੁਤਲੇ ਸਾੜਨ ਲਈ ਮਜਬੂਰ ਹੁੰਦੇ ਹਨ। ਪੰਜਾਬ ਦੀ ਬੇਚੈਨ ਰੂਹ ਸਰਕਾਰੀ ਖੁਸ਼ਹਾਲੀ ਨੂੰ ਸਵਾਲ ਕਰਦੀ ਹੈ ਕਿ ਦਸਿਆ ਜਾਵੇ- ‘ਲੱਖਾਂ ਪੰਜਾਬੀ ਨੌਜਵਾਨਾਂ ਦੇ ਬੇਕਾਰ ਹੱਥਾਂ ਵਿਚ ਕੋਈ ਕੰਮ-ਕਾਰ ਦੀ ਥਾਂ ਨਸ਼ੀਲੀਆਂ ਦਵਾਈਆਂ ਦੀਆਂ ਸ਼ੀਸ਼ੀਆਂ ਕਿਉਂ ਹਨ? ਕੁੱਖ ਵਿਚ ਹੀ ਧੀਆਂ ਨੂੰ ਕਤਲ ਕਰਨ ਵਿਚ ਪੰਜਾਬ ਪਹਿਲੇ ਨੰਬਰ ’ਤੇ ਕਿਉਂ ਹੈ? ਅਤੇ ਜੁਰਮਾਂ ਵਿਚ ਵੀ ਪੰਜਾਬ ਹੁਣ ਬਿਹਾਰ ਅਤੇ ਯੂ.ਪੀ. ਦਾ ਮੁਕਾਬਲਾ ਕਿਉਂ ਕਰਨ ਲੱਗ ਪਿਆ ਹੈ?’ ਬਹੁਤ ਸਵਾਲ ਹਨ। ਸਫ਼ਿਆਂ ਦੇ ਸਫ਼ੇ ਭਰੇ ਜਾ ਸਕਦੇ ਹਨ ਪਰ ਸਵਾਲਾਂ ਦਾ ਸਵਾਲ ਇਹ ਹੀ ਹੈ ਕਿ ਪਿੰਡਾਂ ਅਤੇ ਸ਼ਹਿਰਾਂ ਦੀਆਂ ਗਰੀਬ ਬਸਤੀਆਂ ਵਿਚ ਜ਼ਿੰਦਗੀ ਨੂੰ ਜੀਉਣ ਦੀ ਥਾਂ ਰੇੜਨ ਲਈ ਮਜਬੂਰ ਲੋਕਾਂ ਦੇ ਪਿਲੱਤਣ ਭਰੇ ਚਿਹਰੇ ਕਿਸ ਖੁਸ਼ਹਾਲੀ ਦਾ ਪ੍ਰਤੀਕ ਹਨ।

ਜੇਕਰ ਇਨ੍ਹਾਂ ਹਾਲਤਾਂ ਵਿਚ ਵੀ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਨੂੰ ਪੰਜਾਬ ਖੁਸ਼ਹਾਲ ਦਿਖਾਈ ਦੇ ਰਿਹਾ ਹੈ ਤਾਂ ਬਿਨਾਂ ਸ਼ੱਕ ਪੰਜਾਬ ਖੁਸ਼ਹਾਲ ਹੈ। ਪਰ ਇਕ ਗੱਲ ਅਸੀਂ ਪੂਰੇ ਦਾਅਵੇ ਨਾਲ ਕਹਿ ਸਕਦੇ ਹਾਂ ਕਿ ਰੋਜ਼ਾਨਾ ਜੀਵਨ ਵਿਚ ਦਰਪੇਸ਼ ਔਕੜਾਂ, ਸਮਸਿਆਵਾਂ ਨਾਲ ਜੂਝ ਰਹੇ ਲੋਕਾਂ ਨੂੰ ਇਸ਼ਤਿਹਾਰਬਾਜ਼ੀ ਨਾਲ ਨਾ ਤਾਂ ਪਹਿਲਾਂ ਕਦੇ ਵਰਚਾਇਆ ਜਾ ਸਕਿਆ ਹੈ ਅਤੇ ਨਾ ਹੀ ਹੁਣ ਭਰਮਾਇਆ ਜਾ ਸਕਦਾ ਹੈ। ਲੋਕ ਜੋ ਆਪਣੇ ਪਿੰਡੇ ’ਤੇ ਹੰਢਾਉਂਦੇ-ਮਹਿਸੂਸਦੇ ਹਨ, ਉਸਦੀ ਰਸੀਦ ਹੀ ਵੋਟ ਬਕਸਿਆਂ ਵਿਚ ਪਾਇਆ ਕਰਦੇ ਹਨ। ਪੰਜਾਬ ਦਾ ਹੁਣ ਤੱਕ ਦਾ ਇਤਿਹਾਸ ਤਾਂ ਇਹ ਹੀ ਦਸੱਦਾ ਹੈ ਅਤੇ ਭਾਰਤ ਦਾ ਇਤਿਹਾਸ ਵੀ ਕੋਈ ਵੱਖਰਾ ਨਹੀਂ। ਸੋ, ਦੋਵੇਂ ਬਾਦਲ ਵੀ ਜੇਕਰ ਕਿਸੇ ਭੁਲੇਖੇ ਵਿਚ ਨਾ ਰਹਿਣ ਤਾਂ ਚੰਗਾ ਰਹੇਗਾ।

# ਸੰਤਾਨ ਸੰਖਿਆ ਸਬੰਧੀ ਦਿੱਤੀਆਂ ਜਾ ਰਹੀਆਂ ਸਲਾਹਾਂ

ਪ੍ਰੋ. ਰਾਕੇਸ਼ ਰਮਨ
+91-98785-31166
raman.mlp@gmail.com



ਭਾਰਤ ਵਿਚ ਆਬਾਦੀ ਦੇ ਵਾਧੇ ਨੂੰ ਨਿਯੰਤਰਣ ਵਿਚ ਰੱਖਣ ਲਈ ਪਰਿਵਾਰ ਨਿਯੋਜਨ ਦੀ ਮੁਹਿੰਮ ਨੂੰ ਰਾਸ਼ਟਰੀ ਪੱਧਰ ’ਤੇ ਮਾਨਤਾ ਹਾਸਲ ਹੋਈ ਹੈ। ਸਭ ਪੜ੍ਹੇ ਲਿਖੇ ਲੋਕਾਂ ਨੇ ਇਸ ਮੁਹਿੰਮ ਦਾ ਅਸਰ ਕਬੂਲਦਿਆਂ ਹੋਇਆਂ, ਆਪਣੀਆਂ ਅਗਲੀਆਂ ਪੀੜੀਆਂ ਦੇ ਹਿੱਤ ਸੁਰੱਖਿਅਤ ਰੱਖਣ ਲਈ, ਛੋਟੇ ਪਰਿਵਾਰ ਨੂੰ ਤਰਜੀਹ ਦਿੱਤੀ ਹੈ। ਸਮਾਜ ਸ਼ਾਸਤਰੀਆਂ ਦਾ ਮੱਤ ਹੈ ਕਿ ਆਬਾਦੀ ਦੇ ਬੇਤਹਾਸ਼ਾ ਵਾਧੇ ਅਤੇ ਅਨਪੜ੍ਹਤਾ ਦਾ ਸਿੱਧਾ ਸਬੰਧ ਹੈ। ਸਮਾਜ ਜਿੰਨਾ ਪੜ੍ਹਿਆ ਲਿਖਿਆ ਅਤੇ ਮਜ਼ਬੂਤ ਹੋਵੇਗਾ ਓਨਾ ਹੀ ਪਰਿਵਾਰ ਦੇ ਅਕਾਰ ਪ੍ਰਤੀ ਸੁਚੇਤ ਹੋਵੇਗਾ। ਸਾਡੇ ਦੇਸ਼ ਦੇ ਕਿਸੇ ਵੀ ਵੱਡੇ ਰਾਸ਼ਟਰੀ ਰਾਜਸੀ ਨੇਤਾ ਨੇ ਕਦੇ ਵੀ ਲੋਕਾਂ ਨੂੰ ਵਧੇਰੇ ਬੱਚੇ ਪੈਦਾ ਕਰਨ ਦੀ ਸਲਾਹ ਨਹੀਂ ਦਿੱਤੀ। ਇਸ ਦੇ ਬਾਵਜੂਦ ਜੇ ਆਜ਼ਾਦੀ ਤੋਂ ਮਗਰੋਂ ਦੇਸ਼ ਦੀ ਆਬਾਦੀ ਵਿਚ ਚਾਰ ਗੁਣਾਂ ਵਾਧਾ ਹੋਇਆ ਹੈ ਤਾਂ ਇਸ ਦਾ ਵੱਡਾ ਕਾਰਨ ਗ਼ਰੀਬੀ ਅਤੇ ਅਨਪੜ੍ਹਤਾ ਨੂੰ ਹੀ ਸਮਝਿਆ ਜਾ ਰਿਹਾ ਹੈ। ਸਰਕਾਰੀ ਪੱਧਰ ’ਤੇ ਪਰਿਵਾਰ ਨਿਯੋਜਨ ਦਾ ਪ੍ਰਚਾਰ ਭਾਵੇਂ ਮੱਠਾ ਪੈ ਗਿਆ ਹੈ, ਫਿਰ ਵੀ ਪੜ੍ਹੇ ਲਿਖੇ ਲੋਕਾਂ ਨੇ ਇਕ ਜਾਂ ਦੋ ਬੱਚਿਆਂ ਵਾਲੇ ਪਰਿਵਾਰ ਨੂੰ ਇਕ ਆਦਰਸ਼ ਵਜੋਂ ਅਪਣਾਇਆ ਹੋਇਆ ਹੈ। ਵਧੀ ਹੋਈ ਆਬਾਦੀ ਦੇ ਸੰਕਟ ਨੂੰ ਫ਼ਿਕਰਮੰਦੀ ਵਜੋਂ ਲੈਣਾ ਹਰ ਜ਼ਿੰਮੇਵਾਰ ਸ਼ਹਿਰੀ ਦਾ ਨੈਤਿਕ ਫ਼ਰਜ਼ ਹੈ।

ਮਸ਼ੀਨੀਕਰਨ ਅਤੇ ਵਿਗਿਆਨ ਦੀ ਉਨਤੀ ਤੋਂ ਪਹਿਲਾਂ ਦੇ ਦੌਰ ਵਿਚ ਵੱਡੇ ਪਰਿਵਾਰ ਦਾ ਮਹੱਤਵ ਹੁੰਦਾ ਸੀ। ਉਦੋਂ ਵੱਧ ਜੀਆਂ ਵਾਲਾ ਪਰਿਵਾਰ ਪ੍ਰਾਪਤ ਆਰਥਕ ਸਾਧਨ (ਜੋ ਕਾਫ਼ੀ ਮਾਤਰਾ ਵਿਚ ਮੌਜੂਦ ਸਨ) ਉਪਰ ਵਧੇਰੇ ਕਿਰਤ ਸ਼ਕਤੀ ਲਗਾ ਕੇ, ਉਨਤੀ ਦੀ ਦੌੜ ਵਿਚ ਅੱਗੇ ਹੁੰਦਾ ਸੀ। ਇਸ ਤੋਂ ਇਲਾਵਾ ਘਾਤਕ ਬਿਮਾਰੀਆਂ ਦੇ ਹੱਲੇ ਸਮੇਂ ਵੀ ਪਰਿਵਾਰ ਦੇ ਜੀਅ ਨੁਕਸਾਨੇ ਜਾਂਦੇ ਸਨ। ਇਸ ਲਈ ਵਧੇਰੇ ਜੀਆਂ ਵਾਲੇ ਘਰਾਂ ਵਿਚ ਪਰਿਵਾਰ ਦੀ ਹੋਂਦ ਦੇ ਬਣੇ ਰਹਿਣ ਦੀ ਸੰਭਾਵਨਾ ਘੱਟ ਹੁੰਦੀ ਸੀ। ਪਰ ਇਹ ਸੋਚ ਹੁਣ ਬਦਲ ਗਈ ਹੈ। ਮਸ਼ੀਨੀਕਰਨ ਨੇ ਕਈ-ਕਈ ਬੰਦਿਆਂ ਦਾ ਕੰਮ ਕੁਝ ਇਕ ਬੰਦੇ ਤਕ ਸੀਮਤ ਕਰ ਦਿੱਤਾ ਹੈ ਅਤੇ ਜੀਵਨ ਰੱਖਿਅਕ ਦਵਾਈਆਂ ਨੇ ਪਰਿਵਾਰਾਂ ਦੇ ਅਨਿਸਚਿਤ ਭਵਿੱਖ ਦੀ ਚਿੰਤਾ ਨੂੰ ਲਗਭਗ ਖ਼ਤਮ ਕਰ ਦਿੱਤਾ ਹੈ। ਇਸ ਲਈ ਛੋਟਾ ਪਰਿਵਾਰ ਸਾਡੇ ਸਮਿਆਂ ਲਈ ਬਿਹਤਰੀਨ ਪਰਿਵਾਰ ਹੈ। ਜੇਕਰ ਕੋਈ ਪਰਿਵਾਰ ਨੂੰ ਵੱਡਾ ਕਰਨ ਦੀ, ਵਧੇਰੇ ਬੱਚੇ ਪੈਦਾ ਕਰਨ ਦੀ ਸਲਾਹ ਦਿੰਦਾ ਹੈ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਉਹ ਵਿਅਕਤੀ ਲੋਕਾਂ ਨੂੰ ਗੁੰਮਰਾਹ ਕਰ ਰਿਹਾ ਹੈ।

ਆਰ.ਐਸ.ਐਸ. ਦੇ ਮੁਖੀ ਮੋਹਨ ਭਾਗਵਤ ਵਲੋਂ ਵਾਰ ਵਾਰ ਹਿੰਦੂਆਂ ਨੂੰ ਚਾਰ-ਚਾਰ ਬੱਚੇ ਪੈਦਾ ਕਰਨ ਦੀ ਸਲਾਹ ਦਿੱਤੀ ਜਾ ਰਹੀ ਹੈ, ਇਸ ਸਲਾਹ ਨੂੰ ਪੂਰੀ ਤਰ੍ਹਾਂ ਫ਼ਿਕਰੂ ਰੰਗਤ ਦੇ ਕੇ ਪੇਸ਼ ਕੀਤਾ ਜਾ ਰਿਹਾ ਹੈ। ਆਰ.ਐਸ.ਐਸ. ਦੇ ਮੁਖੀ ਦਾ ਤਰਕ ਇਹ ਹੈ ਕਿ ਜੇਕਰ ਹਿੰਦੂ ਪਰਿਵਾਰ ਨਿਯੋਜਨ ਦੀ ਨੀਤੀ ’ਤੇ ਅਮਲ ਕਰਦੇ ਹਨ ਤਾਂ ਉਨ੍ਹਾਂ ਦੀ ਆਬਾਦੀ ਮੁਸਲਮਾਨਾਂ ਦੇ ਮੁਕਾਬਲੇ ਘੱਟ ਜਾਵੇਗੀ। ਮੋਹਨ ਭਾਗਵਤ ਦੀ ਨਸੀਹਤ ਵਿਚ ਇਹ ਗੱਲ ਸਾਫ਼ ਝਲਕਦੀ ਹੈ ਕਿ ਹਿੰਦੂ ਪਰਿਵਾਰ ਨੂੰ ਵੱਡਾ ਰੱਖ ਕੇ ਦੁਖੀ ਭਾਵੇਂ ਹੋਈ ਜਾਣ, ਪਰ ਉਨ੍ਹਾਂ ਨੂੰ ਹਿੰਦੂਆਂ ਦੀ ਆਬਾਦੀ ਘੱਟਣ ਨਹੀਂ ਦੇਣੀ ਚਾਹੀਦੀ। ਵੱਡੇ ਪਰਿਵਾਰਾਂ ਦਾ ਖ਼ਾਮਿਆਜ਼ਾ ਭੁਗਤਣ ਲਈ ਪਹਿਲਾਂ ਹੀ ਇਸ ਤਰ੍ਹਾਂ ਦੀਆਂ ਤਾਕਤਾਂ ਨੇ ਆਪਣੀਆਂ ਸਿਆਸੀ ਪਾਰਟੀਆਂ ਦੀਆਂ ਆਰਥਕ ਨੀਤੀਆਂ ਰਾਹੀਂ ਦੇਸ਼ ਦੀ ਆਬਾਦੀ ਦੇ ਸੱਤਰ ਪ੍ਰਤੀਸ਼ਤ ਹਿੱਸੇ ਨੂੰ ਅੰਤਾਂ ਦੀ ਗ਼ਰੀਬੀ ਭੋਗਣ ਲਈ ਮਜਬੂਰ ਕੀਤਾ ਹੋਇਆ ਹੈ। ਉਪਰੋਂ ਅਜਿਹੇ ਵਿਅਕਤੀਆਂ ਦੇ ਬਿਆਨ ਧਰਮ ਦੇ ਨਾਂ ਉਪਰ ਲੋਕਾਂ ਨੂੰ ਹੋਰ ਵੀ ਖੱਜਲ ਖੁਆਰ ਕਰਨ ਵਾਲੇ ਅਤੇ ਕੁਰਾਹੇ ਪਾਉਣ ਵਾਲੇ ਹਨ। ਆਪੋ-ਆਪਣੇ ਫਿਰਕੇ ਦੀ ਸੰਖਿਆ ਵਧਾਉਣ ਦਾ ਮੁਕਾਬਲਾ ਜੇਕਰ ਦੇਸ਼ ਵਿਚ ਛਿੜ ਪੈਂਦਾ ਹੈ ਤਾਂ ਆਬਾਦੀ ਦੇ ਪੱਖੋਂ ਹਾਲਾਤ ਬਦਤਰ ਹੋ ਜਾਣਗੇ। ਫਿਰਕਿਆਂ ਵਿਚ ਆਬਾਦੀ ਵਧਾਉਣ ਦੀ ਦੌੜ ਨੂੰ ਉਤਸ਼ਾਹਿਤ ਕਰਨ ਵਾਲਾ ਇਕ ਬਿਆਨ ਪੰਜਾਬ ਵਿਚ ਵੀ ਇਕ ਧਾਰਮਕ ਸੰਸਥਾ ਦੇ ਮੁਖੀ ਨੇ ਦਿੱਤਾ ਹੈ। ਇਹ ਧਾਰਮਕ ਸੰਸਥਾ ਸਰਬੱਤ ਦਾ ਭਲਾ ਮੰਗਣ ਵਾਲੇ ਸਿੱਖ ਧਰਮ ਨਾਲ ਸਬੰਧਤ ਹੈ ਤੇ ਸਿੱਖ ਧਰਮ ਵਿਚ ਸੰਜਮ ਉਪਰ ਬਹੁਤ ਜ਼ੋਰ ਦਿੱਤਾ ਗਿਆ ਹੈ। ਧਾਰਮਕ ਸੰਸਥਾ ਦੇ ਮੁਖੀ ਦੀ ਇਹ ਸਲਾਹ ਕਿ ਸਿੱਖਾਂ ਨੂੰ ਚਾਰ-ਚਾਰ ਬੱਚੇ ਪੈਦਾ ਕਰਨੇ ਚਾਹੀਦੇ ਹਨ, ਆਰ.ਐਸ.ਐਸ. ਮੁਖੀ ਦੀ ਹਿੰਦੂਆਂ ਨੂੰ ਦਿੱਤੀ ਸਲਾਹ ਤੋਂ ਤਾਂ ਪ੍ਰੇਰਿਤ ਹੀ ਹੈ ਨਾਲ ਹੀ ਇਹ ਸਿੱਖੀ ਦੇ ਬੁਨਿਆਦੀ ਸਿਧਾਂਤ ਅਰਥਾਤ ‘ਸੰਜਮ’ ਦੇ ਵੀ ਵਿਪਰੀਤ ਹੈ। ਸਿੱਖ ਧਰਮ ਵਿਚ ਕਾਦਰ ਦੀ ਕੁਦਰਤ ਪ੍ਰਤੀ ਅਨਮੋਲ ਬਚਨ ਕੀਤੇ ਗਏ ਹਨ। ਅਜਿਹੇ ਬਚਨ ਜਿਨ੍ਹਾਂ ਦਾ ਕੋਈ ਤੋੜ ਨਹੀਂ ਹੈ। ਆਬਾਦੀ ਦਾ ਬੇਤਹਾਸ਼ਾ ਵਾਧਾ ਕੁਦਰਤ ਦੇ ਸਮਤੋਲ ਨੂੰ ਵਿਗਾੜਦਾ ਹੈ, ਇਸ ਲਈ ਆਬਾਦੀ ਦੇ ਵਾਧੇ ਨੂੰ ਉਤਸ਼ਾਹਿਤ ਕਰਨ ਵਾਲਾ ਕੋਈ ਵੀ ਨੀਤੀ ਬਿਆਨ ਸਿੱਖ ਧਰਮ ਦੀ ਮੂਲ ਭਾਵਨਾ ਦੇ ਅਨੁਕੂਲ ਨਹੀਂ ਹੈ। ਸ਼ਾਇਦ ਇਹੀ ਕਾਰਨ ਹੈ ਕਿ ਸਿੱਖ ਸੰਸਥਾ ਦੇ ਮੁਖੀ ਦੀ ਸਿੱਖਾਂ ਨੂੰ ਚਾਰ-ਚਾਰ ਬੱਚੇ ਪੈਦਾ ਕਰਨ ਦੀ ਸਲਾਹ ਦਾ ਸਿੱਖਾਂ ਨੇ ਕੋਈ ਹੁੰਗਾਰਾ ਨਹੀਂ ਭਰਿਆ, ਸਗੋਂ ਇਸ ਦੇ ਉਲਟ ਇਸ ਬਿਆਨ ਉਪਰ ਕਿੰਤੂ-ਪ੍ਰੰਤੂ ਕਾਫ਼ੀ ਸਾਹਮਣੇ ਆਏ ਹਨ। ਇਹ ਵੀ ਸਵਾਲ ਉਭਰ ਕੇ ਸਾਹਮਣੇ ਆਇਆ ਹੈ ਕਿ ਕੀ ਕਿਸੇ ਧਾਰਮਕ ਸੰਸਥਾ ਦੇ ਮੁਖੀ ਨੂੰ ਅਜਿਹੇ ਬਿਆਨ ਦੇਣੇ ਵੀ ਚਾਹੀਦੇ ਹਨ ਜਾਂ ਨਹੀਂ?

ਚਾਰ-ਚਾਰ ਬੱਚੇ ਪੈਦਾ ਕਰਨ ਦੀਆਂ ਸਲਾਹਾਂ ਦੇ ਜ਼ਾਹਰਾ ਤੌਰ ’ਤੇ ਦੋ ਪਹਿਲੂ ਨਜ਼ਰ ਆਉਂਦੇ ਹਨ। ਇਕ ਤਾਂ ਇਸ ਬਿਆਨ ਰਾਹੀਂ ਪੰਜਾਬ ਦੀਆਂ ਦੋਹਾਂ ਭਾਈਵਾਲ ਸਿਆਸੀ ਪਾਰਟੀਆਂ ਨੇ ਇਕਜੁੱਟਤਾ ਦਰਸਾਈ ਹੈ। ਦੂਜੇ, ਇਸ ਬਿਆਨ ਰਾਹੀਂ ਫਿਰਕੇਦਾਰਾਨਾ ਸੋਚ ਨੂੰ ਹੁਲਾਰਾ ਦੇਣ ਦਾ ਯਤਨ ਕੀਤਾ ਗਿਆ ਹੈ ਪਰ ਇਨ੍ਹਾਂ ਸਲਾਹਾਂ ਦਾ ਇਕ ਗੰਭੀਰ ਪਹਿਲੂ ਹੋਰ ਵੀ ਹੈ, ਜੋ ਅਜੋਕੇ ਵਿਸ਼ਵੀਕਰਨ ਦੇ ਵਰਤਾਰੇ ਨਾਲ ਜੁੜਿਆ ਹੋਇਆ ਹੈ। ਭਾਵੇਂ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਹਿੱਕ ਠੋਕ ਕੇ ਕਹਿੰਦੇ ਹਨ ਕਿ ਵਿਸ਼ਵ ਨੇ ਭਾਰਤ ਦਾ ਲੋਹਾ ਮੰਨ ਲਿਆ ਹੈ ਪਰ ਹਕੀਕਤ ਇਹ ਹੈ ਕਿ ਵਿਸ਼ਵ ਦੇ ਉੱਨਤ ਦੇਸ਼ ਭਾਰਤ ਨੂੰ ਇਕ ਮੰਡੀ ਵਜੋਂ ਹੀ ਦੇਖ ਰਹੇ ਹਨ। ਸਾਡੇ, ਕਾਰਪੋਰੇਟ ਜਗਤ ਦੇ ਉਭਾਰੇ ਹੋਏ, ਨੇਤਾ ਵੀ ਦੁਨੀਆ ਸਾਹਮਣੇ ਭਾਰਤ ਨੂੰ ਇਕ ‘ਬਿਗ ਬਾਜ਼ਾਰ’ ਵਜੋਂ ਪੇਸ਼ ਕਰਦੇ ਹਨ। ਆਬਾਦੀ ਦਾ ਜਿੰਨਾ ਵਾਧਾ ਹੋਵੇਗਾ, ਖ਼ਪਤਕਾਰਾਂ ਦੀ ਬਹੁਲਤਾ ਵਾਲਾ ਬਾਜ਼ਾਰ ਵੀ ਓਨਾ ਹੀ ਵਧੇਗਾ-ਫੁੱਲੇਗਾ, ਇਸ ਸੋਚ ਤੋਂ ਇਲਾਵਾ ਕਾਰਪੋਰੇਟ ਨੂੰ ਸਸਤੀ ਕਿਰਤ ਦੀ ਵੀ ਲੋੜ ਹੈ। ਦੁਨੀਆ ਦੇ ਕਈ ਦੇਸ਼ਾਂ ਵਿਚ ਆਬਾਦੀ ਦੇ ਵਾਧੇ ਦੀ ਦਰ ਨੈਗੇਟਿਵ ਵਿਚ ਤੇ ਕਈਆਂ ਵਿਚ ਵਾਧਾ ਦਰ ਮਾਮੂਲੀ ਜਿਹੀ ਰਹਿ ਗਈ ਹੈ। ਇਸ ਸਥਿਤੀ ਵਿਚ ਭਾਰਤ ਨੂੰ ਇਕ ਸਸਤੀ ਕਿਰਤ ਮੰਡੀ ਵਿਚ ਤਬਦੀਲ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਜਿਸ ਦੇਸ਼ ਵਿਚ ਬੇਰੁਜ਼ਗਾਰਾਂ ਦੀਆਂ ਵੱਡੀਆਂ ਭੀੜਾਂ ਤੁਰੀਆਂ ਫਿਰਦੀਆਂ ਹੋਣਗੀਆਂ, ਉਥੇ ਸਸਤੇ ਵਿਚ ਕਿਰਤ ਸ਼ਕਤੀ ਮੁੱਹਈਆ ਹੋ ਜਾਂਦੀ ਹੈ। ਇਹ ਸੋਚ ਪੂੰਜੀਵਾਦੀ ਸੋਚ ਹੈ, ਜਿਸ ਸੋਚ ਦੇ ਮਾਲਕ ਮਨੁੱਖ ਨੂੰ ਪਸ਼ੂ ਮਾਤਰ ਸਮਝਦੇ ਹਨ। ਜੇਕਰ ਪਰਿਵਾਰ ਨਿਯੋਜਨ ਦੀ ਮੁਹਿੰਮ ਨੂੰ ਭਾਰਤ ਵਿਚ ਮੱਠਾ ਕਰ ਦਿੱਤਾ ਗਿਆ ਹੈ ਤਾਂ ਇਸ ਦਾ ਅਰਥ ਵੀ ਇਹੋ ਹੈ ਕਿ ਭਾਰਤ ਨੂੰ ਕਿਰਤ ਮੰਡੀ ਵਿਚ ਤਬਦੀਲ ਕਰਨ ਦੇ ਰਾਹ ਦੀਆਂ ਰੁਕਾਵਟਾਂ ਹਟਾਈਆਂ ਜਾਣ। ਇਸ ਸਾਰੀ ਪ੍ਰਸਥਿਤੀ ਵਿਚ ਚਾਰ-ਚਾਰ ਬੱਚੇ ਪੈਦਾ ਕਰਨ ਦੀਆਂ ਸਲਾਹਾਂ ਪ੍ਰਤੀ ਕਾਫ਼ੀ ਗੰਭੀਰ ਹੋਣਾ ਬਣਦਾ ਹੈ।

ਸੰਪਾਦਕੀ ਬੋਰਡ: ਨਵਤੇਜ, ਦਲਬੀਰ ਸਾਂਗਿਆਣ, ਸੁਸ਼ੀਲ ਦੁਸਾਂਝ
ਸਲਾਹਕਾਰ ਬੋਰਡ : ਡਾ. ਕਰਮਜੀਤ ਸਿੰਘ (ਕੁਰਕਸ਼ੇਤਰ)
ਪ੍ਰੋ ਰਾਕੇਸ਼ ਰਮਨ (ਲੁਧਿਆਣਾ)
ਸੁਲੱਖਣ ਸਰਹੱਦੀ (ਗੁਰਦਾਸਪੁਰ)
ਜਸਬੀਰ ਦਿਓਲ (ਐਡਮਿੰਟਨ)
ਕਿਰਤਮੀਤ ਕੁਹਾੜ (ਐਡਮਿੰਟਨ)
ਜੈਸੀ ਸਿੰਘ (ਕੈਲਗਰੀ)
ਸੁਰਿੰਦਰ ਮਾਵੀ (ਵਿਨੀਪੈਗ ਪ੍ਰਤੀਨਿਧੀ)
ਜਗਤਾਰ ਸਾਲਮ (ਵਿਸ਼ੇਸ਼ ਪ੍ਰਤੀਨਿਧੀ)

2nd Floor, 3448 – 93 Street NW,
Edmonton T6E 6A4,
Alberta (Canada)
Phone : 780 465 9118
Fax: 780 465 0661
Email: info@nawidunia.com
http://www.facebook.com/NawiDunia

*Editorial Board : Navtej, Dalbir Sangione, Sushil Dosanjh*
*Advisory Board : Dr. Karamjeet Singh (Kurukshetra)*
*Prof. Rakesh Raman (Ludhiana)*
*Sulakhan Sarhadi (Gurdaspur)*
*Jasbir Deol (Edmonton)*
*Kirtmeet Kohar (Edmonton)*
*Jessie Singh (Calgary)*
*Surinder Mavi (Winnipeg Representative)*
*Jagtar Saalam (Special Correspondent)*

ਲੇਖਕਾਂ ਦੀਆਂ ਰਚਨਾਵਾਂ ਅਤੇ ਇਸ਼ਤਿਹਾਰਾਂ ਵਿਚ ਵਪਾਰਕ ਅਦਾਰਿਆਂ ਵਲੋਂ ਕੀਤੇ ਦਾਅਵਿਆਂ ਨਾਲ ‘ਨਵੀਂ ਦੁਨੀਆ’ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਇਸ ਵਿਕਾਸ ਵਿਚ ਨੌਕਰੀਆਂ ਕਿੱਥੇ ?

ਦੇਵਿੰਦਰ ਸ਼ਰਮਾ

ਆਰਥਕ ਵਿਕਾਸ ਦੀ ਦੌੜ ਵਿਚ ਚੀਨ ਦੀ ਸੁਸਤ ਹੁੰਦੀ ਅਰਥ ਵਿਵਸਥਾ ਨੂੰ ਪਿਛੇ ਛੱਡਣ ਦੇ ਬਾਵਜੂਦ ਜਦੋਂ ਗੱਲ ਰੁਜ਼ਗਾਰ ਪੈਦਾ ਕਰਨ ਦੀ ਆਉਂਦੀ ਹੈ, ਤਾਂ ਭਾਰਤ ਦੀ ਰਫ਼ਤਾਰ ਹੌਲੀ ਹੁੰਦੀ ਦਿਖਾਈ ਦਿੰਦੀ ਹੈ। ਲੇਬਰ ਬਿਊਰੋ ਦਾ ਇਕ ਸਰਵੇਖਣ ਦੱਸਦਾ ਹੈ ਕਿ 2014-15 ਦੀ ਤੀਸਰੀ ਤਿਮਾਹੀ ਵਿਚ ਰੁਜ਼ਗਾਰ ਵਾਧੇ ਵਿਚ ਗਿਰਾਵਟ ਆਈ ਹੈ। 2014 ਦੀ ਅਕਤੂਬਰ-ਦਸੰਬਰ ਤਿਮਾਹੀ ਦੌਰਾਨ ਅਰਥ ਵਿਵਸਥਾ ਦੇ ਅੱਠ ਮੁੱਖ ਖੇਤਰਾਂ ਵਿਚ ਮਹਿਜ਼ 1.17 ਲੱਖ ਨੌਕਰੀਆਂ ਪੈਦਾ ਕੀਤੀਆਂ ਜਾ ਸਕੀਆਂ। ਗੌਰਤਲਬ ਹੈ ਕਿ ਸਾਲ 2014 ਦੀਆਂ ਪਹਿਲੀਆਂ ਤਿਮਾਹੀਆਂ ਵਿਚ ਕੁਲ 4.57 ਲੱਖ ਨੌਕਰੀਆਂ ਪੈਦਾ ਹੋਈ। ਜੇਕਰ ਇਸ ਦਰ ਨਾਲ 2014 ਦੀ ਪਹਿਲੀ ਤਿਮਾਹੀ ਲਈ ਰੁਜ਼ਗਾਰ ਪੈਦਾ ਕਰਨ ਦਾ ਸਭ ਤੋਂ ਉੱਚਾ ਅੰਕੜਾ ਲਈਏ, ਤਾਂ ਜਨਵਰੀ ਤੋਂ ਮਾਰਚ, 2015 ਦੀ ਚੌਥੀ ਤਿਮਾਹੀ ਵਿਚ ਨੌਕਰੀਆਂ ਦੇ 5.40 ਲੱਖ ਤਕ ਹੀ ਪਹੁੰਚਣ ਦੀ ਉਮੀਦ ਕੀਤੀ ਜਾ ਸਕਦੀ ਹੈ। ਪਰ ਭਾਰਤ ਨੂੰ ਹਰ ਸਾਲ ਤਕਰੀਬਨ 1.2 ਕਰੋੜ ਨੌਕਰੀਆਂ ਪੈਦਾ ਕਰਨ ਦੀ ਲੋੜ ਹੈ, ਤਾਂ ਕਿ ਹਰ ਸਾਲ ਰੁਜ਼ਗਾਰ ਦੇ ਬਾਜ਼ਾਰ ਵਿਚ ਪ੍ਰਵੇਸ਼ ਕਰਨ ਵਾਲੇ ਕਿਰਤ ਬਲ ਦੀਆਂ ਜ਼ਰੂਰਤਾਂ ਪੂਰੀਆਂ ਕੀਤੀਆਂ ਜਾ ਸਕਣ। ਇਨ੍ਹਾਂ ਵਿਚੋਂ ਜ਼ਿਆਦਾਤਰ ਨੌਕਰੀਆਂ ਸੁਰੱਖਿਆ ਗਾਰਡਾਂ ਅਤੇ ਲਿਫਟ ਸੰਚਾਲਕਾਂ ਦੀ ਹੇਠਲੀ ਸ਼੍ਰੇਣੀ ਦੀਆਂ ਹਨ। ਜੇਕਰ ਇਸੇ ਤਰ੍ਹਾਂ ਦੀਆਂ ਨੌਕਰੀਆਂ ਪੈਦਾ ਕੀਤੀਆਂ ਜਾਣੀਆਂ ਹਨ, ਤਾਂ ਦੇਸ਼ ਲਈ ਇਹ ਸੋਚਣ ਦਾ ਬਿਲਕੁਲ ਢੁਕਵਾਂ ਸਮਾਂ ਹੈ ਕਿ ਆਖਰ ਰੁਜ਼ਗਾਰ ਪੈਦਾਵਾਰ ਦਾ ਮਤਲਬ ਕੀ ਹੈ ?

ਦਿਲਚਸਪ ਗੱਲ ਇਹ ਹੈ ਕਿ ਦੇਸ਼ ਵਿਚ ਰੁਜ਼ਗਾਰ ਖੇਤਰ ਦਾ ਨਿਰਾਸ਼ਾਜਨਕ ਦ੍ਰਿਸ਼ ਉਸ ਸਮੇਂ ਦਿਖ ਰਿਹਾ ਹੈ, ਜਦੋਂ ਵਿਤੀ ਵਰ੍ਹੇ 2014-15 ਲਈ ਆਰਥਕ ਵਿਕਾਸ ਦੀ ਦਰ 7.4 ਫੀਸਦੀ ਦੱਸੀ ਹੈ। ਉਚ ਆਰਥਕ ਵਿਕਾਸ ਦਰ ਦੇ ਸਮੇਂ ਵਿਚ ਨੌਕਰੀਆਂ ਦੀ ਸੰਖਿਆ ਵਿਚ ਗਿਰਾਵਟ ਉਸ ਅਕਾਦਮਕ ਮਾਨਤਾ ਦੇ ਖ਼ਿਲਾਫ਼ ਹੈ, ਜਿਸ ਤਹਿਤ ਮੰਨਿਆ ਜਾਂਦਾ ਹੈ ਕਿ ਵਿਕਾਸ ਦਰ ਜਿੰਨੀ ਜ਼ਿਆਦਾ ਹੋਵੇਗੀ, ਨੌਕਰੀਆਂ ਵੀ ਉਨੀਆਂ ਹੀ ਜ਼ਿਆਦਾ ਹੋਣਗੀਆਂ।

ਜ਼ਰਾ ਉਸ ਸਮੇਂ ਨੂੰ ਯਾਦ ਕੀਤਾ ਜਾਵੇ, ਜਦੋਂ 2004 ਵਿਚ ਡਾ. ਮਨਮੋਹਨ ਸਿੰਘ ਪ੍ਰਧਾਨ ਮੰਤਰੀ ਬਣੇ ਸਨ। 2004 ਅਤੇ 2009 ਦੌਰਾਨ ਦੇਸ਼ ਦੀ ਕੁਲ ਘਰੇਲੂ ਉਤਪਾਦ ਵਿਕਾਸ ਦਰ 8 ਫੀਸਦੀ ਤੋਂ ਜ਼ਿਆਦਾ ਰਹੀ ਅਤੇ ਇਸ ਨੇ 9.3 ਫੀਸਦੀ ਦਾ ਉਚਤਮ ਪੱਧਰ ਵੀ ਛੋਹਿਆ। ਆਮ ਆਰਥਕ ਸਮਝ ਕਹਿੰਦੀ ਹੈ ਕਿ ਜੇਕਰ ਵਿਕਾਸ ਦਰ ਉੱਚੀਹੈ, ਤਾਂ ਜ਼ਿਆਦਾ ਨੌਕਰੀਆਂ ਪੈਦਾ ਹੋਣੀਆਂ ਚਾਹੀਦੀਆਂ ਹਨ। ਪਰ ਅਜਿਹਾ ਨਹੀਂ ਹੋਇਆ। ਇਸ ਦੇ ਉਲਟ, ਜਦੋਂ ਦੇਸ਼ ਦੀ ਕੁਲ ਘਰੇਲੂ ਉਤਪਾਦ ਵਿਕਾਸ ਦਰ ਤੇਜ਼ ਦੌੜ ਰਹੀ ਸੀ, ਉਦੋਂ ਭਾਰਤ ਵਿਚ ਰੁਜ਼ਗਾਰਹੀਣ ਵਿਕਾਸ ਵਰਗੀ ਸਥਿਤੀ ਸੀ। ਯੋਜਨਾ ਕਮਿਸ਼ਨ ਦੇ ਇਕ ਅਧਿਐਨ ਮੁਤਾਬਕ 2005-09 ਦੌਰਾਨ 14 ਕਰੋੜ ਲੋਕਾਂ ਨੇ ਖੇਤਾਂ ਤੋਂ ਮੂੰਹ ਮੋੜ ਲਿਆ। ਸੋਚਿਆ ਜਾ ਰਿਹਾ ਸੀ ਕਿ ਖੇਤੀ ਖੇਤਰ ਨੂੰ ਛੱਡਣ ਵਾਲੇ ਨਿਰਮਾਣ ਖੇਤਰ ਵੱਲ ਜਾਣਗੇ ਪਰ ਨਿਰਮਾਣ ਖੇਤਰ ਵਿਚ ਵੀ 5.3 ਕਰੋੜ ਨੌਰਕੀਆਂ ਦੀ ਕਮੀ ਆਈ।

ਅਜਿਹੇ ਸਮੇਂ ਸਵਾਲ ਉਠਦਾ ਹੈ ਕਿ ਖੇਤੀ ਛੱਡਣ ਵਾਲੇ 14 ਕਰੋੜ ਅਤੇ ਨਿਰਮਾਣ ਖੇਰ ਦਾ ਤਿਆਗ ਕਰਨ ਵਾਲੇ 5.3 ਕਰੋੜ ਲੋਕ ਆਖਰ ਗਏ ਕਿੱਥੇ ? ਇਸ ਦਾ ਇਕ ਹੀ ਜਵਾਬ ਸੰਭਵ ਦਿਖਾਈ ਦਿੰਦਾ ਹੈ ਕਿ ਇਹ ਲੋਕ ਜਾਂ ਤਾਂ ਸ਼ਹਿਰਾਂ ਵਿਚ ਦਿਹਾੜੀਦਾਰ ਮਜ਼ਦੂਰ ਬਣ ਗਏ, ਜਾਂ ਫਿਰ ਦੂਸਰਿਆਂ ਦੇ ਖੇਤਾਂ ਵਿਚ ਕੰਮ ਕਰਨ ਵਾਲੇ ਖੇਤੀ ਮਜ਼ਦੂਰ।




2004-05 ਦੌਰਾਨ ਦਸ ਸਾਲ ਦੇ ਸਮੇਂ ਵਿਚ ਉਦਯੋਗਾਂ ਨੂੰ ਕਰੀਬ 42 ਲੱਖ ਕਰੋੜ ਰੁਪਏ ਦੀ ਟੈਕਸ ਰਾਹਤ ਦਿੱਤੀ ਗਈ। ਅਜਿਹਾ ਕਰਨ ਪਿਛੇ ਮਨਸ਼ਾ ਸੀ ਕਿ ਇਸ ਨਾਲ ਨਿਰਮਾਣ ਖੇਤਰ ਦਾ ਵਿਸਥਾਰ ਹੋਵੇਗਾ, ਉਦਯੋਗਿਕ ਉਤਪਾਦਨ ਅਤੇ ਨਿਰਯਾਤ ਵਧੇਗਾ, ਜਿਸ ਨਾਲ ਨੌਕਰੀਆਂ ਪੈਦਾ ਹੋਣਗੀਆਂ। ਪਰ ਸੱਚ ਇਹ ਹੈ ਕਿ ਪਿਛਲੇ ਦਸ ਸਾਲਾਂ ਵਿਚ ਰੁਜ਼ਗਾਰ ਦੀ ਭਾਲ ਕਰ ਰਹੇ 12 ਕਰੋੜ ਲੋਕਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਸਿਰਫ਼ 1.5 ਕਰੋੜ ਨੌਕਰੀਆਂ ਪੈਦਾ ਹੋਈਆਂ। ਇਸ ਨਾਲ ਇਹ ਧਾਰਨਾ ਗਲਤ ਸਿੱਧ ਹੁੰਦੀ ਹੈ ਕਿ ਇਕੱਲਾ ਉਦਯੋਗ ਖੇਤਰ ਨੌਕਰੀਆਂ ਪੈਦਾ ਕਰਨ ਲਈ ਕਾਫੀ ਹੋਵੇਗਾ। ਇਸ ਤੋਂ ਇਲਾਵਾ ਅਜਿਹੇ ਸਮੇਂ ਜਦੋਂ ਪੂਰੀ ਦੁਨੀਆ ਆਟੋਮੈਟਿਕ ਅਤੇ ਰੁਜ਼ਗਾਰਹੀਣ ਵਿਕਾਸ ਦੀ ਗਵਾਹ ਬਣੀ ਹੋਈ ਹੈ, ਉਦੋਂ ਕਿਸੇ ਨਵੇਂ ਉਦਯੋਗ ਨਾਲ ਨੌਕਰੀਆਂ ਪੈਦਾ ਕਰਨ ਦੀ ਉਮੀਦ ਕਰਨਾ ਵਿਅਰਥ ਮਹਿਸੂਸ ਹੁੰਦਾ ਹੈ।

ਹਾਲ ਹੀ 'ਚ, ਕ੍ਰਿਸਿਲ (ਸੀ.ਆਰ.ਆਈ.ਐਸ. ਆਈ.ਐਲ.) ਨੇ ਆਪਣੇ ਅਧਿਐਨ ਵਿਚ ਦੱਸਿਆ ਕਿ 2007 ਤੋਂ ਬਾਅਦ ਤੋਂ 3.7 ਕਰੋੜ ਤੋਂ ਜ਼ਿਆਦਾ ਭਾਰਤੀ ਕਿਸਾਨਾਂ ਨੇ ਖੇਤੀ ਛੱਡ ਕੇ ਸ਼ਹਿਰਾਂ ਦਾ ਰੁਖ ਕੀਤਾ। ਪਰ 2012 ਤੋਂ 2014 ਦੌਰਾਨ ਜਦੋਂ ਆਰਥਕ ਵਿਕਾਸ ਦੀ ਦਰ ਹੌਲੀ ਬਣੀ ਹੋਈ ਸੀ, ਤਕਰੀਬਨ 1.5 ਕਰੋੜ ਲੋਕ ਕਿਤੇ ਰੁਜ਼ਗਾਰ ਨਾ ਪਾ ਕੇ ਆਪਣੇ ਪਿੰਡਾਂ ਵੱਲ ਪਰਤੇ ਸਨ। ਇਸ ਤੋਂ ਸਾਫ਼ ਹੋ ਜਾਂਦਾ ਹੈ ਕਿ ਅੱਜ ਵੱਡੀ ਤਾਦਾਦ ਵਿਚ ਲੋਕ ਸ਼ਹਿਰਾਂ ਅਤੇ ਪਿੰਡਾਂ ਵਿਚ ਦਿਹਾੜੀ ਮਜ਼ਦੂਰ ਬਣਦੇ ਜਾ ਰਹੇ ਹਨ। ਹੁਣ ਸਮਾਂ ਆ ਗਿਆ ਹੈ ਕਿ ਆਰਥਕ ਵਿਕਾਸ ਦੇ ਇਕ ਅਜਿਹੇ ਮਾਡਲ ਬਾਰੇ ਵਿਚਾਰ ਕੀਤਾ ਜਾਵੇ, ਜਿਸ ਰਾਹੀਂ ਰੁਜ਼ਗਾਰ ਸੁਰੱਖਿਆ ਦੇ ਨਜ਼ਰੀਏ ਤੋਂ ਬਿਹਤਰ ਮਾਹੌਲ ਬਣਾਇਆ ਜਾ ਸਕੇ। ਆਪਣੇ ਚਾਰੇ ਪਾਸੇ ਇਹ ਦੇਖ ਕੇ ਮੈਂ ਹੈਰਾਨ ਰਹਿ ਜਾਂਦਾ ਹਾਂ ਕਿ ਰਸਮੀ ਖੇਤਰ ਦੇ ਲੱਖਾਂ ਅਹੁਦੇ ਖਾਲੀ ਪਏ ਹਨ। ਇਨਾ ਹੀ ਨਹੀਂ, ਇਸ ਖੇਤਰ ਵਿਚ ਸੀਟਾਂ ਹਰ ਮਹੀਨੇ ਖਾਲੀ ਹੋ ਰਹੀਆਂ ਹਨ। ਭਾਵੇਂ ਸਰਕਾਰੀ ਖੇਤਰ ਦੀਆਂ ਸੰਸਥਾਵਾਂ ਹੋਣ ਜਾਂ ਨਿੱਜੀ ਖੇਤਰ ਦੇ, ਸਾਰੇ ਇਸ ਬਿਮਾਰੀ ਤੋਂ ਪੀੜਤ ਹਨ। ਲੋਕ ਸੇਵਾਮੁਕਤ ਤਾਂ ਹੋ ਰਹੇ ਹਨ, ਪਰ ਉਨ੍ਹਾਂ ਦੀ ਥਾਂ ਨਵੀਂਆਂ ਨਿਯੁਕਤੀਆਂ ਨਹੀਂ ਹੋ ਰਹੀਆਂ। ਤਕਰੀਬਨ ਸਾਰੀਆਂ ਯੂਨੀਵਰਸਿਟੀਆਂ ਤੇ ਸਰਕਾਰੀ ਕਾਲਜਾਂ ਵਿਚ 40 ਤੋਂ 60 ਫੀਸਦੀ ਤੋਂ ਜ਼ਿਆਦਾ ਅਹੁਦੇ ਖਾਲੀ ਪਏ ਹਨ। ਇਕ ਮੋਟੇ ਅੰਦਾਜ਼ੇ ਅਨੁਸਾਰ ਤਾਂ ਪ੍ਰਾਇਮਰੀ ਤੇ ਸੈਕੰਡਰੀ ਸਕੂਲਾਂ ਵਿਚ ਪੰਜ ਲੱਖ ਤੋਂ ਜ਼ਿਆਦਾ ਅਹੁਦੇ ਖਾਲੀ ਹਨ। ਅਜਿਹਾ ਹੀ ਹਾਲ ਹਸਪਤਾਲ, ਪੁਲੀਸ, ਡਾਕ ਵਿਭਾਗ ਤੇ ਦੂਸਰੀਆਂ ਸਰਕਾਰੀ ਸੰਸਥਾਵਾਂ ਦਾ ਹੈ।

ਇਹ ਸਮਝਣ ਦੀ ਲੋੜ ਹੈ ਕਿ ਲੋਕਾਂ ਨੂੰ ਖੇਤੀ ਤੋਂ ਵੱਖ ਕਰ ਕੇ ਸ਼ਹਿਰਾਂ ਵਿਚ ਸਸਤੇ ਦਿਹਾੜੀਦਾਰ ਮਜ਼ਦੂਰ ਬਣਾ ਦੇਣਾ ਰੁਜ਼ਗਾਰ ਪੈਦਾ ਕਰਨਾ ਨਹੀਂ ਹੈ। ਚੁਣੌਤੀ ਤਾਂ ਇਹ ਹੋਣੀ ਚਾਹੀਦੀ ਹੈ ਕਿ ਜੋ ਲੋਕ ਖੇਤੀ ਕਰ ਰਹੇ ਹਨ, ਉਨ੍ਹਾਂ ਨੂੰ ਉਸ ਦਾ ਖ਼ੂਬ ਲਾਭ ਮਿਲੇ। ਕਿਸਾਨਾਂ ਨੂੰ ਖੇਤੀ ਤੋਂ ਵੱਖ ਕਰ ਕੇ ਉਨ੍ਹਾਂ ਨੂੰ ਬੁਨਿਆਦੀ ਢਾਂਚੇ ਵਾਲੇ ਉਦਯੋਗਾਂ ਦੀ ਸਸਤੀ ਕਿਰਤ ਦੀ ਲੋੜ ਪੂਰੀ ਕਰਨ ਦਾ ਸਾਧਨ ਬਣਾ ਦੇਣਾ ਚੰਗੀ ਗੱਲ ਨਹੀਂ ਹੈ। ਹਾਲੇ ਮਨਰੇਗਾ ਦਾ ਬਜਟ ਖੇਤੀ ਦੇ ਬਜਟ ਨਾਲੋਂ ਵੱਧ ਹੈ। ਇਸ ਦਾ ਮਤਲਬ ਇਹੀ ਹੈ ਕਿ ਖੇਤੀ ਨੂੰ ਆਰਥਕ ਤੌਰ 'ਤੇ ਘਾਟੇ ਦਾ ਸੌਦਾ ਬਣਾਉਣ ਦੀਆਂ ਹਰ ਸੰਭਵ ਕੋਸ਼ਿਸ਼ਾਂ ਹੋ ਰਹੀਆਂ ਹਨ, ਤਾਂ ਕਿ ਕਿਸਾਨ ਖੇਤੀ ਛੱਡ ਕੇ ਸ਼ਹਿਰਾਂ ਵਿਚ ਦਿਹਾੜੀ ਮਜ਼ਦੂਰ ਬਣ ਜਾਣ।

ਧੁਖ਼ਦਾ ਕਾਲਮ

# ਮੁਫ਼ਤ ਸਭਿਆਚਾਰ ਦੇ ਵਣਜਾਰੇ

ਸੁਸ਼ੀਲ ਦੁਸਾਂਝ +91-97813-60066

ਗੱਲ ਇਕ ਲਤੀਫ਼ੇ ਤੋਂ ਸ਼ੁਰੂ ਕਰਨੀ ਹੈ। ਲਤੀਫ਼ਾ ਭਾਵੇਂ ਪੁਰਾਣਾ ਹੀ ਹੈ ਪਰ ਜਿਸ ਵਿਸ਼ੇ ਬਾਰੇ ਇੱਥੇ ਚਰਚਾ ਕਰਨੀ ਹੈ; ਉਹਦੇ ਲਈ ਇਹ ਬਹੁਤ ਹੀ ਪ੍ਰਸੰਗਕ ਹੈ। ਲਤੀਫ਼ਾ ਹੈ-

ਗਾਹਕ, ਦੁਕਾਨਦਾਰ ਨੂੰ- ਛਤਰੀ ਕਿੰਨੇ ਦੀ ਲਾਈ ਆ?
ਦੁਕਾਨਦਾਰ- ਸੌ ਰੁਪਏ ਦੀ।
ਗਾਹਕ- ਸੌ ਰੁਪਏ ਤਾਂ ਜ਼ਾਦਾ, ਪੰਜਾਹ ਲੈ ਲਾ।
ਦੁਕਾਨਦਾਰ- ਚੱਲ ਪੰਜਾਹ ਹੀ ਕੱਢ।
ਗਾਹਕ- ਪੰਜਾਹ ਵੀ ਜ਼ਾਦਾ, ਪੱਚੀ ਦਊਂਗਾ।
ਦੁਕਾਨਦਾਰ- ਚੱਲ ਪੱਚੀ ਈ ਦੇ।
ਗਾਹਕ- ਨਾ ਜੀ ਨਾ ਮੈਂ ਤਾਂ ਸਾਢੇ ਬਾਰਾਂ ਦਊਂ।
ਦੁਕਾਨਦਾਰ ਝੁੰਜਲਾ ਕੇ- ਤੂੰ ਮੁਫ਼ਤ ਈ ਲੈ ਜਾ।
ਗਾਹਕ- ਮੁਫ਼ਤ! ਫੇ ਤਾਂ ਦੋ ਦੇ ਦਓ।

ਇਹ ਸਿਰਫ਼ ਲਤੀਫ਼ਾ ਹੀ ਨਹੀਂ ਹੈ; ਸਗੋਂ ਉਨ੍ਹਾਂ ਹਾਲਾਤ 'ਤੇ ਸਟੀਕ ਟਿੱਪਣੀ ਹੈ; ਜਿਨ੍ਹਾਂ ਦੇ ਚੱਲਦਿਆਂ ਸਾਡੇ ਆਲੇ-ਦੁਆਲੇ ਇਕ ਪੂਰੇ ਦਾ ਪੂਰਾ ਮੁਫ਼ਤ ਸਭਿਆਚਾਰ ਵਿਕਸਤ ਹੋ ਰਿਹਾ ਹੈ। ਇਹ ਕੋਈ ਆਪਣੇ ਆਪ ਹੀ ਵਾਪਰਨ ਵਾਲਾ ਵਰਤਾਰਾ ਨਹੀਂ ਹੈ ਸਗੋਂ ਲੁਟੇਰੀਆਂ ਬਹੁਕੌਮੀ ਕੰਪਨੀਆਂ ਆਪਣਾ ਮਾਲ ਸਾਡੇ/ਤੁਹਾਡੇ 'ਤੇ ਲੱਦਣ ਲਈ ਬੰਦੇ ਦੀ ਮਾਨਸਿਕਤਾ ਨੂੰ ਖ਼ਪਤ ਸਭਿਆਚਾਰ ਰੂਪੀ ਹਥਿਆਰ ਰਾਹੀਂ ਮੁਫ਼ਤਖੋਰੀ ਦੀ ਅਜਿਹੀ ਲਾਗ ਲਗਾ ਰਹੀਆਂ ਹਨ; ਜਿਸ ਨੇ ਸਭਨਾਂ ਦੇ ਬੋਝੇ ਖਾਲੀ ਕਰ ਛੱਡਣੇ ਹਨ।

ਬਾਜ਼ਾਰ ਤੰਤਰ ਦੇ ਆਪਣੇ ਕਾਇਦੇ ਕਾਨੂੰਨ ਹਨ। ਉਸਦੀ ਤਿੱਖੀ ਅਤੇ ਲੋਟੂ ਨਜ਼ਰ ਹਰ ਵਕਤ ਇਹ ਹੀ ਟੋਂਹਦੀ ਰਹਿੰਦੀ ਹੈ ਕਿ ਮਾਰਕੀਟ ਵਿਚ ਅਜਿਹਾ ਕੀ ਸੁਟਿਆ ਜਾਵੇ ਕਿ ਲੋਕ ਉਹਦੇ ਪਿੱਛੇ ਪਾਗਲ ਹੋ ਜਾਣ। ਕੁਝ ਦੇਰ ਉਸਦਾ ਇਹ ਖਾਸ ਮਾਲ ਹੱਥੋ-ਹੱਥੀ ਵਿਕਦਾ ਵੀ ਹੈ ਪਰ ਜਦੋਂ ਬੰਦੇ ਦੀ ਜੇਬ ਉਸ ਨੂੰ ਬਾਜ਼ਾਰ ਤੋਂ ਹੋੜਨ ਲੱਗਦੀ ਹੈ ਤਾਂ ਐਨ ਉਸੇ ਵੇਲੇ ਬਾਜ਼ਾਰ ਬੰਦੇ ਦੀ ਮੁਫ਼ਤਖੋਰ ਮਾਨਸਿਕਤਾ ਨੂੰ ਪੱਠੇ ਪਾਉਂਦਾ ਹੈ ਤੇ ਆਪਣਾ ਡੰਪ ਮਾਲ 'ਇਕ ਨਾਲ ਇਕ ਫਰੀ' ਦੇ ਸਲੋਗਨ ਨਾਲ ਉਨ੍ਹਾਂ ਘਰਾਂ ਵਿਚ ਵੀ ਵਾੜ ਦਿੰਦਾ ਹੈ; ਜਿਨ੍ਹਾਂ ਘਰਾਂ ਵਿਚ ਉਸਦੀ ਕੋਈ ਜ਼ਰੂਰਤ ਵੀ ਨਹੀਂ ਹੁੰਦੀ। ਬਾਜ਼ਾਰ ਨੂੰ ਇਹ ਪਤਾ ਹੈ ਕਿ ਕਿਸੇ ਦੀ ਜੇਬ ਖਾਲੀ ਕਰਵਾਉਣੀ ਕੋਈ ਖਾਲਾ ਜੀ ਦਾ ਵਾੜਾ ਨਹੀਂ। ਇਸੇ ਲਈ ਉਹ 'ਮਨਮੋਹਣੇ' ਇਸ਼ਤਿਹਾਰਾਂ ਦਾ ਆਸਰਾ ਲੈਂਦਾ ਹੈ ਅਤੇ ਗੰਜਿਆਂ ਨੂੰ ਵੀ ਕੰਘੀਆਂ ਵੇਚ ਜਾਂਦਾ ਹੈ। 70 ਤੋਂ 75 ਫ਼ੀਸਦੀ ਇਸ਼ਤਿਹਾਰਾਂ ਵਿਚ ਇਸਤਰੀ ਮਾਡਲਾਂ ਦਾ ਆਪਣੇ ਜਿਸਮਾਂ ਦੀ ਨੁਮਾਇਸ਼ ਕਰਨਾ ਕੀ ਦਰਸਾਉਂਦਾ ਹੈ?

ਇਹ ਬਾਜ਼ਾਰ ਤੰਤਰ ਦੇ ਦਾਅ-ਪੇਚ ਹੀ ਹਨ ਕਿ ਆਮ ਭਾਰਤੀ ਦੀ ਮਾਨਸਿਕਤਾ ਵਿਚ ਮੁਫ਼ਤਖੋਰੀ ਦੇ ਕੀੜੇ ਛੱਡੇ ਜਾ ਰਹੇ ਹਨ। ਸੋਚਣ ਵਾਲੀ ਗੱਲ ਇਹ ਹੈ ਕਿ ਕੋਈ ਵੀ ਵਪਾਰੀ ਆਪਣਾ ਸੌਦਾ ਮੁਫ਼ਤ ਦੇਣ ਦੇ ਆਤਮ-ਘਾਤੀ ਰਸਤੇ ਭਲਾ ਕਿਉਂ ਪਵੇਗਾ? ਅੱਜ ਕਲ੍ਹ ਹਰ ਬਾਜ਼ਾਰੂ ਵਸਤ ਦੇ ਨਾਲ ਕੁਝ ਨਾ ਕੁਝ ਮੁਫ਼ਤ ਦੇਣ ਦੀ ਖੇਡ ਚਲਾਈ ਜਾ ਰਹੀ ਹੈ। ਗਾਹਕ ਖ਼ੁਸ਼ ਹੈ ਕਿ ਉਹ ਇਕ ਟੀ.ਵੀ ਨਾਲ ਆਪਣੇ ਬੱਚੇ ਲਈ ਇਕ ਵੀਡੀਓ ਗੇਮ ਮੁਫ਼ਤ ਲੈ ਆਇਆ ਹੈ ਪਰ ਉਸਨੂੰ ਨਹੀਂ ਪਤਾ ਕਿ ਕੰਪਨੀ ਉਸਤੋਂ ਵੀ ਵਧੇਰੇ ਖ਼ੁਸ਼ ਹੈ ਕਿ ਉਸ ਨੇ ਇਕ ਹੋਰ ਭੋਲੇ-ਭਾਲੇ ਬੰਦੇ ਨੂੰ ਆਪਣੀ ਅਸੀਮਤ ਲੁੱਟ ਦਾ ਹਿੱਸਾ ਬਣਾ ਲਿਆ ਹੈ ਤੇ ਇਹ ਬੰਦਾ ਹੁਣ ਰੁਕਣ ਵਾਲਾ ਨਹੀਂ ਹੈ; ਵਾਰ-ਵਾਰ ਉਹਦੇ ਕੋਲ ਆਏਗਾ ਤੇ ਹੱਸਦਾ-ਹਸਾਉਂਦਾ ਆਪਣੀ ਛਿੱਲ ਲਹਾਉਂਦਾ ਰਹੇਗਾ। ਯਾਦ ਆ ਰਿਹਾ ਹੈ ਸ਼ਾਇਰ ਮਿੱਤਰ ਹਰਦਿਆਲ ਸਾਗਰ ਦਾ ਇਹ ਸ਼ਿਅਰ-

'ਮੁਨਾਫ਼ਾ ਜੇ ਨਹੀਂ ਇਸ ਵਿਚ, ਤਾਂ ਮੰਦੀ ਨੀਤ ਹੋਵੇਗੀ,
ਵਪਾਰੀ ਖਾ ਕੇ ਖ਼ੁਦ ਘਾਟਾ, ਕਦੀ ਸੌਦਾ ਨਹੀਂ ਦਿੰਦਾ।'

ਲੋਕਾਂ ਦੀਆਂ ਜੇਬਾਂ 'ਤੇ ਡਾਕੇ ਮਾਰਨ ਦੇ ਹਰ ਪਲ ਨਵੇਂ ਤੋਂ ਨਵੇਂ ਢੰਗ ਤਰੀਕੇ ਖੋਜੇ ਜਾ ਰਹੇ ਹਨ। ਇਨ੍ਹਾਂ ਬਾਜ਼ਾਰੂ ਸ਼ਕਤੀਆਂ ਨੇ ਆਪਣੀ ਸਤਾ ਨੂੰ ਹੋਰ ਵਧੇਰੇ ਮਜ਼ਬੂਤੀ ਦੇਣ ਲਈ ਹੁਣ ਵਿਦਿਆ ਦੇ ਮੰਦਰਾਂ 'ਤੇ ਵੀ ਧਾਵਾ ਬੋਲ ਦਿੱਤਾ ਹੈ। ਪਿੱਛੇ ਜਿਹੇ ਆਈਆਂ ਖ਼ਬਰਾਂ ਮੁਤਾਬਕ ਦਿੱਲੀ ਦੇ ਕੁਝ ਸਕੂਲਾਂ ਵਿਚ ਕੁਝ ਇਕ ਕੰਪਨੀਆਂ ਨੇ ਬੱਚੀਆਂ ਨੂੰ ਗਿਫ਼ਟ ਵੰਡੇ। ਬੱਚੀਆਂ ਨੇ ਘਰ ਜਾਕੇ ਉਨ੍ਹਾਂ ਨੂੰ ਖੋਲ੍ਹਿਆ ਤਾਂ ਉਨ੍ਹਾਂ ਵਿਚੋਂ 'ਸੈਨਟਰੀ ਨੈਪਕਿਨ' ਨਿਕਲੇ। ਦਸ ਕੁ ਸਾਲ ਉਮਰ ਵਰਗ ਦੀਆਂ ਇਨ੍ਹਾਂ ਬੱਚੀਆਂ ਨੂੰ ਨਹੀਂ ਸੀ ਪਤਾ ਕਿ ਇਹ ਗਿਫ਼ਟ ਕੀ ਹੈ? ਉਨ੍ਹਾਂ ਆਪਣੀਆਂ ਮਾਵਾਂ ਨੂੰ ਪੁੱਛਿਆ। ਮਾਵਾਂ ਹੈਰਾਨ-ਪ੍ਰੇਸ਼ਾਨ ਅਤੇ ਕੁਝ ਵੀ ਬੋਲਣ ਤੋਂ ਬੇਜ਼ਾਰ। ਜਦੋਂ ਸਕੂਲ ਪ੍ਰਬੰਧਕਾਂ ਨੂੰ ਪੁੱਛਿਆ ਗਿਆ ਤਾਂ ਉਨ੍ਹਾਂ ਦਾ ਜਵਾਬ ਸੀ ਕਿ ਦਰਅਸਲ ਇਹ ਗਿਫ਼ਟ ਕਾਲਜਾਂ ਲਈ ਸੀ, ਸਕੂਲਾਂ ਵਿਚ ਗ਼ਲਤੀ ਨਾਲ ਵੰਡੇ ਗਏ। ਇਸੇ ਤਰ੍ਹਾਂ ਹੋਰ ਬਹੁਤ ਸਾਰੇ ਸਾਮਾਨ ਦੀ ਸਕੂਲਾਂ ਦੇ ਬੱਚਿਆਂ ਰਾਹੀਂ ਉਨ੍ਹਾਂ ਦੇ ਘਰਾਂ ਵਿਚ ਘੁਸਪੈਠ ਕਰਵਾਈ ਜਾ ਰਹੀ ਹੈ। ਟਾਫ਼ੀਆਂ, ਚਾਕਲੇਟ, ਕੋਲਡ ਡਰਿੰਕਸ, ਬਰੈਡ ਅਤੇ ਬੱਚਿਆਂ ਦੀਆਂ ਖਾਣ-ਪੀਣ ਵਾਲੀਆਂ ਵਸਤਾਂ ਨੂੰ ਖਪਾਉਣ ਲਈ ਕੰਪਨੀਆਂ ਨੇ ਸਕੂਲਾਂ ਵਿਚ ਹੀ ਬਾਜ਼ਾਰ ਲਾ ਲਏ ਹਨ। ਸਕੂਲ ਪ੍ਰਬੰਧਕਾਂ ਨੂੰ ਵਿਚੋਂ ਹਿੱਸਾ ਮਿਲਦਾ ਹੈ। ਇਸੇ ਹਿੱਸੇ ਨੂੰ ਹੋਰ ਦੂਣਾ-ਚੌਣਾ ਕਰਨ ਲਈ ਵਰਦੀਆਂ, ਖੇਡਾਂ ਦੇ ਸਾਮਾਨ, ਪੁਸਤਕਾਂ, ਕਾਪੀਆਂ ਅਤੇ ਬੱਚਿਆਂ ਨੂੰ ਆਕਰਸ਼ਤ ਕਰਨ ਵਾਲੇ ਕਾਰਟੂਨ ਕਰੈਕਟਰਾਂ ਨਾਲ ਸਬੰਧਤ ਵੰਨ-ਸੁਵੰਨੀਆਂ ਖੇਡਾਂ ਦੀਆਂ ਦੁਕਾਨਾਂ ਵੀ ਅੱਜ ਕਲ੍ਹ ਇਨ੍ਹਾਂ ਨਿੱਜੀ ਸਕੂਲਾਂ ਵਿਚ ਹੀ ਖੁਲ੍ਹਣ ਲੱਗੀਆਂ ਹਨ। ਇਹਦਾ ਸਿੱਧਾ-ਸਾਦਾ ਅਰਥ ਇਹ ਹੈ ਕਿ ਇਕ ਵਾਰੀ ਬੱਚੇ ਨੂੰ ਸਕੂਲ ਲੈ ਕੇ ਤਾਂ ਆਓ; ਫੇਰ ਦੇਖੋ ਸਾਡੇ ਹੱਥ। ਇਸ ਗੋਰਖਧੰਦੇ ਦੇ ਚਲਦਿਆਂ ਤੁਹਾਡੇ ਬੱਚਿਆਂ ਰਾਹੀਂ ਤੁਹਾਡੀਆਂ ਜੇਬਾਂ ਨੂੰ ਇੰਜ ਸਫਾਈ ਨਾਲ ਖਾਲੀ ਕਰਵਾਇਆ ਜਾ ਰਿਹਾ ਹੈ ਕਿ ਤੁਸੀਂ ਸੀਅ ਵੀ ਨਹੀਂ ਕਰ ਪਾ ਰਹੇ।

ਇਹ ਗੱਲ ਜ਼ਰੂਰ ਹੀ ਨੋਟ ਕਰਨੀ ਪਵੇਗੀ ਕਿ ਸੰਸਾਰੀਕਰਨ ਦੇ ਇਸ ਦੌਰ ਵਿਚ ਬਾਜ਼ਾਰ ਤੰਤਰ ਵਲੋਂ ਪੈਦਾ ਕੀਤੇ ਗਏ ਇਸ ਲੋਟੂ ਖ਼ਪਤ ਸਭਿਆਚਾਰ ਨਾਲ ਸਿੱਝਣਾ ਤਾਂ ਬਾਅਦ ਦੀ ਗੱਲ ਹੈ; ਇਸ ਵੇਲੇ ਤਾਂ ਆਪਣੇ-ਆਪ ਨੂੰ ਬਚਾਏ ਰੱਖਣਾ ਵੀ ਸਭ ਤੋਂ ਵੱਡੀ ਚੁਣੌਤੀ ਹੈ। ਖ਼ਪਤ ਸਭਿਆਚਾਰ ਨੂੰ ਕਰਾਰੇ ਹੱਥੀਂ ਟੱਕਰਣ ਲਈ ਇਹ ਜ਼ਰੂਰੀ ਹੈ ਕਿ ਪਹਿਲਾਂ ਇਸਦੀ ਫ਼ਿਤਰਤ ਨੂੰ ਸਮਝਿਆ ਜਾਵੇ। ਦੁਸ਼ਮਣ ਨੂੰ ਪੂਰੀ ਤਰ੍ਹਾਂ ਜਾਣਨ-ਪਛਾਣਨ ਤੋਂ ਬਿਨਾਂ ਉਸ ਦਾ ਮੁਕਾਬਲਾ ਕਦੇ ਸੰਭਵ ਹੀ ਨਹੀਂ ਹੈ। ਜਦੋਂ ਸੰਸਾਰੀਕਰਨ ਦੇ ਇਸ ਖ਼ਤਰਨਾਕ ਹਥਿਆਰ ਦੀ ਅਸੀਂ ਚੰਗੀ ਤਰ੍ਹਾਂ ਥਾਹ ਪਾ ਲਵਾਂਗੇ ਉਦੋਂ ਹੀ ਇਹਦੇ ਵਿਰੁੱਧ ਕਿਸੇ ਲੜਾਈ ਦਾ ਮੁੱਢ ਬੱਝ ਸਕੇਗਾ।

ਨਵੀਂ ਦੁਨੀਆ

# ਸਾਡੀਆਂ ਕੁੜੀਆਂ ਨੂੰ ਖੇਡਣ ਦਿਓ



ਵਿਕਾਸ ਨਾਰਾਇਣ ਰਾਏ

ਕੇਰਲ ਦੇ ਸਾਈਂ ਹੋਸਟਲ ਵਿਚ ਕੌਮੀ ਪੱਧਰ ਦੀ ਸਵੀਮਿੰਗ ਦੀਆਂ ਚਾਰ 15-16 ਸਾਲ ਦੀਆਂ ਮਹਿਲਾ ਖਿਡਾਰੀਆਂ ਦੀ ਆਤਮ ਹਤਿਆ ਦੀ ਕੋਸ਼ਿਸ਼ ਨੂੰ ਕੇਂਦਰੀ ਖੇਡ ਮੰਤਰਾਲੇ ਸਿਰਫ਼ ਸਥਾਨਕ ਪੱਧਰ ਦੀ ਲਾਪ੍ਰਵਾਹੀ ਮੰਨ ਕੇ ਚੱਲ ਰਿਹਾ ਹੈ ਜੋ ਕਿ ਨਿਰਾਸ਼ਾਜਨਕ ਹੈ।

ਖਿਡਾਰੀ ਦੀ ਮੌਤ ਰੈਗਿੰਗ ਦਾ ਹਊਆ, ਪੁਲੀਸ ਦੀ ਛਾਣਬੀਣ, ਖੁਦ ਡਾਇਰੈਕਟਰ ਜਨਰਲ ਸਾਈਂ ਦਾ ਦੌਰਾ, ਆਰਥਕ ਫੰਡ, ਨੌਕਰੀ ਦੇਣ ਦੇ ਐਲਾਨ ਦਾ ਚਲਦਿਆਂ ਫ਼ਿਲਹਾਲ ਜ਼ੋਰ 'ਦੋਸ਼ੀਆਂ' ਨੂੰ ਫੜਨ 'ਤੇ ਹੈ। ਜਦਕਿ ਜ਼ਰੂਰਤ ਹੈ ਕਿ ਸਾਈਂ ਵਲੋਂ ਮਹਿਲਾ ਖਿਡਾਰੀਆਂ ਦੀ ਵਧਦੀ ਹਿੱਸੇਦਾਰੀ ਨਾਲ ਜੁੜੇ ਲਿੰਗਿਕ ਨਿਯਮਾਂ 'ਤੇ ਵਿਸਥਾਰਤ ਮਾਰਗਦਰਸ਼ਕ ਸਟੇਟਸ ਰਿਪੋਰਟ ਤਿਆਰ ਕੀਤੀ ਜਾਂਦੀ ਅਤੇ ਉਸ 'ਤੇ ਅਮਲ ਦਾ ਖਾਕਾ ਪੇਸ਼ ਕਰਨ ਦੀ ਪਹਿਲ ਕੀਤੀ ਗਈ ਹੁੰਦੀ।

ਹੋਰਨਾਂ ਕਾਰਜ ਖੇਤਰਾਂ ਵਾਂਗ ਖੇਡ ਦੇ ਖੇਤਰ ਵਿਚ ਵੀ ਔਰਤਾਂ ਦਾ ਯੋਨ ਸੋਸ਼ਣ ਹੋ ਰਿਹਾ ਹੈ। ਸਚਾਈ ਇਹ ਹੈ ਕਿ ਭਾਰਤ ਵਿਚ ਖੇਡ ਸੰਗਠਨਾਂ ਦਾ ਸਮੁੱਚਾ ਢਾਂਚਾ ਪੁਰਸ਼ਵਾਦੀ ਮਾਨਸਿਕਤਾ ਦੇ ਚਲਨ ਨਾਲ ਹਕਿਆ ਜਾ ਰਿਹਾ ਹੈ। ਇਨ੍ਹਾਂ ਸੰਗਠਨਾਂ ਦੇ ਤਮਾਮ ਅਧਿਕਾਰੀ, ਉਨ੍ਹਾਂ ਦੀ ਸਿਆਸਤ, ਉਨ੍ਹਾਂ ਦੇ ਕੋਚ-ਮੈਨੇਜਰ-ਸਪੋਰਟ ਸਟਾਫ਼, ਖਿਡਾਰੀਆਂ ਦਾ ਰਹਿਣ-ਸਹਿਣ ਤੇ ਉਪਕਰਨਾਂ ਦਾ ਰਖ-ਰਖਾਅ ਦੇਖਣ ਵਾਲੇ ਪ੍ਰਬੰਧਕ, ਇੱਕਾ-ਦੁੱਕਾ ਥਾਵਾਂ ਨੂੰ ਛੱਡ ਕੇ, ਸਾਰੇ ਪੁਰਸ਼ ਮਿਲਣਗੇ। ਖੇਡ ਨਾਲ ਸਬੰਧਤ ਸਰਕਾਰੀ ਕੰਮਕਾਜ ਵਿਚ ਵੀ ਇਹੀ ਮਰਦ ਪ੍ਰੋਫਾਈਲ ਮਿਲਣਗੇ। ਖੇਡ ਮੰਤਰੀ ਜਾਂ ਖੇਡ ਸਕੱਤਰ ਮਹਿਲਾ ਨਹੀਂ ਹੋਣਗੀਆਂ, ਅਜਿਹਾ ਹੀ ਸਮੀਕਰਨ ਸਾਈਂ ਦੇ ਚੋਟੀ ਦੇ ਅਧਿਕਾਰੀਆਂ 'ਤੇ ਵੀ ਲਾਗੂ ਹੋਵੇਗਾ। ਮਹਿਲਾ ਟੀਮਾਂ ਦੇ ਕੋਚ ਅਤੇ ਡਾਕਟਰ ਤੇ ਮਨੋਵਿਗਿਆਨੀ ਵੀ ਪੁਰਸ਼ ਹੋਣਗੇ। ਇਕ ਤਰ੍ਹਾਂ ਨਾਲ ਇਹ ਭਾਰਤੀ ਸਮਾਜ ਵਿਚ ਫੈਲੇ ਲਿੰਗਕ ਅਸਮਾਨਤਾ ਦਾ ਹੀ ਵਿਸਤਾਰ ਹੈ। ਵਿਕਸਤ ਪੱਛਮੀ ਦੇਸ਼ਾਂ ਵਿਚ ਵੀ ਲਿੰਗਕ ਸਮਾਨਤਾ ਦੀ ਲੜਾਈ ਖੇਡ ਦੇ ਮੈਦਾਨਾਂ ਵਿਚ ਵੀ ਲੜੀ ਗਈ ਹੈ। ਕੌਣ ਮੰਨੇਗਾ ਕਿ 70ਵੇਂ ਦਹਾਕੇ ਤਕ ਵੀ ਪੱਛਮੀ ਜਰਮਨੀ ਦੇ ਫੁਟਬਾਲ ਮੈਦਾਨਾਂ ਵਿਚ ਔਰਤਾਂ ਦਰਸ਼ਕਾਂ ਦਾ ਦਾਖਲਾ ਵਰਜਿਤ ਸੀ। ਅਜੀਬ ਜਿਹਾ ਤਰਕ ਦਿੱਤਾ ਜਾਂਦਾ ਸੀ ਕਿ ਕਿਉਂਕਿ ਪੁਰਸ਼ ਦਰਸ਼ਕ ਇਸ 'ਮਰਦਾਨੇ' ਖੇਡ ਵਿਚ ਬੀਅਰ ਪੀ ਕੇ ਹੁੜਦੰਗ, ਹੱਥੋ-ਪਾਈ ਤੇ ਗਾਲੀ ਗਲੋਚ ਕਰਦੇ ਹਨ। ਔਰਤਾਂ ਇਸ ਮਾਹੌਲ ਵਿਚ ਖੁਦ ਨੂੰ ਸੁਰੱਖਿਅਤ ਮਹਿਸੂਸ ਨਹੀਂ ਕਰਨਗੀਆਂ। ਖ਼ੈਰ, ਲੰਬੀ ਜਦੋ-ਜਹਿਦ ਤੋਂ ਬਾਅਦ ਹੀ ਜਰਮਨ ਔਰਤਾਂ ਇਹ ਲਕਸ਼ਮਣ ਰੇਖਾ ਖਤਮ ਕਰ ਸਕੀਆਂ।

ਅੱਜ ਜਰਮਨੀ ਵਿਚ ਕਰੀਬ ਇਕ ਹਜ਼ਾਰ ਮਹਿਲਾ ਫੁਟਬਾਲ ਕਲੱਬ ਹਨ। ਟੈਨਿਸ ਵਰਗੇ ਖੇਡ ਵਿਚ ਅੱਜ ਵੀ ਜ਼ਿਆਦਾਤਰ ਉਮੀਦਵਾਰ ਵਿਚ ਪੁਰਸ਼ਾਂ ਦੇ ਬਰਾਬਰ ਦੀ ਪੁਰਸਕਾਰ ਰਾਸ਼ੀ ਹਾਸਲ ਕਰਨ ਦੀ ਲੜਾਈ ਮਹਿਲਾ ਖਿਡਾਰਣਾਂ ਦੁਨੀਆ ਭਰ ਵਿਚ ਲੜ ਰਹੀਆਂ ਹਨ। 70ਵੇਂ ਦਹਾਕੇ ਦਾ 'ਬੈਟਲ ਆਫ ਸਕਸੈੱਸ' ਮੁਕਾਬਲਾ ਅੱਜ ਵੀ ਟੈਨਿਸ ਹੀ ਨਹੀਂ ਸਮੁੱਚੇ ਖੇਡ ਜਗਤ ਲਈ ਲਿੰਗਕ ਸਮਾਨਤਾ ਦੀ ਲੜਾਈ ਦੀ ਨਜ਼ੀਰ ਵਰਗਾ ਹੈ, ਜਿਸ ਵਿਚ ਚੈਂਪੀਅਨ ਮਹਿਲਾ ਖਿਡਾਰੀ ਬਿਲੀ ਜੀਨ ਕਿੰਗ ਨੇ ਬੜਬੋਲੇ ਪੁਰਸ਼ ਖਿਡਾਰੀ ਬਾਬੀ ਰਿਗਸ ਨੂੰ ਸਿੱਧੇ ਤਿੰਨ ਸੈੱਟਾਂ ਵਿਚ ਮਾਤ ਦਿੱਤੀ ਸੀ।

ਭਾਰਤ ਵਿਚ ਪਿਛਲੇ ਡੇਢ ਦਹਾਕੇ ਵਿਚ ਸਰਕਾਰੀ ਅਤੇ ਕਾਰਪੋਰੇਟ ਨੌਕਰੀਆਂ ਵਿਚ ਚੰਗੇ ਅਹੁਦਿਆਂ 'ਤੇ ਕੌਮੀ-ਕੌਮਾਂਤਰੀ ਖੇਡਾਂ ਵਿਚ ਤਗਮੇ ਜਿੱਤਣ ਵਾਲੇ ਖਿਡਾਰੀਆਂ ਦੀ ਚੋਣ ਕੀਤੇ ਜਾਣ ਦੀ ਨੀਤੀ ਬਣੀ ਹੈ, ਨਾਲ ਹੀ ਤਗਮਾ ਜੇਤੂਆਂ ਖਿਡਾਰੀਆਂ ਨੂੰ ਨਕਦ ਰਾਸ਼ੀ ਵੀ ਲੱਖਾਂ-ਕਰੋੜਾਂ ਵਿਚ ਦਿੱਤੀ ਜਾਣ ਲੱਗੀ ਹੈ। ਇਸ ਨਾਲ ਤਮਾਮ ਖੇਡਾਂ ਵਿਚ ਲੜਕੀਆਂ ਨੂੰ ਭੇਜਣ ਦਾ ਚਲਨ ਵੀ ਵਧਿਆ ਹੈ, ਉਥੋਂ ਤਕ ਕਿ ਪਛੜੀ ਮਾਨਸਿਕਤਾ ਦੇ ਪੇਂਡੂ ਇਲਾਕਿਆਂ ਵਿਚ ਵੀ ਮਾਪੇ ਇਸ ਕਵਾਇਦ ਵਿਚ ਆਪਣੀਆਂ ਧੀਆਂ ਨੂੰ ਅੱਗੇ ਲਿਆ ਰਹੇ ਹਨ। ਖਾਸ ਕਰ ਕੇ ਉਨ੍ਹਾਂ ਏਸ਼ੀਅਨ ਤੇ ਓਲੰਪਿਕ ਖੇਡਾਂ ਵਿਚ, ਜਿਨ੍ਹਾਂ ਵਿਚ ਸਰਕਾਰ ਜਾਂ ਕਾਰਪੋਰੇਟ ਜਗਤ ਪਰੀਖਣ ਤੇ ਹੋਰਨਾਂ ਖਰਚਿਆਂ 'ਤੇ ਸਮੁੱਚਾ ਨਿਵੇਸ਼ ਕਰ ਰਹੇ ਹਨ। ਲਗਨ ਤੇ ਮਿਹਨਤ ਦੀ ਆਦੀ ਇਹ ਕੁੜੀਆਂ ਬੇਹੱਦ ਮੁਸ਼ਕਲ ਜੀਵਨ 'ਚੋਂ ਨਿਕਲ ਕੇ ਇਕ ਦੂਸਰੇ ਬੇਹੱਦ ਮੁਸ਼ਕਲ ਜੀਵਨ ਵਿਚ ਆ ਰਹੀਆਂ ਹਨ। ਪਰ ਇਸ ਦਾ ਮਤਲਬ ਇਹ ਨਹੀਂ ਕਿ ਆਪਣੇ ਘਰੇਲੂ ਮਾਹੌਲ ਵਿਚ ਜਿਸ ਲਿੰਗਕ ਜੁਏ ਨਾਲ ਜੋਤ ਕੇ ਰੱਖੀਆਂ ਗਈਆਂ ਸਨ, ਉਸ ਤੋਂ ਉਨ੍ਹਾਂ ਨੂੰ ਮੁਕਤ ਕਰ ਕੇ ਨਵੇਂ ਪ੍ਰਵੇਸ਼ ਵਿਚ ਆਉਣ ਦਿੱਤਾ ਜਾ ਰਿਹਾ ਹੈ। ਦਰਅਸਲ, ਨਾ ਸਿਰਫ਼ ਪੁਰਾਣੇ ਪ੍ਰਵੇਸ਼ ਦਾ ਜੁਆ ਉਨ੍ਹਾਂ ਦੇ ਮੋਢਿਆਂ 'ਤੇ ਲਦਿਆ ਰਹਿੰਦਾ ਹੈ ਬਲਕਿ ਨਵਾਂ ਪ੍ਰਵੇਸ਼ ਵੀ ਉਨ੍ਹਾਂ 'ਤੇ ਕਈ ਤਰ੍ਹਾਂ ਨਾਲ ਵਾਧੂ ਸੋਸ਼ਣ ਲਿੰਗਕ ਜੁਆ ਹੀ ਲੱਦਦਾ ਰਹਿੰਦਾ ਹੈ।

ਕੇਰਲ ਦੇ ਸਾਈਂ ਹੋਸਟਲ ਦੀਆਂ ਕੁੜੀਆਂ ਦੇ ਆਤਮ ਹੱਤਿਆ ਦੇ ਯਤਨ ਨੂੰ ਸਮਝਣਾ ਹੈ ਤਾਂ ਉਨ੍ਹਾਂ 'ਤੇ ਲੱਦੇ ਲਿੰਗਕ ਅਸਮਾਨਤਾ ਤੇ ਸੋਸ਼ਣ ਦੇ ਇਸ ਦੋਹਰੇਪਣ ਨੂੰ ਵੀ ਸਮਝਣਾ ਹੋਵੇਗਾ। ਬੇਸ਼ੱਕ ਕੇਰਲ ਵਿਚ ਕੁੜੀਆਂ ਦੀ ਬਿਹਤਰ ਸਿੱਖਿਆ ਤੇ ਸਮਾਜਕ-ਆਰਥਕ ਮੌਕਿਆਂ ਦੇ ਚਲਦਿਆਂ ਬਾਕੀ ਦੇਸ਼ ਤੋਂ ਹਟ ਕੇ ਲਿੰਗ ਅਨੁਪਾਤ ਠੀਕ ਹੈ ਤੇ ਕਿਹਾ ਜਾਂਦਾ ਹੈ ਕਿ ਇਸ ਕਾਰਨ ਹੀ ਲੜਕੀਆਂ ਦੀ ਖੇਡਾਂ ਵਿਚ ਮੌਜੂਦਗੀ ਵੀ ਉਥੇ ਵਧ-ਚੜ੍ਹ ਕੇ ਨਜ਼ਰ ਆਉਂਦੀ ਹੈ। ਪਰ ਜ਼ਰੂਰੀ ਨਹੀਂ ਕਿ ਇਨ੍ਹਾਂ ਵਿਚ ਕੋਈ ਸਿੱਧਾ ਸਬੰਧ ਹੋਵੇ। ਇਸ ਨੂੰ ਅਸੀਂ ਹਰਿਆਣਾ ਦੀ ਤੁਲਨਾ ਨਾਲ ਸਮਝ ਸਕਦੇ ਹਾਂ। ਹਰਿਆਣਾ ਤੋਂ ਹਾਲ ਹੀ ਦੇ ਕੁਝ ਸਾਲਾਂ ਵਿਚ ਕੁਸ਼ਤੀ, ਮੁੱਕੇਬਾਜ਼ੀ, ਕਬੱਡੀ, ਹਾਕੀ, ਬੈਡਮਿੰਟਨ ਵਰਗੀਆਂ ਖੇਡਾਂ ਵਿਚ ਕਈ ਮਹਿਲਾ ਖਿਡਾਰਣਾਂ ਸਾਹਮਣੇ ਆਈਆਂ ਹਨ। ਹਾਲਾਂਕਿ ਸੂਬੇ ਦਾ ਲਿੰਗਕ ਅਨੁਪਾਤ ਬੇਹੱਦ ਚਿੰਤਾਜਨਕ ਬਣਿਆ ਹੋਇਆ ਹੈ। ਕੇਰਲ ਵਿਚ ਵੀ ਸਤਹ ਨੂੰ ਖੁਰਚਦੇ ਹੀ ਵਸਤੂ ਸਥਿਤੀ ਸਾਹਮਣੇ ਆ ਜਾਂਦੀ ਹੈ। ਉਥੇ ਰਵਾਇਤੀ ਤੌਰ 'ਤੇ ਸਮਾਜ ਵਿਚ ਘਰੇਲੂ ਹਿੰਸਾ ਤੇ ਇਸਤਰੀਆਂ ਦੀ ਆਤਮ ਹਤਿਆ ਦੇ ਮਾਮਲੇ ਕਾਫੀ ਵਧ ਹੁੰਦੇ ਹਨ। ਇਹ ਕੁਝ ਹੋਰ ਨਹੀਂ ਅਸਮਾਨ ਇਸਤਰੀ ਲਿੰਗ ਦੀ ਸਥਿਤੀ ਨੂੰ ਹੀ ਪੇਸ਼ ਕਰਦਾ ਹੈ। ਸਾਈਂ ਹੋਸਟਲ ਵਿਚ ਚਾਰ ਲੜਕੀਆਂ ਨੇ ਆਮ ਜਿਹੇ ਇਕ ਜ਼ਹਿਰੀਲੇ ਫਲ ਨੂੰ ਖਾ ਕੇ ਜਾਨ ਦੇਣ ਦੀ ਕੋਸ਼ਿਸ਼ ਕੀਤੀ। ਇਸ ਦਾ ਅਰਥ ਇਹ ਵੀ ਹੈ ਕਿ ਸੂਬੇ ਦੀ ਇਕ ਆਮ ਲੜਕੀ ਵੀ ਖੁਦਕੁਸ਼ੀ ਦੇ ਮੁਸ਼ਕਲ ਰਸਤਿਆਂ ਤੋਂ ਜਾਣੂ ਹੈ। ਹਰਿਆਣਾ ਵਿਚ ਹੁੱਡਾ ਸਰਕਾਰ ਦੇ ਦਸ ਸਾਲ ਦੇ ਕਾਰਜਕਾਲ ਵਿਚ ਉਦਾਰ ਖੇਡ ਨੀਤੀ ਅਪਣਾਈ ਗਈ। ਹਾਲਾਂਕਿ ਇਸ ਵਿਚ ਵੀ ਲਿੰਗਕ ਗੈਰ ਬਰਾਬਰਤਾ ਦੇ ਸਮਾਜਕ ਯਤਨਾਂ ਨੂੰ ਚੁਣੌਤੀ ਨਹੀਂ ਦਿੱਤੀ ਗਈ, ਪਰ ਇਸ ਨਾਲ ਵੱਡੀ ਸੰਖਿਆ ਵਿਚ ਕੁੜੀਆਂ ਵੱਖ ਵੱਖ ਖੇਡਾਂ ਰਾਹੀਂ ਪੁਲੀਸ ਸੇਵਾ ਵਿਚ ਆਈਆਂ। ਮਮਤਾ ਖਰਬ (ਹਾਕੀ), ਗੀਤਕਾ ਝਾਖੜ (ਕੁਸ਼ਤੀ) ਤੇ ਮਮਤਾ ਸੌਦਾ (ਐਵਰੈਸਟ ਜੇਤੂ) ਤਾਂ ਸਿੱਧੇ ਡੀ.ਐਸ.ਪੀ. ਦੇ ਅਹੁਦੇ 'ਤੇ ਆਈਆਂ। ਇਸ ਤੋਂ ਇਲਾਵਾ ਸਿਪਾਹੀ, ਸਬ-ਇੰਸਪੈਕਟਰ ਤੇ ਇੰਸਪੈਕਟਰ ਦੇ ਅਹੁਦਿਆਂ 'ਤੇ ਵੀ ਦਰਜਨਾਂ ਦੀ ਸੰਖਿਆ ਵਿਚ ਕੁੜੀਆਂ ਭਰਤੀ ਹੋਈਆਂ। ਇਨ੍ਹਾਂ ਵਿਚੋਂ ਬਹੁਤਿਆਂ ਦੇ ਜੀਵਨ ਦੇ ਤਜਰਬਿਆਂ ਨੂੰ ਪ੍ਰਸਿੱਧ ਨਾਵਲਕਾਰ ਮੈਤਰਯੀ ਪੁਸ਼ਪਾ ਨੇ ਆਪਣੀ ਅਮਰ ਲੇਖਣੀ 'ਫਾਈਟਰ ਕੀ ਡਾਇਰੀ' ਵਿਚ ਉਤਾਰਿਆ ਹੈ। ਲਿੰਗਕ ਗੈਰ ਬਰਾਬਰਤਾ ਦਾ ਅਜਿਹਾ ਪ੍ਰਮਾਣਕ ਦਸਤਾਵੇਜ਼ ਸ਼ਾਇਦ ਹੀ ਹਿੰਦੀ ਸਾਹਿਤ ਵਿਚ ਕੋਈ ਦੂਸਰਾ ਹੋਵੇ। ਮੈਤਰਯੀ ਜੀ ਉਨ੍ਹਾਂ ਵਿਚੋਂ ਬਹੁਤਿਆਂ ਨਾਲ ਅੱਜ ਵੀ ਸੰਪਰਕ ਵਿਚ ਹੈ। ਉਨ੍ਹਾਂ ਦੇ ਪੁਲੀਸ ਜੀਵਨ ਦੇ ਤਜਰਬੇ ਵੀ ਪਹਿਲਾਂ ਦੇ ਉਨ੍ਹਾਂ ਦੇ ਜੀਵਨ ਦੇ ਲਿੰਗਕ ਸੋਸ਼ਣ ਦੇ ਪੂਰਕ ਵਰਗੇ ਹੀ ਹਨ। ਬਸ ਉਹ ਅੱਜ ਖੁਦ ਨੂੰ ਉਨ੍ਹਾਂ ਦਾ ਸਾਹਮਣਾ ਕਰਨ ਵਿਚ ਜ਼ਿਆਦਾ ਮਸ਼ਰੂਫ ਜ਼ਰੂਰ ਪਾਉਂਦੀਆਂ ਹਨ। ਸਰਕਾਰਾਂ ਕਾਨੂੰਨ ਬਣਾਉਣ ਵਿਚ ਪਿਛੇ ਨਹੀਂ ਹਨ। ਕੇਰਲ ਕਾਂਡ ਵਿਚ ਜਾਂਚ ਤੋਂ ਬਾਅਦ ਸਾਈਂ ਅਤੇ ਖੇਡ ਮੰਤਰਾਲੇ ਵੀ ਕੋਈ ਨਾ ਕੋਈ ਨਵਾਂ ਪੱਤਰ ਜਾਰੀ ਕਰਨਗੇ ਹੀ। ਇਸ ਨਾਲ ਹੋਸਟਲ ਖੁਦਕੁਸ਼ੀ ਮਾਮਲੇ ਦਾ ਫੈਸਲਾ ਤਾਂ ਹੋ ਜਾਵੇਗਾ ਪਰ ਖੇਡ ਦੀ ਦੁਨੀਆ ਵਿਚ ਲਿੰਗ ਸੋਸ਼ਣ ਦੇ ਦਖਲ ਦਾ ਨਹੀਂ। ਕੇਂਦਰ ਸਰਕਾਰ ਨੇ 2006 ਵਿਚ ਕਾਰਜ ਖੇਤਰ ਵਿਚ ਯੋਨ ਹਿੰਸਾ ਦੇ ਵਿਰੁੱਧ ਕਾਨੂੰਨ ਬਣਾਇਆ ਸੀ ਪਰ ਇਸ ਦਾ ਕੰਮਕਾਜੀ ਅਨੁਭਵ ਦਸਦਾ ਹੈ ਕਿ ਬਿਨਾਂ ਕਾਰਜ ਖੇਤਰ ਤੋਂ ਲਿੰਗਕ ਸੋਸ਼ਣ ਦੇ ਮੌਕਿਆਂ ਦਾ ਖਾਤਮਾ ਕਰੇ ਅਤੇ ਲਿੰਗ ਗੈਰ ਬਰਾਬਰਤਾ ਦੀ ਉਸ ਅਦਿਖ ਜ਼ਮੀਨ ਨੂੰ ਤੋੜੇ ਜੋ ਇਸ ਸੋਸ਼ਣ ਨੂੰ ਸੰਭਵ ਕਰਦੀ ਹੈ, ਕਾਰਜ ਖੇਤਰ ਵਿਚ ਇਸਤਰੀ 'ਤੇ ਯੋਨ ਹਿੰਸਾ ਦਾ ਖਤਰਾ ਵੀ ਹਮੇਸ਼ਾ ਬਣਿਆ ਹੀ ਰਹਿੰਦਾ ਹੈ। ਲੋੜ ਹੈ ਜੜ੍ਹ 'ਤੇ ਵਾਰ ਕਰਨ ਦੀ ਭਾਵ ਕਾਰਜ ਖੇਤਰ ਵਿਚ ਲਿੰਗਕ ਹਿੰਸਾ ਦੇ ਵਿਰੁੱਧ ਕਾਨੂੰਨ ਨੂੰ ਅਮਲੀ ਜਾਮਾ ਪਾਉਣ ਦੀ। ਸਾਈਂ ਦੇ ਅਧਿਕਾਰੀ ਜੇਕਰ ਇਸ ਦ੍ਰਿਸ਼ਟੀਕੋਣ ਤੋਂ ਹੋਸਟਲ ਕਾਂਡ ਦੇ ਪਿਛੋਕੜ ਵਿਚ ਇਕ ਸਟੇਟਸ ਪੇਪਰ ਜਨਤਕ ਤੌਰ 'ਤੇ ਲਿਆਉਣ ਤਾਂ ਉਹ ਲਿੰਗ ਚੁਣੌਤੀ ਨੂੰ ਸਵੀਕਾਰਨ ਦੀ ਦਿਸ਼ਾ ਵਿਚ ਵੱਡਾ ਕਦਮ ਚੁੱਕ ਰਹੇ ਹੋਣਗੇ।

## ਪਹਿਲਵਾਨ ਸੀ, ਪਰ ਕੁੱਟ ਖਾਂਦੀ ਸੀ

2005 ਵਿਚ ਮੈਂ ਰੋਹਤਕ ਰੇਂਜ ਦਾ ਆਈ. ਜੀ. ਸੀ। ਦਫ਼ਤਰ ਵਿਚ ਇਕ ਦਿਨ ਇਕ ਪੁਲੀਸ ਮੁਲਾਜ਼ਮ ਮੇਰੇ ਕੋਲ ਆਈ ਜੋ ਆਪਣੀ ਬਹੁਤ ਚੰਗੀ ਕੁਸ਼ਤੀ ਕਲਾ ਦੇ ਦਮ 'ਤੇ ਵਿਭਾਗ ਵਿਚ ਕੁਝ ਸਾਲ ਪਹਿਲਾਂ ਭਰਤੀ ਹੋਈ ਸੀ। ਉਸ ਦਾ ਪਤੀ ਉਸ ਨੂੰ ਰੋਜ਼ਾਨਾ ਕੁੱਟਦਾ ਸੀ ਤੇ ਜਿੱਥੇ ਵੀ ਉਹ ਇਨਾਮੀ ਕੁਸ਼ਤੀ ਜਿੱਤਦੀ, ਉਸ ਦੇ ਜਿੱਤੇ ਪੈਸੇ ਖੋਹ ਲੈਂਦਾ।



ਮੈਂ ਕਿਹਾ, 'ਤੂੰ ਜਦੋਂ ਚਾਹੇ ਉਸ ਨੂੰ ਵਾਪਸ ਕੁੱਟ ਸਕਦੀ ਹੈ, ਤੇਰੇ ਸਾਹਮਣੇ ਉਹ ਜ਼ਰਾ ਜਿੰਨਾ ਆਦਮੀ ਕੀ ਹੈ?' ਇਹ ਉਹ ਵੀ ਜਾਣਦੀ ਸੀ। ਪਰ ਉਦੋਂ, ਉਸ ਨੇ ਰੋਂਦੇ ਰੋਂਦੇ ਕਿਹਾ, 'ਉਸ ਦਾ ਵਿਆਹ ਟੁੱਟ ਜਾਏਗਾ ਤੇ ਉਸ ਦੇ ਘਰਵਾਲੇ ਵੀ ਉਸ ਨਾਲ ਨਾਤਾ ਤੋੜ ਲੈਣਗੇ।

## 'ਪਾਇਦਾਨ' ਵਿਚ ਸੋਸ਼ਣ ਪਰਤਾਂ...

2002 ਵਿਚ ਹਰਿਆਣਾ ਦੀ ਸੋਨਾ ਚੌਧਰੀ ਦਾ ਆਤਮ ਕਥਾਤਮਕ ਨਾਵਲ 'ਪਾਇਦਾਨ' ਆਇਆ ਸੀ। ਉਹ ਖੁਦ ਕਈ ਸਾਲ ਫੁਟਬਾਲ ਦੀ ਕੌਮੀ ਟੀਮ ਵਿਚ ਰਹੀ ਤੇ ਖੇਡ ਦੀਆਂ ਖਾਮੀਆਂ ਨਾਲ ਭਰੀ ਲਿੰਗਕ ਸੋਸ਼ਣ ਦੀ ਦੁਨੀਆ ਦਾ ਅਹਿਮ ਹਿੱਸਾ ਵੀ। ਇਹ ਨਾਵਲ ਖੇਡ ਦੀ ਦੁਨੀਆ ਵਿਚ ਪਸਰੇ



ਲਿੰਗਕ ਸੋਸ਼ਣ ਨੂੰ ਪਰਤ ਦਰ ਪਰਤ ਖੋਲ੍ਹਦਾ ਹੈ ਤੇ ਇਹ ਵੀ ਦਸਦਾ ਹੈ ਕਿ ਫਿਰ ਵੀ ਕਿਉਂ ਕੁੜੀ ਨੂੰ ਇਸੇ ਤਰ੍ਹਾਂ ਹੀ ਜਿਉਣਾ ਹੁੰਦਾ ਹੈ। ਇਕ ਸਿਹਤਮੰਦ ਦਿਸਦੇ ਸਮਾਜ ਵਿਚ ਵੀ ਕੁੜੀ ਮਨ ਤੋਂ ਬਿਮਾਰ ਹੁੰਦੀ ਹੈ। ਪਰ ਉਸ ਵਿਕਲਪਹੀਨਤਾ ਵਿਚ ਬਦਲ ਲਭਣਾ ਹੁੰਦਾ ਹੈ। ਮੈਂ ਕਦੇ ਇਕ ਕਵਿਤਾ ਲਿਖੀ ਸੀ-

ਜਿਵੇਂ ਹੀ ਲੜਕੀ
ਕੁਝ ਨਵਾਂ ਕਰਨਾ ਚਾਹੁੰਦੀ ਹੈ
ਇਕੱਲੀ ਪੈ ਜਾਂਦੀ ਹੈ।

ਅੰਕਿਤਾ ਇੰਦਾਪੁਰਕਰ

ਫੇਸਬੁੱਕ ਅਜਿਹੀ ਦੁਨੀਆ ਹੈ, ਜਿਸ ਨੂੰ ਮੇਲਜੋਲ ਵਧਾਉਣ ਤੇ ਲੋਕਾਂ ਨੂੰ ਸਮਾਜਕ ਬਣਾਉਣ ਲਈ ਰਚਿਆ ਗਿਆ ਸੀ। ਪਰ ਆਪਣੇ ਫੇਸਬੁੱਕ ਅਕਾਉਂਟ ਵਿਚ ਇਕ ਵਾਰ ਝਾਕ ਕੇ ਦੇਖੋ ਅੱਜ ਕਿੰਨੇ ਲੋਕਾਂ ਨੇ ਸਾਕਾਰਾਤਮਕ ਪੋਸਟ ਪਾਈ ਹੈ? ਇਥੇ ਤਾਂ ਨਾਕਾਰਾਤਮਕਤਾ ਤੇ ਉਲਟੀ ਸੋਚ ਦਾ ਹੜ੍ਹ ਆਇਆ ਹੋਇਆ ਹੈ। ਇਸ ਮਸਨੂਈ ਦੁਨੀਆ ਨੂੰ ਵੀ ਅਸੀਂ ਆਪਣੀ ਅਸਲੀ ਦੁਨੀਆ ਵਰਗਾ ਹੀ ਬਣਾ ਰਹੇ ਹਾਂ। ਜਾਂ ਨਕਲੀ ਚਿਹਰਿਆਂ ਨਾਲ ਭਰੀ ਇਹ ਮਸਨੂਈ ਦੁਨੀਆ ਸਾਨੂੰ ਅਸਲ ਜ਼ਿੰਦਗੀ ਵਿਚ ਨਾਕਾਰਾਤਮਕ ਬਣਾ ਰਹੀ ਹੈ?

# ਉਲਟੀ ਸੋਚ ਦਾ ਹੜ੍ਹ




## ਖੋਜ ਨੇ ਕੀਤਾ ਸੋਚਣ 'ਤੇ ਮਜਬੂਰ

ਸੋਸ਼ਲ ਵੈੱਬਸਾਈਟ ਨਾਲ ਲੋਕਾਂ ਦੇ ਰਵੱਈਏ ਵਿਚ ਕੀ ਤੇ ਕਿਹੋ ਜਿਹੇ ਬਦਲਾਅ ਆ ਰਹੇ ਹਨ, ਇਹ ਜਾਣਨ ਲਈ ਖ਼ੁਦ ਫੇਸਬੁੱਕ ਨੇ ਇਕ ਅਧਿਐਨ ਕਰਵਾਇਆ। ਨਤੀਜੇ ਹੈਰਾਨ ਕਰਨ ਵਾਲੇ ਰਹੇ। 70 ਫ਼ੀਸਦੀ ਲੋਕ ਨਾਕਾਰਾਤਮਕ ਪੋਸਟ ਪੜ੍ਹਨ ਅਤੇ ਅਜਿਹੇ ਅਪਡੇਟ ਕਰਨ ਵਿਚ ਦਿਲਚਸਪੀ ਦਿਖਾਉਂਦੇ ਹਨ। ਦੇਖਿਆ ਜਾਏ ਤਾਂ ਫੇਸਬੁੱਕ ਦੇ ਹਜ਼ਾਰਾਂ ਲਾਭ ਹਨ! ਦੂਰ ਹੋ ਗਏ ਪਰਿਵਾਰਾਂ ਨੂੰ ਵਾਪਸ ਕਰੀਬ ਲਿਆਉਣਾ, ਵਿਚਾਰਾਂ ਦਾ ਪ੍ਰਗਟਾਵਾ ਖੁੱਲ੍ਹ ਕੇ ਕਰਨਾ। ਇਥੇ 'ਲਾਈਕਸ' ਤੇ 'ਕਮੈਂਟ' ਦੇ ਰੂਪ ਵਿਚ ਮਿਲਣ ਵਾਲੀਆਂ ਤਾਰੀਫ਼ਾਂ ਹੌਸਲਾ ਵਧਾਉਣ ਲਈ ਕਾਫ਼ੀ ਹਨ। ਫਿਰ ਅਜਿਹਾ ਕੀ ਹੈ, ਜੋ ਸਾਨੂੰ ਇਹ ਦੁਨੀਆ ਨਾਕਾਰਾਤਮਕ ਵੱਲ ਖਿਚ ਰਹੀ ਹੈ..?

## ਬੇਚੈਨੀ ਤੇ ਨਿਰਾਸ਼ਾ ਦਾ ਅੱਡਾ ਬਣਿਆ

ਬਚਪਨ ਵਿਚ ਦੀਵਾਰਾਂ 'ਤੇ ਲਿਖਣ ਦਾ ਬੜਾ ਸ਼ੌਕ ਸੀ। ਹੁਣ ਵੀ ਹੈ। ਫ਼ਰਕ ਸਿਰਫ਼ ਏਨਾ ਹੈ ਕਿ ਹੁਣ ਕੰਧਾਂ ਮਸਨੂਈ ਦੁਨੀਆ ਦੀਆਂ ਹਨ। ਆਪਣੀ ਫੇਸਬੁੱਕ ਵੱਲ ਹੋਵੇ ਜਾਂ ਕਿਸੇ ਹੋਰ ਦੀ, ਇਥੇ ਤੁਹਾਨੂੰ ਸਭ ਕੁਝ ਲਿਖਣ ਦੀ ਆਜ਼ਾਦੀ ਹੈ। ਇਸ ਆਜ਼ਾਦੀ ਨੂੰ ਅਸੀਂ ਆਪਣਾ ਗ਼ੁੱਸਾ, ਚਿੜ੍ਹ, ਜਲਨ, ਬੇਚੈਨੀ ਤੇ ਭੜਾਸ ਕੱਢਣ ਦੀ ਛੂਟ ਮੰਨ ਲਿਆ ਹੈ। ਕਿਸੇ ਦਾ ਚਿਹਰਾ ਸਾਹਮਣੇ ਨਹੀਂ ਹੈ, ਲਿਖਣ ਤੋਂ ਰੋਕਣ ਵਾਲੇ ਹੱਥ ਨਹੀਂ ਹਨ, ਕੋਈ ਵੀ ਸ਼ਬਦਾਂ ਵਿਚ ਲੁਕੀ ਤੁਹਾਡੀ ਸੋਚ ਨੂੰ ਹਟਾ ਨਹੀਂ ਸਕਦਾ, ਫਿਰ ਡਰਨਾ ਕਿਸ ਗੱਲ ਦਾ!

## ਪਰ ਕੀ ਇਹ ਸੱਚ ਨਿਡਰਤਾ ਹੈ?

ਪ੍ਰੋਫਾਈਲ ਤੁਹਾਡੀ, ਪੋਸਟ ਤੁਹਾਡੀ। ਇਸ ਨੂੰ ਕੌਣ ਪੜ੍ਹੇਗਾ, ਇਹ ਚੁਣਨ ਦੀ ਆਜ਼ਾਦੀ ਵੀ ਤੁਹਾਡੀ। ਅਜਿਹੇ ਵਿਚ ਦਿਲ ਦੀ ਗੱਲ ਬਿਨਾਂ ਡਰੇ ਕਹੋ। ਜੇਕਰ ਤੁਹਾਡੇ ਵਿਚਾਰਾਂ 'ਤੇ ਕਿਸੇ ਨੇ ਉਂਗਲ ਚੁੱਕੀ, ਤਾਂ 'ਕਮੈਂਟ ਡਿਲੀਟ', 'ਪੋਸਟ ਡਿਲੀਟ' ਜਾਂ ਫਿਰ ਸਿੱਧੇ ਫਰੈਂਡ ਲਿਸਟ ਤੋਂ ਹਟਾਉਣ ਦਾ ਬਦਲ ਵੀ ਹੈ। ਅਜਿਹੇ ਵਿਚ ਕੁਝ ਵੀ ਕਰਨ ਜਾਂ ਕਹਿਣ ਤੋਂ ਡਰਨਾ ਕਾਹਦਾ! ਕੀ ਤੁਸੀਂ ਵੀ ਇਸ ਨੂੰ ਨਿਡਰਤਾ ਦੀ ਨਿਸ਼ਾਨੀ ਸਮਝ ਬੈਠੇ ਸੀ? ਜੇਕਰ ਹਾਂ ਤਾਂ ਇੱਥੇ ਤੁਸੀਂ ਗ਼ਲਤ ਹੋ!

## ਇਹ ਸਾਨੂੰ ਡਰਪੋਕ ਲੜਾਕਾ ਬਣਾ ਰਿਹਾ ਹੈ

ਦਿੱਲੀ ਦੀ ਮਨੋਵਿਗਿਆਨਕ ਰਾਗਿਨੀ ਸਾਲਵੇ ਕਹਿੰਦੀ ਹੈ, 'ਜਿਨ੍ਹਾਂ ਦੀਆਂ ਗੱਲਾਂ ਸੁਣੀਆਂ ਨਹੀਂ ਜਾਂਦੀਆਂ ਜਾਂ ਜੋ ਕਹਿਣ ਤੋਂ ਡਰਦੇ ਹਨ, ਉਹ ਫੇਸਬੁੱਕ ਨੂੰ ਆਪਣਾ ਸਹਾਰਾ ਬਣਾ ਲੈਂਦੇ ਹਨ। ਭਾਵ, ਮੈਂ ਆਪਣੇ ਕਾਲਜ ਦੀ ਇਕ ਲੜਕੀ ਨਾਲ ਨਫ਼ਰਤ ਕਰਦੀ ਹਾਂ। ਕਿਉਂਕਿ ਉਹ ਮੇਰੀ ਫੇਸਬੁੱਕ ਫਰੈਂਡਲਿਸਟ ਵਿਚ ਨਹੀਂ ਹੈ, ਸੋ, ਘਰ ਆ ਕੇ ਮੈਂ ਉਸ ਲਈ ਉਲਟੇ-ਸਿੱਧੇ ਪੋਸਟ ਕਰ ਦਿੰਦੀ ਹਾਂ। ਕੀ ਖਿਝ ਕੱਢਣ ਦਾ ਇਹ ਸਹੀ ਤਰੀਕਾ ਹੈ? ਕੀ ਮੇਰੀ ਨਫ਼ਰਤ ਜਾਇਜ਼ ਹੈ? ਜਾਂ ਮੈਂ ਡਰਪੋਕ ਹਾਂ! ਸਾਹਮਣੇ ਕਹਿਣ ਜਾਂ ਦੋਸਤੀ ਦਾ ਹੱਥ ਵਧਾਉਣ ਦੀ ਬਜਾਏ ਮੈਂ ਪਿਠ ਪਿੱਛੇ ਫੇਸਬੁੱਕ 'ਤੇ ਕਹਿਣਾ ਆਸਾਨ ਸਮਝਦੀ ਹਾਂ।'

ਅਜਿਹਾ ਸਭ ਨਾਲ ਹੁੰਦਾ ਹੈ। ਦਫ਼ਤਰ ਵਿਚ ਮਿਲੀ ਸ਼ਰਮਿੰਦਗੀ, ਦੋਸਤ ਤੋਂ ਮਿਲਿਆ ਧੋਖਾ, ਸਹੁਰਾ ਪਰਿਵਾਰ ਤੋਂ ਮਿਲਿਆ ਅਪਮਾਨ ਜਾਂ ਜ਼ਿੰਦਗੀ ਤੋਂ ਅੱਕੇ ਹੋਣ 'ਤੇ ਅਸੀਂ ਫੇਸਬੁੱਕ ਨੂੰ ਆਪਣਾ ਆਖ਼ਰੀ ਸਹਾਰਾ ਮੰਨ ਕੇ ਆਪਣਾ ਮੰਨ ਇੱਥੇ ਹਲਕਾ ਕਰਦੇ ਹਾਂ।

## ਖ਼ੁਸ਼ੀਆਂ ਚੁਣੋ ਨਕਾਰਾਤਮਕਤਾ ਨੂੰ ਕਹੋ ਨਾ

ਸਵੇਰੇ-ਸਵੇਰੇ ਆਪਣਾ ਅਕਾਉਂਟ ਖੋਲ੍ਹਿਆ ਤੇ ਸਾਹਮਣੇ ਹਿੰਸਾ, ਗ਼ੁੱਸਾ, ਜਾਂ ਦੁੱਖ ਨਾਲ ਭਰੀ ਪੋਸਟ ਦੇਖ ਕੇ ਤੁਸੀਂ ਖ਼ੁਦ ਨੂੰ ਇਸ ਨਾਲ ਵਹਿਣ ਤੋਂ ਨਹੀਂ ਰੋਕ ਪਾਉਂਦੇ। ਆਸ਼ਾਵਾਦੀ ਅਤੇ ਖ਼ੁਸ਼ਮਿਜ਼ਾਜ ਲੋਕਾਂ ਨਾਲ ਵੀ ਇਹੀ ਹੁੰਦਾ ਹੈ। ਬਿਹਤਰ ਹੈ ਕਿ ਨਕਾਰਾਤਮਕਤਾ ਨੂੰ ਵਧਣ ਹੀ ਨਾ ਦਿਓ ਤੇ ਨਾ ਹੀ ਅਜਿਹੇ ਲੋਕਾਂ ਨਾਲ ਸੰਪਰਕ ਰੱਖੋ, ਜੋ ਸਿਰਫ਼ ਅਜਿਹੀ ਪੋਸਟ ਪਾਉਂਦੇ ਹਨ। ਮੁੰਬਈ ਵਿਚ ਫੈਸ਼ਨ ਡਿਜ਼ਾਈਨਿੰਗ ਕਰ ਰਹੀ ਪ੍ਰਾਚੀ ਅਚਾਰਿਆ ਕਹਿੰਦੀ ਹੈ, 'ਕਈ ਲੋਕ ਜ਼ਿੰਦਗੀ ਜਾਂ ਲੋਕਾਂ ਨੂੰ ਲੈਕੇ ਨਕਾਰਾਤਮਕ ਪੋਸਟ ਕਰਦੇ ਸਨ। ਇਹ ਸਭ ਦੇਖ-ਦੇਖ ਕੇ ਮੈਂ ਖ਼ੁਦ ਨੂੰ ਗ਼ਲਤ ਸਮਝਣ ਲੱਗੀ ਸੀ। ਮੈਨੂੰ ਖ਼ੁਸ਼ੀ ਹੈ ਕਿ ਹੁਣ ਅਜਿਹੇ ਲੋਕ ਮੇਰੀ ਫਰੈਂਡਲਿਸਟ ਦਾ ਹਿੱਸਾ ਨਹੀਂ ਹਨ। ਮੇਰੀ ਆਂਟੀ ਅਕਸਰ ਹਾਸ ਭਰਪੂਰ ਜਾਂ ਪ੍ਰੇਰਤ ਕਰਨ ਵਾਲੇ ਵੀਡੀਓ ਤੇ ਫੋਟੋਆਂ ਅਪਲੋਡ ਕਰਦੀ ਹੈ। ਮੈਂ ਉਨ੍ਹਾਂ ਨੂੰ ਸ਼ੇਅਰ ਕਰਦੀ ਰਹਿੰਦੀ ਹਾਂ। ਕੋਸ਼ਿਸ਼ ਇਹੀ ਰਹਿੰਦੀ ਹੈ ਕਿ ਜਿੰਨਾ ਹੋ ਸਕੇ ਸਕਾਰਾਤਮਕ ਪੋਸਟ ਕਰਾਂ।'

## ਜ਼ਰਾ ਸੋਚੋ

ਇੱਥੇ ਅਜਿਹੇ ਲੋਕਾਂ ਅਤੇ ਵਿਸ਼ਿਆਂ ਦੀਆਂ ਚਰਚਾਵਾਂ ਕੀਤੀਆਂ ਜਾਂਦੀਆਂ ਹਨ, ਜਿਨ੍ਹਾਂ ਦਾ ਅਸਲ ਜ਼ਿੰਦਗੀ ਨਾਲ ਜ਼ਿਆਦਾ ਸਬੰਧ ਹੀ ਨਹੀਂ ਹੁੰਦਾ। ਨਕਾਰਾਤਮਕਤਾ ਦੇ ਇਸ ਭੰਵਰ ਵਿਚ ਪਤਾ ਨਹੀਂ ਕਿੰਨੇ ਲੋਕ ਖਿੱਚੇ ਚਲੇ ਜਾਂਦੇ ਹਨ।

ਇਹ ਮਸਨੂਈ ਦੁਨੀਆ ਹੈ। ਧਿਆਨ ਰੱਖੋ ਕਿ ਇੱਥੇ ਤੁਹਾਡੀ ਪ੍ਰੋਫਾਈਲ ਹੀ ਤੁਹਾਡਾ ਚਿਹਰਾ ਹੈ। ਇਸ ਨੂੰ ਕਿਸੇ ਨਵੇਂ ਅਹੁਦੇ ਦੀ ਭਰਤੀ ਜਾਂ ਨਵੇਂ ਰਿਸ਼ਤਿਆਂ ਨੂੰ ਜੋੜਨ ਦੇ ਲਿਹਾਜ਼ ਨਾਲ ਵੀ ਦੇਖਿਆ ਜਾ ਸਕਦਾ ਹੈ। ਇਸ ਲਈ ਹਮੇਸ਼ਾ ਕੁਝ ਅਜਿਹਾ ਲਿਖੋ, ਜਿਸ ਨਾਲ ਲੋਕ ਤੁਹਾਡੇ ਬਾਰੇ ਗ਼ਲਤ ਰਾਏ ਨਾ ਬਣਾਉਣ। ਧਿਆਨ ਰੱਖੋ ਕਿ ਤੁਸੀਂ ਫੇਸਬੁੱਕ ਰਾਹੀਂ ਕਿਸੇ ਦੇ ਵਿਚਾਰਾਂ, ਵਿਹਾਰ ਜਾਂ ਆਚਰਨ ਨੂੰ ਨਹੀਂ ਬਦਲ ਸਕਦੇ। ਹੋ ਸਕਦਾ ਹੈ ਕਿ ਤੁਹਾਡੀ ਇਹ ਲੁਕੀ ਕੋਸ਼ਿਸ਼ ਗ਼ਲਤਫ਼ਹਿਮੀਆਂ ਨੂੰ ਉਤਸ਼ਾਹਤ ਕਰੇ ਅਤੇ ਗੱਲ ਵਿਗੜ ਜਾਏ। ਇਸ ਲਈ ਅਜਿਹੇ ਯਤਨ ਕਰਨ ਤੋਂ ਬਚੋ ਤੇ ਬਿਨਾਂ ਕਾਰਨ ਲੰਬੀ ਬਹਿਸ ਵਿਚ ਨਾ ਉਲਝੋ।

ਨਵੇਂ ਰਿਸ਼ਤੇ ਬਣਾਉਣ ਅਤੇ ਪੁਰਾਣੇ ਰਿਸ਼ਤੇ ਮਜ਼ਬੂਤ ਕਰਨ ਲਈ ਫੇਸਬੁੱਕ ਨੂੰ ਅਪਣਾਓ। ਇਸ ਨੂੰ ਨਿੱਜੀ ਖੁੰਦਕ, ਧਾਰਮਕ ਜਾਂ ਜਾਤੀ ਨਫ਼ਰਤ, ਅਸਫਲਤਾ, ਨਿਰਾਸ਼ਾ, ਮਾਨਸਿਕ ਕੜਵਾਹਟ, ਸ਼ੱਕ ਜਾਂ ਸਿਰਫ਼ ਧਿਆਨ ਖਿਚਣ ਦੇ ਰੁਝਾਨ ਨੂੰ ਵਰਤਣ ਤੋਂ ਬਚੋ। ਇਕ ਜ਼ਿੰਮੇਵਾਰ ਨਾਗਰਿਕ ਬਣਨ ਨਾਲ ਹੀ ਮਸਨੂਈ ਸੰਸਾਰ ਵਿਚ ਵੀ ਆਪਣੀਆਂ ਜ਼ਿੰਮੇਵਾਰੀਆਂ ਪਛਾਣੋ। ਚੰਗਾ ਲਿਖੋ! ਸਕਾਰਾਤਮਕ ਲਿਖੋ!

# ਵਿਸ਼ਵ ਰਿਕਾਰਡ — ਦੁਨੀਆਂ ਦਾ ਸਭ ਤੋਂ ਲੰਮਾ ਡਾਇਨਿੰਗ ਟੇਬਲ ਬਣਾਇਆ

ਵਿਨੀਪੈਗ- ਵਿਨੀਪੈਗ ਵਾਸੀਆਂ ਨੇ ਜੇਕਰ ਇਕੱਠਿਆਂ ਖਾਣਾ ਹੋਵੇ ਤਾਂ ਇਸ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਮੈਨੀਟੋਬਾ ਵਿਧਾਨ ਸਭਾ ਦੀ ਬਿਲਡਿੰਗ ਵਿੱਚ ਡਾਇਨਿੰਗ ਟੇਬਲ ਬਣਾਇਆ ਗਿਆ ਹੈ ਜਿਸਦੀਂ ਲੰਬਾਈ 365 ਮੀਟਰ ਹੈ। ਇਸ ਡਾਇਨਿੰਗ ਟੇਬਲ ਦੀ ਵਰਤੋਂ ਵੱਡੇ ਪ੍ਰੋਗਰਾਮਾਂ ਵਿੱਚ ਹੋਵੇਗੀ। ਇਸ ਟੇਬਲ 'ਤੇ ਇੱਕ ਵਾਰੀ 'ਚ 1201 ਵਿਅਕਤੀ ਭੋਜਨ ਕਰ ਸਕਦੇ ਹਨ। ਇਸ ਡਇਨਿੰਗ ਟੇਬਲ ਦੀ ਵਿਸ਼ੇਸ਼ਤਾ ਸਿਰਫ਼ ਇਹੀ ਨਹੀਂ ਕਿ ਇਸਦੀ ਲੰਬਾਈ ਬਹੁਤ ਜ਼ਿਆਦਾ ਹੈ, ਸਗੋਂ ਇਸਦੀ ਡਿਜ਼ਾਇਨਿੰਗ ਤੇ ਇਸਦੀ ਸਿਲਪਕਾਰੀ ਇਸਦੇ ਆਕਾਰ ਨਾਲੋਂ ਵੀ ਵੱਧ ਹੈਰਾਨ ਕਰਦੀ ਹੈ।

ਇਸ ਟੇਬਲ ਨੂੰ ਤਿਆਰ ਕਰਵਾਉਣ ਵਾਲੇ ਇਸਦੇ ਨਿਰਦੇਸ਼ਕ ਡੇਵਿਡ ਪੈਨਰ ਦਾ ਕਹਿਣਾ ਹੈ ਕਿ ਇਸ ਨੂੰ ਇਸ ਤਰ੍ਹਾਂ ਡਿਜ਼ਾਇਨ ਕੀਤਾ ਗਿਆ ਹੈ ਕਿ ਖਾਣਾ ਵਰਤਾਉਣ 'ਚ ਕਿਸੇ ਵੀ ਤਰ੍ਹਾਂ ਦੀ ਕੋਈ ਸਮੱਸਿਆ ਨਾ ਆਵੇ। ਇਸ ਟੇਬਲ 'ਤੇ ਕੀਤੀ ਗਈ ਸਿਲਪਕਾਰੀ ਤੁਹਾਨੂੰ ਡਾਇਨਿੰਗ ਟੇਬਲ ਵੱਲ ਖਿੱਚ ਲਿਆਉਂਦੀ ਹੈ। ਇਹ ਟੇਬਲ ਬਣਾ ਕੇ ਅਸੀਂ ਵਿਸ਼ਵ ਰਿਕਾਰਡ ਵੀ ਆਪਣੇ ਨਾਂ ਕਰ ਲਿਆ ਹੈ। ਇਸ ਗੱਲ ਦਾ ਸਾਨੂੰ ਮਾਣ ਹੈ।





# ਬਚਪਨ ’ਤੇ ਕਸਦਾ ਕਾਨੂੰਨੀ ਸ਼ਿਕੰਜਾ

**ਸੁਭਾਸ਼ਨੀ ਸਹਿਗਲ ਅਲੀ**

ਲਗਦਾ ਹੈ ਮੋਦੀ ਸਰਕਾਰ ਨੂੰ ਬੱਚਿਆਂ ਨਾਲ ਖਾਸ ਦੁਸ਼ਮਣੀ ਹੈ। ਸਾਲਾਨਾ ਬਜਟ ਵਿਚ ਬੱਚਿਆਂ ਅਤੇ ਨੌਜਵਾਨਾਂ ਨਾਲ ਸਬੰਧਤ ਤਮਾਮ ਮਦਾਂ ਵਿਚ ਭਾਰੀ ਕਟੌਤੀ ਕੀਤੀ ਗਈ ਹੈ। ਮਹਿਲਾ ਤੇ ਬਾਲ ਕਲਿਆਣ ਮੰਤਰਾਲੇ ਦਾ ਬਜਟ ਇਕ ਤਿਹਾਈ ਘੱਟ ਕਰ ਦਿੱਤਾ ਗਿਆ ਹੈ, ਸਿੱਖਿਆ ਬਜਟ ਵਿਚ ਕਟੌਤੀ ਦਾ ਅਸਰ ਵਿਦਿਆਰਥੀਆਂ ’ਤੇ ਪੈਣ ਲੱਗਾ ਹੈ। ਇਹੀ ਨਹੀਂ, ਬੀਤੇ ਦਿਨੀਂ ਸਰਕਾਰ ਵਲੋਂ ਦੋ ਕਾਨੂੰਨਾਂ ਵਿਚ ਤਬਦੀਲੀ ਦਾ ਯਤਨ ਦਾ ਹੈਰਾਨ ਕਰਨ ਵਾਲਾ ਹੈ। ਬਾਲ ਮਜ਼ਦੂਰ ਕਾਨੂੰਨ ਵਿਚ ਸਰਕਾਰ ਵਲੋਂ ਕੀਤੇ ਜਾ ਰਹੇ ਸੋਧ ਦਾ ਨਤੀਜਾ ਇਹ ਹੋਵੇਗਾ ਕਿ ਬੱਚਿਆਂ ਤੋਂ ਉਨ੍ਹਾਂ ਦਾ ਬਚਪਨ ਖੋਹ ਲਿਆ ਜਾਵੇਗਾ। ਭਾਰਤ ਪੂਰੀ ਦੁਨੀਆ ਵਿਚ ਸਭ ਤੋਂ ਵੱਧ ਬਾਲ ਮਜ਼ਦੂਰਾਂ ਦਾ ਦੇਸ਼ ਹੈ। ਪਰ ਸਰਕਾਰ ਕਾਨੂੰਨ ਵਿਚ ਜੋ ਬਦਲਾਅ ਲਿਆਉਣਾ ਚਾਹੁੰਦੀ ਹੈ, ਉਸ ਨਾਲ ਬੱਚਿਆਂ ਦੇ ‘ਪਰਿਵਾਰ ਨਾਲ ਕੰਮ ਕਰਨ’ ਨੂੰ ਕਾਨੂੰਨੀ ਮਾਨਤਾ ਮਿਲ ਜਾਵੇਗੀ।

ਜੇਕਰ ਇਸੇ ਸਰਕਾਰ ਦੇ ਹੋਰਨਾਂ ਕਦਮਾਂ ਦੇ ਸਬੰਧ ਵਿਚ ਦੇਖੀਏ ਤਾਂ ਬੱਚਿਆਂ ਦਾ ਭਵਿੱਖ ਹੋਰ ਭਿਆਨਕ ਦਿਖਾਈ ਦਿੰਦਾ ਹੈ। ਛੱਤੀਸਗੜ੍ਹ ਤੋਂ ਰਿਪੋਰਟ ਹੈ ਕਿ ਕੇਂਦਰ ਦਾ ਪੈਸਾ ਸੂਬੇ ਵਿਚ ਨਹੀਂ ਪਹੁੰਚਣ ਕਾਰਨ ਮਨਰੇਗਾ ਦਾ ਕੰਮ ਠਪ ਪੈ ਗਿਆ ਹੈ। ਨਤੀਜੇ ਵਜੋਂ ਵੱਡੇ ਪੈਮਾਨੇ ’ਤੇ ਗ਼ਰੀਬ ਆਪਣੇ ਬੱਚੇ ਦਲਾਲਾਂ ਹਵਾਲੇ ਕਰ ਰਹੇ ਹਨ, ਜੋ ਉਨ੍ਹਾਂ ਨੂੰ ਕੁਝ ਪੈਸੇ ਦੇ ਕੇ ਵੱਡੇ ਸ਼ਹਿਰਾਂ ਵਿਚ ਕੰਮ ਕਰਾਉਣ ਲਿਜਾ ਰਹੇ ਹਨ।

ਨਾਬਾਲਗ ਅਪਰਾਧੀਆਂ ਨਾਲ ਸਬੰਧਤ ਕਾਨੂੰਨ ਵਿਚ ਸੋਧ ਵੀ ਮੋਦੀ ਸਰਕਾਰ ਦੇ ਬਾਲ ਵਿਰੋਧੀ ਨਜ਼ਰੀਏ ਨੂੰ ਦਰਸਾਉਂਦਾ ਹੈ। ਸੋਧ ਕਾਨੂੰਨ ਵਿਚ ਵਿਵਸਥਾ ਹੈ ਕਿ ਜੇਕਰ 16 ਤੋਂ 18 ਸਾਲ ਦਾ ਕੋਈ ਨਾਬਾਲਗ ਕਿਸੇ ਅਪਰਾਧ ਦਾ ਦੋਸ਼ੀ ਹੁੰਦਾ ਹੈ ਤਾਂ ਉਸ ਨੂੰ ਉਹੀ ਸਜ਼ਾ ਮਿਲੇਗੀ, ਜੋ ਬਾਲਗ ਅਪਰਾਧੀਆਂ ਨੂੰ ਦਿੱਤੀ ਜਾਂਦੀ ਹੈ ਤੇ ਉਸ ਨੂੰ



ਸਜ਼ਾ ਵੀ ਬਾਲਗ ਅਪਰਾਧੀਆਂ ਦੇ ਸੰਗਤ ਵਿਚ ਕਟਣੀ ਹੋਵੇਗੀ। ਜਦੋਂ ਵੀ ਗੰਭੀਰ ਅਪਰਾਧ ਵਿਚ ਨਾਬਾਲਗ ਦੇ ਸ਼ਾਮਲ ਹੋਣ ਦੀ ਖਬਰ ਛਪਦੀ ਹੈ, ਤਾਂ ਸਮਾਜ ਦੇ ਕਈ ਹਿੱਸਿਆਂ ਤੋਂ ਆਵਾਜ਼ ਆਉਂਦੀ ਹੈ ਕਿ ਅਪਰਾਧੀ ਨੂੰ ਕੋਈ ਰਿਆਇਤ ਨਾ ਦਿੱਤੀ ਜਾਵੇ। ਅਜਿਹਾ ਸੁਭਾਵਕ ਹੈ। ਨਿਰਭੈਅ ਕਾਂਡ ਖ਼ਿਲਾਫ਼ ਜ਼ਬਰਦਸਤ ਗੁੱਸਾ ਦੇਖਦੇ ਹੋਏ ਉਦੋਂ ਦੀ ਡਾ. ਮਨਮੋਹਨ ਸਿੰਘ ਸਰਕਾਰ ਨੇ ਜਸਟਿਸ ਜੇ.ਐਨ. ਵਰਮਾ ਦੀ ਅਗਵਾਈ ਵਿਚ ਇਕ ਕਮਿਸ਼ਨ ਕਾਇਮ ਕੀਤਾ, ਜਿਸ ਨੇ ਲੋਕਾਂ ਦੀਆਂ ਭਾਵਨਾਵਾਂ ਅਤੇ ਮੰਗਾਂ ਦਾ ਜਾਇਜ਼ਾ ਲੈ ਕੇ ਅਤੇ ਵੱਖ ਵੱਖ ਨਿਆਂ ਪ੍ਰਣਾਲੀਆਂ ਦਾ ਅਧਿਐਨ ਕਰ ਕੇ ਸਿਫ਼ਾਰਸ਼ਾਂ ਦਿੱਤੀਆਂ। ਉਨ੍ਹਾਂ ਨੇ ਬਲਾਤਕਾਰ ਵਰਗੇ ਅਪਰਾਧ ਦੇ ਮਾਮਲੇ ਵਿਚ ਮੌਤ ਦੀ ਸਜ਼ਾ ਤੋਂ ਇਨਕਾਰ ਕਰ ਦਿੱਤਾ ਅਤੇ ਨਾਬਾਲਗ ਅਪਰਾਧੀਆਂ ਦੇ ਮਾਮਲੇ ਵਿਚ ਨਾ ਤਾਂ ਉਮਰ ਹਦ ਘਟਾਉਣ ਦੀ ਮੰਗ ਸਵੀਕਾਰ ਕੀਤੀ ਅਤੇ ਨਾ ਹੀ ਉਨ੍ਹਾਂ ਨੂੰ ਬਾਲਗਾਂ ਦੇ ਬਰਾਬਰ ਸਜ਼ਾ ਸੁਣਾਉਣ ਦਿੱਤੀ। ਆਧੁਨਿਕ ਸਮਾਜ ਵਿਚ ਬਦਲੇ ਦੀ ਭਾਵਨਾ ਵਾਲੀ ਨਿਆਂ ਪ੍ਰਕਿਰਿਆ ਗੈਰ ਮਨੁੱਖੀ ਮੰਨੀ ਜਾਂਦੀ ਹੈ। ਕਠੋਰ ਸਜ਼ਾ ਦੇਣ ਨਾਲ ਲੋਕ ਅਪਰਾਧ ਕਰਨ ਤੋਂ ਡਰਨਗੇ, ਇਸ ਵਿਚਾਰ ਨੂੰ ਦੁਨੀਆ ਭਰ ਦੇ ਅਪਰਾਧ ਦੇ ਅੰਕੜੇ ਨਕਾਰਦੇ ਹਨ। ਇਸ ਲਈ ਨਾਬਾਲਗਾਂ ਨਾਲ ਸਬੰਧਤ ਕਾਨੂੰਨ ਵਿਚ ਸੋਧ ਨੂੰ ਉਚਿਤ ਨਹੀਂ ਕਿਹਾ ਜਾ ਸਕਦਾ। ਇਸ ਨਾਲ ਔਰਤਾਂ ਦੀ ਸੁਰੱਖਿਆ ਤਾਂ ਨਹੀਂ ਵਧੇਗੀ, ਨਾਬਾਲਗਾਂ ਨਾਲ ਅਨਿਆਂ ਜ਼ਰੂ ਵਧ ਸਕਦਾ ਹੈ। ਬਿਹਤਰ ਹੁੰਦਾ ਕਿ ਸਰਕਾਰ ਆਪਣੇ ਮੰਤਰੀ ਮੰਡਲ ’ਚੋਂ ਬਲਾਤਕਾਰ ਦੇ ਦੋਸ਼ੀ ਮੰਤਰੀ ਹਟਾਉਣ ਦਾ ਕੰਮ ਕਰਦੀ।

ਇਹ ਦੋਵੇਂ ਕਾਨੂੰਨ ਲੋਕ ਸਭਾ ਵਿਚ ਪਾਸ ਹੋ ਚੁੱਕੇ ਹਨ, ਪਰ ਰਾਜ ਸਭਾ ਵਿਚ ਲਟਕੇ ਹਨ। ਤਮਾਮ ਨਿਆਂ ਪਸੰਦ ਲੋਕਾਂ, ਸੰਗਠਨਾਂ, ਮਾਹਰਾਂ ਨੂੰ ਇਹ ਸੋਧ ਵਾਪਸ ਲੈਣ ਲਈ ਸਰਕਾਰ ’ਤੇ ਦਬਾਅ ਬਣਾਉਣਾ ਚਾਹੀਦਾ ਹੈ। ਔਰਤਾਂ ਦੀ ਸੁਰੱਖਿਆ ਅਨਿਆਂਪੂਰਨ ਕਾਨੂੰਨ ਬਣਾਉਣ ਨਾਲ ਨਹੀਂ, ਨਿਆਂਪੂਰਨ ਕਾਨੂੰਨਾਂ ਨੂੰ ਸਖ਼ਤੀ ਨਾਲ ਲਾਗੂ ਕਰਨ ਨਾਲ ਹੀ ਹੋ ਸਕਦੀ ਹੈ। ਅਤੇ ਬੱਚਿਆਂ ਦਾ ਬਚਪਨ ਬਾਲ ਮਜ਼ਦੂਰੀ ਨੂੰ ਪੂਰੀ ਤਰ੍ਹਾਂ ਗੈਰ-ਕਾਨੂੰਨੀ ਬਣਾ ਕੇ ਅਤੇ ਸਿੱਖਿਆ ਦੇ ਲਾਜ਼ਮੀਕਰਨ ’ਤੇ ਜ਼ੋਰ ਦੇ ਕੇ ਬਚਾਇਆ ਜਾ ਸਕਦਾ ਹੈ।




**Nidhi Kapoor**
REALTOR® BA, ABR
**COMMERCIAL & RESIDENTIAL REAL ESTATE**

REALTY EXECUTIVES POLARIS

**780 318 3434**

**ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਜਾਂ ਆਪਣੀ ਪ੍ਰਾਪਰਟੀ ਦਾ ਚੰਗਾ ਮੁੱਲ ਲੈਣ ਲਈ ਕਾਲ ਕਰੋ**

**nidhi@nidhikapoor.ca** **www.nidhikapoor.ca**

**# 217 6608 28 AV** **MLS# E3399888**




**Bedroom :** 1 + Den Condo **Bathroom :** 1
**Special Feature:** Adult 55+ Condo, on-site service of a guest room for out-of-town visitors, private bus foroutings, home care coordinator, hairdresser
**Parking :** 1 Titled Underground Parking
**Sqft. 620 Sq.Ft**
Condo Fees: $260.00

**# 401 4316 139 AV NW** **MLS# E3405945**




**Bedroom : 2**
**Bathroom :** 2
Special Feature: **Top Floor Unit, Quck Access to** LRT Station
**Parking :** 1 Titled Underground Parking
**Sqft : 1002 Sq ft.**
Condo Fees: $420.00

**#1472 LAKEWOOD RD W** **MLS# E3409941**



**$168,900**

**Bedroom :** 3
**Bathroom :** 1
**Special Feature :** newly renovated,walking distance to Grant MacEwan, Lakewood Transit Center,
**Sqft. 1011 sq.ft**
Condo Fees : $281.00

*Services available in Hindi, Punjabi & Urdu Also.* *Real Estate Service for your Success*

**2.5 Acre for Sale** **51151 Range Road 235, (SW) Edmonton Close to Ellerslie Road** **$ 399,900**

ਗ਼ਦਰ ਲਹਿਰ ਦੀ ਸ਼ਤਾਬਦੀ ਮਨਾਉਂਦਿਆਂ 'ਕਾਮਾਗਾਟਾ ਮਾਰੂ ਜਹਾਜ਼' ਦਾ ਸਾਕਾ ਵਾਰ-ਵਾਰ ਜ਼ਿਹਨ 'ਤੇ ਹਥੌੜੇ ਵਾਂਗ ਵੱਜਦਾ ਹੈ। ਇਸ ਇਤਿਹਾਸਕ ਘਟਨਾ ਨੇ ਭਾਰਤ ਦੇ ਸੁਤੰਤਰਤਾ ਸੰਗਰਾਮ ਨੂੰ ਨਵੀਂ ਚੇਤਨਾ ਅਤੇ ਚਿੰਤਨ ਦੇ ਰਾਹੇ ਪਾਉਣ ਦੇ ਨਾਲ-ਨਾਲ ਨਵਾਂ ਜੋਸ਼ ਵੀ ਮੁਹੱਈਆ ਕੀਤਾ। 2013 ਜਿਥੇ ਗ਼ਦਰ ਲਹਿਰ ਦਾ ਸ਼ਤਾਬਦੀ ਵਰ੍ਹਾ ਰਿਹਾ, ਉਥੇ 2014 ਵੀ ਕਾਮਾਗਾਟਾਮਾਰੂ ਦਾ ਸ਼ਤਾਬਦੀ ਵਰ੍ਹਾ ਰਿਹਾ। ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਲੋਂ ਇਸ ਸਬੰਧ ਵਿਚ ਸ਼ਤਾਬਦੀ ਸਮਾਗਮ ਕਰਵਾਏ ਗਏ। ਹਥਲੀ ਲਿਖਤ ਵਿਚ ਤੇਜਿੰਦਰ ਵਿਰਲੀ ਦੀ ਸੂਝ ਭਰੀ ਨਜ਼ਰ 'ਕਾਮਾਗਾਟਾ ਮਾਰੂ' ਦੀ ਇਸ ਘਟਨਾ ਦੇ ਆਰ-ਪਾਰ ਦੇਖਦੀ ਹੋਈ, ਇਹਦੇ ਸਾਰੇ ਪਾਸਾਰਾਂ ਦੀ ਪੁਣ-ਛਾਣ ਕਰਦੀ ਹੈ। 'ਨਵੀਂ ਦੁਨੀਆ' ਇਸ ਲਿਖਤ ਨੂੰ ਲੜੀਵਾਰ ਛਾਪਣ ਦੀ ਖ਼ੁਸ਼ੀ ਲੈ ਰਿਹਾ ਹੈ। - ਸੰਪਾਦਕ

ਡਾ. ਤੇਜਿੰਦਰ ਵਿਰਲੀ
+91-94647-97400
virli@rediffmail.com



# ਇਕ ਸਦੀ ਤੋਂ ਨਾਸੂਰ ਬਣਿਆ ਜ਼ਖ਼ਮ

# ਕਾਮਾਗਾਟਾ ਮਾਰੂ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਆਈਸਮੌਂਗਰ ਅਤੇ ਸਲੈਟਰੀ ਅਨੁਸਾਰ, "ਲਗਦਾ ਸੀ ਕੁਝ ਮੁਸਾਫ਼ਰ ਯੋਕੋਹਾਮਾ ਅਤੇ ਕੋਬ ਉਤਰ ਗਏ ਸਨ ਅਤੇ ਇਹ ਵੀ ਪਤਾ ਲੱਗਾ ਹੈ ਕਿ ਦੋ ਆਦਮੀ ਹਰਨਾਮ ਸਿੰਘ ਅਤੇ ਬੀਰ ਸਿੰਘ ਨੂੰ ਗੁਰਦਿੱਤ ਸਿੰਘ ਨੇ ਕੋਬ ਵਿਚ ਪੈਸੇ ਦੇ ਕੇ ਸ਼ੰਘਾਈ ਤੇ ਹਾਂਗਕਾਂਗ ਭੇਜ ਦਿੱਤਾ ਸੀ ਤਾਂ ਕਿ ਹਿੰਦੁਸਤਾਨ ਵਿਚ ਐਜੀਟੇਸ਼ਨ ਕਰਨ ਲਈ ਉਹ ਬੰਦੇ ਇਕੱਠੇ ਕਰਨ।" ਪਰ ਇਹ ਕਹਿਣਾ ਗਲਤ ਲੱਗਦਾ ਹੈ ਕਿਉਂਕਿ ਸੋਹਨ ਸਿੰਘ ਭਕਨਾ ਮੁਸਾਫਰਾਂ ਨੂੰ ਯੋਕੋਹਾਮਾ ਮਿਲਿਆ ਸੀ ਤੇ ਉਨ੍ਹਾਂ ਨੂੰ ਆਪਣਾ ਪ੍ਰੋਗਰਾਮ ਵੀ ਦਿੱਤਾ ਸੀ ਕਿ ਉਹ ਕਿਥੇ ਜਾ ਰਿਹਾ ਸੀ ਤੇ ਕਿਉਂ। ਇਹ ਕਹਿਣਾ ਵੀ ਠੀਕ ਨਹੀਂ ਕਿ ਗੁਰਦਿੱਤ ਸਿੰਘ ਨੇ ਇਨ੍ਹਾਂ ਦੋ ਬੰਦਿਆਂ ਨੂੰ ਪੈਸੇ ਦਿੱਤੇ ਸਨ ਕਿਉਂਕਿ ਉਸ ਨੇ ਕਾਮਾਗਾਟਾ ਮਾਰੂ ਦੇ ਮਾਲਕਾਂ ਨੂੰ ਮਨਾ ਲਿਆ ਸੀ ਕਿ ਉਹ ਉਨ੍ਹਾਂ ਨੂੰ ਕਲਕੱਤੇ ਜਾ ਕੇ 80,000 ਯੇਨ (ਕਰੀਬ ਇਕ ਲੱਖ ਰੁਪਿਆ) ਦੇ ਦੇਵਾਗਾ ਤੇ ਜਹਾਜ਼ ਖਰੀਦ ਲਵਾਂਗਾ। ਇਸ ਕੰਮ ਲਈ ਉਸ ਨੂੰ ਇਕ-ਇਕ ਰੁਪਏ ਦੀ ਲੋੜ ਸੀ। ਕਨੇਡਾ ਵਿਚਲੇ ਹਿੰਦੁਸਤਾਨੀ ਆਵਾਸੀਆਂ ਦੀ ਸਹਿਮਤੀ ਨਾਲ ਉਸ ਨੇ ਯੋਜਨਾ ਬਣਾ ਲਈ ਸੀ ਕਿ ਸਾਰੇ ਕਾਨੂੰਨ ਝੰਜਟਾਂ ਤੋਂ ਬਚਣ ਵਾਸਤੇ ਉਹ ਆਪਣੀ ਦੂਜੀ ਯਾਤਰਾ ਕਲਕੱਤੇ ਤੋਂ ਹੀ ਸ਼ੁਰੂ ਕਰੇਗਾ। ਉਸ ਨੂੰ ਪਹਿਲੀ ਕਿਸ਼ਤ ਦੇ ਤੌਰ 'ਤੇ ਉਨ੍ਹਾਂ ਤੋਂ ਕੋਬ ਵਿਚ 7000 ਡਾਲਰ ਮਿਲ ਗਏ ਸਨ। ਇਹ ਪੈਸੇ ਦੇ ਕੇ ਉਸ ਨੇ ਕਾਮਾਗਾਟਾ ਮਾਰੂ ਦੇ ਮਾਲਕਾਂ ਨਾਲ ਜਹਾਜ਼ ਦਾ ਸੌਦਾ ਤੋੜ ਲਿਆ ਸੀ। ਉਸ ਵੇਲੇ ਕੋਈ ਨਹੀਂ ਜਾਣਦਾ ਸੀ ਕਿ ਕਲਕੱਤੇ ਪਹੁੰਚਣ 'ਤੇ ਉਨ੍ਹਾਂ ਨਾਲ ਵਹਿਸ਼ੀ ਅਪਰਾਧੀਆਂ ਵਾਲਾ ਸਲੂਕ ਹੋਵੇਗਾ ਤੇ ਉਨ੍ਹਾਂ 'ਤੇ ਗੋਲੀ ਚਲਾਈ ਜਾਵੇਗੀ। ਮੁਸਾਫਰ ਸੋਚਦੇ ਸੀ ਕਿ ਉਹ ਸਿੱਧੇ ਪੰਜਾਬ ਜਾਣਗੇ ਤੇ ਜੋ ਮਰਜ਼ੀ ਹੋਵੇਗੀ ਕਰਨਗੇ।

ਕਾਮਾਗਾਟਾ ਮਾਰੂ 3 ਸਤੰਬਰ ਨੂੰ ਹਾਂਗਕਾਂਗ ਲਈ ਕੋਬ ਤੋਂ ਚੱਲਿਆ। ਯੋਕੋਹਾਮਾ ਅਤੇ ਕੋਬ ਵਿਚ ਉਨ੍ਹਾਂ ਨੇ ਆਪਣੇ 'ਤੇ ਜ਼ਬਤ ਰੱਖਿਆ ਸੀ। ਕੋਬ ਵਿਚ ਸਵਾਗਤ ਸਮਾਰੋਹ ਵੇਲੇ ਉਨ੍ਹਾਂ ਦਾ ਆਪਣੀਆਂ ਭਾਵਨਾਵਾਂ ਖੁੱਲ੍ਹ ਕੇ ਪ੍ਰਗਟਾਉਣਾ ਬਿਲਕੁਲ ਜਾਇਜ਼ ਸੀ ਜਿਹੜੀਆਂ ਵੈਨਕੂਵਰ ਵਿਚ ਜ਼ਲਾਲਤ ਭਰੇ ਸਲੂਕ ਨਾਲ ਭੜਕੀਆਂ ਹੋਈਆਂ ਸਨ। ਨਿਸਚੇ ਹੀ ਉਨ੍ਹਾਂ ਦੀ ਲੜਾਈ ਹਿੰਦੁਸਤਾਨੀ ਨਾਗਰਿਕਾਂ ਦੇ ਰੁਤਬੇ ਅਤੇ ਸਵੈ-ਮਾਣ ਦੀ ਲੜਾਈ ਸੀ। ਇਸ ਕਰ ਕੇ ਇਹ ਕਹਿਣਾ ਕਿ ਮੁਸਾਫ਼ਰਾਂ ਨੇ ਭੜਕ ਕੇ ਗੱਲਾਂ ਕੀਤੀਆਂ, ਕਿਉਂਕਿ ਉਹ ਕੋਬ ਵਿਚ ਕੁਝ ਲੋਕਾਂ ਨੂੰ ਮਿਲੇ ਅਤੇ ਬ੍ਰਿਟਿਸ਼ ਕੋਲੰਬੀਆ ਅਧਿਕਾਰੀਆਂ ਦੇ ਜ਼ਾਲਮ ਵਤੀਰੇ ਬਾਰੇ ਗੱਲਾਂ ਕੀਤੀਆਂ, ਕੋਈ ਸਹੀ ਟਿੱਪਣੀ ਨਹੀਂ ਸੀ।

ਕਾਮਾਗਾਟਾ ਮਾਰੂ ਸਿੰਘਾਪੁਰ ਦੇ ਪਾਣੀਆਂ ਵਿਚ 16 ਸਤੰਬਰ ਨੂੰ ਵੜਿਆ। ਇਥੋਂ ਲੈ ਕੇ ਹੁਣ ਜਹਾਜ਼ ਅਤੇ ਇਸ ਦੇ ਮੁਸਾਫਰ ਇਕ ਤਰ੍ਹਾਂ ਬਰਤਾਨਵੀ ਸਾਮਰਾਜ ਦੇ ਪੂਰੇ ਕੈਦੀ ਹੀ ਸਨ। ਸਟੀਮਰ ਦਾ ਨਿਯੰਤਰਣ ਜਹਾਜ਼ ਭਾੜੇ 'ਤੇ ਕਰਨ ਵਾਲਿਆਂ ਦੇ ਹੱਥੋਂ ਨਿਕਲ ਚੁੱਕਾ ਸੀ। ਹਰ ਕੰਮ ਲਈ ਇਸ ਦਾ ਚਾਰਜ ਬਰਤਾਨਵੀ ਸਾਮਰਾਜੀਆਂ ਨੇ ਸਾਂਭ ਲਿਆ ਸੀ। ਜਹਾਜ਼ ਨੂੰ ਬੰਦਰਗਾਹ ਵਿਚ ਦਾਖ਼ਲ ਨਾ ਹੋਣ ਦਿੱਤਾ ਗਿਆ ਤੇ ਤਿੰਨ ਮੀਲ ਬਾਹਰ ਹੀ ਰੋਕ ਲਿਆ ਗਿਆ। ਕੁਝ ਮੁਸਾਫ਼ਰ ਜਿਹੜੇ ਸਿੰਘਾਪੁਰ ਉਤਰ ਕੇ ਆਪਣੇ ਦੋਸਤਾਂ ਨਾਲ ਮਿਲ ਕੇ ਰੁਜ਼ਗਾਰ ਦਾ ਕੁਝ ਜੁਗਾੜ ਕਰਨਾ ਚਾਹੁੰਦੇ ਸਨ, ਉਨ੍ਹਾਂ ਨੂੰ ਵੀ ਇੰਜ ਨਹੀਂ ਕਰਨ ਦਿੱਤਾ ਗਿਆ। ਇੱਥੇ ਵੀ ਉਨ੍ਹਾਂ ਨਾਲ ਉਵੇਂ ਕੈਦੀਆਂ ਵਾਲਾ ਵਿਹਾਰ ਹੋਇਆ ਜਿਵੇਂ ਵੈਨਕੂਵਰ ਦੇ ਪਾਣੀਆਂ ਵਿਚ ਹੋਇਆ ਸੀ। ਕੀ ਕੋਈ ਅਜਿਹਾ ਕਾਨੂੰਨ ਸੀ, ਜਿਸ ਤਹਿਤ ਉਹ ਬਰਤਾਨਵੀ ਸਾਮਰਾਜੀ ਅਦਾਲਤ ਤੱਕ ਪੁਚਾਉਣ ਤੋਂ ਪਹਿਲਾਂ ਹੀ ਅਪਰਾਧੀਆਂ ਵਾਲੇ ਸਲੂਕ ਦੇ ਹੱਕਦਾਰ ਸਨ। ਕੀ ਕੋਈ ਅਜਿਹਾ ਕਾਨੂੰਨ ਹੈ ਸੀ ਜੋ ਭਾੜੇ 'ਤੇ ਕੀਤੇ ਕਾਮਾਗਾਟਾ ਮਾਰੂ ਨੂੰ ਸਿੰਘਾਪੁਰ ਦੇ ਕੰਢੇ ਲੱਗਣ ਤੋਂ ਰੋਕ ਸਕਦਾ। ਹਾਂ, ਸਾਮਰਾਜੀਆਂ ਦਾ ਜੰਗਲ ਦਾ ਕਾਨੂੰਨ। ਹੋਰ ਕੁਝ ਨਹੀਂ। ਦਰਅਸਲ ਸਹੀ ਅਰਥਾਂ ਵਿਚ ਸਾਮਰਾਜੀਆਂ ਦਾ ਕੋਈ ਕਾਨੂੰਨ ਹੁੰਦਾ ਹੀ ਨਹੀਂ ਸੀ, ਉਹ ਸਾਡੇ ਮੁਲਕ ਤੇ ਹੋਰ ਬਸਤੀਵਾਦੀ ਮੁਲਕਾਂ ਵਾਂਗ ਜੰਗਲ ਦੇ ਕਾਨੂੰਨ ਨਾਲ ਹੀ ਹਕੂਮਤ ਕਰਦੇ ਸਨ।

ਤੇ ਉਨ੍ਹਾਂ ਦਾ ਤਰਕ ਸੀ, ਜੰਗ ਦੀ ਹੰਗਾਮੀ ਹਾਲਤ, ਸਾਮਰਾਜ ਦੀ ਰਾਖੀ। ਉਹ ਜੰਗ ਜਿਹੜੀ ਮਨੁੱਖੀ ਖ਼ੂਨ ਨਾਲ ਲਿਖੀ ਜਾਂਦੀ ਹੈ ਤੇ ਲੱਖਾਂ ਬੇਗੁਨਾਹ ਲੋਕਾਂ ਨੂੰ ਖ਼ੂਨ ਵਿਚ ਡੁਬੋ ਦਿੰਦੀ ਹੈ। ਸਾਮਰਾਜ ਦੀ ਰਾਖੀ। ਜਿੱਤਾਂ, ਕਤਲਾਂ, ਡਾਕਿਆਂ, ਗੁਲਾਮੀ, ਜ਼ੁਲਮ ਅਤੇ ਬੇਇਨਸਾਫੀ ਵਾਲਾ ਉਹ ਪ੍ਰਬੰਧ ਜਿਸ ਨੂੰ ਬਰਤਾਨਵੀ ਸਾਮਰਾਜ ਕਿਹਾ ਜਾਂਦਾ ਹੈ ਜਿਹੜਾ ਆਪਣੇ ਹਥਿਆਰਾਂ ਦੀ ਸਰਦਾਰੀ ਨਾਲ ਦੇਸ਼ਾਂ 'ਤੇ ਕਬਜ਼ਾ ਕਰ ਕੇ ਆਜ਼ਾਦ ਕੌਮਾਂ ਨੂੰ ਗੁਲਾਮ ਬਣਾ ਕੇ ਆਪਣਾ ਇਲਾਕਾ ਵਧਾਉਂਦਾ ਹੋਇਆ ਖ਼ੁਦ ਨੂੰ ਪਾਲਦਾ ਰਹਿੰਦਾ ਹੈ।

ਹਾਂਗਕਾਂਗ ਵਿਚ ਕਾਮਾਗਾਟਾ ਮਾਰੂ ਭਾੜੇ 'ਤੇ ਕਰਨ ਵਾਲੇ ਗੁਰਦਿੱਤ ਸਿੰਘ ਦਾ ਆਪਣਾ ਕਾਰੋਬਾਰ ਸਿੰਗਾਪੁਰ ਹੀ ਹੁੰਦਾ ਸੀ। ਉਹ ਕੁਝ ਦੇਰ ਉਥੇ ਟਿਕਣਾ ਚਾਹੁੰਦਾ ਸੀ ਕਿ ਆਪਣੇ ਦੋਸਤਾਂ ਤੇ ਗਾਹਕਾਂ ਨੂੰ ਮਿਲ ਸਕੇ, ਆਪਣੇ ਦਫ਼ਤਰ ਦਾ ਤੇ ਹੋਰ ਮਾੜਾ-ਮੋਟਾ ਕੰਮ ਮੁਕਾ ਸਕੇ। ਐਥੋਂ ਤੱਕ ਕਿ ਉਹ ਵੀ (ਜਹਾਜ਼ ਦਾ ਭਾੜੇਦਾਰ) ਸਿੰਗਾਪੁਰ ਨਾ ਉਤਰਨ ਦਿੱਤਾ ਗਿਆ, ਮੁਸਾਫ਼ਰਾਂ ਨੂੰ ਤਾਂ ਕੀ ਉਤਰਨ ਦੇਣਾ ਸੀ। 4-5 ਮੁਸਾਫ਼ਰਾਂ ਨੂੰ ਉਥੇ ਉਤਰ ਕੇ ਤਾਜ਼ੀਆਂ ਸਬਜ਼ੀਆਂ ਤੇ ਹੋਰ ਜ਼ਰੂਰੀ ਚੀਜ਼ਾਂ ਖ਼ਰੀਦਣ ਦੀ ਇਜਾਜ਼ਤ ਵੀ ਨਾ ਦਿੱਤੀ ਗਈ। ਜਵਾਹਰ ਮਲ ਜੋ ਜਹਾਜ਼ ਬਦਲ ਕੇ ਸਿੱਧਾ ਬੰਬਈ ਜਾਣਾ ਚਾਹੁੰਦਾ ਸੀ ਉਸ ਨੂੰ ਵੀ ਇੰਜ ਨਾ ਕਰਨ ਦਿੱਤਾ ਗਿਆ। ਉਹ ਵੀ ਜਿਹੜੇ ਕਾਮਾਗਾਟਾ ਤੇ ਸ਼ੰਘਾਈ ਤੋਂ ਚੜ੍ਹੇ ਸਨ ਤੇ ਹੁਣ ਸ਼ੰਘਾਈ ਹੀ ਪਰਤ ਜਾਣਾ ਚਾਹੁੰਦੇ ਸਨ, ਉਨ੍ਹਾਂ ਦੀ ਵੀ ਕੋਈ ਗੱਲ ਨਾ ਸੁਣੀ ਗਈ। ਸ਼ੁਰੂ ਤੋਂ ਹੀ ਬਰਤਾਨਵੀ ਸਾਮਰਾਜੀਆਂ ਦੇ ਮਨ ਵਿਚ ਕਾਮਾਗਾਟਾ ਮਾਰੂ ਬਾਰੇ ਕੋਈ ਮਾੜੀ ਹੀ ਨੀਅਤ ਸੀ।



ਸਿੰਗਾਪੁਰ ਦੇ ਗਵਰਨਰ ਦੇ ਸਖ਼ਤ ਰਵੱਈਏ ਨੇ ਉਨ੍ਹਾਂ ਨੂੰ ਅਹਿਸਾਸ ਕਰਵਾ ਦਿੱਤਾ ਸੀ ਕਿ ਕਲਕੱਤੇ ਵਿਚ ਉਨ੍ਹਾਂ ਦਾ ਸਵਾਗਤ ਗਰਮ ਹੀ ਹੋਵੇਗਾ। ਗੁਰਦਿੱਤ ਸਿੰਘ ਅਜੇ ਵੀ ਸੋਚਦਾ ਸੀ ਕਿ ਉਹ ਆਪਣਾ ਮਾਮਲਾ ਰਾਸ਼ਟਰੀ ਆਗੂਆਂ ਕੋਲ ਪੇਸ਼ ਕਰੇਗਾ ਅਤੇ ਉਹ ਉਨ੍ਹਾਂ ਵਾਸਤੇ ਇਨਸਾਫ਼ ਲੈਣ ਵਿਚ ਸਰਕਾਰ ਨਾਲ ਗੱਲ ਕਰਨਗੇ। ਕਨੇਡੀਅਨ ਸਰਕਾਰ ਨੂੰ ਕਿਹਾ ਜਾਵੇਗਾ ਕਿ ਉਹ ਨੁਕਸਾਨ ਦਾ ਹਰਜਾਨਾ ਭਰੇ ਅਤੇ ਇਸ ਤਰ੍ਹਾਂ ਉਨ੍ਹਾਂ ਦਾ ਜੋ ਨੁਕਸਾਨ ਹੋਇਆ ਹੈ ਠੀਕ ਹੋ ਜਾਵੇਗਾ ਪਰ ਇਹ ਸਿਰਫ਼ ਖਿਆਲੀ ਪੁਲਾਓ ਹੀ ਸਨ। ਉਨ੍ਹਾਂ ਅੱਗੇ ਮਾੜਾ ਵਕਤ ਆਉਣ ਵਾਲਾ ਸੀ।

ਗੁਰਦਿੱਤ ਸਿੰਘ ਨੇ ਸਿੰਗਾਪੁਰ ਦੇ ਇੰਮੀਗ੍ਰੇਸ਼ਨ ਦਫ਼ਤਰ ਤੋਂ ਇਜਾਜ਼ਤ ਮੰਗੀ ਕਿ ਉਸ ਨੂੰ ਸਿਰਫ਼ ਇਕ ਘੰਟੇ ਲਈ ਉਤਰਨ ਦਿੱਤਾ ਜਾਵੇ ਕਿਉਂਕਿ ਉਸ ਨੇ ਕੁਝ ਨਿੱਜੀ ਤਾਰਾਂ ਕਰਨੀਆਂ ਹਨ। ਅਫਸਰ ਨੇ ਉਸ ਨੂੰ ਉਤਰਨ ਦੀ ਇਜਾਜ਼ਤ ਦੇਣ ਤੋਂ ਕੋਰੀ ਨਾਂਹ ਕਰ ਦਿੱਤੀ ਪਰ ਇਹ ਵਾਅਦਾ ਜ਼ਰੂਰ ਕੀਤਾ ਕਿ ਜੇ ਉਹ ਤਾਰ ਦਾ ਮਜ਼ਮੂਨ ਅਤੇ ਪੈਸੇ ਉਸ ਨੂੰ ਭੇਜ ਦੇਵੇ ਤਾਂ ਉਹ ਤਾਰਾਂ ਖ਼ੁਦ ਕਰਵਾ ਦਏਗਾ। ਗੁਰਦਿੱਤ ਸਿੰਘ ਕੋਲ ਇਸ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ ਕਿ ਉਹ ਆਪਣੇ ਸੰਦੇਸ਼ ਉਸੇ ਰਾਹੀਂ ਭੇਜਦਾ। ਉਸ ਨੇ ਤਿੰਨ ਤਾਰਾਂ ਭੇਜੀਆਂ ਸਨ, ਪਹਿਲੀ ਵਾਇਸਰਾਏ ਨੂੰ ਇਹ ਕਹਿਣ ਲਈ ਕਿ ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਲਈ ਇਕ ਜਾਂਚ ਕਮਿਸ਼ਨ ਨਿਯੁਕਤ ਕੀਤਾ ਜਾਵੇ, ਦੂਜੀ ਕਾਮਾਗਾਟਾ ਮਾਰੂ ਦੇ ਪੁੱਜਣ 'ਤੇ ਇਸ ਦੀ ਖਬਰ ਛਾਪਣ ਲਈ ਦੈਨਿਕ ਬੰਗਾਲੀ, ਕਲਕੱਤਾ ਨੂੰ ਅਤੇ ਤੀਜੀ ਹਰਚੰਦ ਸਿੰਘ ਲਾਇਲਪੁਰ ਨੂੰ ਇਹ ਕਹਿਣ ਲਈ ਕਿ ਉਹ ਹੋਰ ਲੀਡਰਾਂ ਨਾਲ ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਦਾ ਸਵਾਗਤ ਕਰਨ ਲਈ ਪਹੁੰਚੇ। ਇਨ੍ਹਾਂ ਤਾਰਾਂ ਦੇ ਖ਼ਰਚੇ ਲਈ ਉਸ ਨੇ ਅਫ਼ਸਰ ਨੂੰ 30 ਡਾਲਰ ਭੇਜ ਦਿੱਤੇ ਸਨ।

19 ਸਤੰਬਰ ਨੂੰ ਕਾਮਾਗਾਟਾ ਮਾਰੂ ਕਲਕੱਤੇ ਨੂੰ ਤੁਰ ਪਿਆ। ਰਾਹ ਵਿਚ ਗੁਰਦਿੱਤ ਸਿੰਘ ਨੇ ਜਹਾਜ਼ ਦੇ ਆਪਣੇ ਸਾਥੀਆਂ ਨੂੰ ਕਿਹਾ ਕਿ ਉਨ੍ਹਾਂ ਕੋਲ ਜੋ ਕੁਝ ਵੀ ਇਨਕਲਾਬੀ ਸਾਹਿਤ ਅਤੇ ਹਥਿਆਰ ਹੋਣ ਉਨ੍ਹਾਂ ਨੂੰ ਸਮੁੰਦਰ ਵਿਚ ਸੁੱਟ ਦੇਣ ਕਿਉਂਕਿ ਜਹਾਜ਼ ਦੀ ਤਲਾਸ਼ੀ ਲਾਜ਼ਮੀ ਹੋਵੇਗੀ। ਬੜੇ ਦੁੱਖ ਨਾਲ ਉਨ੍ਹਾਂ ਨੇ ਗ਼ਦਰ ਅਖ਼ਬਾਰ, ਗ਼ਦਰ ਦੀ ਗੂੰਜ ਦੀਆਂ ਕਾਪੀਆਂ ਅਤੇ ਯੋਕੋਹਾਮਾ ਵਿਚ ਸੋਹਣ ਸਿੰਘ ਵਲੋਂ ਚੋਰੀ-ਛੁਪੇ ਦਿੱਤੇ ਪਿਸਤੌਲ ਅਤੇ ਗੋਲੀਆਂ ਸਮੁੰਦਰ ਦੇ ਹਵਾਲੇ ਕੀਤੇ। ਉਨ੍ਹਾਂ ਨੂੰ ਇਨਕਲਾਬੀ ਸਾਹਿਤ ਸੁੱਟਣ ਦਾ ਐਨਾ ਦੁੱਖ ਨਹੀਂ ਹੋਇਆ ਜਿੰਨਾ ਪਿਸਤੌਲ ਅਤੇ ਕਾਰਤੂਸ ਸੁੱਟਣ ਦਾ, ਕਿਉਂਕਿ ਉਨ੍ਹਾਂ ਵਿਚੋਂ ਬਹੁਤਿਆਂ ਨੇ ਇਨਕਲਾਬੀ ਗੀਤ ਤਾਂ ਰਟ ਹੀ ਲਏ ਸਨ। ਗੁਲਾਮ ਕੌਮਾਂ ਲਈ ਹਥਿਆਰ ਬੜੇ ਉਪਯੋਗੀ ਅਤੇ ਅਮੁੱਲ ਹੁੰਦੇ ਹਨ। ਜੇ ਇਹ ਇਕ ਵਾਰੀ ਕੋਲ ਆ ਜਾਣ ਤਾਂ ਸੁੱਟਣ 'ਚ ਬੜੀ ਤਕਲੀਫ਼ ਹੁੰਦੀ ਹੈ। ਇਸ ਕਰ ਕੇ ਕੁਝ ਨੌਜਵਾਨਾਂ ਨੇ ਇਹ ਗੁਰਦਿੱਤ ਸਿੰਘ ਦੀ ਜਾਣਕਾਰੀ ਤੋਂ ਬਿਨਾਂ ਹੀ ਲੁਕਾ ਕੇ ਰੱਖ ਲਏ ਸਨ ਜਦੋਂ ਕਿ ਬਹੁਤਿਆਂ ਨੇ ਇਹ ਸਮੁੰਦਰ ਵਿਚ ਸੁੱਟ ਦਿੱਤੇ ਸਨ।

**(ਬਾਕੀ ਅਗਲੇ ਅੰਕ 'ਚ)**

BLITZ AUTO CANADA
3207-97 Street, Edmonton, Alberta, T6N 1B7, Canada
Full Maintenance Service
- Breaks
- Muffler
- Suspension
- Lube & Oil
- Tires
- Batteries

Umesh Amin
email: unamin@gmail.com



WE CARE YOUR CAR BETTER
Phone:780 463 2886

'ਨਵੀਂ ਦੁਨੀਆ' ਦੇ ਸਲਾਹਕਾਰ ਮੰਡਲ ਵਿਚ ਸ਼ਾਮਲ ਡਾ. ਕਰਮਜੀਤ ਸਿੰਘ ਮਾਰਕਸਵਾਦੀ ਦਰਸ਼ਨ ਨਾਲ ਡੂੰਘੀ ਤਰ੍ਹਾਂ ਜੁੜੇ ਹੋਏ ਵਿਦਵਾਨ ਹਨ। ਲੋਕ-ਧਾਰਾ ਦੇ ਖੇਤਰ ਵਿਚ ਉਨ੍ਹਾਂ ਵਲੋਂ ਕੀਤਾ ਹੋਇਆ ਕੰਮ ਕਿਸੇ ਜਾਣ-ਪਛਾਣ ਦਾ ਮੁਹਤਾਜ ਨਹੀਂ। 'ਲੋਕ ਗੀਤਾਂ ਦੇ ਨਾਲ-ਨਾਲ' ਕਾਲਮ ਵਿਚ ਪਾਠਕਾਂ ਨੇ ਉਨ੍ਹਾਂ ਦਾ ਇਹ ਕੰਮ ਪੜ੍ਹਿਆ ਅਤੇ ਸਰਾਹਿਆ ਹੈ। ਉਨ੍ਹਾਂ ਕੋਲ ਹਰ ਵਰਤ-ਵਰਤਾਰੇ ਨੂੰ ਮਾਰਕਸੀ ਜੀਵਨ ਦ੍ਰਿਸ਼ਟੀ ਰਾਹੀਂ ਦੇਖਣ ਦੀ ਸੂਝ ਅਤੇ ਪ੍ਰਤੀਬੱਧਤਾ ਹੈ। ਇਸ ਅੰਕ ਤੋਂ ਪਾਠਕ ਡਾ ਕਰਮਜੀਤ ਸਿੰਘ ਵਲੋਂ ਓਸ਼ੋ ਰਜਨੀਸ 'ਤੇ ਇਸੇ ਦ੍ਰਿਸ਼ਟੀਕੋਣ ਤੋਂ ਕੀਤੀ ਹੋਈ ਆਲੋਚਨਾ ਪੜ੍ਹਨਗੇ। ਰਜਨੀਸ਼ ਨੂੰ ਰਜਨੀਸ਼ਵਾਦੀਆਂ ਦੁਆਰਾ ਵੀਹਵੀਂ ਸਦੀ ਦੇ ਸਭ ਤੋਂ ਮਹਾਨ ਚਿੰਤਕ ਦੀ ਉਪਾਧੀ ਦਿੱਤੀ ਜਾਂਦੀ ਹੈ। ਇਹ ਉਪਾਧੀ ਚਿੰਤਕ ਤੋਂ ਅਗੇਰੇ ਤੁਰਦੀ ਤੁਰਦੀ ਰਜਨੀਸ਼ ਨੂੰ ਆਖ਼ੀਰ ਗੁਰੂ ਓਸ਼ੋ ਵਜੋਂ ਸਥਾਪਤ ਕਰਦੀ ਹੈ। ਰਜਨੀਸ਼ ਇਕ ਪੂਰੇ ਪੂਰੇ ਗੁਰੂਡਮ ਦੇ ਸੰਸਥਾਪਕ ਅਤੇ ਸੰਚਾਲਕ ਵਜੋਂ ਸਾਹਮਣੇ ਆਉਂਦਾ ਹੈ। ਉਸ ਦਾ ਚਿੰਤਨ ਉੱਚ ਵਰਗ ਅਤੇ ਉੱਚ ਮੱਧ ਵਰਗ ਦੇ ਇਕ ਹਿੱਸੇ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕਰਦਾ ਹੈ। ਅਜਿਹੇ ਦ੍ਰਿਸ਼ ਵਿਚ ਮਾਰਕਸਵਾਦੀ ਦਰਸ਼ਨ ਨਾਲ ਜੁੜੇ ਚਿੰਤਕਾਂ ਦਾ ਇਸ ਗੱਲ ਲਈ ਸੋਚਣਾ ਜ਼ਰੂਰੀ ਹੋ ਜਾਂਦਾ ਹੈ ਕਿ ਰਜਨੀਸ਼ ਆਪਣੇ ਦਰਸ਼ਨ ਵਿਚ ਕਿਹੜੀਆਂ ਕ੍ਰਾਂਤੀਕਾਰੀ ਨਵੀਆਂ ਗੱਲਾਂ ਕਰ ਰਿਹਾ ਹੈ? ਉਸ ਨੇ ਮਾਰਕਸਵਾਦੀ ਦਰਸ਼ਨ ਦੇ ਮੁਕਾਬਲੇ ਕੀ ਅਜਿਹਾ ਵਿਸ਼ੇਸ਼ ਦੇ ਦਿੱਤਾ ਹੈ ਕਿ ਉਸ ਨੂੰ ਭਵਿੱਖ ਦੇ ਚਿੰਤਕ ਵਜੋਂ ਨਿਰਧਾਰਤ ਕੀਤੇ ਜਾਣ ਦੇ ਯਤਨ ਹੋ ਰਹੇ ਹਨ? ਇਹ ਗੱਲ ਹੀ ਡਾ. ਕਰਮਜੀਤ ਸਿੰਘ ਵਰਗੇ ਮਾਰਕਸਵਾਦੀ ਨੂੰ ਉਤਸ਼ਾਹਿਤ ਅਤੇ ਪ੍ਰੇਰਿਤ ਕਰਦੀ ਹੈ ਕਿ ਰਜਨੀਸ਼ ਦੀ ਫਿਲਾਸਫੀ ਨਾਲ ਸੰਵਾਦ ਛੇੜਿਆ ਜਾਵੇ। ਇਸ ਸੰਵਾਦ ਚਰਚਾ ਵਿਚੋਂ ਜੋ ਉੱਭਰ ਕੇ ਸਾਹਮਣੇ ਆਉਂਦਾ ਹੈ, ਉਸ ਨਾਲ ਰਜਨੀਸ਼ ਦੀ ਫਿਲਾਸਫੀ ਵਿਅਕਤੀਵਾਦ ਦੀਆਂ ਤੰਗ ਵਲਗਣਾਂ ਵਿਚ ਘਿਰੀ ਅੰਤਿਮ ਤੌਰ 'ਤੇ ਅਮਾਨਵੀ ਅਤੇ ਅਰਾਜਕਤਾਵਾਦੀ ਹੋ ਨਿਬੜਦੀ ਹੈ। ਇਸ ਕੇਂਦਰੀ ਤਰਕ ਕਾਰਣ ਹੀ ਇਸ ਤਰਕ ਨੂੰ ਉਭਾਰਨ ਵਾਲੀ ਪੁਸਤਕ ਦਾ ਨਾਮ ਰੱਖਿਆ ਜਾਂਦਾ ਹੈ 'ਰਜਨੀਸ਼ ਬੇਨਕਾਬ'।

ਰਜਨੀਸ਼ ਨੂੰ ਬੇਨਕਾਬ ਕਰਨ ਲਈ ਡਾ. ਕਰਮਜੀਤ ਸਿੰਘ ਭਾਵੇਂ ਰਜਨੀਸ਼ ਦੀਆਂ ਦੋ ਸੌ ਤੋਂ ਉੱਪਰ ਉਪਲਬਧ ਪੁਸਤਕਾਂ ਵਿਚੋਂ ਤਿੰਨ ਚਾਰ ਨੂੰ ਹੀ ਆਧਾਰ ਬਣਾਉਂਦੇ ਹਨ। ਪਰ ਉਹ ਇਨ੍ਹਾਂ ਦੇ ਆਧਾਰ ਉੱਪਰ ਹੀ ਰਜਨੀਸ਼ ਦਰਸ਼ਨ ਦੀਆਂ ਜੜ੍ਹਾਂ ਤੱਕ ਪਹੁੰਚ ਜਾਂਦੇ ਹਨ। ਉਹ ਰਜਨੀਸ਼ ਬਾਈਬਲ ਦੀਆਂ ਚਾਰ ਜਿਲਦਾਂ ਦੇ ਵੱਖ ਵੱਖ ਹਿੱਸਿਆਂ ਨਾਲ ਸੰਵਾਦ ਰਚਾਉਂਦੇ ਹਨ। ਇਨ੍ਹਾਂ ਪੁਸਤਕਾਂ ਵਿਚ ਆਏ ਵਿਚਾਰਾਂ ਦੀ ਰੌਸ਼ਨੀ ਵਿਚ ਡਾ. ਕਰਮਜੀਤ ਸਿੰਘ ਬਹੁਤ ਹੀ ਤਰਕ ਨਾਲ ਇਹ ਗੱਲ ਸਥਾਪਤ ਕਰਦੇ ਹਨ ਕਿ ਰਜਨੀਸ਼ 'ਕਿਸੇ ਸਮਾਜਕ ਸੰਸਥਾ, ਰਾਜਨੀਤੀ ਅਤੇ ਸਰਕਾਰ ਵਿਚ ਵਿਸ਼ਵਾਸ਼ ਨਹੀਂ ਰੱਖਦਾ। ਉਹ ਕੇਵਲ ਵਿਅਕਤੀ ਵਿਚ ਵਿਸ਼ਵਾਸ਼ ਰੱਖਦਾ ਹੈ।' 'ਨਵੀਂ ਦੁਨੀਆ' - ਰਜਨੀਸ਼ ਬੇਨਕਾਬ- ਪੁਸਤਕ ਵਿਚਲੇ ਇਨ੍ਹਾਂ ਮਹੱਤਵਪੂਰਨ ਲੇਖਾਂ ਨੂੰ ਲੜੀਵਾਰ ਛਾਪਣ ਦੀ ਖ਼ੁਸ਼ੀ ਲੈ ਰਿਹਾ ਹੈ।

# ਮਾਰਕਸਵਾਦ ਤੇ ਰਜਨੀਸ਼




ਡਾ. ਕਰਮਜੀਤ ਸਿੰਘ
+91-98763-23862
kjskurukshetra@yahoo.com


(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਰਜਨੀਸ਼ ਆਖ਼ਰ ਤਾਂ ਵਪਾਰੀ ਪੁੱਤ ਹੈ। ਜੈਨੀ ਹੈ। ਦੌਲਤ ਉਹ ਵੰਡਾਉਣੀ ਨਹੀਂ ਚਾਹੁੰਦਾ, ਪਰ ਕਹਿੰਦਾ ਹੈ, "ਆਓ ਤੇ ਮੇਰੇ ਨਾਲ ਹਨੇਰਾ ਵੰਡਾਉ।" (ਪੰਨਾ-35.) ਇਹ ਅਮੀਰੀ ਕਾਹਦੀ ਹੈ? ਅੰਤਰਮੁਖਤਾ ਦੀ, ਹਨੇਰੇ ਦੀ, ਜੋ ਕਦੇ ਖ਼ਤਮ ਨਹੀਂ ਹੁੰਦੀ। ਸਰਮਾਏਦਾਰਾਂ ਨੂੰ ਰਜਨੀਸ਼ ਤੋਂ ਵਧੇਰੇ ਹੋਰ ਸਿਆਣਾ ਕੌਣ ਮਿਲ ਸਕਦਾ ਹੈ, ਜੋ ਦੌਲਤ ਨੂੰ ਵੰਡਾਉਣ ਨੂੰ ਤਾਂ ਤਿਆਰ ਨਹੀਂ, ਹਨੇਰੇ ਨੂੰ ਵੰਡਾਉਣ ਲਈ ਹਮੇਸ਼ਾ ਤਿਆਰ ਰਹਿੰਦਾ ਹੈ। ਅਮੀਰ ਲੋਕ ਰਜਨੀਸ਼ ਦੇ ਇਨ੍ਹਾਂ ਵਿਚਾਰਾਂ ਦਾ ਸਾਰ ਜਾਣਦੇ ਹਨ ਕਿ "ਮਾਰਕਸ ਦੇ ਕਮਿਊਨਿਜ਼ਮ ਦਾ ਅਰਥ ਹੈ, ਅਮੀਰਾਂ ਨੂੰ ਖ਼ਤਮ ਕਰੋ ਤੇ ਦੌਲਤ ਨੂੰ ਬਰਾਬਰ ਵੰਡ ਲਉ- ਗ਼ਰੀਬੀ ਵੰਡੀ ਗਈ ਹੈ, ਸਾਰੇ ਇਕੋ ਜਿਹੇ ਗ਼ਰੀਬ ਨੇ ਇਸ ਲਈ ਤੁਲਨਾ ਨਹੀਂ ਹੋ ਸਕਦੀ। -ਮੈਂ ਗ਼ਰੀਬੀ ਵੰਡਣ ਦੇ ਹੱਕ ਵਿਚ ਨਹੀਂ। ਅਮੀਰ ਨੂੰ ਤਬਾਹ ਕਰਨ ਦੇ ਹੱਕ ਵਿਚ ਨਹੀਂ।" (ਪੰਨਾ-184.) ਰਜਨੀਸ਼ ਮਾਰਕਸ ਦੀ 'ਦਾਸ ਕੈਪੀਟਲ' ਨੂੰ ਛੁਟਿਆਉਂਦਾ ਹੈ, ਕਿਉਂਕਿ ਉਸ ਅਨੁਸਾਰ ਇਸ ਵਿਚ ਕੇਵਲ ਕੁਟੇਸ਼ਨਾਂ ਹੀ ਕੁਟੇਸ਼ਨਾਂ ਹਨ ਤੇ ਉਸ ਨੂੰ ਮਾਰਕਸ ਵਿਚ ਗਰੀਬਾਂ ਪ੍ਰਤੀ ਕਿਤੇ ਵੀ ਹਮਦਰਦੀ ਦਿਖਾਈ ਨਹੀਂ ਦਿੰਦੀ। ਜੇ ਤਾਂ ਰਜਨੀਸ਼ ਦਾ ਇਹ ਅਰਥ ਹੈ ਕਿ ਮਾਰਕਸ ਨੇ ਗਰੀਬਾਂ ਬਾਰੇ ਭਾਵੁਕ ਹੋ ਕੇ ਹਾਲ ਪਾਰ੍ਹਿਆ ਨਹੀਂ ਕੀਤੀ ਤਾਂ ਤੇ ਗੱਲ ਠੀਕ ਹੀ ਹੈ।




ਅਸਲ ਵਿਚ ਸਾਰੀ ਦਾਸ ਕੈਪੀਟਲ ਸਰਮਾਏਦਾਰੀ ਸਮਾਜ ਦਾ ਮਜ਼ਦੂਰਾਂ ਦੀ ਦ੍ਰਿਸ਼ਟੀ ਤੋਂ ਵਿਸ਼ਲੇਸ਼ਣ ਹੈ। ਸਰਮਾਏਦਾਰਾਂ ਦੇ ਏਜੰਟਾਂ ਨੂੰ ਇਹ ਪਸੰਦ ਨਹੀਂ, ਕਿਉਂਕਿ ਉਨ੍ਹਾਂ ਨੂੰ ਵੀ ਲੁੱਟ ਵਿਚੋਂ ਬੁਰਕੀ ਮਿਲਦੀ ਹੈ। ਰਜਨੀਸ਼ ਵੀ ਸਰਮਾਏਦਾਰੀ ਦਾ ਵਿਚਾਰਧਾਰਕ ਏਜੰਟ ਹੀ ਤਾਂ ਹੈ। ਫਿਰ ਵੀ ਕਿਸੇ ਨੇ ਕੈਪੀਟਲ ਵਿਚੋਂ ਅਸਲੀ ਹਮਦਰਦੀ ਵੇਖਣੀ ਹੋਵੇ ਤਾਂ, "ਕੰਮ ਦਾ ਇਕ ਦਿਨ" ਚੈਪਟਰ ਪੜ੍ਹਿਆ ਜਾ ਸਕਦਾ ਹੈ। ਜਿਸ ਵਿਚ ਮਜ਼ਦੂਰਾਂ ਦੀਆਂ ਕੰਮ ਦੀਆਂ ਹਾਲਤਾਂ ਨੂੰ ਮਰਮ-ਸਪਰਸ਼ੀ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਇਸ ਨਾਲੋਂ ਜ਼ਿਆਦਾ ਹਮਦਰਦੀ ਮਜ਼ਦੂਰ ਜਮਾਤ ਨਾਲ ਸ਼ਾਇਦ ਹੋਰ ਨਹੀਂ ਹੋ ਸਕਦੀ ਕਿ ਉਸ ਨੂੰ ਆਪਣੇ ਬਾਰੇ ਸੁਚੇਤ ਕਰ ਕੇ ਸੰਘਰਸ਼ ਲਈ ਪ੍ਰੇਰਿਆ ਜਾਵੇ ਅਤੇ ਉਸ ਨੂੰ ਅਸਲੀ ਦੁਸ਼ਮਣ ਦੀ ਪਛਾਣ ਕਰਵਾ ਦਿੱਤੀ ਜਾਵੇ ਪਰ ਰਜਨੀਸ਼ ਤਾਂ ਲੋਕਾਂ ਨੂੰ ਇੱਧਰੋਂ ਮੋੜਨ ਦਾ ਆਪਣਾ ਪਵਿੱਤਰ ਫਰਜ਼ ਨਿਭਾ ਰਿਹਾ ਹੈ ਅਤੇ ਲੋਕਾਂ ਨੂੰ ਸੰਭੋਗ ਰਾਹੀਂ ਸਮਾਧੀ ਤੇ ਧਿਆਨ ਦੀਆਂ ਕਾਲੀਆਂ ਗੁਫਾਵਾਂ ਵਿਚ ਧੱਕ ਦੇਣਾ ਚਾਹੁੰਦਾ ਹੈ, ਜਿਥੋਂ ਦੁਬਾਰਾ ਨਿਕਲਣ ਦਾ ਕੋਈ ਰਾਹ ਨਹੀਂ ਰਹਿ ਜਾਂਦਾ। ਇਸੇ ਤਰ੍ਹਾਂ ਸਰਮਾਏਦਾਰ ਸੁਰੱਖਿਅਤ ਹੈ, ਸਰਮਾਇਆ ਸੁਰੱਖਿਅਤ ਹੈ ਤੇ ਸਰਮਾਏਦਾਰ ਦੇ ਦਲਾਲ ਰਜਨੀਸ਼ ਵਰਗੇ ਲੋਕ ਸੁਰੱਖਿਅਤ ਹਨ। ਇਸ ਕਥਨ ਨਾਲ ਤਾਂ ਮਾਰਕਸ ਵੀ ਅਸਹਿਮਤ ਨਹੀਂ ਕਿ ਸਰਮਾਏਦਾਰੀ ਸਿਸਟਮ ਨੇ ਦੌਲਤ ਪੈਦਾ ਕੀਤੀ ਹੈ, ਸਗੋਂ ਉਸ ਨੇ ਤਾਂ ਘਰੇਲੂ ਦਸਤਕਾਰੀ ਤੋਂ ਲੈ ਕੇ ਪੂੰਜੀਵਾਦ ਤਕ ਦੇ ਸਫ਼ਰ ਦਾ ਵਿਗਿਆਨਕ ਵਿਸ਼ਲੇਸ਼ਣ ਕਰ ਕੇ ਦੌਲਤ ਦੇ ਵਾਧੇ ਨੂੰ ਵੀ ਨਾਲ-ਨਾਲ ਵਿਚਾਰਿਆ ਹੈ ਪਰ ਰਜਨੀਸ਼ ਦੀ ਬੌਧਿਕ ਬੇਈਮਾਨੀ ਕਿਤੇ ਹੋਰ ਹੈ।

ਰਜਨੀਸ਼ ਕਹਿੰਦਾ ਹੈ, ਸਰਮਾਏਦਾਰੀ, "ਦੁਨੀਆ ਦਾ ਪਹਿਲਾ ਸਿਸਟਮ ਹੈ, ਜਿਸ ਨੇ ਸਰਮਾਇਆ ਪੈਦਾ ਕੀਤਾ ਹੈ, ਦੌਲਤ ਪੈਦਾ ਕੀਤੀ ਹੈ। ਇਸ ਤੋਂ ਪਹਿਲਾਂ ਫਿਊਡਲਿਜ਼ਮ ਸੀ ਜਿਸ ਨੇ ਦੌਲਤ ਪੈਦਾ ਨਹੀਂ ਕੀਤੀ ਹੈ। ਇਸ ਨੇ ਲੋਕਾਂ ਦਾ ਸ਼ੋਸ਼ਣ ਕੀਤਾ, ਲੋਕਾਂ ਨੂੰ ਲੁੱਟਿਆ।" (ਪੰਨਾ-184.) ਸਰਮਾਏਦਾਰੀ ਨੇ ਦੌਲਤ ਪੈਦਾ ਕੀਤੀ ਹੈ ਇਸ ਲਈ ਉਹ ਬੜੀ ਭਲੀ ਮਾਣਸ ਹੈ। ਜਾਗੀਰਦਾਰੀ ਸ਼ੋਸ਼ਣ ਕਰਦੀ ਹੈ, ਸਰਮਾਏਦਾਰੀ ਸ਼ੋਸ਼ਣ ਨਹੀਂ ਕਰਦੀ। ਕਿਸੇ ਵੀ ਆਦਮੀ ਨੂੰ ਰਜਨੀਸ਼ ਦੇ ਵਿਚਾਰ ਦਾ ਖੋਖਲਾਪਣ ਦਿਖਾਈ ਦੇ ਦਿੰਦਾ ਹੈ। ਸਰਮਾਏਦਾਰੀ ਮਜ਼ਦੂਰ ਜਮਾਤ ਦਾ ਜਿੰਨਾ ਸ਼ੋਸ਼ਣ ਕਰਦੀ ਹੈ, ਉਹ ਕਿਸੇ ਤੋਂ ਲੁਕਿਆ ਨਹੀਂ। ਉਨ੍ਹਾਂ ਦੀ ਕਿਰਤ ਸ਼ਕਤੀ ਦੀ ਲੁੱਟ ਤੋਂ ਹੀ ਬਿਰਲੇ ਦੇ ਮੰਦਿਰ ਬਣੇ ਹਨ। ਟਾਟਾ ਦੇ ਇੰਸਟੀਚਿਊਟ ਤੇ ਉਨ੍ਹਾਂ ਦੀ ਲੁੱਟ ਦਾ ਹਿੱਸਾ ਰਜਨੀਸ਼ ਦੇ ਐਸ਼ਪ੍ਰਸਤੀ ਵਿਚ ਖ਼ਰਚ ਹੁੰਦਾ ਹੈ, ਪਰ ਨਾਮ ਕਿਸੇ ਹੋਰ ਦਾ ਲਿਖਿਆ ਜਾਂਦਾ ਹੈ। ਬਿਰਲੇ ਦਾ, ਟਾਟੇ ਦਾ, ਰਜਨੀਸ਼ ਦਾ। ਸਾਰਿਆਂ ਨੂੰ ਅਹੰਵਾਦੀ ਕਹਿਣ ਵਾਲਾ 'ਰਜਨੀਸ਼ ਪੁਰਮ' ਵਸਾਉਂਦਾ ਹੈ। ਆਪਣੀਆਂ ਲੈਕਚਰ-ਪੁਸਤਕਾਂ ਵਿਚ ਉਹ ਪ੍ਰਸ਼ਨ ਕਰਤਾ ਦਾ ਨਾਮ ਤਕ ਨਹੀਂ ਦਿੰਦਾ। ਆਪਣੇ ਆਪ ਨੂੰ ਸ਼ੀਸ਼ਾ ਕਹਿੰਦਾ ਹੈ ਜਿਸ ਵਿਚ ਹੋਰ ਵੀ ਚਿਹਰੇ ਪਛਾਣਦੇ ਹਨ। ਅਜੇ ਵੀ ਉਹ ਅਹੰਵਾਦੀ ਨਹੀਂ। ਉਹ ਸਾਰੇ ਹੀ ਪੈਗੰਬਰਾਂ, ਤੀਰਥੰਕਰਾਂ, ਗੁਰੂਆਂ (ਸਿੱਖ ਗੁਰੂਆਂ ਸਮੇਤ) ਦਾ ਮਜ਼ਾਕ ਉਡਾਉਂਦਾ ਹੈ ਤੇ ਆਪਣੇ ਆਪ ਨੂੰ ਉਥਲੇ ਜਿਹੇ ਵਿਚਾਰਾਂ ਦੇ ਸਿਰ 'ਤੇ ਪਹਿਲਾ ਅਤੇ ਆਖ਼ਰੀ ਧਰਮ ਸੰਸਥਾਪਕ ਮੰਨਦਾ ਹੈ। ਅਜੇ ਵੀ ਉਹ ਅਹੰਵਾਦੀ ਨਹੀਂ ਹੈ। ਉਪਰੋਕਤ ਕਿਸਮ ਦੀ ਅਹੰ ਵਾਲੇ ਜੇ ਮਾਰਕਸ ਨੂੰ ਵੀ "ਯਹੂਦੀ" ਮੰਨਦੇ ਹਨ, ਗ਼ਰੀਬਾਂ ਦਾ ਹਮਦਰਦ ਨਹੀਂ ਤਾਂ ਸਾਜ਼ਿਸ਼ ਸਾਫ਼ ਹੈ ਕਿ ਉਹ ਮਜ਼ਦੂਰ ਜਮਾਤ ਨੂੰ ਆਪਣੇ ਅਸਲੀ ਫ਼ਲਸਫੇ ਤੋਂ ਤੋੜ ਕੇ ਦਲਦਲ ਵਿਚ ਫਸਾਉਣਾ ਚਾਹੁੰਦੇ ਹਨ। ਇੱਥੇ ਹੀ ਸੁਚੇਤ ਰਹਿਣ ਦੀ ਲੋੜ ਹੈ।

ਅਸੀਂ ਇਹ ਨਹੀਂ ਕਹਿ ਸਕਦੇ ਕਿ ਰਜਨੀਸ਼ ਦੇ ਵਿਚਾਰ ਕਿਸੇ ਨੂੰ ਪ੍ਰਭਾਵਤ ਨਹੀਂ ਕਰਦੇ। ਸਗੋਂ ਸੱਚ ਇਹ ਹੈ ਕਿ ਰਜਨੀਸ਼ ਦਾ ਇਕਪਾਸੜ ਤਰਕ ਵੀ ਲੋਕਾਂ ਨੂੰ ਨਾਲ ਵਹਾ ਕੇ ਲੈ ਜਾਂਦਾ ਹੈ। ਲੋਕਾਂ ਨੂੰ ਹੀ ਨਹੀਂ, ਸਗੋਂ ਸਾਰੀ ਉਮਰ ਰਹਿ ਚੁੱਕੇ ਮਾਰਕਸਵਾਦੀਆਂ ਨੂੰ ਵੀ ਉਹ ਪ੍ਰਭਾਵਤ ਕਰਦਾ ਹੈ। ਉਹ ਅਤਿਵਾਦੀ ਅਰਾਜਕਤਾਵਾਦੀ ਵੀ ਹੈ ਇਸ ਲਈ ਜੇ ਉਹ ਯੂ-ਟਰਨ ਲੈ ਚੁੱਕੇ ਗਰਮ ਕਾਮਰੇਡਾਂ ਨੂੰ ਚੰਗਾ ਲੱਗਦਾ ਹੈ, ਤਾਂ ਹੈਰਾਨੀ ਤਾਂ ਨਹੀਂ ਹੁੰਦੀ, ਪਰ ਉਨ੍ਹਾਂ ਦੀ ਅਕਲ 'ਤੇ ਰੋਣਾ ਜ਼ਰੂਰ ਆਉਂਦਾ ਹੈ। ਉਨ੍ਹਾਂ ਦਾ ਰਜਨੀਸ਼ ਦੇ ਵਿਚਾਰਾਂ ਦਾ ਅੰਨ੍ਹਾ ਭਗਤ ਬਣ ਜਾਣਾ ਹੀ ਰਜਨੀਸ਼ ਦੀ ਜਿੱਤ ਹੈ, ਸਰਮਾਏਦਾਰੀ ਦੀ ਜਿੱਤ ਹੈ। "ਦੌਲਤ ਪੈਦਾ ਕਰਨ ਲਈ ਬੁੱਧੀ ਚਾਹੀਦੀ ਹੈ। ਜਦ ਤਕ ਅਸੀਂ ਏਨੀ ਦੌਲਤ ਪੈਦਾ ਨਹੀਂ ਕਰ ਲੈਂਦੇ ਕਿ ਦੌਲਤ ਅਰਥਹੀਣ ਹੋ ਜਾਵੇ, ਜਦੋਂ ਤਕ ਦੌਲਤ ਦਾ ਪੱਧਰ ਏਨਾ ਉੱਚਾ ਨਹੀਂ ਹੋ ਜਾਂਦਾ ਕਿ ਗ਼ਰੀਬ ਆਪਣੇ ਆਪ ਹੀ ਅਮੀਰ ਹੋ ਜਾਣ।" (ਪੰਨਾ-18.5) ਉਨੀ ਦੇਰ ਕਮਿਊਨਿਜ਼ਮ ਦੀ ਲੋੜ ਨਹੀਂ। ਦੌਲਤ ਪੈਦਾ ਕਰਨ ਲਈ ਬੁੱਧੀ ਚਾਹੀਦੀ ਹੈ, ਇਸ ਲਈ ਮਜ਼ਦੂਰਾਂ ਨੂੰ ਬੁੱਧੂ ਰੱਖਣਾ ਜ਼ਰੂਰੀ ਹੈ। ਉਨ੍ਹਾਂ ਨੂੰ ਇਹ ਸੋਚਣ ਦੀ ਲੋੜ ਨਹੀਂ ਕਿ ਉਹ ਤਾਂ ਰਾਤ ਦਿਨ ਮਿਹਨਤ ਕਰਦੇ ਹਨ, ਫਿਰ ਵੀ ਉਨ੍ਹਾਂ ਨੂੰ ਰੱਜਵੀਂ ਰੋਟੀ ਕਿਉਂ ਨਹੀਂ ਮਿਲਦੀ? ਪਰ ਬੁੱਧੀ ਦੇ ਸਿਰ 'ਤੇ ਕੋਈ ਅਮੀਰ ਹੋ ਰਿਹਾ ਹੈ। ਦੌਲਤ ਏਨੀ ਹੋ ਜਾਵੇ ਕਿ ਉਹ ਅਰਥਹੀਣ ਹੋ ਜਾਵੇ, ਪਰ ਦੌਲਤਵਾਨ ਅਰਥਹੀਣ ਨਹੀਂ ਹੁੰਦਾ। ਤੇ ਨਾ ਹੀ ਦੌਲਤ। ਜਦੋਂ ਦੌਲਤ ਤੇ ਜਿਨਸ ਹੱਦੋਂ ਵਧਦੀ ਹੈ ਤਾਂ ਦੌਲਤਵਾਨ ਧੰਨ-ਸੰਪਦਾ ਗ਼ਰੀਬਾਂ 'ਚ, ਗ਼ਰੀਬ ਦੇਸ਼ਾਂ ਵਿਚ ਨਹੀਂ ਵੰਡਦਾ ਸਗੋਂ ਉਹ ਤਾਂ ਉਸ ਨੂੰ ਸਮੁੰਦਰ ਵਿਚ ਰੁੜ੍ਹਾ ਦਿੰਦਾ ਹੈ। ਇਸ ਗੱਲ ਨੂੰ ਰਜਨੀਸ਼ ਜਾਣ ਬੁੱਝ ਕੇ ਅੱਖੋਂ ਓਹਲੇ ਕਰਦਾ ਹੈ। ਉਹ ਤਾਂ ਆਪ ਕਹਿੰਦਾ ਹੈ ਕਿ, "ਮੈਂ ਗ਼ਰੀਬੀ ਦਾ ਪੁਜਾਰੀ ਨਹੀਂ, ਮੈਂ ਐਸ਼ਪ੍ਰਸਤੀ ਦਾ ਪੁਜਾਰੀ ਹਾਂ।" (ਪੰਨਾ-189.) ਗ਼ਰੀਬੀ ਦਾ ਪੁਜਾਰੀ ਕੋਈ ਵੀ ਨਹੀਂ ਨਾ ਧਰਮ ਤੇ ਨਾ ਮਾਰਕਸਵਾਦ। ਰਜਨੀਸ਼ ਅੰਦਰੋਂ ਬਾਹਰੋਂ ਐਸ਼ਪ੍ਰਸਤ ਹੈ, ਤੇ ਇਸੇ ਲਈ ਐਸ਼ਪ੍ਰਸਤਾਂ ਦਾ ਹਾਮੀ ਹੈ। ਤੁਹਾਡੇ-ਸਾਡੇ ਬਾਰੇ ਸੋਚਣ ਦੀ ਉਸ ਨੂੰ ਲੋੜ ਨਹੀਂ। ਪਰ ਕੁਚੀਲ ਗੰਦੇ ਲੋਕਾਂ ਵਿਚ ਉਸ ਨੂੰ ਕਚਿਆਣ ਆਉਂਦੀ ਹੈ। ਇਸ ਲਈ ਉਹ ਕਹਿੰਦਾ ਹੈ ਕਿ ਉਸ ਨੇ ਪਿੰਡਾਂ ਵਿਚ ਜਾਣਾ ਛੱਡ ਦਿੱਤਾ। ਠੀਕ ਤਾਂ ਹੈ ਜਿਸ ਬੰਦੇ ਨੂੰ ਸੌਣ ਲਈ ਤਿੰਨ ਤਿੰਨ ਵੱਡੇ ਸਿਰਹਾਣਿਆਂ ਤੋਂ ਬਿਨਾਂ ਨੀਂਦ ਨਾ ਆਉਂਦੀ ਹੋਵੇ ਤੇ ਸ਼ੀਲਾ ਵਰਗੀਆਂ ਜਨਾਨੀਆਂ ਨਾਲ ਸੌਣਾ ਹੋਵੇ ਉਸ ਨੂੰ ਪਿੰਡਾਂ ਵਿਚ ਜਾਣ ਦਾ ਕੀ ਲਾਭ।

ਕਲਕੱਤੇ ਵਿਚ ਅਮੀਰ ਜ਼ਨਾਨੀ ਦੇ ਘਰ ਠਹਿਰੇ, ਜਲੰਧਰ ਆਏ ਤਾਂ ਚੋਜੀ ਲੋਕਾਂ ਕੋਲ ਠਹਿਰੇ, ਜਿੱਥੇ ਵੀ ਜਾਵੇ ਏਅਰਕੰਡੀਸ਼ਨਡ ਗੱਡੀ ਵਿਚ ਜਾਵੇ ਤੇ ਅਮੀਰਾਂ ਦੇ ਘਰ ਠਹਿਰੇ। ਉਸ ਨੂੰ ਪਿੰਡਾਂ ਵਾਲਿਆਂ ਦੀ ਪ੍ਰਵਾਹ ਕਰਨ ਦੀ ਕੀ ਲੋੜ ਹੈ। ਉਹ ਪ੍ਰਵਾਹ ਕਰੇਗਾ ਉਨ੍ਹਾਂ ਦੀ ਜੋ ਉਸ ਨੂੰ ਸਭ ਕੁਝ ਮੁਹੱਈਆ ਕਰਦੇ ਹਨ (ਇਹੋ ਜਿਹੀ ਜਾਣਕਾਰੀ ਉਸ ਦੇ ਆਪਣੇ ਲੈਕਚਰਾਂ ਵਿਚੋਂ ਹੀ ਮਿਲਦੀ ਹੈ) ਅਜਿਹਾ ਵਿਚਾਰਧਾਰਕ ਦਲਾਲ ਹੀ ਇਸ ਬੇਸ਼ਰਮੀ ਨਾਲ ਕਹਿ ਸਕਦਾ ਹੈ ਕਿ, "ਮੈਂ ਸਰਮਾਏਦਾਰੀ ਵਿਚ ਵਿਸ਼ਵਾਸ ਕਰਦਾ ਹਾਂ। ਸ਼ਾਇਦ ਦੁਨੀਆ ਵਿਚ ਮੈਂ ਇਕੋ ਇਕ ਇਹ ਗੱਲ ਸਾਫ਼ ਸਾਫ਼ ਕਹਿਣ ਵਾਲਾ ਹਾਂ ਕਿ ਮੈਂ ਸਰਮਾਏਦਾਰੀ ਵਿਚ ਵਿਸ਼ਵਾਸ ਕਰਦਾ ਹਾਂ। ਮਨੁੱਖ ਦੇ ਇਤਿਹਾਸ ਵਿਚ ਇਹ ਪਹਿਲਾ ਮੌਕਾ ਹੈ ਕਿ ਇਸ ਸਿਸਟਮ ਨੇ ਦੌਲਤ ਪੈਦਾ ਕੀਤੀ ਹੈ ਤੇ ਇਹ ਸਾਇੰਸ ਤੇ ਟੈਕਨਾਲੋਜੀ ਦੀ ਸਹਾਇਤਾ ਨਾਲ ਏਨੀ ਦੌਲਤ ਪੈਦਾ ਕਰ ਸਕਦਾ ਹੈ ਕਿ ਗ਼ਰੀਬੀ ਲਈ ਕੋਈ ਥਾਂ ਨਹੀਂ।" (ਪੰਨਾ-185.)

(ਬਾਕੀ ਅਗਲੇ ਅੰਕ 'ਚ)


GILL HOME INSPECTION LTD.
COMMERCIAL & RESIDENTIAL
Registered Home Inspector Kulvir Gill
GHI
ਗਰੇਟਰ ਟਰਾਂਟੋ ਵਿੱਚ ਘਰਾਂ ਦੀ
ਇਨਸਪੈਕਸ਼ਨ ਲਈ ਫੋਨ ਕਰੋ
HELPING YOU
TO MAKE INFORMED DECISIONS
Ontario Association of Certified Home Inspectors
OAHI
Cell: 416 839 3436 Ph: 905 479 5807

# ਚਿੰਤਨੀ ਸੁਰ ਦਾ ਗ਼ਜ਼ਲਕਾਰ ਦਾਦਰ ਪੰਡੋਰਵੀ

ਪੰਜਾਬੀ ਗ਼ਜ਼ਲਕਾਰੀ ਦਾ ਅਜੋਕਾ ਦੌਰ ਸਕੂਲੀ ਅਤੇ ਚਿੰਤਨੀ ਗ਼ਜ਼ਲਕਾਰੀ ਦੇ ਖੁਲ੍ਹੇ ਟਕਰਾਅ ਦਾ ਦੌਰ ਹੈ। ਜਿਥੇ ਅੱਜਕਲ੍ਹ ਗ਼ਜ਼ਲ ਸਕੂਲੀਆਂ ਦੀਆਂ ਫ਼ੌਜਾਂ ਪੰਜਾਬੀ ਗ਼ਜ਼ਲ ਵਿਚ ਖੌਰੂ ਪਾ ਰਹੀਆਂ ਹਨ; ਉਥੇ ਚਿੰਤਨੀ ਸੁਰ ਅਤੇ ਬੋਧ-ਵਿਵੇਕ ਵਾਲੀ ਗ਼ਜ਼ਲ ਕਹਿਣ ਵਾਲਿਆਂ ਦੀ ਵੀ ਕੋਈ ਕਮੀ ਨਹੀਂ। ਗ਼ਜ਼ਲ ਸਕੂਲ ਪ੍ਰੰਪਰਾ ਅਤੇ ਚਿੰਤਨ-ਮਨਨ ਵਾਲੀ ਗ਼ਜ਼ਲਕਾਰੀ ਦੇ ਟਕਰਾਅ ਵਿਚੋਂ ਨਿਕਲਦੇ ਸੰਵਾਦ ਨੇ ਪੰਜਾਬੀ ਗ਼ਜ਼ਲ ਨੂੰ ਸੰਵਾਰਨ ਵਿਚ ਵੱਡਾ ਯੋਗਦਾਨ ਪਾਇਆ ਹੈ। ਚਿੰਤਨ-ਮਨਨ ਅਤੇ ਬੋਧ-ਵਿਵੇਕ ਨਾਲ ਗ਼ਜ਼ਲ ਕਹਿਣ ਵਾਲੇ ਨੌਜਵਾਨ ਸ਼ਾਇਰਾਂ ਵਿਚ ਦਾਦਰ ਪੰਡੋਰਵੀ (ਗ਼ਜ਼ਲਕਾਰ ਦਾਦਰ) ਦਾ ਨਾਂਅ ਉਘੜਵਾਂ ਹੈ। ਦਾਦਰ ਨੂੰ ਜਿਥੇ ਗ਼ਜ਼ਲ ਦੇ ਪਿੰਗਲ-ਅਰੂਜ਼ ਦੀ ਡੂੰਘੀ ਸਮਝ ਹੈ; ਉਥੇ ਉਹਦੀ ਗ਼ਜ਼ਲ ਵਿਚਾਰ ਦੀ ਪੁਖ਼ਤਾ ਜ਼ਮੀਨ 'ਤੇ ਖਲੋਤੀ ਨਜ਼ਰ ਆਉਂਦੀ ਹੈ। ਇਸੇ ਲਈ ਉਹ ਕਿਸੇ ਦੀ ਮਿਹਰਬਾਨੀ ਦੀ ਛਾਂ ਦੀ ਤਵੱਕੋਂ ਨਹੀਂ ਰੱਖਦਾ ਸਗੋਂ ਧੁੱਪਾਂ ਹੰਢਾਅ ਕੇ ਖ਼ੁਸ਼ ਹੈ ਕਿਉਂਕਿ ਉਹਨੂੰ ਪਤਾ ਹੈ ਕਿ ਧੁੱਪਾਂ ਹੀ ਸਫ਼ਰ ਨੂੰ ਮੁਕੰਮਲ ਕਰਿਆ ਕਰਦੀਆਂ ਹਨ। ਦਾਦਰ ਪੰਡੋਰਵੀ ਨੂੰ ਕੰਧਾਂ ਦੇ ਅਹਿਸਾਸ ਵੀ ਆਪਣੇ ਲਗਦੇ ਹਨ; ਉਹਨੂੰ ਇਲਮ ਹੈ ਕਿ ਸੰਗੀਨ ਮੌਸਮਾਂ ਵਿਚੋਂ ਕਿਵੇਂ ਪਾਕ-ਸਾਫ਼ ਹੋ ਕੇ ਨਿਕਲਣਾ ਹੈ। ਵਿਚਾਰਾਂ ਦੀ ਪੁਖ਼ਤਗੀ ਦਾ ਹੀ ਕਮਾਲ ਹੈ ਕਿ ਉਹਨੂੰ ਮੌਜਿਕ ਦੇ ਰਸਤੇ ਵਿਚ ਇਕ ਪਲ ਵੀ ਅਜਾਈਂ ਗਵਾਉਣਾ ਗਵਾਰਾ ਨਹੀਂ ਹੈ।

ਦਾਦਰ ਪੰਡੋਰਵੀ ਦੀ ਸਿਫ਼ਤ ਇਹ ਹੈ ਕਿ ਉਸ ਦੀ ਗ਼ਜ਼ਲਕਾਰੀ ਵਿਚ ਭਾਸ਼ਾ ਦੀ ਅਮੀਰੀ ਦਾ ਜਲੌਅ ਹੈ ਤੇ ਇਹ ਜਲੌਅ ਹੀ ਉਸ ਦੀ ਗ਼ਜ਼ਲਕਾਰੀ ਦੀ ਅਸਲੀ ਤਾਕਤ ਹੈ। ਪੰਜਾਬੀ ਗ਼ਜ਼ਲ ਨੂੰ ਭਵਿੱਖ ਵਿਚ ਦਾਦਰ ਪੰਡੋਰਵੀ ਤੋਂ ਬੜੀਆਂ ਉਮੀਦਾਂ ਹਨ। ਅਦਾਰਾ 'ਨਵੀਂ ਦੁਨੀਆ' ਉਸ ਦੀਆਂ 6 ਗ਼ਜ਼ਲਾਂ ਛਾਪਣ ਦੀ ਖ਼ੁਸ਼ੀ ਲੈ ਰਿਹਾ ਹੈ। -ਸੰਪਾਦਕ



ਦਾਦਰ ਪੰਡੋਰਵੀ
+91-97814-38798

ਜਲਾ ਕੇ ਦੀਪ ਤੁਰ ਪੈਂਦੇ ਨੇ ਉਹ ਸੱਦਣ ਹਵਾਵਾਂ ਨੂੰ,
ਮਸੀਹੇ ਕਿਸ ਤਰ੍ਹਾਂ ਦੇ ਮਿਲ ਗਏ ਸਾਡੇ ਗਰਾਂਵਾਂ ਨੂੰ।

ਸਫ਼ਰ ਦੇ ਮੋੜ ਤੇ ਇਹ ਕਿਸ ਤਰ੍ਹਾਂ ਦਾ ਹਾਦਸਾ ਹੋਇਆ,
ਮੁਸਾਫਿਰ ਭੁਲ ਗਏ ਮਹਿਸੂਸ ਕਰਨਾ ਧੁੱਪਾਂ-ਛਾਵਾਂ ਨੂੰ।

ਸਦੀਵੀ ਪਿੰਜ਼ਰੇ ਪੈ ਜਾਣ ਦਾ ਵੀ ਡਰ ਜਿਹਾ ਲਗਦੈ,
ਉਡਾਰੀ ਭਰਨ ਦੀ ਸੋਚਾਂ ਜਦੋਂ ਚਾਰੋਂ ਦਿਸ਼ਾਵਾਂ ਨੂੰ।

ਮਸਾਂ ਉਸਦਾ ਸੀ ਵਾਅ ਲੱਗਾ, ਨਹੀਂ ਸੀ 'ਭਰਤ' ਉਹ ਕੋਈ,
ਕਿਵੇਂ ਫਿਰ ਰਾਜ਼-ਗੱਦੀ ਤੇ ਬਿਠਾ ਦਿੰਦਾ ਖੜਾਵਾਂ ਨੂੰ।

ਸਫ਼ਰ ਵਿਚ ਕੁਝ ਨਾ ਕੁਝ ਤਾਂ ਹੁੰਦੀਆਂ ਨੇ ਤਲਖ਼ੀਆਂ ਆਖ਼ਿਰ,
ਨਾ ਖ਼ਾਬਾਂ ਚੋਂ ਕਰੀਂ ਮਨਫ਼ੀ, ਚਿਰਾਗ਼ਾਂ, ਧੁੱਪਾਂ, ਛਾਵਾਂ ਨੂੰ।

ਜਗਾ ਕੇ ਝੀਲ ਸੁੱਤੀ ਤਾਂਈਂ ਅੱਧੀ ਰਾਤ ਨੂੰ ਅਕਸਰ,
ਪਿਲਾਉਂਦਾ ਹੈ ਕੋਈ ਪਾਣੀ ਤੜਫ਼ਦੀਆਂ ਆਤਮਾਵਾਂ ਨੂੰ।

ਤੂੰ ਹੁਣ ਅਹਿਸਾਸ ਮੁਕਤੀ ਦੇਣ ਦਾ ਜੇ ਮੁਲਤਵੀ ਕੀਤੈ,
ਤਾਂ ਮੈਂ ਵੀ ਮੌਲਣੋਂ ਮੁਨਕਰ, ਤੂੰ ਪਾਣੀ ਲਾ ਨਾ ਚਾਵਾਂ ਨੂੰ।

ਬਗੀਚੇ ਨਾਲ ਕੈਸਾ ਰਿਸ਼ਤਾ ਹੈ ਇਹ ਬਾਗ਼ਬਾਨਾਂ ਦਾ?
ਹੈ ਮੁੱਦਤ ਹੋ ਗਈ, ਨਾ ਫੁਲ, ਨਾ ਫ਼ਲ ਲੱਗੇ ਸ਼ਖ਼ਾਵਾਂ ਨੂੰ।

ਨਵਾਂ ਰੰਗ ਮਿਲਦਿਆਂ ਹੀ,ਆਪਣੀ ਰੰਗਤ ਬਦਲ ਜਾਵੇ?
ਸ਼ਿਕਾਇਤ ਬਰਤਨਾਂ ਦੀ ਹੈ,ਇਹ ਪਾਣੀ ਰੋਜ਼ ਛਲ ਜਾਵੇ?

ਉਹ ਸਾਰੀ ਰਾਤ ਉਸਤੋਂ ਰੌਸ਼ਨੀ ਦੀ ਮੰਗ ਕਰਦਾ ਹੈ,
ਬਿਸ਼ਕ ਉਸ ਮੋਮਬੱਤੀ ਦਾ ਬਦਨ ਸਾਰਾ ਪਿਘਲ ਜਾਵੇ?

ਕਰੋਗੇ ਕੀ ਤੁਸੀਂ ਉਪਚਾਰ ਇਸ ਸੰਗੀਨ ਮੌਸਮ ਦਾ,
ਦਿਨੇ ਇਹ ਹਾਦਸੇ ਦੇਵੇ,ਤੇ ਰਾਤੀਂ ਰਾਹ ਨਿਗਲ ਜਾਵੇ?

ਹਿਫ਼ਾਜ਼ਤ ਦੀਵਿਆਂ ਦੀ ਆਲਿ?ਆਂ ਤੋਂ ਖੋਹਣ ਤੋਂ ਪਹਿਲਾਂ,
ਜ਼ਰਾ ਧੀਰਜ਼ ਧਰੋ,ਸ਼ਾਇਦ ਹਵਾ ਦਾ ਰੁਖ਼ ਬਦਲ ਜਾਵੇ?

ਅਸੀਂ ਮੰਜ਼ਿਲ ਦੇ ਰਾਹ ਵਿਚ ਮਿੰਟ ਵੀ ਬਰਬਾਦ ਕਿਉਂ ਕਰੀਏ,
ਜਾਂ ਆ ਜਾਵੇ ਨਦੀ ਨੇੜੇ,ਜਾਂ ਸਾਡੀ ਪਿਆਸ ਟਲ ਜਾਵੇ?

ਮੁਹੱਬਤ ਦੇ ਝਨਾਂ ਅੰਦਰ,ਘੜਾ ਕੱਚਾ ਹੀ ਮਿਲਦਾ ਹੈ,
ਹੁਣੇ ਹੀ ਵਰਜ਼ ਸੁਹਣੀ ਨੂੰ,ਸੁਧਰ ਜਾਵੇ,ਸੰਭਲ ਜਾਵੇ?

ਪਰਿੰਦੇ ਪਰਤਦੇ ਵੇਖਾਂ,ਜਦੋਂ ਪੱਛਮ ਚੋਂ ਪੂਰਬ ਨੂੰ,
ਤਾਂ ਇਕ ਹਉਂਕਾ ਜਿਹਾ ਉੱਠੇ ਤੇ ਡਾਰਾਂ ਨਾਲ ਰਲ ਜਾਵੇ?

ਅਚਾਨਕ ਇਸ ਤਰਾਂ ਮਹਿਸੂਸ ਹੁੰਦਾ ਹੈ ਕਈ ਵਾਰੀ,
ਕੋਈ ਅਪਣਾ,ਜਿਵੇਂ ਕੋਲੋਂ,ਹਵਾ ਬਣਕੇ ਨਿਕਲ ਜਾਵੇ?

ਬਣਾ ਲੈ ਸਖ਼ਤ ਅਪਣੇ-ਆਪ ਨੂੰ ਤੂੰ ਪੱਥਰਾਂ ਵਰਗਾ,
ਇਹ ਸੰਭਵ ਹੈ,ਕੋਈ ਫੁਲ਼ ਸਮਝਕੇ ਪੈਰੀਂ ਮਸਲ ਜਾਵੇ?

ਉਹਦੀ ਪਹਿਚਾਣ 'ਦਾਦਰ' ਭੀੜ ਦੇ ਅੰਦਰ ਨਹੀਂ ਰੁਲਦੀ,
ਜੋ ਲੈ ਕੇ ਜਾਗਦਾ ਸਿਰ ਭੀੜ 'ਚੋਂ ਵਖਰਾ ਨਿਕਲ ਜਾਵੇ?

ਸੌਂਪ ਕੇ ਸੋਨੇ ਦੇ ਪਰ ਜਦ ਹੋਣ ਲੱਗਾਂ ਸੁਰਖ਼ੁਰੂ।
ਕਿਉਂ ਸ਼ਿਕਾਰੀ ਦੀ ਨਸ-ਨਸ ਵਿਚ ਖੋਲਦੈ ਕਾਲਾ ਲਹੂ।

ਨਾਟਕੀ ਢੰਗ ਨਾਲ ਇਸਦਾ ਅੰਤ ਹੋਵੇਗਾ ਜਰੂਰ,
ਇਕ ਡਰਾਮੇ ਵਾਂਗ ਹੈ ਇਹ ਵਾਰਤਾ ਹੋਈ ਸ਼ੁਰੂ।

ਭੀਲ ਤੋਂ ਗੁਰਦਖ਼ਸ਼ਣਾ ਵਿਚ ਪੰਜੇ ਉਂਗਲਾਂ ਮੰਗਦੈ,
ਹੇਜ਼ ਅਰਜੁਨ ਦਾ ਜਤਾਉਂਦਾ ਹੈ ਇਵੇਂ ਅਜ ਦਾ ਗੁਰੂ।

ਸ਼ੀਸ਼ਿਆਂ ਦੇ ਮੁਲ ਵਿਕਣੋਂ ਤੂੰ ਹੁਣੇ ਇਨਕਾਰ ਕਰ,
ਲੰਘ ਜਾਣੇ ਨੇ ਨਹੀਂ ਤਾਂ ਹੀਰਿਆਂ ਦੇ ਪਾਰਖੂ।

ਸੁਪਨਿਆਂ ਦੀ ਜੂਹ 'ਚੋਂ ਮੁੜਨਾ ਮੈਨੂੰ ਲਗਦੀ ਕਾਇਰਤਾ,
ਭਾਵੇਂ ਪੂਰੀ ਹੋ ਰਹੀ ਹੈ ਟੁਕੜਿਆਂ ਵਿਚ ਆਰਜ਼ੂ।

ਯਾਦਾਂ ਦੀ ਇਕ ਚਿਣਗ ਉਸਦੇ ਦਿਲ 'ਚ ਲਾ ਆਇਆ ਹਾਂ ਮੈਂ,
ਤਨਹਾਈਆਂ ਦੇ ਨੇਰ੍ਹਿਆਂ ਵਿਚ ਰੌਸ਼ਨੀ ਕਰਦੀ ਰਹੂ।

ਕੋਇਲ ਦੀ ਆਵਾਜ਼ ਭਰਕੇ ਟੋਨ ਦਿੱਤੀ ਹੈ ਬਣਾ,
ਸੁੱਕਿਆਂ ਬਾਗਾਂ 'ਚੋਂ ਵੀ ਹੁਣ ਸੁਣਦੀ ਹੈ 'ਉਹ' ਕੂ-ਹਕੂ।

ਨਾ ਕਿਸੇ ਸ਼ੀਸ਼ੇ ਨੂੰ ਦਿਸੀਆਂ ਨਾ ਨਜ਼ਰ ਨੇ ਪਰਖੀਆਂ,
ਚਿਪਕੀਆਂ ਸਨ ਚਿਹਰੇ 'ਤੇ ਮੁਸਕਾਨਾਂ ਕਿੰਨੀਆਂ ਫ਼ਾਲਤੂ।

ਪੌਣ ਹੈ ਜਾਂ ਸ਼ਬਦ ਹੈ ਜਾਂ ਅਣਕਿਹਾ ਇਹ ਕੌਣ ਹੈ,
ਚੁਪ ਦੀ ਭਾਸ਼ਾ 'ਚ ਮੇਰੇ ਨਾਲ ਕਰਦਾ ਗੁਫ਼ਤਗੂ।

ਨਹੀਂ ਪੱਥਰ ਦੀਆਂ ਹੋ ਕੇ ਵੀ ਇਹ ਪੱਥਰ ਦੀਆਂ ਕੰਧਾਂ,
ਖ਼ੁਸ਼ੀ ਵਿਚ ਹਸਦੀਆਂ,ਦੁੱਖਾਂ 'ਚ ਹਉਕੇ ਭਰਦੀਆਂ ਕੰਧਾਂ!

ਮੇਰੇ ਖਾਬਾਂ 'ਚ ਇਕ ਬੂਹਾ,ਚਿਰਾਂ ਤੋਂ ਦਸਤਕਾਂ ਮੰਗਦੈ,
ਤੇ ਅੰਦਰ ਆਉਣ ਨੂੰ ਜਾਪਣ ਇਸ਼ਾਰੇ ਕਰਦੀਆਂ ਕੰਧਾਂ!

ਖਲਾਅ ਅੰਦਰਲਾ ਭਰ ਹੁੰਦਾ ਨਹੀਂ ਕਿਧਰੇ ਮੁਸਾਫਿਰ ਤੋਂ,
ਕਿਤੇ ਤਕ-ਤਕ ਕੇ ਖਾਲੀ ਕਮਰਿਆਂ ਨੂੰ ਡਰਦੀਆਂ ਕੰਧਾਂ!

ਇਨ੍ਹਾਂ ਕਰਕੇ ਹੀ ਤਾਂ ਹੁਣ ਤਕ ਘਰਾਂ ਦੀ ਹੋਂਦ ਬਾਕੀ ਹੈ,
ਨਿਆਂਈ ਮਾਪਿਆਂ ਦੀ ਭਾਰ ਸਿਰ ਤੇ ਜਰਦੀਆਂ ਕੰਧਾਂ!

ਤਰੱਕੀ ਦੇ ਸਫ਼ਰ 'ਤੇ ਉਫ਼ ਅਸੀਂ ਰਿਸ਼ਤੇ ਗੁਆ ਦਿੱਤੇ,
ਖ਼ੁਦਾ ਦਾ ਸ਼ੁਕਰ ਫਿਰ ਵੀ ਸਾਂਝੀਆਂ ਨੇ ਘਰ ਦੀਆਂ ਕੰਧਾਂ!

ਇਹ ਸੋਚਾਂ,ਰਿਸ਼ਤਿਆਂ,ਰਸਮਾਂ 'ਚ ਸੌ-ਸੌ ਵੰਡੀਆਂ ਪਾਵਣ,
ਦਿਲਾਂ ਦੀ ਚਾਰ-ਦੀਵਾਰੀ 'ਚ ਜਦ ਉਸਰਦੀਆਂ ਕੰਧਾਂ!

ਮੁਸਾਫ਼ਿਰ ਬਣਨ ਤੋਂ ਪਹਿਲਾਂ ਹੈ ਇਹ ਗੱਲ ਜਾਨਣੀ ਔਖੀ,
ਜਦੋਂ ਪਰਤੋ ਘਰਾਂ ਨੂੰ,ਕਿੰਝ ਕਲਾਵੇ ਭਰਦੀਆਂ ਕੰਧਾਂ!

ਅਸੀਂ ਖ਼ੁਦ ਨੂੰ ਵੀ ਕਿੰਨੀਆਂ ਵਲਗਣਾ ਵਿਚ ਕੈਦ ਰਖਦੇ ਹਾਂ,
ਮਗਰ ਇਲਜ਼ਾਮ ਵਟਵਾਰੇ ਦੇ ਕੱਲੀਆਂ ਜਰਦੀਆਂ ਕੰਧਾਂ!

ਜਿਨ੍ਹਾਂ ਜਿਸਮਾਂ ਨੂੰ 'ਦਾਦਰ' ਬਿਸਤਰੇ ਵਿਚ ਨਿੱਘ ਆਉਂਦਾ ਹੈ,
ਉਨ੍ਹਾਂ ਨੂੰ ਕੀ ਪਤੈ, ਕਿੰਝ ਬਾਹਰ ਪਾਲੇ ਠਰਦੀਆਂ ਕੰਧਾਂ!

ਆਪਣੀ ਮਿਹਰਬਾਨੀ ਦੀ ਛਾਂ ਰਹਿਣ ਦੇ,
ਮੇਰੇ ਰਾਹਾਂ ਨੂੰ ਇਸਦੀ ਜਰੂਰਤ ਨਹੀਂ।
ਸਿਰ 'ਤੇ ਧੁੱਪਾਂ ਹੰਢਾ ਕੇ ਹੀ ਖ਼ੁਸ਼ ਹਾਂ ਬੜਾ,
ਇਹ ਨਾ ਸਮਝੀ ਸਫ਼ਰ ਖ਼ੂਬਸੂਰਤ ਨਹੀਂ।

ਮੇਰੇ ਅੰਗਾਂ ਤੇ ਹਾਵੀ ਥਕੇਵਾਂ ਹੈ,
ਪਰ ਹੋਸ਼ ਪੁਰਹੋਸ਼ ਹੈ,ਜੋਸ਼ ਪੁਰਜੋਸ਼ ਹੈ,
ਮੇਰੀ ਤਿਰਕਾਲ ਤੋਂ ਇਹ ਕਿਆਫੇ? ਨਾ ਲਾ,
ਕੱਲ? ਉਦੈ ਹੋਣ ਦੀ ਕੋਈ ਸੂਰਤ ਨਹੀਂ।

ਦਫ਼ਤਰਾਂ ਤੇ ਘਰਾਂ ਦੀ ਵੀ ਪਹਿਚਾਣ ਹੁਣ,
ਹੂ-ਬਹੂ ਪਿੰਜ਼ਰਿਆਂ ਦੇ ਜਿਹੀ ਹੋ ਗਈ,
ਹਰ ਸਹੂਲਤ ਹੈ ਜਿੱਥੇ ਮੁਹੱਈਆ ਮਗਰ,
ਬਸ ਉਡਣ ਦੀ ਹੀ ਕੋਈ ਸਹੂਲਤ ਨਹੀਂ।

ਇੱਕ ਪੱਤਾ ਵੀ ਤੇਰੀ ਰਜ਼ਾ ਤੋਂ ਬਿਨਾਂ,
ਹਿੱਲ ਸਕਦਾ ਨਹੀਂ,ਇਹ ਨਿਰਾ ਝੂਠ ਹੈ,
ਜਾਂ ਕਿਸੇ ਹੋਰ ਧਰਤੀ ਦਾ ਵਸਨੀਕ ਹੈ,
ਆਦਮੀ ਜਿਸ ਤੇ ਤੇਰੀ ਹਕੂਮਤ ਨਹੀਂ।

ਬੁੱਧ ਬਣਨੇ ਦੀ ਲੋਚਾ ਤੂੰ ਕਰ ਮੁਲਤਵੀ,
ਜੰਗਲਾਂ ਵਿਚ ਵੀ ਮਿਲਦੀ ਨਹੀਂ ਸ਼ਾਂਤੀ,
ਹਰ ਤਰਫ਼ ਜੋ ਬੇਚੈਨੀ ਦਾ ਮਾਹੌਲ ਹੈ,
ਇਹ ਸਫ਼ਰ ਵਾਸਤੇ ਸ਼ੁਭ ਮਹੂਰਤ ਨਹੀਂ।

-0-0-0-



ਦਰਖਤਾਂ ਨੇ ਤਾਂ ਸੁਣ ਲੈਣੈ ਸੀ ਮੇਰੇ ਦਰਦ ਦੇ ਕਿੱਸੇ?
ਨਾ ਫਿਰ ਵੀ ਸੁਰਖ਼ੁਰੂ ਹੋਣਾ ਸੀ ਝੜਦੇ ਵੇਖਕੇ ਪੱਤੇ?

ਮੈਂ ਇਕ ਸੂਰਜ ਦੇ ਰਾਹ ਵਿਚ ਹੀ ਗੁਆ ਦਿੱਤੀ ਉਮਰ ਸਾਰੀ,
ਪਏ ਘਰ ਦੀ ਕਿਸੇ ਨੁੱਕਰ 'ਚ ਦੀਵੇ ਹੋ ਗਏ ਬੁੱਢੇ?

ਤੂੰ ਅਪਣੇ ਸਾਂਭ ਕੇ ਰੱਖ ਰਾਹ,ਤੇ ਮੈਨੂੰ ਸੁਰਖੁ?ਰੂ ਕਰ ਜਾਹ,
ਮੁਤਾਬਿਕ ਪੈੜ ਤੇਰੀ ਦੇ,ਕਦਮ ਜਾਂਦੇ ਨਹੀਂ ਚੁੱਕੇ?

ਬਰਾਬਰ ਦਿਨ ਦੇ ਬਚਦੀ ਰਾਤ ਦਾ ਹੁਣ ਫਿਕਰ ਖਾਂਦਾ ਹੈ,
ਮੈਂ ਸਾਰੇ ਦੀਪ ਗਿਰਵੀ ਧਰ ਲਏ ਨੇ ਰੌਸ਼ਨੀ ਵੱਟੇ?

ਮੇਰੀ ਕਾਇਆ ਜਦੋਂ ਹੁਣ ਰੂਹ ਦੇ ਵਸਤਰ ਪਾਉਣ ਲੱਗੀ ਹੈ,
ਰਚਾ ਕੇ ਜਿਸਮ ਦਾ ਚੱਕਰਵਿਊ ਆਇਐਂ ਕਿਹੜੀ ਰੁੱਤੇ?

ਅਜੇ ਵੀ ਚੇਤਿਆਂ ਵਿਚ ਭੁਰਭੁਰੀ ਦੀਵਾਰ ਦਿਸਦੀ ਹੈ,
ਬਣੇ ਚੌਲਾਂ ਦੀ ਪਿਛ ਦੇ ਚਹਿਕਦੇ ਨੇ ਘੁੱਗੀਆਂ-ਤੋਤੇ?

ਹਵਾ ਨੇ ਤੋੜ ਕੇ ਸਾਰੇ,ਲਿਆ ਸੁੱਟੇ ਨੇ ਗਲੀਆਂ ਵਿਚ,
ਮੈਂ ਮਨ ਦੀ ਮੌਜ਼ ਵਿਚ ਸੀ,ਕਹਿ ਗਿਆਂ,"ਪਤ ਨੇ ਮੇਰੇ ਸੁੱਚੇ" ?

ਮੈਂ ਤੇਰੇ ਦਰਿਆਈ ਸੰਵਾਦ ਤੋਂ ਮੁਨਕਰ ਹੀ ਚੰਗਾ ਹਾਂ,
ਜੋ ਰੇਤਾ ਛੱਡ ਜਾਂਦਾ ਹੈ ਹਮੇਸ਼ਾਂ ਕੰਢਿਆਂ ਉੱਤੇ?

# ਜ਼ਿੰਦਗੀ ਬੜੀ ਬੇਵਫ਼ਾ ਹੈ, ਇਸਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ।




ਸਾਡੇ ਨਾਲ ਕੰਮ ਕਰਨ ਲਈ ਜਾਂ ਆਪਣੇ ਸ਼ਹਿਰ ਵਿੱਚ ਦਫ਼ਤਰ ਖੋਲ੍ਹਣ ਲਈ ਸੰਪਰਕ ਕਰੋ

## ਜ਼ਰਾ ਸੋਚੋ ! !

| Age ਉਮਰ | Per Month Rate / ਪ੍ਰਤੀ ਮਹੀਨਾ ਰੇਟ* | | | |
|---|---|---|---|---|
| | 100,000 | 250,000 | 500,000 | 1,000,000 |
| 25 | 11.34 | 18.23 | 29.70 | 52.65 |
| 35 | 11.70 | 19.70 | 31.50 | 56.65 |
| 45 | 16.20 | 30.38 | 54.00 | 101.25 |
| 55 | 30.60 | 66.38 | 126.00 | 245.25 |
| 65 | 67.68 | 159.08 | 311.40 | 616.05 |

* Rates may change without notice

ਕੀ ਤੁਸੀਂ ਉਕਤ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ ?

- ✦ ਕੀ ਤੁਸੀਂ ਹਾਲ ਹੀ ਵਿਚ ਘਰ ਖ਼ਰੀਦਿਆ ਹੈ ? ✦ ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ ?
- ✦ ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਇੰਸ਼ੋਰੈਂਸ ਲੈਣੀ ਚਾਹੁੰਦੇ ਹੋ?
- ✦ ਕੀ ਤੁਸੀਂ ਘਰ ਦੇ ਮੁਖੀ ਹੋ ?
- ✦ ਕੀ ਤੁਹਾਡੇ ਬੱਚੇ ਅਜੇ ਛੋਟੇ ਹਨ ਅਤੇ ਉਨ੍ਹਾਂ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਤੁਹਾਡੇ ਉੱਪਰ ਹੈ ?
- ✦ ਕੀ ਤੁਹਾਡੀ ਲਾਈਫ਼ ਇੰਸ਼ੋਰੈਂਸ ਵੀ ਰਿਨਿਊ ਹੋਣ ਵਾਲੀ ਹੈ ?

ਜੇਕਰ, ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿੱਚ ਹੈ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ। ਮੁਫ਼ਤ ਸਲਾਹ ਅਤੇ ਵਧੀਆ ਰੇਟ ਲਈ ਅੱਜ ਹੀ ਜੀਵਨ ਬੀਮਾ ਇੰਕ. ਦੇ ਨੇੜਲੇ ਦਫ਼ਤਰ ਨਾਲ ਸੰਪਰਕ ਕਰੋ।

ਅਸੀਂ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਕਰਦੇ ਹਾਂ । ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿੱਚੋਂ ਕੋਈ ਬੀਮਾਰੀ ਨਾ ਹੋਵੇ ਤਾਂ ਅਖ਼ੀਰ ਵਿਚ ਤੁਹਾਡੇ ਪੈਸੇ ਵਾਪਿਸ ਮਿਲ ਸਕਦੇ ਹਨ ।



**Jessie Singh**
(C.A.I.B)

- ✦ Life Insurance
- ✦ Mortgage Insurance
- ✦ Disability Insurance
- ✦ Critical Illness Insurance
- ✦ Longterm Care Insurance
- ✦ Travel Insurance
- ✦ Health Plans



**Jasvir Deol**
(C.A.I.B)

*For All Insurance Needs Book Appointment Today.*

## Calgary

Bus: (403) 717 - 0666
Cell: (403) 830 - 7007

## Edmonton

Bus: (780) 465 - 6900
Cell: (780) 906 - 4497


MILLBOURNE ROAD
MEDICAL CLINIC
WALK-INS WELCOME FAMILY PHYSICIANS
Dr. V.K. Thapar (M.D., CCFP)*
By Appointments Only
Dr. B.S. Jassar (M.D. , Ph.D, CCFP)*
Cell: 780 918 0516
Dr. S. Bananda (M.D.)
Dr. Farhat Siddiqui (M.D.)
ਤੁਹਾਡੀ ਸਹਾਇਤਾ ਲਈ ਮਾਹਿਰ ਡਾਕਟਰਾਂ ਦੀ ਟੀਮ ਹਾਜ਼ਰ ਹੈ।
ਹੁਣ ਤੁਸੀ ਸਲਾਹ ਮਸ਼ਵਰੇ ਲਈ ਲੇਡੀ ਡਾਕਟਰ ਸਦੀਕੀ ਨੂੰ ਵੀ ਮਿਲ ਸਕਦੇ ਹੋ।
Ph: 780 462 4229 Fax: 780 462 3315
131 Millbourne Road East, Lee Ridge Plaza Edmonton, AB T6K 1P6
* Professional Corporation


WESTFORK
kitchen Cabinet
Specializing in Cabinets & Counter Tops
Kitchen & Vanities,
Custom Cabinets,
Staining & Spraying Doors
ਕੈਬਨਿਟ ਅਤੇ ਕਾਊਂਟਰ ਟੌਪ
ਬਣਾਉਣ ਦੇ ਮਾਹਰ
ਆਪਣੇ ਦਫ਼ਤਰ, ਘਰ, ਰਸੋਈ ਦੀ ਵਧੀਆ ਦਿੱਖ, ਉੱਤਮ
ਕੁਆਲਟੀ, ਚੰਗੀ ਕਾਰੀਗਰੀ ਅਤੇ ਵਾਜਬ ਮੁੱਲ ਦੇ ਸੁਮੇਲ
ਵਾਸਤੇ ਹਮੇਸ਼ਾ ਯਾਦ ਰੱਖੋ
ਵੈਸਟਫੌਰਕ ਕਿਚਨ ਕੈਬਨਿਟ
Endless Options
On site full custom designing and manufacturing.
Consultation for Kitchens, Bathrooms, Offices, Dens, Storage etc.
Quality installation and dellvery.
One Location-Multiple Considerations.
Complete Range of Counter tops including laminate.
Custom Cabinetry
Execptional Quality Customised Solutions
Premium Construction at Competitive Price.
Gurmail Matharu : 780-990-9349
Ranjit Matharu : 780-907-9889
9248 34A Ave NW Edmonton, AB T6E 5P4
Tel : 780-490-4983
Fax : 780-490-4982
westforkkc@gmail.com


Passport
Photos
by:
Kanwal Lyall
All types of Immigration, Passport, PIO, Citizenship Photos
Phone: 780-952-8017
lyallstudio@gmail.com


Auto Shine
Interior Shampooing ✦ Power Polishing ✦ Engine Cleaning ✦ Fabric Guard ✦ Tar Ramoval
DAVE VIRK
Ph: 780 485 1253
Cell: 780 902 3727
Fax: 780 485 1353
autoshinedetailing@gmail.com
5424-36 Street, Edmonton, Alberta T6B 3P3


FANCY DOORS AND MOULDINGS
LARGEST SHOWROOM IN CANADA
Grand Opening
June 26, 2015
@ 2 PM
WWW.FANCYDOORS.COM
EXTERIOR ENTRY DOORS
INTERIOR PRE-HUNG DOORS
LOCKS & HARDWARE
BATHROOM ACCESSORIES
MDF & WOOD MOULDINGS
HOTELS, HIGH-RISES, CONDOS
COMMERCIAL DOORS & HARDWARE
Ph. : 780-432-7700, Fax : 780-432-7710
NEW LOCATION
4421 ROPER ROAD NW, EDMONTON, AB T6B-3S5

ਡਾਕਟਰ ਦੀ ਨਿੱਜੀ ਡਾਇਰੀ

# ਵਾਰਡ ਵਿਚਲਾ ਕੈਦੀ

ਹਰਸ਼ਿੰਦਰ ਕੌਰ (ਡਾ.)
+91-0175-2216783



ਇਕ ਅਜੀਬ ਘਟਨਾ ਮੇਰੀ ਜ਼ਿੰਦਗੀ ਵਿਚ ਵਾਪਰੀ ਸੀ, ਜਿਸ ਦਾ ਮੈਨੂੰ ਚਿਤ-ਚੇਤਾ ਵੀ ਨਹੀਂ ਸੀ ਕਿਉਂਕਿ ਇਸ ਗੱਲ ਨੂੰ ਲਗਭਗ 22 ਸਾਲ ਹੋ ਚੁੱਕੇ ਹੋਏ ਹਨ ਪਰ ਮਹੀਨਾ ਕੁ ਪਹਿਲਾਂ ਕੁਝ ਅਜਿਹਾ ਹੋਇਆ ਜਿਸ ਨੇ ਮੈਨੂੰ ਵੀ ਹੈਰਾਨ ਕਰ ਦਿੱਤਾ।

ਗੱਲ ਉਦੋਂ ਦੀ ਹੈ ਜਦੋਂ ਮੈਂ ਮੈਡੀਸਨ ਵਿਚ ਹਾਊਸ ਜਾਬ ਕਰਦੀ ਸੀ। ਹਰ ਯੂਨਿਟ ਵਿਚ ਮਹੀਨਾਵਾਰ ਬਿਮਾਰ ਕੈਦੀ ਦਾਖ਼ਲ ਹੋਇਆ ਕਰਦੇ ਸਨ। ਸਾਡੇ ਵਾਰਡ ਵਿਚ ਉਸ ਮਹੀਨੇ ਜੇਲ੍ਹ ਵਿਚੋਂ ਲਿਆਏ ਬਿਮਾਰ ਕੈਦੀ ਦਾਖ਼ਲ ਹੋਣ ਦੀ ਵਾਰੀ ਸੀ। ਇਕ ਬੜਾ ਕੱਟੜ ਮੁਜਰਮ ਸਾਡੇ ਵਾਰਡ ਵਿਚ ਦਾਖ਼ਲ ਹੋਇਆ ਸੀ ਜਿਸ ਉੱਤੇ 5 ਬੰਦਿਆਂ ਦੇ ਕਤਲ ਦਾ ਮੁਕੱਦਮਾ ਦਰਜ ਸੀ ਤੇ ਉਸ ਨੂੰ ਉਮਰ ਕੈਦ ਦੀ ਸਜ਼ਾ ਹੋ ਗਈ ਸੀ ਕਿ ਬਾਅਦ ਵਿਚ ਹੋਈ ਸੀ, ਮੈਨੂੰ ਹੁਣ ਯਾਦ ਨਹੀਂ।

ਉਹ ਬੜਾ ਗੁੱਸੇ ਵਾਲਾ ਸੀ ਅਤੇ ਕਿਸੇ ਨਾਲ ਸਿੱਧੇ ਮੂੰਹ ਗੱਲ ਨਹੀਂ ਸੀ ਕਰਦਾ। ਡਾਕਟਰ ਜਾਂ ਨਰਸ ਵੀ ਉਸ ਦੇ ਚਿਹਰੇ ਤੋਂ ਖ਼ੌਫ਼ ਖਾਂਦੇ ਉਸ ਦੇ ਨੇੜੇ ਘੱਟ ਹੀ ਜਾਂਦੇ ਸਨ।

ਇਕ ਦਿਨ ਐਤਵਾਰ ਨੂੰ ਮੇਰੀ ਡਿਊਟੀ ਸੀ ਤੇ ਉਸ ਦਿਨ ਗੁਰਪੁਰਬ ਸੀ। ਮੈਂ ਹਸਪਤਾਲ ਡਿਊਟੀ ਜਾਣ ਤੋਂ ਪਹਿਲਾਂ ਗੁਰਦੁਆਰੇ ਮੱਥਾ ਟੇਕ ਕੇ ਪ੍ਰਸ਼ਾਦ ਕਰਵਾਇਆ ਤੇ ਆਪਣੇ ਵਾਰਡ ਵਿਚਲੇ ਦਾਖ਼ਲ ਸਾਰੇ ਮਰੀਜ਼ਾਂ ਲਈ ਪ੍ਰਸ਼ਾਦ ਲੈ ਆਈ। ਸਾਰਿਆਂ ਨੂੰ ਵਾਰੀ ਸਿਰ ਪ੍ਰਸ਼ਾਦ ਵੰਡਦੇ ਹੋਏ ਜਦੋਂ ਉਸ ਮਰੀਜ਼ ਕੋਲ ਮੈਂ ਪਹੁੰਚੀ ਤਾਂ ਆਦਤਨ ਉਸ ਨੇ ਗੁੱਸੇ ਨਾਲ ਸਿਰ ਪਰ੍ਹੇ ਘੁਮਾ ਲਿਆ। ਮੈਂ ਹੌਲੀ ਜਿਹੀ ਕਿਹਾ, ‘‘ਵੀਰ ਜੀ ਹੱਥ ਅੱਗੇ ਕਰਿਓ। ਪ੍ਰਸ਼ਾਦ ਲੈ ਲਓ। ਛੇਤੀ ਠੀਕ ਹੋ ਜਾਓਗੇ।’’ ਪਤਾ ਨਹੀਂ ਕੀ ਹੋਇਆ ਕਿ ਉਸ ਨੇ ਮੇਰੇ ਵੱਲ ਤੱਕਿਆ ਤੇ ਫੇਰ ਅਣਮਣੇ ਜਿਹੇ ਨਾਲ ਹੱਥ ਅੱਗੇ ਕਰ ਦਿੱਤੇ। ਪ੍ਰਸ਼ਾਦ ਲੈ ਕੇ ਉਸ ਨੇ ਇਕ ਪਾਸੇ ਰਖ ਦਿੱਤਾ ਤੇ ਮੈਨੂੰ ਬਾਕੀ ਮਰੀਜ਼ਾਂ ਨੂੰ ਪ੍ਰਸ਼ਾਦ ਵੰਡਦੇ ਵੇਖਦਾ ਰਿਹਾ। ਸਾਰਿਆਂ ਨੇ ਮੈਨੂੰ ਦੁਆਵਾਂ ਦਿੰਦੇ ਹੋਏ ਪ੍ਰਸ਼ਾਦ ਛੱਕ ਲਿਆ ਪਰ ਮੈਨੂੰ ਨਹੀਂ ਪਤਾ ਉਸ ਮਰੀਜ਼ ਨੇ ਕਦੋਂ ਖਾਧਾ ਅਤੇ ਖਾਧਾ ਵੀ ਕਿ ਨਹੀਂ। ਇਕ ਫ਼ਰਕ ਮੈਨੂੰ ਜ਼ਰੂਰ ਉਸ ਦਿਨ ਤੋਂ ਬਾਅਦ ਦਿਸਣ ਲੱਗ ਪਿਆ ਸੀ ਕਿ ਉਹ ਮੇਰੇ ਕੋਲੋਂ ਤਾਂ ਬਲੱਡ ਪ੍ਰੈਸ਼ਰ ਆਰਾਮ ਨਾਲ ਚੈੱਕ ਕਰਵਾ ਲੈਂਦਾ ਸੀ ਪਰ ਬਾਕੀਆਂ ਨੂੰ ਨਾਂਹ ਕਰ ਦਿੰਦਾ ਸੀ। ਮੈਂ ਵੀ ਹਮੇਸ਼ਾ ਉਸ ਕੋਲ ਜਾ ਕੇ ਡਰਦੀ-ਡਰਦੀ ਇਹੀ ਹਰ ਰੋਜ਼ ਪੁੱਛਣਾ, ‘‘ਵੀਰ ਜੀ, ਬਲੱਡ ਪ੍ਰੈਸ਼ੱਰ ਚੈੱਕ ਕਰ ਲਵਾਂ?’’ ਉਸ ਬਿਨਾਂ ਕੋਈ ਵੀ ਚਿਹਰੇ ਉੱਤੇ ਪ੍ਰਭਾਵ ਲਿਆਏ ਬਾਂਹ ਹੌਲੀ ਜਿਹੀ ਅੱਗੇ ਕਰ ਦੇਣੀ। ਇਕ ਮਹੀਨਾ ਉਹ ਮਰੀਜ਼ ਸਾਡੇ ਕੋਲ ਰਿਹਾ। ਫੇਰ ਦੂਜੇ ਵਾਰਡ ਦੀ ਵਾਰੀ ਸ਼ੁਰੂ ਹੋ ਗਈ ਤੇ ਸਾਰੇ ਦਾਖ਼ਲ ਬਿਮਾਰ ਕੈਦੀ ਦੂਜੇ ਵਾਰਡ ਵਿਚ ਭੇਜ ਦਿੱਤੇ ਗਏ। ਮੈਨੂੰ ਤਾਂ ਇਹ ਗੱਲ ਪੂਰੀ ਤਰ੍ਹਾਂ ਵਿਸਰ ਚੁੱਕੀ ਸੀ।

ਮਹੀਨਾ ਕੁ ਪਹਿਲਾਂ ਇਕ ਬਜ਼ੁਰਗ ਮੈਨੂੰ ਮਿਲਣ ਰਾਜਿੰਦਰਾ ਹਸਪਤਾਲ ਆਏ ਤਾਂ ਚੁੱਪਚਾਪ ਮੇਰੇ ਕਮਰੇ ਵਿਚ ਇਕ ਕੋਨੇ ਉੱਤੇ ਖੜੇ ਮੈਨੂੰ ਮਰੀਜ਼ਾਂ ਨੂੰ ਚੈੱਕ ਕਰਦੇ ਵੇਖਦੇ ਰਹੇ। ਮੈਨੂੰ ਬੜਾ ਅਜੀਬ ਲੱਗਿਆ ਕਿ ਕੋਈ ਪੌਣੇ ਕੁ ਘੰਟੇ ਤੋਂ ਇੰਜ ਕਿਉਂ ਖੜ੍ਹਾ ਹੈ? ਮੈਂ ਆਖ਼ਰ ਪੁੱਛ ਹੀ ਲਿਆ ਕਿ ਉਨ੍ਹਾਂ ਕਿਸ ਨੂੰ ਮਿਲਣਾ ਹੈ? ਉਹ ਮੇਰੇ ਨੇੜੇ ਹੋ ਕੇ ਪੁੱਛਣ ਲੱਗੇ, ‘‘ਤੁਸੀਂ ਡਾ ਹਰਸ਼ਿੰਦਰ ਕੌਰ ਹੋ?’’ ਮੈਂ ਹਾਂ ਵਿਚ ਸਿਰ ਹਿਲਾਇਆ। ਉਨ੍ਹਾਂ ਫੇਰ ਪੁੱਛਿਆ, ‘‘ਤੁਸੀਂ 22 ਸਾਲ ਪਹਿਲਾਂ ਮੈਡੀਸਨ ਵਿਚ 13 ਨੰਬਰ ਵਾਰਡ ਵਿਚ ਵੀ ਕੰਮ ਕੀਤਾ ਸੀ?’’ ਮੈਂ ਕੁਝ ਚਿਰ ਸੋਚ ਕੇ ਫੇਰ ਹਿਸਾਬ ਲਾ ਕੇ ਦੱਸਿਆ ਕਿ ਹਾਂ ਉਦੋਂ ਮੈਂ ਉੱਥੇ 6 ਮਹੀਨੇ ਲਈ ਕੰਮ ਕੀਤਾ ਸੀ। ਮੈਂ ਹੈਰਾਨੀ ਨਾਲ ਪੁੱਛਿਆ ਕਿ ਉਹ ਇਹ ਕਿਉਂ ਪੁੱਛ ਰਿਹਾ ਹੈ? ਉਹ ਕਹਿਣ ਲੱਗਿਆ, ‘‘ਮੈਂ ਕੈਦੀ ਵਜੋਂ ਤੁਹਾਡੇ ਵਾਰਡ ਵਿਚ ਦਾਖ਼ਲ ਹੋਇਆ ਸੀ। ਮੇਰੇ ਮਾਪਿਆਂ, ਦੋਸਤਾਂ, ਰਿਸ਼ਤੇਦਾਰਾਂ ਤੇ ਪਿੰਡ ਵਾਲਿਆਂ ਨੇ ਮੈਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਸੀ ਤੇ ਮੈਂ ਪਿਆਰ ਵਿਹੂਣਾ ਕੱਟੜ ਸਮਾਜ ਵਿਰੋਧੀ ਬਣ ਗਿਆ ਸੀ। ਮੈਨੂੰ ਹਰ ਕਿਸੇ ਨਾਲ ਨਫ਼ਰਤ ਸੀ ਤੇ ਮੈਨੂੰ ਵੀ ਸਾਰੇ ਨਫ਼ਰਤ ਨਾਲ ਵੇਖਦੇ ਸਨ। ਮੇਰਾ ਤਾਂ ਪੂਰੀ ਮਨੁੱਖ ਜਾਤੀ ਤੋਂ ਵਿਸ਼ਵਾਸ ਉੱਠ ਗਿਆ ਹੋਇਆ ਸੀ। ਕਿਸੇ ਕੁੱਟ ਮਾਰ ਦਾ ਮੇਰੇ ਉੱਤੇ ਕੋਈ ਅਸਰ ਨਹੀਂ ਸੀ ਹੁੰਦਾ।’’

ਮੈਂ ਹੈਰਾਨੀ ਨਾਲ ਉਸ ਨੂੰ ਵੇਖਦੀ ਰਹੀ ਤੇ ਆਖ਼ਰ ਮੈਂ ਪੁੱਛ ਹੀ ਲਿਆ, ‘‘ਮੈਨੂੰ ਤਾਂ ਬਹੁਤਾ ਕੁਝ ਯਾਦ ਨਹੀਂ ਪਰ ਆਖ਼ਰ ਕੀ ਗੱਲ ਹੈ?’’ ਉਸ ਯਾਦ ਦਵਾਉਣ ਦੀ ਕੋਸ਼ਿਸ਼ ਕੀਤੀ ਕਿ ਤੁਸੀਂ ਪ੍ਰਸ਼ਾਦ ਵੰਡਣ ਲਈ ਇਕ ਦਿਨ ਵਾਰਡ ਵਿਚ ਆਏ ਸੀ ਤਾਂ ਉਹ ਵੀ ਉਦੋਂ ਵਾਰਡ ਵਿਚ ਦਾਖ਼ਲ ਸੀ ਤੇ ਉਸ ਨੇ ਮੈਨੂੰ ਸਾਰੀ ਘਟਨਾ ਯਾਦ ਦੁਆਈ। ਉਸ ਦੇ ਯਾਦ ਕਰਵਾਉਣ ਉੱਤੇ ਮੈਨੂੰ ਕਾਫ਼ੀ ਕੁਝ ਯਾਦ ਆ ਗਿਆ ਤੇ ਮੈਂ ਉਸ ਵੱਲ ਧਿਆਨ ਨਾਲ ਤੱਕਿਆ ਪਰ ਪੂਰਾ ਜ਼ੋਰ ਲਾਉਣ ਉੱਤੇ ਵੀ ਮੈਨੂੰ ਉਸ ਦੀ ਸ਼ਕਲ ਤੋਂ ਪਛਾਣ ਨਹੀਂ ਆਈ ਕਿਉਂਕਿ ਉਸ ਦਾ ਚਿਹਰਾ ਬਹੁਤ ਬਦਲ ਚੁੱਕਿਆ ਹੋਇਆ ਸੀ।

ਉਹ ਕਹਿਣ ਲੱਗਿਆ, ‘‘ਸਾਰਿਆਂ ਦੀਆਂ ਗਾਲ੍ਹਾਂ ਅਤੇ ਮਾਰ ਸਹਿੰਦਿਆਂ ਮੈਂ ਪੱਥਰ ਬਣ ਚੁੱਕਿਆ ਹੋਇਆ ਸੀ। ਤੁਸੀਂ ਉਸ ਦਿਨ ਏਨੇ ਪਿਆਰ ਨਾਲ ‘ਵੀਰ ਜੀ’ ਨਾਲ ਸੰਬੋਧਨ ਕੀਤਾ ਸੀ ਕਿ ਮੈਂ ਅੰਦਰ ਤਕ ਹਿੱਲ ਗਿਆ ਤੇ ਦਿਲ ਦਾ ਇਕ ਕੋਨਾ ਪਿਘਲਿਆ ਜਿਹਾ ਜਾਪਿਆ। ਤੁਹਾਡਾ ਰੋਜ਼ ਦਾ ਹੌਲੀ ਜਿਹੀ ਵੀਰ ਜੀ ਕਹਿਣਾ, ਜਿਸ ਵਿਚ ਏਨਾ ਨਿੱਘ ਸੀ ਤੇ ਏਨੀ ਅਪਣੱਤ ਕਿ ਮੇਰੇ ਦਿਮਾਗ਼ ਉੱਤੇ ਉਹ ਸਦੀਵੀ ਛਾਪ ਛੱਡ ਗਿਆ। ਮੈਂ ਤੁਹਾਨੂੰ ਭੁਲਾ ਨਹੀਂ ਸਕਿਆ। ਜੇਲ੍ਹ ਅੰਦਰ ਅਰਦਾਸਾਂ ਕਰਦਾ ਸੀ ਕਿ ਮੈਂ ਜਦੋਂ ਸਜ਼ਾ ਕਟ ਕੇ ਬਾਹਰ ਆਵਾਂ ਤਾਂ ਰੱਬ ਇਕ ਵਾਰ ਜ਼ਰੂਰ ਤੁਹਾਨੂੰ ਮਿਲਾ ਦੇਵੇ। ਅੱਜ ਏਨੇ ਸਾਲ ਬਾਅਦ ਜੇਲ੍ਹ ਵਿਚੋਂ ਬਾਹਰ ਆਉਣ ’ਤੇ ਉਸੇ ਪਿਆਰ ਦਾ ਖਿੱਚਿਆ ਤੁਹਾਨੂੰ ਲੱਭਣ ਆਇਆ ਸੀ।’’ ਉਸ ਦੇ ਹੱਥ ਵਿਚ ਕੁਝ ਘੁਟ ਕੇ ਫੜਿਆ ਹੋਇਆ ਸੀ। ਮੈਂ ਪੁੱਛਿਆ ਤਾਂ ਪਹਿਲਾਂ ਉਸ ਨੇ ਆਪਣਾ ਹੱਥ ਪਿੱਛੇ ਕਰ ਲਿਆ ਪਰ ਫੇਰ ਉਸ ਨੇ ਝਿਜਕਦੇ ਹੋਏ ਹੱਥ ਖੋਲ੍ਹ ਕੇ ਅਗਾਂਹ ਕਰ ਦਿੱਤਾ। ਉਸ ਨੇ ਰਖੜੀ ਫੜੀ ਹੋਈ ਸੀ। ਉਹ ਅੱਖਾਂ ਵਿਚ ਹੰਝੂ ਭਰ ਕੇ ਬੋਲਿਆ, ‘‘ਕੀ ਅੱਜ ਇਕ ਨਿੱਕੀ ਜਿਹੀ ਭੈਣ ਇਸ ਕਾਤਲ ਭਰਾ ਨੂੰ ਇਹ ਬੰਨ੍ਹ ਸਕਦੀ ਹੈ ਜੋ ਅਪਣੀ ਪੂਰੀ ਸਜ਼ਾ ਕਟ ਕੇ ਬਾਹਰ ਆਇਆ ਹੈ?’’ ਉਸ ਦੀਆਂ ਅੱਖਾਂ ਵਿਚੋਂ ਲਗਾਤਾਰ ਵਗਦੇ ਹੰਝੂ ਅਤੇ ਸਫੇਦ ਦਾੜ੍ਹੀ ਨੇ ਮੈਨੂੰ ਕੁਝ ਵੀ ਹੋਰ ਕਹਿਣ ਜੋਗਾ ਨਹੀਂ ਛੱਡਿਆ। ਮੈਂ ਚੁੱਪਚਾਪ ਰਖੜੀ ਫੜੀ ਤੇ ਉਸ ਦੇ ਗੁੱਟ ਉੱਤੇ ਬੰਨ੍ਹ ਦਿੱਤੀ। ਉਹ ਬਜ਼ੁਰਗ ਫੁੱਟ-ਫੁੱਟ ਕੇ ਰੋਇਆ ਅਤੇ ਜਦੋਂ ਕੁਝ ਸ਼ਾਂਤ ਹੋਇਆ ਤਾਂ ਬੋਲਿਆ, ‘‘ਜਿਸ ਨੂੰ ਕੋਈ ਨਹੀਂ ਤੋੜ ਸਕਿਆ, ਉਸ ਪੱਥਰ ਨੂੰ ਤੁਹਾਡੇ ‘ਵੀਰ ਜੀ’ ਸ਼ਬਦ ਨੇ ਪੂਰਾ ਪਿਘਲਾ ਦਿੱਤਾ। ਤੁਹਾਡੇ ਸਿਵਾ ਅੱਜ ਮੇਰਾ ਦੁਨੀਆ ਵਿਚ ਕੋਈ ਨਹੀਂ।’’



ਮੈਂ ਅਜੀਬ ਤਰ੍ਹਾਂ ਦੇ ਪਿਆਰ ਦਾ ਪ੍ਰਤੱਖ ਸਬੂਤ ਵੇਖ ਰਹੀ ਸੀ। ਉਸ ਨੇ ਆਪਣੇ ਨਿੱਕੇ ਜਿਹੇ ਥੈਲੇ ਵਿਚੋਂ ਦੋ ਛੋਟੇ ਛੋਟੇ ਟੈਡੀ ਕੱਢ ਕੇ ਮੇਰੇ ਅੱਗੇ ਰੱਖ ਦਿੱਤੇ ਤੇ ਕਹਿਣ ਲੱਗਿਆ, ‘‘ਮੈਨੂੰ ਪਤਾ ਸੀ ਜਦੋਂ ਮੈਂ ਬਾਹਰ ਆਵਾਂਗਾ ਤਾਂ ਉਦੋਂ ਤਕ ਤੁਹਾਡਾ ਵਿਆਹ ਹੋ ਚੁੱਕਿਆ ਹੋਵੇਗਾ ਤੇ ਨਿੱਕੇ-ਨਿੱਕੇ ਬਾਲ ਵੀ ਹੋਣਗੇ। ਇਹ ਮੇਰੀ ਮਿਹਨਤ ਦੀ ਕਮਾਈ ਵਿਚੋਂ ਉਨ੍ਹਾਂ ਬੱਚਿਆਂ ਨੂੰ ਇਕ ਭੈੜੇ ਮਾਮੇ ਵਲੋਂ ਸੌਗਾਤ ਦੇ ਦੇਣਾ।’’ ਏਨਾ ਪਿਆਰ ਕੋਈ ਕਿਵੇਂ ਸੰਭਾਲ ਸਕਦਾ ਹੈ? ਮੇਰੀਆਂ ਅੱਖਾਂ ਵੀ ਨਮ ਹੋ ਗਈਆਂ!

Elite Driving School

Learn to drive with experienced, caring & friendly instructor
Lessons available in English, Hindi, Punjabi & Urdu

19 ਸਾਲਾਂ ਦਾ ਤਜ਼ਰਬਾ, ਭਰੋਸੇਯੋਗ ਤੇ ਵਧੀਆ ਸੇਵਾਵਾਂ ਲਈ, ਟੈਸਟ ਲਈ ਕਾਰ ਉਪਲਬਧ ਹੈ।

19 Years Road Experience

15 Hours in Class Room & 10 Hours in Car Package Available

ਐਡਵਾਂਸ ਤੇ ਬੇਸਿਕ ਟਰੇਨਿੰਗ ਤਸੱਲੀਬਖ਼ਸ਼ ਸੇਵਾਵਾਂ ਲਈ ਸੰਪਰਕ ਕਰੋ।



- Reasonable Rates
- Free Home Pick up and Drop off
- Weekday and weekend appointments available
- Fully insured, banded and licensed
- Class Room Service available
- Help Available in Learner.
- Professional Service with Full Respect.





Gurmail Dhaliwal (Garry)
780-265-6990



Tel : 780-265-6990
Email : elitedriving@hotmail.com


ਡਾ. ਸਾਧੂ ਸਿੰਘ - 604-582-4261

# ਅਸੂਲਾਂ ਦਾ ਪਹਿਰੇਦਾਰ
# ਡਾ. ਸਾਧੂ ਸਿੰਘ



ਮੁਲਾਕਾਤੀ : ਸਤਨਾਮ ਸਿੰਘ ਢਾਅ
+1-403-285-6091
satnam.dhah@gmail.com

*ਹੋਵੇ ਪੇਸ਼ ਸਵੇਰਾ ਸੂਰਜ ਦਾ ਜਾਇਆ*
*ਨੇਰ੍ਹੇ ਦੇ ਦਰਬਾਰ 'ਚ ਮੈਨੂੰ ਹਾਕ ਪਈ*
*ਏਨਾ ਸੱਚ ਨਾ ਬੋਲ ਕਿ 'ਕੱਲਾ ਰਹਿ ਜਾਵੇਂ*
*ਚਾਰ ਕੁ ਬੰਦੇ ਛੱਡ ਲੈ ਮੋਢਾ ਦੇਣ ਲਈ*

ਪੰਜਾਬੀ ਦੇ ਸਮਰਥ ਸ਼ਾਇਰ ਸੁਰਜੀਤ ਪਾਤਰ ਦੀਆਂ ਇਹ ਸਤਰਾਂ ਡਾ. ਸਾਧੂ ਸਿੰਘ 'ਤੇ ਪੂਰੀ ਤਰ੍ਹਾਂ ਢੁੱਕਦੀਆਂ ਹਨ। ਸਾਧੂ ਸਿੰਘ ਨੇ ਆਪਣੀ ਆਤਮਾ ਦੀ ਆਵਾਜ਼ ਸੁਣੀ ਤੇ ਉਹਦੇ 'ਤੇ ਪਹਿਰਾ ਦਿੱਤਾ ਉਹੀ ਕੰਮ ਕੀਤਾ ਜੋ ਉਸ ਦੀ ਅੰਤਰ ਅਤਮਾ ਨੇ ਕਰਨ ਨੂੰ ਕਿਹਾ। ਉਂਜ ਡਾ. ਸਾਧੂ ਸਿੰਘ ਪੰਜਾਬੀ ਸਾਹਿਤਕ ਖ਼ੇਤਰ ਵਿਚ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ। ਉਹ ਜਲੰਧਰ ਡੀ.ਏ. ਵੀ. ਕਾਲਜ, ਪੰਜਾਬ ਯੂਨੀਵਰਸਿਟੀ ਈਵਨਿੰਗ ਕਾਲਜ ਜਲੰਧਰ ਤੇ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣੇ ਪੰਜਾਬੀ ਦਾ ਬਹੁਤ ਹੀ ਮਕਬੂਲ ਪ੍ਰੋਫੈਸਰ ਰਹਿ ਚੁੱਕਾ ਹੈ। ਉਸ ਦੇ ਪੜ੍ਹਾਏ ਵਿਦਿਆਰਥੀ ਦੇਸ਼ਾਂ ਵਿਦੇਸ਼ਾਂ ਵਿਚ ਚੰਗੇ ਕੰਮਾਂ 'ਤੇ ਲੱਗੇ ਹੋਏ ਹਨ। ਉਹ ਅੱਜ ਕੱਲ੍ਹ ਬੀ.ਸੀ. ਵਿਚ ਰਹਿ ਰਿਹਾ ਹੈ, ਜਿੱਥੇ ਉਹ ਮਹਿਬੂਬ ਅਧਿਆਪਕ ਹੈ, ਉੱਥੇ ਉਹ ਪਿਆਰ ਤੇ ਮਿੱਤਰਤਾ ਦਾ ਮੁੱਜਸਮਾਂ ਵੀ ਹੈ। ਇਨ੍ਹਾਂ ਗੁਣਾਂ ਦੇ ਨਾਲ ਨਾਲ ਉਹ ਇਹੋ ਜਿਹੀ ਸ਼ਖ਼ਸੀਅਤ ਦਾ ਮਾਲਕ ਹੈ ਕਿ ਭਾਵੇਂ ਆਪਣੇ ਅਸੂਲਾਂ 'ਤੇ ਖੜ੍ਹਨ ਦੀ ਕਿੰਨੀ ਵੀ ਭਾਰੀ ਕੀਮਤ ਚੁਕਾਉਣੀ ਪਈ, ਉਹਨੇ ਖਿੜੇ ਮੱਥੇ ਚੁਕਾਈ। ਸਾਧੂ ਸਿੰਘ ਬੜੇ ਅਲਬੇਲੇ ਸੁਭਾਅ ਦਾ ਮਾਲਕ ਹੈ। ਇਸੇ ਕਰ ਕੇ ਔਖਿਆਈਆਂ ਨੂੰ ਆਪਣੇ ਰਾਹ ਵਿਚ ਆਉਂਦਿਆਂ ਦੇਖ ਕੇ ਉਨ੍ਹਾਂ ਤੋਂ ਪਾਸਾ ਵੱਟ ਕੇ ਨਹੀਂ ਲੰਘਦਾ ਸਗੋਂ ਔਖਿਆਈਆਂ ਨਾਲ ਸਿੱਧੀ ਟੱਕਰ ਲੈਂਦਿਆਂ ਉਸ ਰਸਤੇ ਤੋਂ ਇਧਰ ਉਧਰ ਨਾ ਹੋਣਾ ਉਸ ਦਾ ਸਭਾਅ ਹੈ। ਇਸ ਸੁਭਾਅ ਕਰ ਕੇ ਉਹ ਕਈ ਵਾਰ ਰੁਜ਼ਗਾਰ ਤੋਂ ਬੇਰੁਜ਼ਗਾਰ ਹੋਇਆ। ਇਸੇ ਸੁਭਾਅ ਕਾਰਨ ਉਹ ਘਰੋਂ ਬੇ-ਘਰ ਵੀ ਹੋਇਆ ਪਰ ਹਾਲਾਤ ਨਾਲ ਸਮਝੌਤਾ ਨਹੀਂ ਕੀਤਾ। ਇਸੇ ਕਰ ਕੇ ਉਹ ਸਾਡੇ ਨਾਲੋਂ ਵੱਖਰੀ ਸੋਚ ਦਾ ਮਾਲਕ ਹੈ। ਬਹੁਤੇ ਲੋਕ ਤਾਂ ਇਕ ਬੁੱਲੇ ਨਾਲ ਹੀ ਹਿੱਲ ਜਾਂਦੇ ਹਨ। ਆਪਣੇ ਸੁਆਰਥ ਲਈ ਲੋਕਾਂ ਨਾਲ ਤਾਂ ਕੀ ਖੜ੍ਹਨਾ, ਆਪਣੇ ਭੈਣਾਂ-ਭਰਾਵਾਂ ਤੇ ਨਜ਼ਦੀਕੀ ਰਿਸ਼ਤਿਆਂ ਨੂੰ ਵੀ ਛੱਡ ਜਾਂਦੇ ਹਨ। ਪਰ ਡਾ. ਸਾਧੂ ਸਿੰਘ ਐਸੀ ਮਿੱਟੀ ਦਾ ਬਣਿਆ ਹੋਇਆ ਹੈ ਕਿ ਜ਼ਿੰਦਗੀ ਵਿਚ ਆਏ ਅਨੇਕਾਂ ਝੱਖੜਾਂ ਦਾ ਸਾਹਮਣਾ ਕਰਨਾ ਉਹਦੇ ਲਈ ਸਾਧਾਰਨ ਗੱਲ ਹੈ।

ਉਹਨੂੰ ਪੰਜਾਬੀ ਬੋਲੀ ਨਾਲ ਜਨੂਨ ਦੀ ਹੱਦ ਤੱਕ ਇਸ਼ਕ ਹੈ। ਇਸੇ ਕਰ ਕੇ ਆਖਦਾ ਹੈ ਕਿ ਮੈਂ ਕੰਮ ਉਹੀ ਕਰਦਾਂ ਹਾਂ, ਜਿਸ ਦਾ ਮੈਨੂੰ ਸ਼ੌਕ ਹੈ। ਪੰਜਾਬੀ ਪੜ੍ਹਨ ਪੜ੍ਹਾਉਣ ਦੇ ਸ਼ੌਕ ਨੇ ਹੀ ਉਹਨੂੰ ਪੰਜਾਬੀ ਆਨਰਜ਼ ਕਰਨ ਲਈ ਪ੍ਰੇਰਿਆ। ਨਹੀਂ ਤਾਂ ਆਪਾਂ ਆਮ ਕਹਿੰਦੇ ਕਿ ਕੋਈ ਟੈਕਨੀਕਲ ਪੜ੍ਹਾਈ ਕਰਦੇ ਹਾਂ ਤਾਂ ਕਿ ਡਾਕਟਰ ਵਕੀਲ ਜਾਂ ਇੰਜਨੀਅਰ ਬਣੀਏ। ਪੰਜਾਬੀ ਤਾਂ ਅਸੀਂ ਜਾਣਦੇ ਹੀ ਹਾਂ। ਨਾਲੇ ਪੰਜਾਬੀ ਨਾਲ ਕਿਹੜੀ ਕੋਈ ਨੌਕਰੀ ਮਿਲਦੀ ਹੈ। ਇਸ ਸੋਚ ਨੂੰ ਲੈ ਕੇ ਹੀ ਤਾਂ ਪੰਜਾਬ ਵਿਚ ਹਰ ਖੂੰਜੇ ਤੇ ਅੰਗਰੇਜ਼ੀ ਸਕੂਲ ਖੁੰਬਾਂ ਵਾਂਗ ਉੱਗੇ ਪਏ ਹਨ। ਜਿਹੜੇ ਨਾ ਤਾਂ ਪੰਜਾਬੀ ਤੇ ਨਾ ਹੀ ਅੰਗਰੇਜ਼ੀ ਸਿਖਾ ਸਕਦੇ ਹਨ। ਡਾ. ਸਾਧੂ ਸਿੰਘ ਅਜਿਹਾ ਵਿਅਕਤੀ ਹੈ, ਜਿਸ ਨੇ ਪੰਜਾਬੀ ਨੂੰ ਕਿੱਤੇ ਦੇ ਤੌਰ 'ਤੇ ਹੀ ਨਹੀਂ ਸਗੋਂ ਸ਼ੌਕ ਵਜੋਂ ਵੀ ਪੜ੍ਹਿਆ ਅਤੇ ਪੜ੍ਹਾਇਆ। ਨਾਲ ਦੀ ਨਾਲ ਕਈ ਵਿਧਾਵਾਂ ਵਿਚ ਲਿਖ ਕੇ ਪੰਜਾਬੀ ਸਾਹਿਤਕ ਖ਼ਜ਼ਾਨੇ ਨੂੰ ਹੋਰ ਅਮੀਰ ਕੀਤਾ। ਬਹੁਤ ਸਾਰੇ ਸਾਹਿਤਕਾਰ ਕਿਸੇ ਇਕ ਵਿਧੀ ਨਾਲ ਹੀ ਸਾਹਿਤਕ ਸਿਰਜਣਾ ਕਰਦੇ ਹਨ। ਜਿਸ ਤਰ੍ਹਾਂ ਕੋਈ ਕਵਿਤਾ ਹੀ ਲਿਖਦਾ ਹੈ, ਕੋਈ ਕਹਾਣੀ ਹੀ ਤੇ ਕੋਈ ਨਾਵਲ ਪਰ ਸਾਧੂ ਸਿੰਘ ਨੇ ਹਰ ਵਿਸ਼ੇ ਲਈ ਢੁਕਦੀ ਵਿਧੀ ਅਪਣਾਈ ਹੈ। ਦੂਰੋਂ ਦੇਖਣ ਨੂੰ ਤਾਂ ਉਹ ਬਹੁਤ ਚੁੱਪ ਚਾਪ ਤੇ ਬਹੁਤ ਹੀ ਗੰਭੀਰ ਸੁਭਾਅ ਦਾ ਵਿਅਕਤੀ ਜਾਪਦਾ ਹੈ ਪਰ ਜਦੋਂ ਤੁਸੀਂ ਮਿਲਦੇ ਹੋ ਤਾਂ ਇਸ ਤਰ੍ਹਾਂ ਮਿਲਦਾ ਕਿ ਜਿਸ ਤਰ੍ਹਾਂ ਕਿ ਉਹ ਪਹਿਲਾਂ ਤੋਂ ਹੀ ਤੁਹਾਨੂੰ ਜਾਣਦਾ ਹੋਵੇ। ਉਸ ਕੋਲ ਗਿਆਨ ਦਾ ਅਥਾਹ ਭੰਡਾਰ ਹੈ। ਗੱਲਬਾਤ ਕਰਦਾ ਕਦੇ ਬੋਰ ਨਹੀਂ ਹੋਣ ਦਿੰਦਾ ਭਾਵੇਂ ਕਿਸੇ ਵਿਸ਼ੇ 'ਤੇ ਗੱਲ ਕਰੀ ਜਾਵੋ। ਪਿਛਲੇ ਦਿਨੀਂ ਉਨ੍ਹਾਂ ਨੂੰ ਨੇੜਿਓਂ ਹੋ ਕੇ ਮਿਲਣ ਦਾ ਮੌਕਾ ਮਿਲਿਆ ਤੇ ਖੁੱਲ੍ਹੀ ਗੱਲਬਾਤ ਹੋਈ ਜਿਸ ਦੇ ਕੁਝ ਅੰਸ਼ ਪੇਸ਼ ਕਰ ਰਹੇ ਹਾਂ।

? ਸਾਧੂ ਸਿੰਘ ਜੀ, ਆਪਣੇ ਬਾਰੇ ਮੁੱਢਲੀ ਜਾਣਕਾਰੀ ਦਿਉ, ਪਰਿਵਾਰ ਬਾਰੇ, ਬਚਪਨ ਦੇ ਦਿਨਾਂ ਬਾਰੇ ?

- ਮੇਰਾ ਜਨਮ 1939 ਦਾ ਹੈ। ਮੇਰਾ ਪਿੰਡ ਤਹਾਡੇ ਪਿੰਡ ਤੋਂ ਥੋੜ੍ਹੀ ਦੂਰ ਪਿੰਡ ਢੰਡਵਾੜ ਹੈ। ਇਹ ਪਿੰਡ ਆਪਾਂ ਫ਼ਗਵਾੜੇ ਦੇ ਨੇੜੇ ਕਹਿ ਸਕਦੇ ਹਾਂ। ਮੈਂ ਆਪਣੀ ਮੁੱਢਲੀ ਵਿੱਦਿਆ ਆਪਣੇ ਪਿੰਡੋਂ ਹੀ ਲਈ। ਹਾਈ ਸਕੂਲ ਲਾਗਲੇ ਪਿੰਡ ਸਰਹਾਲ ਕਾਜੀਆਂ ਤੋਂ ਕਰ ਕੇ ਕਾਲਜ ਦੀ ਵਿਦਿਆ ਬੀ. ਏ. ਆਨਰਜ਼ ਪੰਜਾਬੀ ਰਾਮਗੜ੍ਹੀਆ ਕਾਲਜ ਫ਼ਗਵਾੜਾ ਤੋਂ ਕੀਤੀ। ਐੱਮ. ਏ. ਗੋਰਮਿੰਟ ਕਾਲਜ ਲੁਧਿਆਣਾ ਤੋਂ, ਪੀਐੱਚ. ਡੀ. ਪੰਜਾਬ ਯੂਨੀਵਰਸਿਟੀ ਚਡੀਗੜ੍ਹ ਤੋਂ। ਵਿੱਦਿਆ ਪ੍ਰਾਪਤੀ ਦੀ ਪਰੰਮਪਰਾ ਸਾਡੇ ਪਿੰਡ ਪੁਰਾਣੇ ਵੇਲਿਆਂ ਤੋਂ ਹੀ ਹੈ। ਇੱਥੋ ਤੱਕ ਕਿ ਆਜ਼ਾਦੀ ਤੋਂ ਪਹਿਲਾਂ ਵੀ ਸਾਡੇ ਪਿੰਡ ਦਾ ਨੌਜਵਾਨ ਸੰਤਾ ਸਿੰਘ ਵਿੱਦਿਆ ਪ੍ਰਾਪਤੀ ਲਈ ਬਾਹਰ ਗਿਆ ਸੀ ਪਰ ਛੋਟੀ ਉਮਰੇ ਹੀ ਗੁਜ਼ਰ ਗਿਆ। ਦੂਜੇ ਵਿਆਕਤੀ ਬਿਕ੍ਰਮਜੀਤ ਸਿੰਘ, ਜਿਨ੍ਹਾਂ ਨੇ ਜੌਗਰਫ਼ੀ ਦੀ ਮਾਸਟਰੀ ਕੀਤੀ। ਇਕ ਵਾਰ ਉਹ ਸੰਤਾ ਸਿੰਘ ਦੀ ਸਮਾਧ ਉੱਤੇ ਦੀਵਾ ਜਗਾਉਣ ਗਏ ਤਾਂ ਮੈਨੂੰ ਵੀ ਨਾਲ ਲੈ ਗਏ। ਮੈਨੂੰ ਉਸ ਦੀਵੇ ਦੀ ਜੋਤ ਉਸੇ ਤਰ੍ਹਾਂ ਜਗਦੀ ਦਿਸਦੀ ਹੈ ਤੇ ਇਸ ਲੋਅ ਦੇ ਪਿੱਛੇ ਪਿੱਛੇ ਮੈਂ ਵੀ ਤੁਰਿਆ ਗਿਆ।

? ਤਸੀਂ ਵਿੱਦਿਆ ਪ੍ਰਾਪਤੀ ਤੋਂ ਬਾਅਦ ਫੇਰ ਕੰਮ ਕਾਰ, ਕਿੱਥੇ ਕਿੱਥੇ ਕੀ ਕੀ ਕੀਤੇ ?

-ਉਸ ਵੇਲੇ ਸਕੂਲਾਂ ਕਾਲਜਾਂ ਯੂਨੀਵਰਸਿਟੀਆਂ ਵਿਚ ਪੰਜਾਬੀ ਪੜ੍ਹਾਉਣ ਦਾ ਕੰਮ ਮਿਲ ਜਾਂਦਾ ਸੀ। ਮੈਨੂੰ ਡੀ. ਏ. ਵੀ. ਕਾਲਜ ਵਾਲਿਆਂ ਨੇ ਦੋ ਇੰਕਰੀਮੈਂਟਾਂ ਦੇ ਕੇ ਪੰਜਾਬੀ ਪੜ੍ਹਾਉਣ ਲਈ ਪ੍ਰੋ. ਰੱਖ ਲਿਆ ਸੀ। ਪਰ ਮੇਰੀ ਇਹ ਆਦਤ ਬਣ ਚੁੱਕੀ ਸੀ ਕਿ ਮੈਂ ਕਦੇ ਹਲਾਤਾਂ ਨਾਲ ਸਮਝੌਤਾ ਨਹੀਂ ਕੀਤਾ। ਉੱਥੇ ਪੜ੍ਹਾਉਂਦਿਆਂ ਟੀਚਰ ਯੂਨੀਅਨ ਬਣਨ ਬਣਾਉਣ ਦੀ ਗੱਲ ਚੱਲੀ ਤਾਂ ਮੈਂ ਇਸ ਵਿਚ ਸਰਗਰਮੀ ਨਾਲ ਕੰਮ ਕੀਤਾ। ਪਰ ਕਾਲਜ ਦੀ ਮੈਨੇਜਿੰਗ ਕਮੇਟੀ ਅਤੇ ਪ੍ਰਿੰਸੀਪਲ ਬੀ.ਐਸ. ਬਹਿਲ ਨਹੀਂ ਸੀ ਚਾਹੁੰਦੇ ਕਿ ਯੂਨੀਅਨ ਬਣੇ। ਇਸ ਗੱਲ ਤੋਂ ਮੇਰੇ ਉਨ੍ਹਾ ਨਾਲ ਮਤਭੇਦ ਹੋ ਗਏ। ਮੈਂ ਕਹਾਂਗਾ ਕਿ ਜਿੰਨੀ ਸ਼ਾਨ ਨਾਲ ਉਨ੍ਹਾਂ ਨੇ ਮੈਨੂੰ ਰੱਖਿਆ ਸੀ, ਓਨੀ ਹੀ ਸ਼ਾਨ ਨਾਲ ਮੈਨੂੰ ਕੱਢਿਆ। ਉੱਨੀ ਸੌ ਸਤਾਹਟ ਅਠਾਹਟ ਵਿਚ ਮੈਨੂੰ ਉੱਥੋਂ ਸੇਵਾਮੁਕਤ ਕਰ ਦਿੱਤਾ। ਪਰ ਮੈਂ ਆਪਣਾ ਕਦਮ ਜਿਹੜਾ ਟੀਚਰ ਯੂਨੀਅਨ ਦੇ ਹੱਕ ਵਿਚ

ਅਰਪਨ ਲਿਖਾਰੀ ਸਭਾ ਕੈਲਗਰੀ ਸੰਨ 2011 ਤੋਂ ਕਨੇਡਾ ਵਸਦੇ ਪੰਜਾਬੀ ਸਾਹਿਤਕਾਰਾਂ ਨੂੰ 'ਇਕਬਾਲ ਅਰਪਨ ਯਾਦਗਾਰੀ ਪੁਰਸਕਾਰ' ਨਾਲ ਸਨਮਾਨਤ ਕਰਦੀ ਆ ਰਹੀ ਹੈ। ਇਹ ਪੁਰਸਕਾਰ ਪ੍ਰਾਪਤ ਕਰਨ ਵਾਲਿਆਂ ਵਿਚ ਡਾ. ਸੁਰਿੰਦਰ ਧੰਜਲ 2011, ਰਵਿੰਦਰ ਰਵੀ 2012, ਸੁਖਿੰਦਰ 2013 ਤੇ ਹਰਜੀਤ ਦੌਧਰੀਆ 2014 ਸ਼ਾਮਲ ਹਨ। 2015 ਦਾ ਪੁਰਸਕਾਰ ਡਾ. ਸਾਧੂ ਸਿੰਘ ਹੋਰਾਂ ਨੂੰ ਦੇਣ ਦਾ ਫ਼ੈਸਲਾ ਹੋਇਆ ਹੈ। ਇਸ ਮੌਕੇ ਅਦਾਰਾ 'ਨਵੀਂ ਦੂਨੀਆ' ਡਾ. ਸਾਧੂ ਸਿੰਘ ਨੂੰ ਵਧਾਈ ਦਿੰਦਾ ਹੈ ਅਤੇ ਅਰਪਨ ਲਿਖਾਰੀ ਸਭਾ ਕੈਲਗਰੀ ਨਾਲ ਸਰਗਰਮ ਸਤਨਾਮ ਸਿੰਘ ਢਾਅ ਹੋਰਾਂ ਵਲੋਂ ਡਾ. ਸਾਧੂ ਸਿੰਘ ਨਾਲ ਕੀਤੀ ਮੁਲਾਕਾਤ ਦੇ ਅੰਸ਼ ਛਾਪਣ ਦੀ ਖ਼ੁਸ਼ੀ ਲੈ ਰਿਹਾ ਹੈ।



ਡਾ. ਸਾਧੂ ਸਿੰਘ ਆਪਣੀ ਪਤਨੀ ਤੇ ਧੀਆਂ ਨਾਲ।

ਵਧਾਇਆ ਸੀ, ਉਹ ਪਿੱਛੇ ਨਹੀਂ ਚੁੱਕਿਆ। ਸਾਲ ਕੁ ਮੈਂ ਕੰਮ ਨਹੀਂ ਕੀਤਾ। ਫੇਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਈਵਨਿੰਗ ਕਾਲਜ ਜਲੰਧਰ ਵਿਚ ਕੰਮ ਮਿਲ ਗਿਆ।

ਸਬੱਬ ਦੀ ਗੱਲ ਦੇਖੋ, ਉਨ੍ਹਾਂ ਦਿਨਾਂ ਵਿਚ ਮੇਰਾ ਇਕ ਵਿਦਿਆਰਥੀ ਹੁੰਦਾ ਸੀ, ਨਵਜੀਤ ਖ਼ਹਿਰਾ ਉਸ ਨੇ ਆਪਣੀ ਕਵਿਤਾ ਦੀ ਕਿਤਾਬ ਛਪਾਈ ਸੀ, ਜਿਸ ਦਾ ਨਾਂ ਸੀ "ਪਰਿਵਰਤਨ"। ਉਸ ਨੇ ਉਹ ਕਿਤਾਬ ਰਿਲੀਜ਼ ਕਰਨੀ ਸੀ। ਲੋਹੜੀ ਦਾ ਦਿਨ ਸੀ। ਉਸ ਨੇ ਆਪਣੇ ਘਰ ਦੇ ਵਿਹੜੇ ਵਿਚ ਧੂਣੀ ਬਾਲ ਲਈ। ਜਿਹੜੇ ਲੋਕ ਉੱਥੇ ਧੂਣੀ ਦੇ ਦੁਆਲੇ ਬੈਠੇ ਸਨ, ਉਨ੍ਹਾਂ ਵਿਚ ਪ੍ਰਸਿੱਧ ਕਵੀ ਪ੍ਰੋ. ਮੋਹਣ ਸਿੰਘ ਵੀ ਸਨ। ਮੈਨੂੰ ਉਨ੍ਹਾਂ ਨੇ ਇਹ ਸਾਰਾ ਸਮਾਗਮ ਭੁਗਤਾਉਣ ਲਈ ਕਹਿ ਦਿੱਤਾ। ਹੁਣ ਤੁਹਾਨੂੰ ਪਤਾ ਹੈ ਕਿ ਪ੍ਰੋ. ਮੋਹਣ ਸਿੰਘ ਵਰਗੀ ਪ੍ਰੇਰਨਾਦਾਇਕ ਸ਼ਖ਼ਸੀਅਤ ਮੌਜੂਦ ਹੋਵੇ ਤੇ ਘਰ ਦੀ ਦਾਰੂ ਦੀ ਘੁਟ ਪੀਤੀ ਹੋਵੇ ਤਾਂ ਜ਼ਬਾਨ ਵਿਚ ਰਵਾਨਗੀ ਜ਼ਰਾ ਵਧੇਰੇ ਹੀ ਆ ਜਾਂਦੀ ਹੈ। ਮੈਨੂੰ ਪ੍ਰੋ. ਹੋਰੀਂ ਕਹਿੰਦੇ ਕਿ ਬਈ ਤੂੰ ਤਾਂ ਪੰਜਾਬੀ ਬੜੀ ਵਧੀਆ ਬੋਲਦੈਂ, "ਮੈਂ ਕਿਹਾ ਜੀ ਮੈਨੂੰ ਬੋਲਣੀ ਹੀ ਪੰਜਾਬੀ ਆਉਂਦੀ ਹੈ।" ਫੇਰ ਕਹਿੰਦੇ ਕਿ ਕਰਦਾ ਕੀ ਹੁੰਦੈਂ? ਸਹਿਜ ਸੁਭਾਅ ਮੈਂ ਫੇਰ ਕਿਹਾ ਕਿ ਜੀ ਅੱਜ ਸ਼ਾਮ ਤੱਕ ਤਾਂ ਮੈਂ ਲੈਕਚਰਾਰ ਹਾਂ ਪਰ ਸਵੇਰ ਨੂੰ ਮੈਂ ਕੁਝ ਵੀ ਨਹੀਂ ਕਿਉਂਕਿ ਮੇਰਾ ਉਨ੍ਹਾਂ ਨਾਲ ਉਸ ਦਿਨ ਤੱਕ ਦਾ ਹੀ ਕੰਟ੍ਰੈਕਟ ਸੀ। ਉਹ ਕਹਿਣ ਲੱਗੇ ਕਿ ਤੂੰ ਸਾਡੇ ਕੋਲ ਐਗਰੀਕਲਚਰ ਯੂਨੀਵਰਸਿਟੀ ਲੁਧਿਆਣੇ ਆ ਜਾ। ਇਸ ਤਰ੍ਹਾਂ ਉਹ ਮੈਨੂੰ ਲੁਧਿਆਣੇ ਲੈ ਗਏ ਤੇ ਮੈਨੂੰ ਉੱਥੇ ਉਨ੍ਹਾਂ ਨੇ ਰਿਸਰਚ ਆਸਿਸਟੈਂਟ ਰੱਖ ਲਿਆ। ਥੋੜ੍ਹੇ ਸਮੇਂ ਦੀ ਵਿੱਥ ਨਾਲ ਜਨਾਬ ਸੁਰਜੀਤ ਪਾਤਰ ਨੂੰ ਵੀ ਉੱਥੇ ਰੱਖ ਲਿਆ ਗਿਆ। ਬਸ ਜੀ ਫੇਰ ਇਸੇ ਤਰ੍ਹਾਂ ਗੱਡੀ ਰੁੜ੍ਹਦੀ ਗਈ।

? ਤੁਸੀਂ ਬੀ.ਏ. ਆਨਰਜ਼ ਪੰਜਾਬੀ ਵਿਚ ਕੀਤੀ। ਕੀ ਪੰਜਾਬੀ ਆਨਰਜ਼ ਕਰਨ ਦਾ ਕੋਈ ਖ਼ਾਸ ਮਕਸਦ ਸੀ? ਕਿਉਂ ਕਿ ਆਮ ਤੌਰ 'ਤੇ ਲੋਕ ਸੋਚਦੇ ਹਨ ਕਿ ਕੋਈ ਟੈਕਨੀਕਲ ਐਜੂਕੇਸ਼ਨ ਲਈ ਜਾਵੇ ਜਿਸ ਨਾਲ ਵੱਧ ਤੋਂ ਵੱਧ ਪੈਸੇ ਕਮਾਏ ਜਾਣ ਤੇ ਕੰਮ ਲਭਣ ਵਿਚ ਕੋਈ ਔਖ ਨਾ ਆਵੇ। ਪਰ ਤੁਸੀਂ ਆਨਰਜ਼ ਪੰਜਾਬੀ ਵਿਚ?

–ਮੈਂ ਰਾਮਗੜ੍ਹੀਆ ਕਾਲਜ ਤੋਂ ਬੀ.ਏ. ਆਨਰਜ਼ ਪੰਜਾਬੀ ਨਾਲ ਕੀਤੀ ਇਹ ਵੀ ਦਿਲਚਸਪ ਕਹਾਣੀ ਹੈ। ਤੁਸੀਂ ਹੁਣ ਰਾਜ਼ ਦੀ ਗੱਲ ਪੁੱਛੀ ਹੈ, ਜੇਕਰ ਤੁਹਾਨੂੰ ਇਸ ਵਿਚ ਦਿਲਚਸਪੀ ਹੈ ਤਾਂ ਮੈਨੂੰ ਵੀ ਦੱਸਣ ਵਿਚ ਖੁਸ਼ੀ ਹੋਵੇਗੀ। ਦੇਖੋ, ਇਹਦੇ ਪਿੱਛੇ ਦੋ ਗੱਲਾਂ ਸਨ ਇਕ ਤਾਂ ਇਹ ਕਿ ਜਦੋਂ ਮੈਂ ਸਰਹਾਲ ਕਾਜ਼ੀਆਂ ਵਿਖੇ ਪੜ੍ਹਦਾ ਸੀ, ਉੱਥੇ ਪੰਜਾਬੀ ਪੜ੍ਹਾਉਣ ਵਾਲੇ ਅਧਿਆਪਕ ਗਿਆਨੀ ਕ੍ਰਿਪਾਲ ਸਿੰਘ ਜੀ ਸਨ, ਜਿਨ੍ਹਾਂ ਦਾ ਪੰਜਾਬੀ ਪੜ੍ਹਾਉਣ ਦਾ ਤਰੀਕਾ ਹੀ ਇਨਾ ਦਿਲਚਸਪ ਸੀ ਕਿ ਮੈਨੂੰ ਪੰਜਾਬੀ ਪੜ੍ਹਨ ਵਿਚ ਸਭ ਮਜਬੂਨਾਂ ਨਾਲੋਂ ਜ਼ਿਆਦਾ ਆਨੰਦ ਆਉਂਦਾ ਸੀ। ਦੂਜੀ ਗੱਲ ਇਹ ਕਿ ਜਦੋਂ ਮੈਂ ਗਾਮਗੜ੍ਹੀਆ ਕਾਲਜ ਫ਼ਗਵਾੜੇ ਪੜ੍ਹਨ ਗਿਆ ਤਾਂ ਪ੍ਰੋ. ਗੁਰਨਾਮ ਸਿੰਘ ਪਿੰਡ ਖ਼ਾਨਖ਼ਾਨਾਂ ਤੋਂ, ਉਨ੍ਹਾਂ ਨੂੰ ਵੀ ਪੰਜਾਬੀ ਲਿਟਰੇਚਰ ਵਿਚ ਖ਼ਾਸ ਦਿਲਚਸਪੀ ਸੀ ਉਨ੍ਹਾਂ ਤੋਂ ਵੀ ਪ੍ਰੇਰਨਾ ਮਿਲੀ। ਪਹਿਲਾਂ ਬੀ.ਏ. ਵਿਚ ਮੈਂ ਪੋਲੀਟੀਕਲ ਸਾਇੰਸ ਤੇ ਇਕਨੌਮਿਕਸ ਦੇ ਵਿਸ਼ੇ ਲਏ। ਪਰ ਜਿਸ ਕੁੜੀ ਨਾਲ ਮੈਨੂੰ ਕਲਪਿਤ ਪਿਆਰ ਸੀ, ਉਹਨੇ ਪੰਜਾਬੀ ਆਨਰਜ਼ ਰੱਖੀ ਹੋਈ ਸੀ। ਮੈਂ ਵੀ ਇਕਨੌਮਿਕਸ ਛੱਡ ਕੇ ਪੰਜਾਬੀ ਆਨਰਜ਼ ਰੱਖ ਲਈ। ਬੀ.ਏ. ਆਨਰਜ਼ ਦੀ ਇਕ ਗੱਲ ਤੁਹਾਨੂੰ ਹੋਰ ਦੱਸਦਾਂ ਕਿ ਆਨਰਜ਼ ਵਿਸ਼ਾ ਪਾਸ ਕਰਨਾ ਬਹੁਤ ਮੁਸ਼ਕਲ ਸੀ। ਬਹੁਤ ਸਾਰੇ ਵਿਦਿਆਰਥੀ ਪਹਿਲਾਂ ਆਨਰਜ਼ ਵਿਸ਼ੇ ਲੈ ਲੈਂਦੇ ਸਨ ਪਰ ਫੇਰ ਵਿਚੋਂ ਹੀ ਛੱਡ ਦਿੰਦੇ ਸਨ। ਕਿਉਂਕਿ ਸ਼ਰਤਾਂ ਬਹੁਤ ਔਖੀਆਂ ਸਨ। ਜਿਸ ਤਰ੍ਹਾਂ ਕਿ ਬੀ.ਏ. ਵਿਚੋਂ 45% ਨੰਬਰ ਲਉ, ਸਾਰੇ ਵਿਸ਼ਿਆਂ ਵਿਚੋਂ ਪਾਸ ਹੋਵੋ ਅਤੇ ਆਨਰਜ਼ ਵਿਚੋਂ 50% ਨੰਬਰ ਲਉ ਤਾਂ ਬੀ.ਏ. ਆਨਰਜ਼ ਪੂਰੀ ਹੁੰਦੀ ਸੀ। ਇਸ ਕਰ ਕੇ ਕਿਤੇ ਨਾ ਕਿਤੇ ਕੋਈ ਕਸਰ ਰਹਿ ਜਾਣੀ ਤਾਂ ਫੇਰ ਉਹ ਗੱਲ ਨਾ ਬਣਦੀ। ਮੈਨੂੰ ਇਸ ਗੱਲ 'ਤੇ ਮਾਣ ਹੈ ਕਿ ਮੈਂ ਆਪਣੇ ਕਾਲਜ ਦਾ ਪਹਿਲਾ ਵਿਦਿਆਰਥੀ ਸੀ, ਜਿਸ ਨੇ ਬੀ.ਏ. ਆਨਰਜ਼ ਪੰਜਾਬੀ ਪਾਸ ਕੀਤੀ ਸੀ ਤੇ ਸਾਰੇ ਪੰਜਾਬ ਵਿਚੋਂ ਦੂਜੇ ਨੰਬਰ 'ਤੇ ਰਿਹਾ ਸੀ। ਜਿਹੜੀ ਗੱਲ ਤੁਸੀਂ ਪੁੱਛੀ ਹੈ ਕਿ ਖ਼ਾਸ ਮਕਸਦ ਦੀ, ਮੈਨੂੰ ਬੀ.ਏ. ਆਨਰਜ਼ ਕਰ ਕੇ ਇਕ ਤਰ੍ਹਾਂ ਦੀ ਖ਼ਾਸ ਪ੍ਰਾਪਤੀ ਲੱਗਦੀ ਸੀ। ਮੈਨੂੰ ਵਜ਼ੀਫ਼ਾ ਮਿਲਦਾ ਸੀ ਜੇਕਰ ਮੈਂ ਪੰਜਾਬੀ ਦੀ ਐੱਮ.ਏ. ਕਰਦਾ ਸੀ ਤਾਂ ਕੋਈ ਖ਼ਾਸ ਤਰੱਦਦ ਨਹੀਂ ਸੀ ਕਰਨਾ ਪੈਣਾ। ਇਸ ਤੋਂ ਬਾਅਦ ਮੈਂ ਗੌਰਮਿੰਟ ਕਾਲਿਜ ਲੁਧਿਆਣਾ ਐੱਮ.ਏ. ਪੰਜਾਬੀ ਕੀਤੀ। ਇਕ ਗੱਲ ਇਹ ਵੀ ਸੱਚ ਹੈ ਕਿ ਜੇਕਰ ਸਾਹਿਤ ਵਿਚੋਂ ਤੁਹਾਨੂੰ ਰਸ ਆਉਣ ਲੱਗ ਪੈਂਦਾ ਹੈ ਫੇਰ ਇਹ ਸ਼ੌਕ ਦਾ ਸ਼ੌਕ ਤੇ ਕੰਮ ਦਾ ਕੰਮ ਹੋ ਨਿਬੱੜਦਾ ਹੈ। ਇਸੇ ਕਰ ਕੇ ਮੈਨੂੰ ਸਾਰੀ ਉਮਰ ਪੰਜਾਬੀ ਪੜ੍ਹਾਉਣਾ ਕਦੇ ਬੋਝ ਨਹੀਂ ਲੱਗਾ। ਤੇ ਕੰਮ ਲਈ ਵੀ ਕਦੇ ਕੋਈ ਦਿੱਕਤ ਨਹੀਂ ਆਈ ਸਗੋਂ, ਬਹੁਤੀ ਵਾਰੀ ਸੰਸਥਾਵਾਂ ਵਾਲੇ ਆਪ ਕਹਿ ਕੇ ਤੇ ਸੁਝਾਉ ਦੇ ਕੇ ਲੈ ਜਾਣ ਵਾਲੇ ਹੁੰਦੇ ਸਨ।

? ਡਾ. ਸਾਹਿਬ ਲਿਖਣ ਖੇਤਰ ਵੱਲ ਕਿਵੇਂ ਆਏ, ਪਹਿਲ ਕਵਿਤਾ, ਕਹਾਣੀ, ਨਾਟਕ ਜਾਂ ਨਾਵਲ ਤੋਂ ਕੀਤੀ?

–ਦਰਅਸਲ, ਲਿਖਣ ਮੈਂ ਪੰਜਾਬੀ ਆਨਰਜ਼ ਕਰਨ ਸਮੇਂ ਹੀ ਲੱਗ ਪਿਆ ਸੀ। ਕਵਿਤਾ, ਕਹਾਣੀ, ਲੇਖ ਤੇ ਆਲੋਚਨਾ ਸਭ ਕੁਝ 'ਤੇ ਹੀ ਥੋੜ੍ਹਾ ਬਹੁਤ ਕੰਮ ਕੀਤਾ। ਤੁਹਾਨੂੰ ਪਤਾ ਕਾਲਜ ਦੇ ਦਿਨਾਂ ਵਿਚ ਹਰ ਮੁੰਡਾ ਕੁੜੀ ਸ਼ਾਇਰ ਹੁੰਦਾ ਹੈ। ਇਸੇ ਤਰ੍ਹਾਂ ਪਹਿਲਾਂ ਮੈਂ ਵੀ ਪਿਆਰ ਦੇ ਰੰਗ ਵਾਲੀ ਕਵਿਤਾ ਲਿਖੀ ਜਿਹੜੀ ਅਜੇ ਵੀ ਯਾਦ ਹੈ:

"ਮੈਂ ਬੰਬੀਹਾ ਪਿਆਸਾ ਰਹਿ ਸਕਦਾ ਹਾਂ ਕਦ ਤਕ ਵੀ
ਜੇ ਪੀਣੀ ਐ ਉੱਚੇ ਅੰਬਰਾਂ ਦੀ ਧਾਰਾ
ਸੁਆਂਤੀ ਬੂੰਦ ਤੇਰੇ ਆਪਣੇ ਸਰੋਵਰ 'ਚੋਂ ਪੀਣੀ ਹੈ
ਮੰਗ ਕੇ ਪੀਣੀ ਮੇਰੇ ਅਸੂਲਾਂ ਨੇ ਇਜਾਜ਼ਤ ਨਹੀਂ ਦੇਣੀ
ਜੇ ਸਿੱਕ ਦਾ ਅਹਿਸਾਸ ਹੋ ਗਿਆ ਤਾਂ ਆਪੂ ਪਿਆ ਛੱਡੀਂ
ਨਹੀਂ ਤਾਂ ਕਿਸੇ ਸਾਬਰ ਆਸ ਦੇ ਨਸ਼ੇ ਵਿਚ
ਜ਼ਿੰਦਗੀ ਬਿਨ ਪੀਤਿਆ ਹੀ ਜੀਣੀ ਹੈ"

ਸੋ ਇਹ ਸਾਰੀਆਂ ਗੱਲਾਂ ਐਵੇਂ ਜੁਆਨੀ ਦੇ ਨਸ਼ੇ ਤੇ ਭਾਵਨਾਵਾਂ ਜਿਹੀਆਂ ਹੀ ਹੁੰਦੀਆਂ ਹਨ। ਬਹੁਤੀ ਵਾਰ ਇਹ ਕੰਮ ਤੁਹਾਡੀਆਂ ਸੋਚਾਂ ਤੇ ਭਾਵਨਾਵਾਂ ਦੇ ਅਨੁਸਾਰ ਨਹੀਂ ਹੁੰਦੇ। ਉਨ੍ਹਾਂ ਵੇਲਿਆਂ ਵਿਚ ਆਪਣਾ ਇਕ ਪਰਵਾਸੀ ਵੀਰ ਸੰਤੋਖ ਸਿੰਘ ਧਾਲੀਵਾਲ ਇੰਗਲੈਂਡ ਤੋਂ ਇਕ ਪੇਪਰ ਕੱਢਿਆ ਕਰਦਾ ਸੀ 'ਪਰਵਾਸੀ' ਉਸ ਦੇ ਸੰਪਾਦਕ ਦਾ ਕੰਮ ਮੇਰੇ ਭੂਆ ਜੀ ਦਾ ਲੜਕਾ ਗੁਰਮੀਤ ਸਿੰਘ ਚੰਨ ਕਰਿਆ ਕਰਦਾ ਸੀ। ਬੀ.ਏ. ਆਨਰਜ਼ ਤੋਂ ਬਾਅਦ ਉਹਨੇ ਮੈਨੂੰ ਵੀ ਸਹਾਇਕ ਵਜੋਂ ਆਪਣੇ ਨਾਲ ਜੋੜ ਲਿਆ ਸੀ। ਸਭ ਤੋਂ ਪਹਿਲਾਂ ਛਪਣ ਵਾਲੀ ਕ੍ਰਿਤ ਸੀ ਮੁਣਸ਼ਾ ਸਿੰਘ ਦੁਖੀ ਦੀ "ਜੀਵਨ ਸੱਧਰਾਂ"। ਕਹਾਣੀਆਂ ਦੀ ਕਿਤਾਬ ਉੱਤੇ ਮੈਂ ਆਲੋਚਨਾਤਮਕ ਲੇਖ ਲਿਖਿਆ ਸੀ। ਲੇਖ 'ਜੀਵਨ' ਨਾਂਅ ਦੇ ਮੈਗਜ਼ੀਨ ਵਿਚ ਛਪਿਆ ਸੀ। ਮੇਰੇ ਇਰਦ ਗਿਰਦ ਲਿਖਣ ਪੜ੍ਹਨ ਵਾਲੇ ਲੋਕ ਸਨ, ਜਿਨ੍ਹਾਂ ਤੋ ਪ੍ਰੇਰਨਾ ਮਿਲੀ।

? ਤੁਸੀਂ ਹੋਰ ਅੱਜ ਤੱਕ ਕੀ ਕੁਝ ਲਿਖਿਆ? ਕਿਹੜੀ ਵਿਧਾ ਵਿਚ ਜ਼ਿਆਦਾ ਕੰਮ ਕੀਤਾ?

–ਸਤਨਾਮ ਜੀ, ਮੈਂ ਬਹੁਤ ਜ਼ਿਆਦਾ ਨਹੀਂ ਲਿਖਿਆ ਬਸ ਥੋੜ੍ਹਾ ਬਹੁਤ ਸਾਰੀਆਂ ਵਿਧਾਵਾਂ ਵਿਚ ਕੰਮ ਕੀਤਾ ਹੈ। ਮੈਂ ਨਾਟਕ 'ਹਾਏ ਨੀਂ ਧੀਏ ਮੋਰਨੀਏ' ਬਹੁਤ ਦੇਰ ਪਹਿਲਾਂ ਲਿਖਿਆ ਸੀ। ਉਂਜ ਮੇਰੀਆਂ ਦੋ ਕਹਾਣੀਆਂ ਦੀਆਂ ਕਿਤਾਬਾਂ 'ਪੂਰਾ ਆਦਮੀ' ਦੂਜੀ 'ਵਿਸਫ਼ੋਟ' ਜਿਨ੍ਹਾਂ ਦੇ ਪਹਿਲੇ ਸੰਸਕਰਨ ਬਹੁਤੇ ਲੋਕਾਂ ਤੱਕ ਨਹੀਂ ਪੁੰਹਚੇ, ਹੁਣ ਇਨ੍ਹਾਂ ਦਾ ਦੂਜਾ ਐਡੀਸ਼ਨ ਛਾਪਿਆ ਜਾ ਰਿਹਾ। ਹੋਰ ਮੈਂ ਅਜੀਤ ਕੌਰ ਦੀਆਂ ਕਹਾਣੀਆਂ ਦੀ ਕਿਤਾਬ, ਗੁਰਦਿਆਲ ਸਿੰਘ ਦੇ ਨਾਵਲ ਮੜ੍ਹੀ ਦਾ ਦੀਵਾ, ਪ੍ਰੋ. ਪੂਰਨ ਸਿੰਘ ਦੇ ਕਾਵਿ ਸਿਧਾਂਤ 'ਤੇ ਆਲੋਚਨਾ ਦਾ ਕੰਮ ਕੀਤਾ। ਕੁਝ ਕੰਮ ਰੂਸੀ ਤੋਂ ਅੰਗਰੇਜ਼ੀ ਅਨੁਵਾਦ ਦਾ ਕੀਤਾ। ਪਿੱਛੇ ਜਿਹੇ ਸੋਹਣ ਸਿੰਘ ਜੋਸ਼ ਦੀ ਲਿਖੀ ਕਿਤਾਬ "ਗ਼ਦਰ ਪਾਰਟੀ ਦਾ ਸੰਖੇਪ ਇਤਿਹਾਸ" ਦਾ ਪੰਜਾਬੀ ਵਿਚ ਅਨੁਵਾਦ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਵਰਿੰਦਰ ਕੁਮਾਰ ਭੱਟਾਚਾਰੀਆ ਦਾ ਨਾਵਲ ਮੈਂ ਅੰਗਰੇਜ਼ੀ ਤੋਂ ਪੰਜਾਬੀ ਵਿਚ ਅਨੁਵਾਦ ਕੀਤਾ। ਸਾਧੂ ਸਿੰਘ ਧਾਮੀ ਦਾ ਅੰਗਰੇਜ਼ੀ ਵਿਚ ਲਿਖਿਆ ਨਾਵਲ "ਮਲੂਕਾ" ਜਿਸ ਦਾ ਪਹਿਲਾ ਹਿੱਸਾ ਮੇਰੇ ਦੋਸਤਾਂ ਸਾਧੂ ਬਿਨਿੰਗ, ਸੁਖਵੰਤ ਹੁੰਦਲ ਅਤੇ ਗੁਰਮੇਲ ਰਾਏ ਹੋਰਾਂ ਨੇ ਛਾਪਿਆ ਤੇ ਦੂਜਾ ਹਿੱਸਾ ਮੈਂ ਅਨੁਵਾਦ ਕਰ ਕੇ ਫੇਰ ਦੋਹਾਂ ਨੂੰ ਇਕ ਐਡੀਸ਼ਨ ਵਿਚ ਛਾਪਿਆ। ਡਾ. ਸਾਧੂ ਸਿੰਘ ਧਾਮੀ ਨੇ ਨਾਵਲ "ਅਦਰਜ਼ ਪ੍ਰੋਪਰਟੀ" ਲਿਖਿਆ ਸੀ। ਉਨ੍ਹਾਂ ਨੇ ਮੇਰੇ ਕੋਲੋਂ ਇਸ ਨਾਵਲ ਬਾਰੇ ਰਾਏ ਪੁੱਛੀ ਤਾਂ ਮੈਂ ਕਿਹਾ ਕਿ ਇਹ "ਮਲੂਕਾ" ਵਰਗਾ ਨਹੀਂ, ਨਾਲ ਹੀ ਕਹਿ ਬੈਠਾ ਕਿ ਇਹਦਾ ਅਨੁਵਾਦ ਥੋੜ੍ਹਾ ਠਹਿਰ ਕੇ ਕਰਾਂਗੇ। ਡਾ. ਸਾਧੂ ਸਿੰਘ ਧਾਮੀ ਆਪਣੇ ਜਿਉਂਦੇ-ਜੀ ਉਹ ਨਾਵਲ ਮੈਨੂੰ ਦੇ ਗਏ ਸਨ। ਪਰ ਬਦਕਿਸਮਤੀ ਨਾਲ ਥੋੜ੍ਹੀ ਦੇਰ ਬਾਅਦ ਉਹ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੇ ਨਾਵਲ ਅਨੁਵਾਦ ਕਰਨ ਦੀ ਗੱਲ ਮੈਨੂੰ ਹਰ ਵੇਲੇ ਟੁੰਬਦੀ। ਉਸ ਨਾਵਲ ਵਿਚ ਕੁਝ ਤਬਦੀਲੀ ਕਰਨ ਦੀ ਗੁੰਜਾਇਸ਼ ਸੀ। ਮੈਂ ਕੁਝ ਤਬਦੀਲੀਆਂ ਨਾਲ "ਪਰਾਇਆ ਧਨ" ਅਨੁਵਾਦ ਕੀਤਾ ਤੇ ਇਸ ਨੂੰ ਚੇਤਨਾ ਪ੍ਰਕਾਸ਼ਨ ਨੇ ਛਾਪਿਆ ਹੈ।

? ਮੈਂ ਤੁਹਾਡਾ "ਹਾਏ ਨੀਂ ਧੀਏ ਮੋਰਨੀਏ" ਨਾਟਕ ਵੀ ਪੜ੍ਹਿਆ ਹੈ। ਇਹ ਨਾਟਕ ਸਾਡੇ ਸਮਾਜ ਨੂੰ ਹਲੂਣਾ ਦੇਣ ਵਾਲਾ ਬਹੁਤ ਹੀ ਵਧੀਆ ਨਾਟਕ ਹੈ। ਇਹ ਬਾਲ-ਨਾਟਕ ਲਿਖਣ ਦਾ ਸੱਬਬ ਕਦੋਂ ਤੇ ਕਿਵੇਂ ਬਣਿਆ ਇਹਦੇ ਬਾਰੇ ਕੁਝ ਦਸੋ?

–ਇਹ ਨਾਟਕ ਸ਼ਾਇਦ ਤਹੇਤਰ ਚਹੌਤਰ ਵਿਚ ਲਿਖਿਆ ਸੀ। ਇਹ ਬਾਲ-ਨਾਟਕ ਲਿਖਣ ਦਾ ਸੱਬਬ ਇਸ ਤਰ੍ਹਾਂ ਬਣਿਆ ਕਿ ਰਮਾ ਰਤਨ ਸਾਡੀ ਕੁਲੀਗ ਹੁੰਦੀ ਸੀ। ਉਹ ਬੱਚਿਆਂ ਨੂੰ ਨਾਟਕ ਖੇਡਾਇਆ ਕਰਦੀ ਸੀ। ਉਸ ਦੀ ਬਾਲ-ਸਾਹਿਤ ਵਿਚ ਵਿਸ਼ੇਸ਼ ਰੁਚੀ ਸੀ। ਉਹਨੇ ਮੈਨੂੰ ਆਪਣੀ ਸੰਸਥਾ ਦਾ ਸਲਾਹਕਾਰ ਬਣਾ ਲਿਆ। ਉਨ੍ਹਾਂ ਦੀ ਸੰਸਥਾ ਵਿਚ ਬਹੁਤੀਆਂ ਕੁੜੀਆਂ ਹੀ ਸਨ। ਮੈਂ ਛੋਟੀਆਂ ਬੱਚੀਆਂ ਦੀ 'ਕੋਟਲਾ ਛਪਾਕੀ' ਦੇ ਇਰਦ ਗਿਰਦ ਕਹਾਣੀ ਸਿਰਜੀ ਤੇ ਨਾਟਕ 'ਹਾਏ ਧੀਏ ਮੋਰਨੀਏ' ਉਨ੍ਹਾਂ ਛੋਟੀਆਂ ਬੱਚੀਆਂ ਲਈ ਲਿਖਿਆ। ਇਕ ਦੋ ਵਾਰੀ ਉਨ੍ਹਾਂ ਨੇ ਖੇਡਿਆ ਵੀ। ਫੇਰ ਮੇਰੇ ਦੋਸਤ ਗੁਰਭਜਨ ਗਿੱਲ ਦੀ ਪਹਿਲੀ ਤੇ ਮਰਹੂਮ ਪਤਨੀ ਰਾਮਗੜ੍ਹੀਆ ਕਾਲਜ ਵਿਚ ਕੰਮ ਕਰਦੀ ਸੀ। ਉਨ੍ਹਾਂ ਨੂੰ ਕਿਸੇ ਨਾਟਕ ਦੀ ਤਲਾਸ਼ ਸੀ। ਜਿਸ ਵਿਚ ਬਹੁਤੇ ਪਾਤਰ ਕੁੜੀਆਂ ਹੋਣ। ਗੁਰਭਜਨ ਗਿੱਲ ਨੇ ਮੇਰੇ ਨਾਲ ਗੱਲ ਕੀਤੀ ਕਿ ਭਾਜੀ ਤੁਸੀਂ ਨਾਟਕ ਲਿਖਿਆ ਸੀ ਉਹ ਦਿਖਾਉ ਤਾਂ। ਕੁਦਰਤੀ ਇਹ ਨਾਟਕ ਮੇਰੇ ਟੇਬਲ ਦੇ ਦਰਾਜ਼ ਵਿਚ ਪਿਆ ਸੀ, ਮੈਂ ਕੱਢ ਕੇ ਉਨ੍ਹਾਂ ਨੂੰ ਦੇ ਦਿੱਤਾ। ਮੇਰੇ ਇਸ ਨਾਟਕ ਨੂੰ ਡਾਇਰੈਕਟ ਕਰਨਾ ਸੀ, ਕੇਸ਼ੋ ਰਾਮ ਸ਼ਰਮਾ ਨੇ। ਮੇਰੇ ਕੁਝ ਨਾਟਕਕਾਰ ਦੋਸਤ ਦਿੱਲੀ ਸਕੂਲ ਆਫ਼ ਡਰਾਮਾਂ ਦੇ ਪੜ੍ਹੇ ਹੋਏ ਹਨ। ਇਨ੍ਹਾਂ ਨੂੰ ਲੱਗਦਾ ਸੀ ਕਿ ਮੇਰਾ ਨਾਟਕ ਸਹੀ ਹੱਥਾਂ ਵਿਚ ਨਹੀਂ ਜਾ ਰਿਹਾ। ਕੇਸ਼ੋ ਰਾਮ ਭਾਵੇਂ ਬਹੁਤ ਵੱਡੇ ਪੱਧਰ 'ਤੇ ਨਹੀਂ ਪਰ ਫੇਰ ਵੀ ਉਹਨੂੰ ਨਾਟਕ ਬਾਰੇ ਯੂਨੀਵਰਸਿਟੀ ਪੱਧਰ ਤੱਕ ਕਾਫੀ ਗਿਆਨ ਹੈ। ਹੁਣ ਸੁਭਾਗ ਦੀ ਗੱਲ ਇਹ ਹੋਈ ਕਿ ਇਹ ਨਾਟਕ ਯੂਨੀਵਰਸਿਟੀ ਵਿਚੋਂ ਦੂਜੇ ਨੰਬਰ 'ਤੇ ਆਇਆ।

ਨਾਟਕ ਦੀ ਗੱਲ ਇਹ ਹੈ ਕਿ ਜਿਹੜੇ ਲੋਕ ਆਪ ਨਾਟਕ ਲਿਖਦੇ ਹਨ ਇਨ੍ਹਾਂ ਦੀਆਂ ਟੀਮਾਂ ਆਪ ਹੀ ਖੇਡਦੀਆਂ ਹਨ। ਇਸ ਨਾਟਕ ਦੀ ਖੁਸ਼ਕਿਸਮਤੀ ਸਮਝੋ ਕਿ ਇਹ ਸੈਂਕੜੇ ਵਾਰ ਖੇਡਿਆ ਗਿਆ। ਇਹਦੇ ਪੈਂਹਿਟਵੇਂ ਪ੍ਰੋਡਕਸ਼ਨ 'ਤੇ ਗੁਰਪਾਲ ਲਿੱਟ ਨੇ ਮੈਨੂੰ ਆਪਣੇ ਸ਼ਹਿਰ ਸੱਦਿਆ। ਮੈਂ ਇਸ ਨਾਟਕ ਨੂੰ ਖੁੱਲ੍ਹਾ ਮੈਦਾਨ ਵਿਚ ਛੱਡ ਦਿੱਤਾ ਸੀ। ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਇਸ ਨਾਟਕ ਨੂੰ ਟੀ. ਵੀ. 'ਤੇ ਪੰਜਾਬੀ ਤੇ ਹਿੰਦੀ ਵਿਚ ਵੀ ਅਨੁਵਾਦ ਕਰ ਕੇ ਖੇਡਿਆ ਗਿਆ। ਫੇਰ ਡਾ. ਆਤਮਜੀਤ ਹੋਰਾਂ ਨੇ ਨਾਟਕ ਬਾਰੇ ਮੈਗਜ਼ੀਨ 'ਮੰਚਨ' ਕੱਢਿਆ ਤਾਂ ਉਹਦੇ ਵਿਚ ਪਹਿਲਾ ਨਾਟਕ ਇਹੋ ਸੀ। ਕੇਵਲ ਧਾਲੀਵਾਲ ਨੇ ਬਾਲ-ਨਾਟਕਾਂ ਦੀ ਕਿਤਾਬ ਛਾਪੀ, ਉਹਦੇ ਵਿਚ ਵੀ ਇਸ ਨਾਟਕ ਨੂੰ ਸ਼ਾਮਲ ਕੀਤਾ। 'ਇਪਟਾ' ਨੇ ਆਪਣੀ ਪੰਜਾਹਵੀਂ ਵਰ੍ਹੇ ਗੰਢ ਮਨਾਈ ਉਸ ਵਾਲੇ ਸ਼ੁਰੂਆਤੀ ਨਾਟਕ ਇਹ ਸੀ। ਸੋ, ਮੈਂ ਇਹ ਕਹਿ ਸਕਦਾ ਹਾਂ

ਕਿ ਇਹ ਨਾਟਕ ਚੰਗੇ ਸਮੇਂ ਲਿਖਿਆ ਗਿਆ, ਅਨੇਕਾਂ ਵਾਰ ਖੇਡਿਆ ਗਿਆ। ਮੈਂ ਲਿਖਿਆ ਤਾਂ ਭਾਵੇਂ ਇਕੋ ਇਕ ਨਾਟਕ ਹੈ ਪਰ ਇਹ ਕਹਿ ਸਕਦੇ ਹਾਂ ਕਿ ਹੁੰਗਾਰਾ ਬਹੁਤ ਹੀ ਵਧੀਆ ਮਿਲਿਆ। ਹੁਣ ਤੁਸੀਂ ਪੁੱਛੋਗੇ ਕਿ ਦੂਸਰਾ ਕਦੋਂ ਲਿਖ ਰਹੇ ਹੋ? ਮੇਰੀ ਕੋਸ਼ਿਸ਼ ਇਹੋ ਹੁੰਦੀ ਹੈ ਕਿ ਜੋ ਕੁਝ ਲਿਖਾਂ ਕੁਝ ਵਜ਼ਨਦਾਰ ਹੋਵੇ ਦੇਖੋ ਕਦੋਂ ਮਨ ਬਣਦਾ।

? ਆਓ ਕੁਝ ਗੱਲਾਂ, ਤੁਹਾਡੀਆਂ ਕਹਾਣੀਆਂ ਬਾਰੇ ਵੀ ਕਰ ਲਈਏ। ਤੁਹਾਡੀਆਂ ਕਹਾਣੀਆਂ ਵਿਚੋਂ ਇਕ ਕਹਾਣੀ 'ਪੂਰਾ ਆਦਮੀ' ਦੀ ਬਹੁਤ ਚਰਚਾ ਹੋਈ ਇਹਦੇ ਬਾਰੇ ਕੋਈ ਗੱਲ ਕਰਨੀ ਚਾਹੋਗੇ?

-ਸਤਨਾਮ ਜੀ, 'ਪੂਰਾ ਆਦਮੀ' ਕਹਾਣੀ ਦਾ ਪਾਤਰ ਮੇਰਾ ਮਿੱਤਰ ਹੈ। ਇਸ ਕਹਾਣੀ ਵਿਚ ਮੈਂ ਯਥਾਰਥ ਨੂੰ ਚਿਤਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਦੇ ਪਾਤਰ ਸ਼ਾਮ ਲਾਲ ਦੀਆਂ ਦੋਵੇਂ ਲੱਤਾਂ ਕੱਟੀਆਂ ਹੋਈਆਂ ਹਨ। ਉਸ ਦੀ ਜ਼ਿੰਦਗੀ ਜਿਉਣ ਦੀ ਸਮਰਥਾ ਹੀ ਕਹਾਣੀ ਦੀ ਕਰਾਮਾਤ ਹੈ ਕਿ ਅਸੀਂ ਕਈ ਵਾਰੀ ਸਾਰੇ ਅੰਗਾਂ ਦੇ ਹੁੰਦਿਆਂ ਸੁੰਦਿਆਂ ਵੀ ਜ਼ਿੰਦਗੀ ਜਿਉਣ ਦੇ ਸਮਰਥ ਨਹੀਂ ਹੁੰਦੇ। ਇਸ ਕਹਾਣੀ ਨੇ ਕੌਮਾਂਤਰੀ ਮੈਗਜ਼ੀਨਾਂ ਵਿਚ ਛਪਣ 'ਤੇ ਵਿਦਵਾਨਾਂ ਦਾ ਧਿਆਨ ਖਿੱਚਿਆ। 'ਵਿਸਫੋਟ' ਅਤੇ 'ਬਲੀਦਾਨ' ਵੀ ਕਈ ਕੌਮੀ ਪੱਧਰ ਦੇ ਕਹਾਣੀ ਸੰਗ੍ਰਹਿਆਂ ਵਿਚ ਸ਼ਾਮਲ ਹੋ ਚੁੱਕੀਆਂ ਹਨ।

? ਤੁਹਾਡੀ ਕਹਾਣੀ 'ਗੋਗਲਿਆਂ ਦਾ ਵਰਦਾ ਮੀਂਹ' ਵਿਚ ਤੁਸੀਂ ਜਿਸ ਮੋਹ ਭੰਗ ਦੀ ਸਤਿਥੀ ਨੂੰ ਪੇਸ਼ ਕੀਤਾ ਹੈ, ਕੀ ਇਹ ਪਰਵਾਸੀ ਜੀਵਨ ਦਾ ਆਮ ਵਰਤਾਰਾ ਲੱਗਦਾ ਜਾਂ ਅਜਿਹਾ ਕੁਝ ਸੰਵੇਦਨਾਸ਼ੀਲ ਲੋਕਾਂ ਨਾਲ ਹੀ ਵਾਪਰਦਾ ਹੈ? ਇਹਦੇ ਬਾਰੇ ਕੀ ਵਿਚਾਰ ਹਨ?

-ਇਹ ਅਸਲੀ ਜ਼ਿੰਦਗੀ ਵਿਚ ਵਾਪਰੀ ਕਹਾਣੀ ਹੈ। ਇਹ ਕਿੰਨੇ ਕੁ ਪਰਵਾਸੀ ਲੋਕਾਂ ਦੇ ਮਨ ਦੀ ਤਰਜ਼ਮਾਨੀ ਕਰਦੀ ਹੈ, ਇਸ ਬਾਰੇ ਨਿਸਚੇ ਨਾਲ ਤਾਂ ਕੁਝ ਨਹੀਂ ਕਿਹਾ ਜਾ ਸਕਦਾ। ਪਰ ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਪੰਜਾਬੀ ਲੋਕ ਆਪਣੇ ਧੀਆਂ ਪੁੱਤਰਾਂ ਨੂੰ ਪ੍ਰਦੇਸ ਭੇਜਣ ਜਾਂ ਉਨ੍ਹਾਂ ਨੂੰ ਪ੍ਰਦੇਸ ਵਿਚ ਟਿਕੇ ਰਹਿਣ ਲਈ ਮਜਬੂਰ ਕਰਨ ਲਈ ਕੁਝ ਵੀ ਕਰ ਸਕਦੇ ਹਨ।

? ਡਾ. ਸਾਹਿਬ ਪਰਵਾਸੀ ਪੰਜਾਬੀ ਸਾਹਿਤ ਵਿਚ ਕਿਹੜੇ ਵਿਸ਼ੇ ਤੁਸੀਂ ਸਮਝਦੇ ਹੋ, ਜਿਨ੍ਹਾਂ 'ਤੇ ਪਰਵਾਸੀ ਲੇਖਕਾਂ ਨੂੰ ਧਿਆਨ ਕੇਂਦਰਤ ਕਰਨ ਦੀ ਲੋੜ ਹੈ?

-ਸਤਨਾਮ ਜੀ, ਪਹਿਲਾ ਮਸਲਾ ਤਾਂ ਇਹ ਹੈ ਕਿ ਇਮੀਗ੍ਰੇਸ਼ਨ ਲਈ ਕੀਤੇ ਜਾ ਰਹੇ ਵਪਾਰਕ ਅਤੇ ਭਾਂਤ-ਸਭਾਂਤੇ ਵਿਆਹ, ਫੇਰ ਹੈ ਸਮਾਜਕ/ਪਰਿਵਾਰਕ ਰਿਸ਼ਤਿਆਂ ਦਾ ਵਿਗਠਨ, ਨਾਰੀ-ਮੁਕਤੀ, ਨੌਜਵਾਨਾਂ ਵਿਚ ਨਸ਼ਿਆਂ ਦਾ ਵਧ ਰਿਹਾ ਰੁਝਾਨ, ਗੈਂਗ-ਵਾਰ, ਅੰਤਰਜਾਤੀ /ਧਾਰਮਕ ਵਿਆਹ, ਲੋਕਾਂ ਦਾ ਰਾਤੋ ਰਾਤ ਮਿਲੀਅਨਰ/ ਬਿਲੀਅਨਰ ਬਨਣ ਦਾ ਰੁਝਾਨ ਅਨੇਕਾਂ ਹੋਰ ਵਿਸ਼ੇ ਹਨ, ਜਿਸ ਤਰ੍ਹਾਂ ਸਾਡੇ ਪੜ੍ਹੇ ਲਿਖੇ ਲੋਕ ਵੀ ਤਰਕ ਨਾਲ ਸੋਚ ਤੋਂ ਕੰਮ ਲੈਣ ਦੀ ਵਜਾਏ ਵਹਿਮਾਂ ਭਰਮਾਂ ਅਤੇ ਕਰਮਾਂ ਕਾਂਡਾਂ ਵਿਚ ਕਨੇਡਾ ਆ ਕੇ ਵੀ ਪਾਖੰਡੀ ਲੋਕਾਂ ਦੀਆਂ ਝੋਲੀਆਂ ਵਿਚ ਪਏ ਦੇਖੇ ਜਾ ਸਕਦੇ ਹਨ।

? ਕੀ ਤੁਹਾਨੂੰ ਲੱਗਦਾ ਕਿ ਪੰਜਾਬੀ ਸਾਹਿਤ ਦੀ ਸਥਾਪਤੀ ਨਾਲ ਟੱਕਰ ਕੁਝ ਮੱਠੀ ਪਈ ਹੈ?

-ਦੇਖੋ, ਪੰਜਾਬੀ ਸਾਹਿਤ ਦੀ ਸਥਾਪਤੀ ਨਾਲ ਟੱਕਰ ਕੁਝ ਹੀ ਨਹੀਂ, ਸਗੋਂ ਮੈਂ ਤਾਂ ਕਹਾਂਗਾ ਕਿ ਬਹੁਤ ਜ਼ਿਆਦਾ ਮੱਠੀ ਪਈ ਹੈ। ਇਸ ਅਮਲ ਨੂੰ ਨਿਰੋਲ ਪੰਜਾਬ ਤੱਕ ਸੀਮਤ ਨਾ ਰੱਖ ਕੇ ਰਤਾ ਵਧੇਰੇ ਵਿਸਤ੍ਰਿਤ ਅਰਥਾਤ ਸਮੁਚੇ ਭਾਰਤੀ ਪ੍ਰਸੰਗ ਵਿਚ ਰੱਖ ਕੇ ਸਮਝਣ ਦੀ ਲੋੜ ਹੈ। ਬੀਤੀ ਸਦੀ ਦੇ ਪੰਜਾਹਵੇਂ ਤੋਂ ਸੱਤਰਵੇਂ ਦਹਾਕਿਆਂ ਦੌਰਾਨ ਸਮੁੱਚੇ ਭਾਰਤੀ ਸਾਹਿਤਕ ਖ਼ੇਤਰ, ਥੀਏਟਰ, ਸਿਨਮੇ ਅਤੇ ਕੁਝ ਹੱਦ ਤੀਕ ਪੱਤਰਕਾਰੀ ਦੇ ਪਿੜ ਵਿਚ ਵੀ ਪ੍ਰਗਤੀਸ਼ੀਲ ਚਿੰਤਨ ਤੇ ਸਿਰਜਣਧਾਰਾ ਦੀ ਨੁਮਾਇਆਂ ਛਾਪ ਨਜ਼ਰ ਆਉਂਦੀ ਸੀ। ਅਜੋਕੇ ਦੌਰ ਵਿਚ ਉਹ ਅਗਵਾਨੂੰ ਝੰਡਾ ਬਰਦਾਰੀ ਦਾ ਰੋਲ ਬੜਾ ਮੱਧਮ ਤੇ ਮਾਂਦਾ ਪੈ ਗਿਆ ਨਜ਼ਰ ਆਉਂਦਾ ਹੈ। ਇਸ ਦੇ ਸਪਸ਼ਟ ਸਮਾਜਕ ਕਾਰਨ ਹਨ। ਸਮਕਾਲੀ ਭਾਰਤੀ ਸਿਆਸਤ ਖਿੱਤਾ ਪ੍ਰਸਤੀ, ਜਾਤੀਵਾਦੀ-ਰੁਝਾਨਾਂ ਅਤੇ ਸੰਕੀਰਣ ਧਾਰਮਕ ਸਰੋਕਾਰਾਂ ਦੀ ਮਾਰੂ ਦਲਦਲ ਵਿਚ ਖੁੱਭੀ ਤੇ ਖ਼ਚਤ ਹੋਈ ਨਜ਼ਰ ਆਉਂਦੀ ਹੈ। ਸਭਨਾ ਧਿਰਾਂ ਦਾ ਇਕੋ ਇਕ ਨਿਸ਼ਾਨਾ ਹਰ ਜਾਇਜ਼ ਨਾਜਾਇਜ਼ ਹਰਬਾ ਵਰਤ ਕੇ ਨੇਤਾਵਾਂ ਦੇ ਆਪੋ ਆਪਣੇ ਸੁਆਰਥੀ ਪਰਿਵਾਰਕ ਹਿਤਾਂ ਦੇ ਅਨੁਕੂਲ ਮੌਕਾਪ੍ਰਸਤ ਜੋੜ ਤੋੜ ਰਾਹੀਂ ਸਿਆਸੀ-ਸੱਤਾ ਉੱਪਰ ਕਾਬਜ਼ ਹੋਣ ਦੀ ਚੂਹੇ ਦੌੜ ਵਿਚ ਹਫ਼ਲੇ ਰਹਿਣ ਤੀਕ ਹੀ ਸੀਮਤ ਹੁੰਦਾ ਹੈ। ਇਸ ਟੀਚੇ 'ਤੇ ਪੁੱਜਣ ਲਈ ਦੇਸ਼ ਦੇਸ਼ ਦੇ ਕੁਦਰਤੀ ਵਸੀਲਿਆਂ ਨਾਲ ਜਿਸ ਭਾਂਤ ਬਲਾਤਕਾਰ ਤੇ ਅੰਨ੍ਹੇਵਾਹ ਭ੍ਰਿਸ਼ਟਾਚਾਰ ਹੋ ਰਿਹਾ ਹੈ, ਉਹ ਕਿਸੇ ਤੋਂ ਗੁਝਾ ਨਹੀਂ। ਇਕ ਧਿਰ ਦੇ ਮਹਾਂ ਘੁਟਲਿਆਂ ਦਾ ਦੂਜੀ ਧਿਰ ਕੋਲ ਇਹੀ ਉੱਤਰ ਹੁੰਦਾ ਹੈ ਕਿ ਤੁਸੀਂ ਵੀ ਇਹੋ ਜਿਹੇ ਘਾਲੇ ਮਾਲੇ ਕਰਦੇ ਹੀ ਰਹੇ ਹੋ। ਸਭ ਬਰਜੂਆ ਪਾਰਟੀਆਂ ਆਪੋ ਆਪਣੇ ਗੰਦ ਨੂੰ ਦੂਜਿਆਂ ਦੀ ਗ਼ਲਾਜ਼ਤ ਨਾਲ ਧੋਣ ਦੀ ਬੇਹਿਆਈ ਨੂੰ ਹੀ ਰਾਜਨੀਤਕ ਕੁਸ਼ਲਤਾ ਸਮਝਣ ਤੇ ਪੇਸ਼ ਕਰਨ ਦੀ ਕੁਟਲਤਾ ਭਰੀ ਖੇਡ ਖੇਡਣ ਵਿਚ ਹੀ ਸਾਹੋ ਸਾਹੀ ਜੁਟੀਆਂ ਹੋਈਆਂ ਹਨ। ਅਫ਼ਸੋਸ ਦੀ ਗੱਲ ਇਹ ਹੈ ਕਿ ਸਾਡੀਆਂ ਸਾਰੀਆਂ ਖੱਬੇ ਪੱਖੀ ਧਿਰਾਂ ਖਿੰਡੀਆਂ ਪੁੰਡੀਆਂ ਹੋਣ ਕਾਰਨ ਸਮਕਾਲੀ ਸਿਆਸਤ ਦੇ ਇਸ ਮਹਾਂ-ਅੰਧਕਾਰ ਨੂੰ ਮਿਟਾਉਣ ਲਈ ਆਪਣੀਆਂ ਮਸ਼ਾਲਾਂ ਨੂੰ ਪਹਿਲੇ ਵਾਲੇ ਤੇਜ਼ ਤੇ ਊਰਜਾ ਨਾਲ ਦਗਦੀਆਂ-ਮਘਦੀਆਂ ਰੱਖ ਸਕਣ ਦੇ ਕਾਬਲ ਹੋਈਆਂ ਨਜ਼ਰ ਨਹੀਂ ਆ ਰਹੀਆਂ। ਜਿਹੜੇ ਗਿਣੇ ਚੁਣੇ ਲੋਕ ਹਾਲੇ ਵੀ ਇਸ ਘੋਰ ਅਨਿਆਂ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰ ਰਹੇ ਹਨ, ਉਨ੍ਹਾਂ ਅੱਗੇ ਤਹਿ-ਦਿਲੋਂ ਨਤਮਸਤਕ ਹਾਂ। ਬਹੁਤ ਲੋਕ ਜਿਨ੍ਹਾਂ ਵਿਚ ਸਾਹਿਤਕਾਰ ਵੀ ਸ਼ਾਮਲ ਹਨ ਸਥਾਪਤੀ ਨਾਲ ਟੱਕਰ ਲੈਣ ਦੀ ਥਾਂ ਆਪੋ ਆਪਣੇ ਵਕਤੀ-ਮੁਫ਼ਾਦਾਂ ਕਾਰਨ, ਸਥਾਪਤੀ ਨਾਲ ਸਮਝੌਤਾ ਕਰਨ ਦੇ ਰਾਹ ਪੈ ਚੁੱਕੇ ਹਨ। ਪੰਜਾਬੀ ਸਾਹਿਤ ਦੀ ਸਿਆਸਤ ਵੀ ਆਪੋ ਆਪਣੀ ਸਥਾਪਤੀ ਦੀ ਦੌੜ ਦੇ ਦੋਸ਼ਾਂ ਤੋਂ ਮੁਕਤ ਨਹੀਂ ਰਹੀ।

? ਸਾਧੂ ਸਿੰਘ ਜੀ, ਤੁਸੀਂ ਲੰਬਾ ਸਮਾਂ ਅਧਿਆਪਨ ਖੇਤਰ ਵਿਚ ਕੰਮ ਕੀਤਾ, ਪੰਜਾਬ ਵਿਚ ਵਿੱਦਿਅਕ ਢਾਂਚੇ ਦਾ ਮਿਆਰ ਬਹੁਤ ਨੀਵਾਂ ਆ ਚੁੱਕਾ ਹੈ। ਵਿੱਦਿਆ ਸ਼ਾਸਤਰੀ ਹੋਣ ਦੇ ਨਾਤੇ ਇਹਦੇ ਕੀ ਕਾਰਨ ਸਮਝਦੇ ਹੋ?

-ਸਾਡਾ ਵਿੱਦਿਅਕ ਮਿਆਰ ਨੀਵਾਂ ਹੋਣ ਦੇ ਕਾਰਨ ਤਾਂ ਹੋਰ ਵੀ ਅਨੇਕਾਂ ਹਨ। ਪਰ ਇਕ ਕਾਰਨ ਕਿਸੇ ਤੋਂ ਲੁਕਿਆ ਨਹੀਂ ਕਿ ਅੱਸੀਵਿਆਂ ਦੌਰਾਨ ਖ਼ਾਸ ਕਰ ਕੇ ਪੰਜਾਬ ਵਿਚ ਜੋ ਹਨੇਰੀ ਵਗੀ ਇਸ ਨੇ ਪੰਜਾਬ ਵਿਚ ਵਿੱਦਿਆ ਦਾ ਭੱਠਾ ਹੀ ਬਿਠਾ ਦਿੱਤਾ। ਇਸ ਲਹਿਰ ਨੇ ਪੰਜਾਬ ਵਿਚ ਕੋਈ ਵੀ ਸਕੂਲ, ਕਾਲਜ ਅਤੇ ਯੂਨੀਵਰਸਿਟੀ ਨਹੀਂ ਚੱਲਣ ਦਿੱਤੇ। ਵਿਦਿਆਰਥੀਆਂ ਦੀ ਦਿਲਚਸਪੀ ਵੀ ਹੋਰ ਪਾਸੇ ਹੋ ਗਈ। ਸੱਚ ਪੁੱਛੋ ਤਾਂ ਇਨ੍ਹਾਂ ਦਾ ਦਖ਼ਲ ਏਨਾ ਨਕਾਰਆਤਮਕ ਸੀ ਕਿ ਇਸ ਨੇ ਵਿੱਦਿਅਕ ਅਦਾਰਿਆਂ ਵਿਚ ਰੇਗਿਸਤਾਨ ਪੈਦਾ ਕਰ ਦਿੱਤਾ।


ਡਾ. ਸਾਧੂ ਸਿੰਘ, ਡਾ. ਸੁਰਜੀਤ ਪਾਤਰ ਅਤੇ ਆਪਣੇ ਪਰਿਵਾਰਕ ਮੈਂਬਰਾਂ ਨਾਲ।

ਤੁਸੀਂ ਅੱਜ ਕੱਲ੍ਹ ਆਮ ਸੁਣਦੇ ਹੋ ਕਿ ਪੰਜਾਬ ਵਿਚ ਮੁੰਡਿਆਂ ਕੁੜੀਆਂ ਨੂੰ ਨੌਕਰੀਆਂ ਨਹੀਂ ਲਭਦੀਆਂ। ਹੁਣ ਤੁਸੀਂ ਦੇਖੋ ਕਿ ਤਕਰੀਬਨ ਅੱਠ ਦਸ ਸਾਲ ਦਾ ਸਮਾਂ ਸਾਡੇ ਬੱਚਿਆਂ ਦਾ ਸਕੂਲ ਕਾਲਜਾਂ ਜਾਣ ਦੀ ਥਾਂ ਬਰਬਾਦ ਹੋਇਆ ਤਾਂ ਨੌਕਰੀਆਂ ਕਿੱਥੋਂ ਮਿਲਣੀਆਂ। ਤਾਜ਼ੇ ਅੰਕੜੇ ਦਸਦੇ ਹਨ ਕਿ ਬਹੁਤ ਸਾਰੇ ਵਿੱਦਿਅਕ ਆਦਾਰਿਆਂ ਵਿਚ ਤੁਹਾਨੂੰ ਪੇਂਡੂ ਪਿਛੋਕੜ ਵਾਲੇ ਵਿਦਿਆਰਥੀ ਹੀ ਨਹੀਂ ਮਿਲਦੇ। ਤੁਸੀਂ ਪੰਜਾਬ ਐਗਰੀਕਚਰ ਯੂਨੀਵਰਸਿਟੀ ਲੁਧਿਆਣੇ ਦੀ ਮਿਸਾਲ ਲੈ ਲਓ ਜਿੱਥੇ ਪਚੱਤਰ ਪ੍ਰਤੀਸ਼ਤ ਪੇਂਡੂ ਪਿਛੋਕੜ ਦੇ ਵਿਦਿਆਰਥੀ ਹੁੰਦੇ ਸਨ, ਹੁਣ ਦੇਖਣ ਨੂੰ ਕੋਈ ਪੇਂਡੂ ਵਿਦਿਆਰਥੀ ਨਜ਼ਰ ਨਹੀਂ ਆਏਗਾ। ਇਹੋ ਹਾਲ ਬਾਕੀ ਯੂਨੀਵਰਸਿਟੀਆਂ ਵਿਚ ਦੂਜੇ ਡਿਪਾਰਟਮੈਂਟਾਂ ਦਾ ਹੈ।

ਦੂਜਾ ਪੰਜਾਬ ਵਿਚ ਪ੍ਰਇਮਰੀ ਸਕੂਲਾਂ ਦਾ ਢਾਂਚਾ ਖੇਰੂੰ ਖੇਰੂੰ ਹੋ ਗਿਆ ਹੈ। ਇਸ ਦੇ ਟਾਕਰੇ ਤੇ ਮਹਿੰਗੇ ਅੰਗਰੇਜ਼ੀ ਸਕੂਲ ਚੱਲ ਪਏ, ਜਿਹੜੇ ਉਂਜ ਹੀ ਸਾਧਾਰਨ ਵਿਅਕਤੀ ਦੀ ਪਹੁੰਚ ਤੋਂ ਬਾਹਰ ਹਨ। ਪਹਿਲਾਂ ਤਾਂ ਪ੍ਰਾਇਮਰੀ ਸਕੂਲਾਂ ਵਿਚ ਕੋਈ ਟੀਚਰ ਹੀ ਨਹੀਂ ਹੁੰਦਾ। ਬਹੁਤਿਆਂ ਸਕੂਲਾਂ ਵਿਚ ਬੱਚਿਆਂ ਦੇ ਬੈਠਣ ਲਈ ਕੋਈ ਫਰਨੀਚਰ ਨਹੀਂ। ਕਈ ਵਾਰੀ ਤਾਂ ਕਲਾਸਾਂ ਕਿਸੇ ਦਰਖ਼ਤ ਹੇਠ ਹੀ ਲਾਈਆਂ ਜਾਂਦੀਆਂ ਹਨ। ਵਸੀਲਿਆਂ ਵਾਲਾ ਵਿਅਕਤੀ ਤਾਂ ਆਪਣੇ ਨਿਆਣਿਆਂ ਨੂੰ ਮਹਿੰਗੇ ਸਕੂਲਾਂ ਵਿਚ ਵਿੱਦਿਆ ਦੁਆ ਲਵੇਗਾ। ਪਰ ਪਿੰਡ ਵਿਚ ਸਾਧਾਰਨ ਗਰੀਬ ਕਿਸਾਨ ਤੇ ਕਿਰਤੀ ਲੋਕਾਂ ਦੇ ਬੱਚੇ ਕਿਸ ਤਰ੍ਹਾਂ ਵਿੱਦਿਆ ਪ੍ਰਪਤ ਕਰ ਲੈਣਗੇ? ਇਸ ਨਾਲ ਇਹ ਬਹੁਤ ਵੱਡਾ ਜਮਾਤੀ ਪਾੜਾ ਪੈ ਗਿਆ ਹੈ। ਜਿਸ ਤਰ੍ਹਾਂ ਪਹਿਲਾਂ ਆਸ ਹੁੰਦੀ ਸੀ ਕਿ ਜੇਕਰ ਨਿਆਣੇ ਵਿਚ ਯੋਗਤਾ ਹੈ ਤਾਂ ਵਸੀਲਿਆਂ ਵਾਲਿਆਂ ਦੇ ਨਾਲ ਔਖੇ ਸੌਖੇ ਪਹੁੰਚ ਕੇ ਉਨ੍ਹਾਂ ਤੋਂ ਦੋ ਕਦਮ ਅੱਗੇ ਵੀ ਜਾ ਸਕਦੇ ਸੀ। ਪਰ ਹੁਣ ਬਹੁਤ ਮੁਸ਼ਕਲ ਹੈ। ਇਹ ਬੜੀ ਦੁੱਖਦਾਈ ਗੱਲ ਹੈ। ਤੁਸੀਂ ਮਿਆਰ ਨੀਵੇਂ ਦੀ ਗੱਲ ਕਰਦੇ ਹੋ ਦਰਅਸਲ, ਵਿਦਿਅਕ ਢਾਂਚਾ ਹੀ ਨਿੱਘਰ ਗਿਆ। ਆਉਣ ਵਾਲੇ ਸਮੇਂ ਵਿਚ ਦੇਖੋਗੇ ਕਿ ਇਕ ਵਰਗ ਉੱਕਾ ਹੀ ਵਿੱਦਿਆ ਤੋਂ ਸੱਖਣਾ ਅਤੇ ਇਕ ਵਰਗ ਹਾਇਰ ਐਜੂਕੇਸ਼ਨ ਵਾਲਾ ਪੈਦਾ ਹੋ ਰਿਹਾ ਹੈ। ਜਿੰਨਾ ਚਿਰ ਜਨ-ਸਾਧਾਰਨ ਇਨ੍ਹਾਂ ਗੱਲਾਂ ਨੂੰ ਨਹੀਂ ਸੋਚਦਾ ਤਾਂ ਤਬਦੀਲੀ ਆਉਣੀ ਮੁਸ਼ਕਲ ਹੈ।

? ਡਾ. ਸਾਹਿਬ, ਤੁਸੀਂ ਪਹਿਲਾਂ ਪੰਜਾਬ ਛੱਡ ਕੇ ਇੰਗਲੈਂਡ ਆਏ। ਫੇਰ ਮੁੜ ਪੰਜਾਬ, ਫੇਰ ਪੰਜਾਬ ਤੋਂ ਕੇਨੇਡਾ ਆਉਣ ਦਾ ਸੱਬਬ ਕੀ ਤੇ ਕਿਸ ਤਰ੍ਹਾਂ ਬਣਿਆ?

-ਪਹਿਲੀ ਵਾਰ ਮੈਂ ਉਂਨੀ ਸੌ ਚੌਂਹਟ ਵਿਚ ਇੰਗਲੈਂਡ ਗਿਆ ਸੀ। ਦਰਅਸਲ ਮੇਰਾ ਸੁਭਾਅ ਤੇ ਆਦਤਾਂ ਬਾਹਰ ਪ੍ਰਦੇਸ ਵਿਚ ਰਹਿਣ ਦੇ ਅਨੁਕੂਲ ਨਹੀਂ। ਮੈਂ ਮਈ ਚੌਹਟ ਵਿਚ ਇੰਗਲੈਂਡ ਗਿਆ ਤੇ ਦਸੰਬਰ ਪੈਂਹਟ ਨੂੰ ਮੁੜ ਪੰਜਾਬ ਆ ਗਿਆ। ਬਹੁਤੇ ਲੋਕਾਂ ਨੂੰ ਇਹ ਸਮਝ ਨਹੀਂ ਆਈ ਕਿ ਮੈਂ ਇੰਗਲੈਂਡ ਛੱਡ ਕੇ ਪੰਜਾਬ ਕਿਉਂ ਆ ਗਿਆ। ਉਨ੍ਹਾਂ ਵੇਲਿਆਂ ਵਿਚ ਨਸਲੀ ਵਿਤਕਰਾ ਏਨਾ ਸੀ ਕਿ ਮੇਰੇ ਬਰਦਾਸ਼ਤ ਕਰਨ ਤੋਂ ਬਾਹਰ ਸੀ। ਇਸ ਕਰ ਕੇ ਮੈਂ ਇੰਗਲੈਂਡ ਛੱਡ ਪੰਜਾਬ ਆ ਗਿਆ। ਪੈਸੇ ਕੋਲ ਨਹੀਂ ਸਨ। ਵਿੱਦਿਆ ਕੋਲ ਸੀ ਇਸ ਕਰ ਕੇ ਹੌਲੀ ਹੌਲੀ ਮੁੜ ਪੰਜਾਬ ਵਿਚ ਪੈਰ ਲੱਗ ਗਏ। ਜਿਹੜੀ ਗੱਲ ਤੁਸੀਂ ਮੇਰੇ ਕਨੇਡਾ ਆਉਣ ਦੀ ਪੁੱਛੀ ਹੈ ਇਹ ਵੀ ਦੁੱਖਦਾਈ ਦਾਸਤਾਨ ਹੈ। ਮੈਂ ਪੰਜਾਬ ਕਿੱਥੇ ਛੱਡਣਾ ਸੀ ਮੇਰੇ ਕੋਲੋਂ ਛਡਵਾਇਆ ਗਿਆ। ਜੇਕਰ ਇਹ ਗੱਲ ਤੁਹਾਨੂੰ ਕੋਈ ਹੋਰ ਦੱਸਦਾ ਤਾਂ ਸ਼ਾਇਦ ਤੁਸੀਂ ਯਕੀਨ ਨਾ ਕਰਦੇ। ਜਦੋਂ ਮੇਰੇ ਕਿੱਤੇ ਦੇ ਸ਼ਿਖ਼ਰ ਦੇ ਦਿਨ ਸੀ, ਤਾਂ ਖ਼ਾਲਿਸਤਾਨੀ ਲਹਿਰ ਦੇ ਵਹਿਣ ਵਿਚ ਵਹਿ ਗਏ ਬੇ-ਸਮਝ ਲੋਕਾਂ ਦੇ ਦੁੱਖੋਂ ਮੈਨੂੰ ਇਕ ਵਾਰ ਫੇਰ ਪੰਜਾਬ ਛੱਡਣਾ ਪਿਆ। ਕਿਉਂਕਿ ਜਿਹੜੀ ਲੜਾਈ ਦੀ ਉਹ ਗੱਲ ਕਰਦੇ ਸੀ, ਉਸ ਬਾਰੇ ਉਨ੍ਹਾਂ ਨੂੰ ਕੋਈ ਸਮਝ ਨਹੀਂ ਸੀ ਕਿ ਉਹ ਕੀ ਕਰ ਰਹੇ ਹਨ। ਅਤੇ ਨਾ ਹੀ ਉਹ ਆਪਣੇ ਸਿਆਸੀ ਅਕੀਦੇ ਬਾਰੇ ਸਾਫ਼ ਸਨ। ਨਾ ਹੀ ਉਨ੍ਹਾਂ ਨੂੰ ਇਸ ਗੱਲ ਦਾ ਪਤਾ ਸੀ ਕਿ ਅਸੀਂ ਖ਼ਾਲਿਸਤਾਨ ਲੈ ਕੇ ਕਿਸ ਤਰ੍ਹਾਂ ਚਲਾਉਣਾ ਹੈ। ਫੇਰ ਦੇਖੋ ਕਿ ਅਖ਼ਬਾਰਾਂ ਤੇ ਪੱਤਰਕਾਰਾਂ ਲਈ ਖ਼ਾਸ ਹਦਾਇਤਾਂ ਕਿ ਉਨ੍ਹਾਂ ਨੇ ਕੀ ਲਿਖਣਾ ਕੀ ਛਾਪਣਾ। ਆਮ ਲੋਕਾਂ ਦੀ ਜ਼ਿੰਦਗੀ ਵਿਚ ਦਖ਼ਲ ਏਨਾ ਵਧ ਗਿਆ ਕਿ ਉਨ੍ਹਾਂ ਨੂੰ ਹਦਾਇਤਾਂ ਹੋਣ ਲੱਗ ਪਈਆਂ ਸਨ ਕਿ ਤੁਸੀਂ ਕੀ ਖਾਣਾ ਤੇ ਕੀ ਪਹਿਨਣਾ ਤੇ ਕਿਹੜਾ ਰੰਗ ਤੁਹਾਡੇ ਕੱਪੜਿਆਂ ਦਾ ਹੋਵੇਗਾ। ਤੁਸੀਂ ਯਕੀਨ ਨਹੀਂ ਕਰੋਗੇ ਕਿ ਫ਼ਗਵਾੜੇ ਰਾਮਗੜ੍ਹੀਏ ਕਾਲਜ ਵਿਚ ਭੋਲਾ ਨਾਂਅ ਦਾ ਬੰਦਾ ਹਰ ਰੋਜ਼ ਕੁਰਸੀ 'ਤੇ ਆ ਕੇ ਬੈਠਦਾ ਸੀ। ਜਿਸ ਨੂੰ ਦਿਲ ਕਰਦਾ ਫਾਇਰ ਕਰਦਾ, ਜਿਸ ਨੂੰ ਦਿਲ ਕਰਦਾ ਹਾਇਰ ਕਰਦਾ। ਲੁਧਿਆਣੇ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਵਿਚ ਜਦੋਂ ਉਨ੍ਹਾਂ ਦਾ ਦਿਲ ਕਰਨਾ ਫ਼ੰਡਜ਼ ਇਕੱਠੇ ਕਰਨ ਆ ਜਾਣਾ।

ਹੁਣ ਅਖ਼ੀਰਲੀ ਗੱਲ ਸੁਣੋ, ਮੈਂ ਪੰਜਾਬ ਵਿਚਲੀਆਂ ਸਾਰੀਆਂ ਯੂਨੀਵਰਸਿਟੀਆਂ ਜਿੱਥੇ ਵੀ ਪੰਜਾਬੀ ਪੜ੍ਹਾਈ ਜਾਂਦੀ ਜਾਂ ਪੀਐੱਚ. ਡੀ. ਕਰਵਾਈ ਜਾਂਦੀ ਹੈ ਉਨ੍ਹਾਂ ਸਾਰੀਆਂ ਨਾਲ ਮੇਰਾ ਵਾਹ ਵਾਸਤਾ ਹੁੰਦਾ ਸੀ। ਇਕ ਦਿਨ ਮੈਂ ਘਰ ਨਹੀਂ ਸਾਂ ਤੇ ਮੇਰੀ ਗੈਰ-ਹਾਜ਼ਰੀ ਵਿਚ ਕੁਝ ਮੁੰਡੇ ਮੋਟਰਸਾਈਕਲ 'ਤੇ ਮੇਰੇ ਘਰ ਆਏ ਤੇ ਐੱਮ. ਫ਼ਿਲ. ਦਾ ਥੀਸਜ਼ ਮੇਰੇ ਘਰ ਫੜਾ ਗਏ। ਨਾਲ ਇਹ ਵੀ ਹਦਾਇਤ ਸੀ ਕਿ ਇਹ ਥੀਸਜ਼ ਦੇਖ ਲਉ ਅਤੇ ਐਨੇ ਦਿਨਾਂ ਵਿਚ ਰਿਜ਼ਲਟ ਮਿਲਣਾ ਚਾਹੀਦਾ ਹੈ। ਤੁਹਾਨੂੰ ਪਤਾ ਕਾਲਜਾਂ ਯੂਨੀਵਰਸਿਟੀਆਂ ਵਲੋਂ ਇਹ ਸਭ ਕੁਝ ਸੀਕਰਟ ਹੁੰਦਾ ਹੈ ਕਿ ਹਰ ਐਗਜ਼ਾਮੀਨਰ ਨੂੰ ਰਜਿਸਟਰ ਲੈਟਰ ਰਾਹੀਂ ਮਾਰਕਿੰਗ ਲਈ ਪੇਪਰ ਭੇਜੇ ਜਾਂਦੇ ਹਨ। ਹੁਣ ਤੁਸੀਂ ਦੇਖੋ ਕਿ ਇਹ ਮੁੰਡੇ ਹੱਥੀਂ ਥੀਸਜ਼ ਘਰ ਦੇ ਗਏ ਹਨ ਤੇ ਰਿਜ਼ਲਟ ਦੀ ਵੀ ਮੰਗ ਕਰ ਰਹੇ ਸਨ। ਤੁਸੀਂ ਐਹੋ ਜਿਹੇ ਮਾਹੌਲ ਵਿਚ ਕੰਮ ਕਿਵੇਂ ਕਰ ਸਕੋਗੇ। ਮੈਂ ਸਾਰੀਆਂ ਯੂਨੀਵਰਸਿਟੀਆਂ ਨੂੰ ਕਹਿ ਦਿੱਤਾ ਕਿ ਮੈਂ ਇਹ ਕੰਮ ਨਹੀਂ ਕਰ ਸਕਦਾ। ਮੈਂ ਛੁੱਟੀ ਲੈ ਕੇ ਇੱਧਰ ਕਨੇਡਾ ਆ ਗਿਆ। ਇਸ ਕਰ ਕੇ ਮੈਂ ਇਹ ਕਹਿੰਦਾਂ ਕਿ ਮੇਰੇ ਕੋਲੋ ਪੰਜਾਬ ਜੋ ਮੇਰਾ ਘਰ ਹੈ, ਛਡਵਾਇਆ ਗਿਆ ਹੈ। ਇੱਥੇ ਮੈਨੂੰ ਧਨੀ ਰਾਮ ਚਾਤ੍ਰਿਕ ਦੀਆਂ ਉਹ ਸਤਰਾਂ ਯਾਦ ਆ ਰਹੀਆਂ ਹਨ ਜਿਨ੍ਹਾਂ ਵਿਚ ਉਹਨੇ ਆਪਣੇ ਮਿੱਟੀ ਦੇ ਕੁੱਲੇ ਨੂੰ ਸ਼ਾਹੀ ਮਹਿਲਾਂ ਨਾਲ ਤੁਲਨਾ ਕੀਤੀ ਹੈ:

"ਦੁਨੀਆ ਸਾਰੀ ਸੋਹਣੀ ਹੈ ਪਰ ਤੇਰਾ ਰੰਗ ਨਿਆਰਾ ਹੈ
ਤੇਰੀ ਮਿੱਟੀ ਦਾ ਕੁੱਲਾ ਵੀ ਸ਼ਾਹੀ ਮਹਿਲਾਂ ਤੋਂ ਪਿਆਰਾ ਹੈ"

ਮੈਂ ਇਹ ਨਹੀਂ ਕਹਿੰਦਾ ਕਿ ਮਿੱਟੀ ਦਾ ਕੁੱਲਾ ਸ਼ਾਹੀ ਮਹਿਲਾਂ ਨਾਲੋਂ ਸੋਹਣਾ ਹੈ। ਪਰ ਗੱਲ ਤੁਹਾਡੇ ਪਿਆਰ ਦੀ ਹੈ ਜਾਂ ਤੁਹਾਡੀਆਂ ਸਾਂਝਾਂ ਦੀ ਹੈ। ਮੇਰੀ ਜਨਮ-ਭੂਮੀ ਮੇਰਾ ਪਿੰਡ ਮੇਰਾ ਪੰਜਾਬ ਹੀ ਰਹਿਣਾ ਹੈ। ਇਸ ਕਰ ਕੇ ਪੰਜਾਬ ਦੀ ਮਿੱਟੀ ਦੀ ਮਹਿਕ ਮੇਰੇ ਖ਼ੂਨ ਵਿਚ ਹੈ। ਹਿੰਦੁਸਤਾਨ ਦੇ ਹਰ ਕੋਨੇ ਨੂੰ ਵੀ ਉਨਾ ਹੀ ਪਿਆਰ ਕਰਦਾ ਹਾਂ।

? ਜ਼ਿੰਦਗੀ ਦੇ ਕਿਸੇ ਹੋਰ ਸੁਖਦਾਇਕ ਜਾਂ ਦੁਖਦਾਇਕ ਪਲਾਂ ਦਾ ਕੋਈ ਤਜਰਬਾ ਸਾਂਝਾ ਕਰਨਾ ਚਾਹੋਗੇ?

-ਦੁਖਦਾਈ ਪਲਾਂ ਦੀ ਗੱਲ ਤਾਂ ਆਪਾਂ ਪਹਿਲਾਂ ਕੀਤੀ ਹੀ ਹੈ। ਜੇ ਸੱਚ ਪੁੱਛੋਂ ਤਾਂ ਮੈਂ ਕਹਾਂਗਾ ਕਿ ਜਦੋਂ ਮੈਂ ਡੀ.ਏ ਵੀ ਕਾਲਜ ਤੋਂ ਵਿਹਲਾ ਹੋਇਆ ਤਾਂ ਤੁਸੀਂ ਸਮਝੋ ਕਿ ਇਹ ਮੇਰੇ ਸ਼ੌਕ ਤੇ ਜੋਸ਼ ਦੇ ਇਹ ਮੇਰੇ ਕਿੱਤੇ ਦੀ ਸ਼ੁਰੂਆਤ ਅਤੇ ਪ੍ਰੇਰਨਾ ਦੇ ਦਿਨ ਸਨ। ਉਦੋਂ ਅਜੇ ਡੀ.ਏ. ਵੀ. ਕਾਲਜ ਜਲੰਧਰ ਵਿਚ ਐੱਮ. ਏ. ਪੰਜਾਬੀ ਪੜ੍ਹਾਉਣੀ ਸ਼ੁਰੂ ਹੋਈ ਸੀ। ਜਿੰਨੇ ਚਾਅ ਨਾਲ ਮੈਂ ਆਪਣੇ ਵਿਦਿਆਰਥੀਆਂ ਨੂੰ ਪੜ੍ਹਾਇਆ ਜਾਂ ਮੈਂ ਵਿਦਿਆਰਥੀਆਂ ਦਾ ਖ਼ਿਆਲ ਰੱਖਿਆ, ਇਸ ਸਮੇਂ ਜਿਹੜੇ ਸਥਾਈ ਰਿਸ਼ਤੇ ਮੇਰੇ ਵਿਦਿਆਰਥੀਆਂ ਨਾਲ ਬਣੇ, ਉਹ ਅੱਜ ਵੀ ਕਾਇਮ ਹਨ। ਉਸ ਤਰ੍ਹਾਂ ਜੇਕਰ ਮੈਂ ਕਹਿ ਦਿੰਦਾ ਕਿ ਚਲੋ ਮੈਂ ਟੀਚਰ ਯੂਨੀਅਨ ਵਿਚ ਹਿੱਸਾ ਨਹੀਂ ਲੈਂਦਾ ਤਾਂ ਮੈਂ ਆਪਣੀ ਜੌਬ

ਬਚਾਅ ਲੈਂਦਾ। ਪਰ ਇਹ ਮੇਰੇ ਅਸੂਲਾਂ ਦੇ ਖ਼ਿਲਾਫ਼ ਸੀ। ਸੋ ਇਸ ਕਰ ਕੇ ਮੈਂ ਸੇਵਾਮੁਕਤ ਹੋਣਾ ਹੀ ਠੀਕ ਸਮਝਿਆ। ਉਨ੍ਹਾਂ ਸ਼ੁਰੂਆਤੀ ਦਿਨਾਂ ਦੇ ਮੇਰੇ ਪੰਜ ਵਿਦਿਆਰਥੀ ਸਨ ਉਨ੍ਹਾਂ ਦੇ ਨਾਂਅ ਹੁਣ ਤੱਕ ਯਾਦ ਹਨ। ਜ਼ਿੰਦਗੀ ਦੇ ਹਰ ਮੋੜ 'ਤੇ ਮੇਰੀ ਸਾਂਝ ਉਨ੍ਹਾਂ ਨਾਲ ਇਸ ਤਰ੍ਹਾਂ ਬਣੀ ਕਿ ਪੜ੍ਹਾਈ ਤੋਂ ਬਿਨਾਂ ਵੀ ਨਿੱਜੀ ਜ਼ਿੰਦਗੀ ਵਿਚ ਵੀ ਬਹੁਤ ਨੇੜੇ ਹੋ ਕੇ ਮੈਂ ਉਨ੍ਹਾਂ ਦਾ ਤੇ ਉਨ੍ਹਾਂ ਮੇਰਾ ਸਾਥ ਦਿੱਤਾ। ਮੈਂ ਇਹ ਕਹਿ ਸਕਦਾ ਹਾਂ ਕਿ ਮੇਰੀ ਜ਼ਿੰਦਗੀ ਦੇ ਖ਼ੂਬਸੂਰਤ ਰਿਸ਼ਤੇ ਜਿਨ੍ਹਾਂ 'ਤੇ ਮੈਂ ਮਾਣ ਕਰ ਸਕਦਾ ਹਾਂ, ਉਹ ਮੇਰੇ ਵਿਦਿਆਰਥੀਆਂ ਨਾਲ ਹਨ। ਮੈਨੂੰ ਬਹੁਤ ਹੀ ਨੇਕ ਵਿਦਿਆਰਥੀਆਂ ਨੂੰ ਪੜ੍ਹਾਉਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਉਨ੍ਹਾਂ ਵਿਚੋਂ ਕੁਝ ਕਨੇਡਾ ਵਿਚ ਵੀ ਹਨ, ਜਿਸ ਤਰ੍ਹਾਂ ਮੁਹਿੰਦਰ ਸੂਮਲ, ਸਾਧੂ ਬਿਨਿੰਗ, ਸਰਵਣ ਬੋਲ। ਇੱਥੇ ਇਕ ਇਹ ਗੱਲ ਮਾਣ ਨਾਲ ਦੱਸਣੀ ਚਾਹਾਂਗਾ ਕਿ ਜਦੋਂ ਮੈਂ ਪੰਜਾਬ ਛੱਡ ਕਨੇਡਾ ਆਇਆ ਹਾਂ, ਇੱਥੇ ਸੈਟਲ ਹੋਣ ਲਈ ਇਹ ਵਿਦਿਆਰਥੀ ਮੇਰੇ ਬਰਾਬਰ ਦੀਆਂ ਧਿਰਾਂ ਬਣ ਕੇ ਮੇਰੀ ਹਰ ਮੁਸ਼ਕਲ ਸਮੇਂ ਮੇਰੇ ਨਾਲ ਖੜ੍ਹੇ।

? ਕਈ ਲੋਕਾਂ ਦਾ ਵਿਚਾਰ ਹੈ ਕਿ ਪੰਜਾਬੀ ਬੋਲੀ ਵਿਚ ਦੇਸ਼ ਦੀ ਵੰਡ ਤੋਂ ਪਹਿਲਾਂ ਉਰਦੂ, ਫ਼ਾਰਸੀ ਤੇ ਵੰਡ ਤੋਂ ਬਾਅਦ ਹਿੰਦੀ, ਸੰਸਕ੍ਰਿਤ ਦੇ ਸ਼ਬਦਾਂ ਨਾਲ ਪੰਜਾਬੀ ਨੂੰ ਬੋਝਲ ਬਣਾ ਦਿੱਤਾ ਹੈ। ਪਰ ਕੁਝ ਲੋਕਾਂ ਦਾ ਵਿਚਾਰ ਹੈ ਕਿ ਦੂਜੀਆਂ ਬੋਲੀਆਂ ਤੋਂ ਸ਼ਬਦ ਉਧਾਰੇ ਲੈਣ ਨਾਲ ਸਾਡੀ ਬੋਲੀ ਅਮੀਰ ਹੁੰਦੀ ਹੈ। ਤੁਸੀਂ ਇਹਦੇ ਬਾਰੇ ਕੀ ਕਹਿਣਾ ਚਾਹੋਗੇ ?

–ਦਰਅਸਲ ਗੱਲ ਇਹ ਹੈ ਕਿ ਆਜ਼ਾਦੀ ਤੋਂ ਬਾਅਦ ਸਾਡੇ ਪੂਰਬੀ ਪੰਜਾਬ ਦੇ ਸਾਡੇ ਕਾਲਜਾਂ ਯੂਨੀਵਰਸਿਟੀਆਂ ਵਿਚ ਬਹੁਤ ਸਾਰੇ ਨਵੇਂ ਵਿਸ਼ੇ ਪੜ੍ਹਾਉਣੇ ਸ਼ੁਰੂ ਹੋਏ। ਜਿਸ ਤਰ੍ਹਾਂ ਸਮਾਜ ਸ਼ਾਸ਼ਤਰ, ਇਕਨੌਮਿਕਸ ਜਾਂ ਰਾਜਨੀਤੀ ਵਗੈਰਾ। ਪਰ ਜਿਸ ਤਰ੍ਹਾਂ ਹੁਣ ਮੈਡੀਕਲ ਦੀ ਗੱਲ ਕਰੀਏ ਕਿ ਬਹੁਤ ਸਾਰੇ ਸ਼ਬਦ ਲੈਤਿਨ ਤੇ ਗਰੀਕ ਦੇ ਹਨ। ਸਾਰੀ ਦੁਨੀਆ ਵਿਚ ਉਵੇਂ ਹੀ ਪ੍ਰਚਲਤ ਹੋਏ ਹਨ। ਜਦੋਂ ਆਪਾਂ ਗੱਲ ਪੰਜਾਬੀ ਭਾਸ਼ਾ ਦੀ ਕਰਦੇ ਹਾਂ ਮੇਰਾ ਤਾਂ ਖ਼ਿਆਲ ਹੈ ਕਿ ਜੇਕਰ ਸਾਡੇ ਕੋਲ ਉਨ੍ਹਾਂ ਸ਼ਬਦਾਂ ਦੇ ਹਾਣ ਦੇ ਸ਼ਬਦ ਹਨ ਤਾਂ ਸਾਨੂੰ ਉਹ ਵਰਤਣੇ ਚਾਹੀਦੇ ਹਨ। ਜੇਕਰ ਸਾਡੇ ਕੋਲ ਢੁੱਕਵੇਂ ਸ਼ਬਦ ਨਹੀਂ ਤਾਂ ਦੂਜੀਆਂ ਬੋਲੀਆਂ ਵਿਚੋਂ ਲੈਣ ਦਾ ਕੋਈ ਹਰਜ ਨਹੀਂ। ਹੁਣ ਕਈ ਵਾਰ ਵਿਸ਼ਾ ਹੀ ਇਹੋ ਜਿਹਾ ਹੁੰਦਾ ਹੈ ਜਿਸ ਲਈ ਹੋਰ ਢੁੱਕਵੇਂ ਜਾਂ ਉਸ ਭਾਸ਼ਾ ਦੇ ਸ਼ਬਦ ਨਹੀਂ ਮਿਲਦੇ ਤਾਂ ਦੂਜੀਆਂ ਬੋਲੀਆਂ ਦੇ ਸ਼ਬਦ ਵਰਤਣੇ ਵੀ ਪੈਂਦੇ ਹਨ। ਅਰਬੀ ਫ਼ਾਰਸੀ ਦੇ ਪ੍ਰਭਾਵ ਦੀ ਗੱਲ ਕਰੀਏ ਤਾਂ ਇਕ ਕਿਤਾਬ ਹੁੰਦੀ ਸੀ ਡਾ. ਮੋਹਣ ਸਿੰਘ ਦੀਵਾਨਾ ਦੀ ਜਿਸ ਦਾ ਟਾਇਟਲ ਸੀ 'ਪੰਜਾਬੀ ਅਦਬ ਕੀ ਮੁਖ਼ਤਸਰ ਤਾਰੀਖ' ਜਿਸ ਦਾ ਅਰਥ ਹੈ: 'ਪੰਜਾਬੀ ਸਾਹਿਤ ਦਾ ਸੰਖ਼ੇਪ ਇਤਿਹਾਸ' ਹੈ। ਹੁਣ ਅਸੀਂ ਸਾਰੇ ਹੀ ਇਸ ਦਾ ਪੰਜਾਬੀ ਰੂਪ ਹੀ ਵਰਤਦੇ ਹਾਂ। ਸੋ ਇਸ ਕਰ ਕੇ ਜਿਹੜੇ ਸ਼ਬਦ ਅਸੀਂ ਪੰਜਾਬੀ ਵਿਚ ਸੌਖਿਆਂ ਲੱਭ ਸਕਦੇ ਹਾਂ ਜਾਂ ਵਰਤ ਸਕਦੇ ਹਾਂ, ਵਰਤਣੇ ਚਾਹੀਦੇ ਹਨ।

ਸਾਡੀ ਭਾਸ਼ਾ ਦੀ ਅਮੀਰੀ ਇਕ ਹੋਰ ਗੱਲੋਂ ਬਹੁਤ ਹੈ ਕਿ ਸਾਡੇ ਜਨ–ਜੀਵਨ ਵਿਚ, ਘਰੇਲੂ ਜੀਵਨ, ਖ਼ੇਤੀਬਾੜੀ ਦੇ ਨਿੱਕੇ–ਮੋਟੇ ਕੰਮਾਂ ਅਤੇ ਸੰਦ ਸੰਦੇੜੇ ਨਾਲ ਸੰਬਧਤ ਬੇਅੰਤ ਸ਼ਬਦ ਹਨ। ਮੈਨੂੰ ਕਦੇ ਕਦੇ ਇਉਂ ਲੱਗਦਾ ਕਿ ਅਸੀਂ ਉਸ ਜ਼ਿੰਦਗੀ ਨਾਲੋਂ ਟੁੱਟ ਕੇ ਬਹੁਤੇ ਸ਼ਬਦ ਗੁਆ ਲਏ ਹਨ। ਜਿਹੜੇ ਸ਼ਬਦ ਸਾਡੇ ਕਲਾਸਿਕ ਸਾਹਿਤ ਵਿਚ ਜਿਸ ਤਰ੍ਹਾਂ ਨਾਲ ਗੁਰਬਾਣੀ ਸਾਹਿਤ ਵਿਚ, ਸੂਫ਼ੀ ਸਾਹਿਤ ਵਿਚ ਅਤੇ ਕਿੱਸਾ ਸਾਹਿਤ ਵਿਚ ਹਨ; ਜੇਕਰ ਆਪਾਂ ਇਨ੍ਹਾਂ ਸ਼ਬਦਾਂ ਨੂੰ ਠੀਕ ਤਰ੍ਹਾਂ ਨਾਲ ਸੰਭਾਲੀਏ ਅਤੇ ਹੁਣ ਨਵੇਂ ਸਾਡੀ ਜ਼ਬਾਨ ਦੇ ਜ਼ਿੰਮੇ ਜਿਹੜੇ ਨਵੇਂ ਕੰਮ ਲਾਏ ਹਨ, ਇਨ੍ਹਾਂ ਨਾਲ ਸਬੰਧਤ ਸ਼ਬਦਾਂ ਦੀ ਘਾੜਤ ਲਈ ਅਸੀਂ ਸੰਤੁਲਤ ਰੱਵੀਆ ਅਪਣਾਈਏ। ਇਹ ਨਾ ਹੋਵੇ ਕਿ ਅਸੀਂ ਹਰ ਸ਼ਬਦ ਲਈ ਦੂਜਿਆਂ 'ਤੇ ਹੀ ਨਿਰਭਰ ਕਰੀਏ। ਹੁਣ ਕਈ ਵਾਰੀ ਤਹਾਡੇ ਬੱਸ ਦੀ ਗੱਲ ਵੀ ਨਹੀਂ ਹੁੰਦੀ, ਗੱਲ ਹੀ ਔਖੇ ਸੰਕਲਪ ਦੀ ਹੁੰਦੀ ਹੈ ਕਿ ਸ਼ਬਦ ਉਹਦੇ ਹਾਣ ਦੇ ਹੀ ਵਰਤਣੇ ਪੈਂਦੇ ਹਨ। ਮਿਸਾਲ ਦੇ ਤੌਰ 'ਤੇ ਆਲੋਚਨਾ ਵਿਚ ਕਈ ਵਾਰ ਇਹ ਤਕਲੀਫ਼ ਆਉਂਦੀ ਹੈ। ਮੇਰੇ ਖ਼ਿਆਲ ਵਿਚ ਅਸਲ ਰੌਲਾ ਤਾਂ ਇਹ ਹੈ ਕਿ ਕਈ ਵਾਰ ਬਹੁਤੇ ਲੋਕ ਜਾਣ ਬੁੱਝ ਕੇ ਔਖੇ ਸ਼ਬਦ ਦੂਜੀਆਂ ਬੋਲੀਆਂ ਵਿਚੋਂ ਲੈ ਕੇ ਆਪਣੀ ਵਿਦਵਤਾ ਦਾ ਪ੍ਰਭਾਵ ਪਾਉਣਾ ਚਾਹੁੰਦੇ ਹਨ, ਜਿਹੜੀ ਕਿ ਮਾੜੀ ਗੱਲ ਹੈ। ਬਹੁਤੀ ਵਾਰ ਢੁੱਕਦੇ ਸ਼ਬਦ ਹੁੰਦੇ ਹਨ ਲੋਕ ਲੱਭਣ ਦੀ ਵੀ ਖ਼ੇਚਲ ਨਹੀਂ ਕਰਦੇ। ਕਈ ਵਾਰ ਸਹੀ ਉਚਾਰਨ ਦੀ ਸਮੱਸਿਆ ਵੀ ਸਾਹਮਣੇ ਆਈ ਹੈ। ਕਿਉਂਕਿ ਸ਼ਬਦ ਦੂਜੀਆਂ ਬੋਲੀਆਂ ਵਿਚੋਂ ਲਏ ਹੁੰਦੇ ਹਨ। ਸੋ, ਮੇਰਾ ਵਿਚਾਰ ਹੈ ਕਿ ਪਹਿਲਾਂ ਆਪਣੀ ਬੋਲੀ ਵਿਚ ਉਨ੍ਹਾਂ ਸ਼ਬਦਾਂ ਨੂੰ ਲੱਭਿਆ ਜਾਵੇ, ਜੇਕਰ ਨਹੀਂ ਮਿਲਦੇ ਤਾਂ ਫੇਰ ਉਸ ਨੂੰ ਸੌਖੇ ਤੇ ਸਰਲ ਸ਼ਬਦ ਦੂਜੀ ਬੋਲੀ ਦੇ ਲੈਣ ਦੀ ਕੋਸ਼ਿਸ ਕਰਨੀ ਚਾਹੀਦੀ ਹੈ।



ਡਾ. ਸਾਧੂ ਸਿੰਘ, ਓਮ ਪੁਰੀ ਅਤੇ ਸਾਧੂ ਬਿਨਿੰਗ।

? ਅੱਜ ਵਿਸ਼ਵ ਇਕ ਗਲੋਬਲ ਪਿੰਡ ਦਾ ਰੂਪ ਧਾਰਨ ਕਰ ਗਿਆ ਹੈ। ਪਰ ਵਿਸ਼ਵੀਕਰਨ ਦੇ ਨਕਾਰਾਤਮਕ ਪ੍ਰਭਾਵ ਹੀ ਸਾਹਮਣੇ ਆਏ ਹਨ। ਤੁਹਾਡੇ ਖ਼ਿਆਲ ਨਾਲ ਸਾਨੂੰ ਇਸ ਸਥਿਤੀ ਦਾ ਨਿੱਜੀ ਪੱਧਰ ਉੱਤੇ ਅਤੇ ਸਮਾਜਕ ਪੱਧਰ 'ਤੇ ਸਾਹਮਣਾ ਕਿਸ ਤਰ੍ਹਾਂ ਕਰਨਾ ਚਾਹੀਦਾ ਹੈ ?

–ਵਿਸ਼ਵੀਕਰਨ, ਸਮੁਚੇ ਸੰਸਾਰ ਨੂੰ ਕੁਝ ਵਿੱਤੀ ਕਾਰਪੋਰੇਸ਼ਨਾਂ ਵਲੋਂ ਆਪਣੀ ਗ੍ਰਿਫ਼ਤ ਵਿਚ ਲਿਆ ਕੇ ਮਹਿਜ਼ ਆਪਣੀ ਮੰਡੀ ਵਿਚ ਤਬਦੀਲ ਕਰਨ ਦਾ ਵਰਤਾਰਾ ਹੈ। ਨਿੱਜੀ ਪੱਧਰ 'ਤੇ, ਇਸ ਦਾ ਟਾਕਰਾ, ਬਾਜ਼ਾਰ ਦੀ ਚੁੰਧਿਆਹਟ ਤੋਂ ਤੋਂ ਮੁਕਤ ਰਹਿ ਕੇ ਸਰਲ ਸਾਦਾ ਤੇ ਸਮਾਜਕ ਤੌਰ 'ਤੇ ਸਾਰਥਕ ਤੇ ਸਿਰਜਨਾਤਮਕ ਜੀਵਨ ਬਿਤਾ ਕੇ ਹੀ ਕੀਤਾ ਜਾ ਸਕਦਾ ਹੈ। ਸਮਾਜਕ ਪੱਧਰ 'ਤੇ ਇਸ ਦਾ ਟਾਕਰਾ ਕਰਨ ਲਈ, ਸਿਆਸੀ, ਸਮਾਜੀ ਨੇਤਾਵਾਂ ਨੂੰ ਪੂੰਜੀਤੰਤਰ ਦੀਆਂ ਪੇਚੀਦਗੀਆਂ ਨੂੰ ਸਮਝਣ ਦੀ ਲੋੜ ਹੈ। ਆਮ ਆਦਮੀ ਨੂੰ ਇਸ ਦੇ ਮਾਰੂ ਪ੍ਰਭਾਵਾਂ ਤੋਂ ਜਾਣੂ ਕਰਵਾਇਆ ਜਾ ਸਕੇ। ਦੁੱਖ ਦੀ ਗੱਲ ਹੈ ਕਿ ਉੱਤਰੀ ਅਮਰੀਕਾ ਦਾ ਯੂਰਪ ਵਿਚ ਆਮ ਲੋਕਾਂ ਵਿਚਕਾਰ, ਵਿਸ਼ਵ ਪੂੰਜੀ ਵਿਰੁੱਧ ਜਿਹੜਾ ਆਪ ਮੁਹਾਰਾ ਉਭਾਰ ਪੈਦਾ ਹੋਇਆ ਸੀ, ਸਾਡੇ ਸਿਆਸੀ ਰਾਹਨੁਮਾਂ ਉਸ ਨੂੰ ਠੀਕ ਦਿਸ਼ਾ ਵਿਚ ਸੇਧਤ ਕਰ ਕੇ ਉਸ ਤੋਂ ਕੋਈ ਸਮਾਜੀ, ਸਿਆਸੀ ਲਾਹਾ ਨਹੀਂ ਲੈ ਸਕੇ। ਸੋਵੀਅਤ ਦੇਸ਼ ਅਤੇ ਪੂਰਬੀ ਯੂਰਪ ਦੇ ਦੇਸ਼ਾਂ ਅੰਦਰਲੇ ਸਮਾਜਵਾਦੀ ਪ੍ਰਬੰਧਾਂ ਦੇ ਟੁੱਟ ਕੇ ਬਿਖਰ ਜਾਣ ਤੋਂ ਬਾਅਦ ਜਿਸ ਕਿਸਮ ਦੀ ਆਤਮ ਆਲੋਚਨਾ, ਮੁਲੰਕਣ ਤੇ ਪੁਨਰਮੁਲੰਕਣ ਦੇ ਬਾਰੀਕਬੀਨੀ ਦੇ ਅਮਲ ਵਾਪਰਨੇ ਚਾਹੀਦੇ ਸਨ। ਮੌਜੂਦਾ ਉੱਤਰ–ਸਨਅਤੀ ਦੌਰ ਦੇ ਹਾਣ ਦੀ ਅਜਿਹੀ ਵਿਚਾਰ ਪ੍ਰਨਾਲੀ, ਜੋ ਇਸ ਦੇ ਨ–ਵਾਚਕ ਖ਼ਾਸੇ ਦਾ ਟਾਕਰਾ ਕਰ ਕੇ ਨਵਾਂ ਮਾਨਵ–ਹਤੈਸ਼ੀ ਸੰਸਾਰ ਸਿਰਜ ਸਕੇ, ਉਸ ਦਾ ਭਰਵਾਂ ਰੂਪ ਹਾਲੇ ਨਿਖ਼ਰ ਕੇ ਸਾਹਮਣੇ ਨਹੀਂ ਆ ਰਿਹਾ। ਦੱਖਣੀ ਅਮਰੀਕੀ ਦੇਸ਼ਾਂ ਅੰਦਰ ਉਦੈ ਹੋ ਰਹੇ ਨਵੇਂ ਮਾਡਲਾਂ ਵਿਚ ਅਜਿਹੀਆਂ ਸੰਭਾਵਨਾਵਾਂ ਦੇ ਬੀਜ ਪੁੰਗਰਦੇ ਨਜ਼ਰ ਆ ਰਹੇ ਹਨ।

? ਦੋਸਤੀਆਂ, ਦੁਸ਼ਮਣੀਆਂ ਹਰ ਇਨਸਾਨ ਦੀ ਜ਼ਿੰਦਗੀ ਦਾ ਹਿੱਸਾ ਹੈ। ਪਰ ਕੁਝ ਦੋਸਤੀਆਂ ਏਨੀਆਂ ਹੰਡਣਸਾਰ ਹੁੰਦੀਆਂ ਹਨ ਕਿ ਕਈ ਵਾਰ ਦੂਜੇ ਲੋਕਾਂ ਲਈ ਉਦਾਹਰਣ ਬਣ ਜਾਂਦੀਆਂ ਹਨ। ਤੁਹਾਡੀ ਸੁਰਜੀਤ ਪਾਤਰ ਨਾਲ ਦੋਸਤੀ ਬੜੇ ਲੰਬੇ ਸਮੇਂ ਤੋਂ ਚਲੀ ਆ ਰਹੀ ਹੈ। ਇਸ ਦੋਸਤੀ ਦੇ ਏਨੇ ਹੰਡਣਸਾਰ ਹੋਣ ਦਾ ਆਧਾਰ ਕੀ ਹੈ ? ਇਹਦੇ ਬਾਰੇ ਕੁਝ ਕਹਿਣਾ ਚਾਹੋਗੇ ?

–ਸਤਨਾਮ ਜੀ, ਤੁਹਾਨੂੰ ਪਤਾ ਹੀ ਹੈ ਕਿ ਮੈਂ ਤੇ ਸੁਰਜੀਤ ਪਾਤਰ ਲਗਭਗ ਦੋ ਦਹਾਕੇ ਪੀ.ਏ.ਯੂ. ਲੁਧਿਆਣਾ ਦੇ ਪੱਤਰਕਾਰੀ ਵਿਭਾਗ, ਭਾਸ਼ਾਵਾਂ ਤੇ ਸਭਿਆਚਾਰ ਵਿਭਾਗ ਵਿਚ ਸਹਿਕਰਮੀ ਤੇ ਸਹਿਯੋਗੀਆਂ ਵਜੋਂ ਵਿਚਰੇ ਹਾਂ। ਅਸੀਂ ਇਸ ਗੱਲ 'ਤੇ ਮਾਣ ਕਰ ਸਕਦੇ ਹਾਂ ਕਿ ਸਾਡੇ ਵਿਚਕਾਰ ਕਦੇ ਵੀ ਵਿਰੋਧ ਤਾਂ ਕੀ ਕਦੇ ਬੋਲ ਵਿਗਾੜਦੀ ਸਥਿਤੀ ਵੀ ਪੈਦਾ ਨਹੀਂ ਹੋਈ। ਇਸ ਦੋਸਤੀ ਦੀ ਹੰਡਣਸਾਰਤਾ ਦਾ ਆਧਾਰ ਪਰਸਪਰ ਕਦਰਦਾਨੀ ਤੋਂ ਸਿਵਾ ਹੋਰ ਕੋਈ ਨਹੀਂ। ਸਾਡੇ ਦਰਮਿਆਨ ਲਾਭ ਹਾਣ ਦੀ ਕਦੇ ਕੋਈ ਸਮੱਸਿਆ ਪੈਦਾ ਨਹੀਂ ਹੋਈ। ਇਸ ਸਾਂਝ ਦਾ ਜਸ਼ਨ ਸਾਡੀ ਬੇਸ਼ਕੀਮਤੀ ਧਰੋਹਰ ਹੈ। ਮੇਰੀ ਇਹੋ ਜਿਹੀ ਸਾਂਝ ਆਪ ਤੋਂ ਪਹਿਲੀ ਪੀੜ੍ਹੀ ਦੇ ਨਾਮਵਰ ਸਾਹਿਤਕਾਰਾਂ, ਆਪਣੇ ਸਮਕਾਲੀ ਸਿਰਜਕਾਂ ਤੇ ਆਪ ਤੋਂ ਅਗਲੀ ਪੀੜ੍ਹੀ ਦੇ ਲੇਖਕਾਂ ਨਾਲ ਵੀ ਬਣੀ ਹੋਈ ਹੈ। ਸਭਨਾਂ ਨਾਲ ਸੰਵਾਦ ਹੁੰਦਾ ਰਹਿੰਦਾ ਹੈ। ਪਰ ਸੰਵਾਦ ਦੇ ਕਦੀ ਵੈਰ ਵਿਰੋਧ ਵਿਚ ਤਬਦੀਲ ਹੋਣ ਦੀ ਨੌਬਤ ਨਹੀਂ ਆਈ। ਅਸੀਂ ਸਭਨਾਂ ਨੇ ਆਪੋ ਆਪਣੀ ਤੇ ਦੂਜੇ ਦੀ ਵੱਖਰਤਾ ਨੂੰ ਸਵੀਕਾਰ ਕੀਤਾ ਹੋਇਆ ਹੈ। ਬੇਝਿਜਕ ਵਿਚਾਰ ਵਟਾਂਦਰੇ ਦੇ ਆਲਮ ਵਿਚ ਸਭਨਾ ਨੂੰ ਆਪੋ ਆਪਣਾ ਵਿਚਾਰ ਪੇਸ਼ ਕਰਨ ਦੀ ਸੁਤੰਤਰਤਾ ਹੁੰਦੀ ਹੈ ਪਰ ਇਕ ਦੂਜੇ 'ਤੇ ਹਾਵੀ ਹੋਣ ਜਾਂ ਇਕ ਦੂਜੇ ਨਾਲ ਸਹਿਮਤ ਹੋਣ ਦੀ ਕੋਈ ਮਜਬੂਰੀ ਨਹੀਂ ਹੁੰਦੀ।



ਨੁਸਰਤ ਫ਼ਤਹਿ ਅਲੀ ਖ਼ਾਨ ਨਾਲ।

? ਕੁਝ ਲੋਕਾਂ ਦਾ ਵਿਚਾਰ ਹੈ ਕਿ ਖ਼ਾਲਿਸਤਾਨੀ ਲਹਿਰ ਸੋਚੀ ਸਮਝੀ ਸਾਜ਼ਿਸ਼ ਸੀ। ਕੁਝ ਕੁ ਦਾ ਕਹਿਣਾ ਹੈ ਕਿ ਇਹ ਪੰਜਾਬ ਦੇ ਨੌਜਵਾਨਾਂ ਦਾ ਆਪ–ਹੁਦਰਾ ਵਿਦਰੋਹ ਸੀ। ਤੁਸੀਂ ਵੀ ਇਸ ਲਹਿਰ ਦਾ ਸੰਤਾਪ ਭੋਗਿਆ ਹੈ। ਕੀ ਕਹਿਣਾ ਚਾਹੋਗੇ ?

–ਹਾਂ ਜੀ, ਮੈਂ ਉਸ ਸਮੇਂ ਪੀ.ਏ.ਯੂ. ਵਿਚ ਸੀ। ਇੱਥੇ ਵੀ ਸਮੁਚੇ ਪੰਜਾਬ ਦੀ ਵਿਦਿਆਰਥੀ ਲਹਿਰ ਵਾਂਗ ਖੱਬੇ ਪੱਖੀ ਸੋਚ ਵਾਲੇ ਵਿਦਿਆਰਥੀਆਂ ਦਾ ਨੁਮਾਇਆ ਰੋਲ ਸੀ। ਮੰਦੇਭਾਗੀ ਕੁਝ ਬਾ–ਰਸੂਖ਼ ਅਧਿਕਾਰੀਆਂ ਨੂੰ ਇਹ ਸਥਿਤੀ ਪ੍ਰਵਾਨ ਨਹੀਂ ਸੀ। ਚਾਪਲੂਸੀ ਦੇ ਚਸਕੇਬਾਜ਼ਾਂ ਨੂੰ ਸਦਾ ਚਮਚੇ ਹੀ ਪਸੰਦ ਹੁੰਦੇ ਹਨ। ਉਨ੍ਹਾਂ ਨੇ ਆਪਣੇ ਚਹੇਤੇ ਪਾਲੇ ਹੋਏ ਸਨ। ਸੌੜੀ ਸੋਚ ਵਾਲੇ ਇਸ ਤਬਕੇ ਨੂੰ ਅਧਿਕਾਰੀ ਵਰਗ ਦੀ ਸਰਪ੍ਰਸਤੀ ਪ੍ਰਾਪਤ ਸੀ। ਇਨ੍ਹਾਂ ਅਨਸਰਾਂ ਦੀ ਮਿਲੀ ਭੁਗਤ ਨਾਲ ਉਨ੍ਹਾਂ ਵੇਲਿਆਂ ਦੇ ਉੱਘੇ ਵਿਦਿਆਰਥੀ ਨੇਤਾ ਪ੍ਰਿਥੀਪਾਲ ਸਿੰਘ ਰੰਧਾਵਾ ਦਾ ਕਤਲ ਹੋਇਆ ਸੀ। ਇਕ ਹੋਰ ਹੋਣਹਾਰ ਵਿਦਿਆਰਥੀ ਪਿਆਰਾ ਸਿੰਘ ਵੀ ਇਸ ਦਾ ਸ਼ਿਕਾਰ ਹੋਇਆ ਸੀ। ਕਾਤਲਾਂ ਨੂੰ ਹਥਿਆਰ ਮੁਹੱਈਆ ਕਰਵਾਉਣ ਤੇ ਅਜਿਹੇ ਕੁਕਰਮਾਂ ਤੋਂ ਬਾਅਦ ਉਨ੍ਹਾਂ ਨੂੰ ਛੁਪਣਗਾਹਾਂ ਪ੍ਰਦਾਨ ਕਰਵਾਉਣ ਵਾਲੇ ਵੀ ਉੱਚ–ਅਧਿਕਾਰੀ ਹੀ ਸਨ। ਪੰਜਾਬ ਦੀ ਖ਼ਾਲਿਸਤਾਨੀ ਲਹਿਰ ਪੰਜਾਬ ਦੇ ਨੌਜਵਾਨਾਂ ਦਾ ਆਪ–ਹੁਦਰਾ ਵਿਦਰੋਹ ਨਹੀਂ ਸੀ। ਇਹ ਸਪਸ਼ਟ ਸਿਆਸਤਦਾਨਾਂ ਦੀ ਸੋਚੀ ਸਮਝੀ ਸਾਜ਼ਿਜ਼ ਸੀ। ਕੇਂਦਰ ਸਰਕਾਰ ਉੱਪਰ ਕਾਬਜ਼ ਪਾਰਟੀ ਵਲੋਂ ਪੰਜਾਬ ਵਿਚ ਅਕਾਲੀ ਸਿਆਸਤ ਨੂੰ ਦੋਫ਼ਾਕੜ ਕਰ ਕੇ ਕਮਜ਼ੋਰ ਕਰਨ ਲਈ 'ਸੰਤਾਂ' ਦੇ ਪੱਤਿਆਂ ਦੀ ਚਿਰਾਂ ਤੋਂ ਖੇਡ ਖੇਡਦੀ ਆ ਰਹੀ ਹੈ। ਸੰਤ ਫ਼ਤਿਹ ਸਿੰਘ, ਚੰਨਣ ਸਿੰਘ, ਸੰਤ ਹਰਚੰਦ ਸਿੰਘ, ਸੰਤ ਅਜੀਤ ਸਿੰਘ ਤੇ ਜਰਨੈਲ ਸਿੰਘ ਇਸੇ ਖੇਡ ਦੇ ਪੱਤੇ ਸਨ। ਪੰਜਾਬ ਦੇ ਨੌਜਵਾਨਾਂ ਨੂੰ ਮਾਇਆ, ਮੋਟਰ–ਸਾਈਕਲ, ਅਗਨ ਸ਼ਸਤਰ ਅਤੇ ਧਾਰਮਕ ਸਥਾਨਾਂ ਵਿਚ ਸੁਰੱਖਿਆ ਪ੍ਰਦਾਨ ਕਰ ਕੇ ਇਸ ਅੱਗ ਦੇ ਬਾਲਣ–ਮਾਤਰ ਹੀ ਬਣਾਇਆ ਸੀ। ਇਸ ਤੋਂ ਪਹਿਲਾਂ ਪੰਜਾਬ ਦੇ ਨੌਜਵਾਨਾਂ ਨੇ ਕਿਸੇ ਵੀ ਇਨਕਲਾਬੀ/ਹਥਿਆਰਬੰਦ ਲਹਿਰ ਦੌਰਾਨ ਕਦੇ ਕਿਸੇ ਬੇਕਸੂਰ, ਅਣਭੋਲ, ਆਮ ਆਦਮੀ ਦੇ ਖ਼ੂਨ ਦਾ ਇਕ ਕਤਰਾ ਤੱਕ ਨਹੀਂ ਸੀ ਵਹਾਇਆ। ਇਸ ਲਹਿਰ/ਕਹਿਰ ਦੌਰਾਨ ਪੰਜਾਬ ਦੇ ਬੁੱਧੀਜੀਵੀਆਂ, ਕਵੀਆਂ, ਸਭਿਆਚਾਰਕ ਕਾਰਕੁਨਾਂ, ਸਿਆਸੀ ਨੇਤਾਵਾਂ ਤੇ ਗੁਰੂ ਘਰ ਦੇ ਕੀਰਤਨੀਆਂ ਤੱਕ ਦੇ ਜਿਹੜੇ ਬੇਕਿਰਕ ਕਤਲ ਹੋਏ ਸਨ, ਉਹ ਕਿਸੇ ਤੋਂ ਗੁਝੇ ਨਹੀਂ। ਇੱਥੇ ਮੈਂ ਕੇਵਲ ਮੁਕਾਬਲਤਨ ਘੱਟ ਜਾਣੀ ਜਾਂਦੀ ਘਟਨਾ ਦਾ ਜ਼ਿਕਰ ਸਾਂਝਾ ਕਰਨਾ ਵਾਜਬ ਸਮਝਦਾ ਹਾਂ:

ਵੱਖ ਵੱਖ ਵਰਗਾਂ ਤੇ ਤਬਕਿਆਂ ਦੇ ਲੋਕਾਂ ਦੇ ਇਕੱਠ ਵਿਚ ਕਿਸੇ ਨੇ ਜੂਲੀਅਸ ਰਿਬਿਰੋ ਨੂੰ ਇਹ ਸਵਾਲ ਪੁੱਛਿਆ ਸੀ ਕਿ, "ਕੀ ਪੰਜਾਬ ਦੇ ਅਮਨ–ਚੈਨ ਦੀ ਬਹਾਲੀ ਲਈ ਇੱਥੇ ਫ਼ੌਜ ਦੀ ਤਾਇਨਾਤੀ ਜ਼ਰੂਰੀ ਹੈ ? ਉਸ ਦਾ ਉੱਤਰ ਸੀ, "ਨਹੀਂ"। ਆਪਣੀ ਰਾਇ ਦੀ ਪੁਸ਼ਟੀ ਕਰਨ ਲਈ ਉਸ ਨੇ ਕਿਹਾ ਕਿ ਫੌਜ ਆਪਣੇ ਤੌਰ 'ਤੇ ਕੁਝ ਨਹੀਂ ਕਰ ਸਕਦੀ। ਉਸ ਨੂੰ ਵੀ ਹਰ ਧਿਰ ਦੀ ਉਘ ਸੁਘ ਜਾਨਣ ਲਈ ਪੁਲੀਸ 'ਤੇ ਨਿਰਭਰ ਹੋਣਾ ਪਵੇਗਾ। ਪੁਲੀਸ ਨੂੰ ਤਹਿਸੀਲਾਂ, ਥਾਣਿਆਂ ਅਤੇ ਪਿੰਡਾਂ ਸ਼ਹਿਰਾਂ ਦੀ ਹਰ ਪੱਧਰ 'ਤੇ 'ਹਥਿਆਰਬੰਦ ਲਹਿਰ' ਵਿਚ ਸ਼ਾਮਲ ਹਰ ਬੰਦੇ ਬਾਰੇ ਪੂਰਾ ਗਿਆਨ ਹੈ। ਫੇਰ ਸਵਾਲ ਹੋਇਆ, 'ਤਾਂ ਫੇਰ ਪੁਲੀਸ ਉਨ੍ਹਾਂ ਨੂੰ ਫੜ ਕੇ ਅੰਦਰ ਕਿਉਂ ਨਹੀਂ ਕਰਦੀ ?' 'ਅਜਿਹਾ ਕਰਨ ਲਈ ਸਾਨੂੰ 'ਉੱਪਰੋਂ ਹੁਕਮ' ਨਹੀਂ ਮਿਲ ਰਿਹਾ' ਰਿਬਿਰੋ ਦਾ ਸਾਫ਼ ਜਵਾਬ ਸੀ। ਸੋ ਇਹ ਸਾਰੀ ਖੇਡ "ਉੱਪਰੋਂ ਆਏ" ਹੁਕਮਾਂ ਅਨੁਸਾਰ ਹੀ ਖੇਡੀ ਜਾ ਰਹੀ ਸੀ।

? ਡਾ. ਸਾਹਿਬ, ਅੱਜ ਕੱਲ੍ਹ ਕੀ ਲਿਖ ਰਹੇ ਹੋ ?

–ਅੱਜ ਕੱਲ੍ਹ ਮਾਰਕਸਵਾਦ ਬਾਰੇ ਪ੍ਰੋ. ਰਣਧੀਰ ਸਿੰਘ ਦੇ ਲੰਮੇ ਲੇਖ ਦਾ ਪੰਜਾਬੀ ਵਿਚ ਅਨੁਵਾਦ ਕਰ ਰਿਹਾ ਹਾਂ।

? ਪੰਜਾਬੀਆਂ ਨੂੰ ਕੋਈ ਸਲਾਹ ਸਨੇਹਾ ?

–ਪੰਜਾਬੀਆਂ ਨੂੰ ਸਨੇਹਾ ਤਾਂ ਮੈਂ ਕੀ ਦੇ ਸਕਦਾ ਹਾਂ। ਇਕ ਬੇਨਤੀ ਜ਼ਰੂਰ ਕਰਦਾ ਹਾਂ ਕਿ ਆਪਣੇ ਸ਼ਾਨਾਮੱਤੇ ਇਤਿਹਾਸਕ ਵਿਰਸੇ ਨੂੰ ਸਮਝੋ। ਆਪਣੀਆਂ ਜੜ੍ਹਾਂ ਬਾਰੇ ਜਾਣਕਾਰੀ ਹਾਸਲ ਕਰੋ। ਆਪਣੇ ਸਭਿਆਚਾਰ ਦੀਆਂ ਚੰਗੀਆਂ ਗੱਲਾਂ ਨੂੰ ਅਪਣਾਉ ਤੇ ਮਾੜੀਆਂ ਗੱਲਾਂ ਨੂੰ ਤਿਲਾਂਜਲੀ ਦਿਉ। ਚੰਗੀਆਂ ਗੱਲਾਂ ਭਾਵੇਂ ਕਿਸੇ ਵੀ ਸਭਿਆਚਾਰ ਦੀਆਂ ਹੋਣ, ਉਨ੍ਹਾਂ ਨੂੰ ਅਪਣਾ ਲੈਣਾ ਚਾਹੀਦਾ ਹੈ। ਡਾਂਗ ਤੇ ਧੱਕੇ ਨਾਲ ਆਪਣੀ ਗੱਲ ਮੰਨਾਉਣ ਨਾਲੋਂ ਤਰਕ ਤੇ ਦਲੀਲ ਨਾਲ ਗੱਲ ਕਰਨ ਦਾ ਜੋ ਰਾਹ ਸਾਨੂੰ ਗੁਰੂ ਨਾਨਕ ਦੇਵ ਨੇ ਦਿੱਤਾ ਹੈ, ਇਸ ਨੂੰ ਹਮੇਸ਼ਾ ਯਾਦ ਰੱਖੀਏ ਤਾਂ ਬਹੁਤ ਸਾਰੀਆਂ ਮੁਸ਼ਕਲਾਂ ਹੱਲ ਹੋ ਸਕਦੀਆਂ ਹਨ।

ਸਤਨਾਮ ਸਿੰਘ: ਡਾ. ਸਾਹਿਬ ਤੁਹਾਡਾ ਬਹੁਤ ਬਹੁਤ ਧੰਨਵਾਦ ਜੋ ਤੁਸੀਂ ਆਪਣੇ ਕੀਮਤੀ ਸਮੇਂ ਵਿਚੋਂ ਸਮਾਂ ਕੱਢ ਕੇ ਆਪਣੀ ਜ਼ਿੰਦਗੀ ਦੀ ਕਿਤਾਬ ਦੇ ਪੰਨੇ ਸਾਂਝੇ ਕੀਤੇ, ਜਿਸ ਨਾਲ ਬਹੁਤ ਸਾਰੀ ਜਾਣਕਾਰੀ ਪ੍ਰਾਪਤ ਹੋਈ।

# Commemorating Centennial of Ghadr Movement Martyrs of 1915

   

Rehmat Ali Wajidke, Mewa Singh Lopoke, Kartar Singh Sarabha & Pt. Kanshi Ram

**PROGRESSIVE PEOPLE'S FOUNDATION OF EDMONTON**
**&**
**PUNJAB UNITED SPORTS & HERITAGE ASSOCIATION OF EDMONTON**

## ORGANIZES

## 8th SHAHEED BHAGAT SINGH SPORTS TOURNAMENT

*[Dedicated to Shaheed Bhagat Singh, Rajguru & Sukhdev]*

**To provide a platform for our youth to play Soccer with a mission to strengthen community participation and infuse leadership spirit among them**

## Saturday July 4 & Sunday July 5

**At**

**Pusha Fields, Ivor Dent Sports Park 175 - 50 Street Southwest, Edmonton, AB, T6X 1A4**



**Shaheed Bhagat Singh Soccer Camp:**
**May 3rd to June 28th;**
**Every Sunday from 2:00 PM to 4:00 PM**
**Age Groups:**
**U6, U8, U10, U12, U14, U16**

**Registration fee: $30, before 19th April, 2015;**
**and after 2nd May with a fee of $40**
**Camp Location: PUSHA fields (Ivor Dent Sports Park)**
**175 - 50 St. SW**

**PARENTS ARE ENCOURAGED AS VOLUNTEERS/COACHES. COACHES MAYBE PROVIDED TRAINING IF REQUIRED, BY THE ALBERTA SOCCER ASSOCIATION**

**Contact:**

**Dr. Prithvi Raj Kalia: 780-485-2989; Gurvarinder Gill: 780-497-8801; Gursewak Mann: 587-920-7710; Navtej Bains: 780-200-2872 ; Iqbal Mahal - 780-995-7035; Kashmir Gill - 780-951-2772; Kamal Sidhu - 780-499-9913; Mohinder Banga: 780-710-8873; Bakhash Sangha: 780-660-7520; Surinder Deol: 780-239-9038; Dalbir Sangione: 780-995-5475; Gurcharan Brar: 780-265-3752; Joginder Randhawa: 780-914-6251; Kashmira Badesha: 780-937-3030; Jagdev Sohi: 780-940-9941; Jasvir Deol: 780-906-4497; Raju Virk: 780-298-4499; Usha Bhachu-780-200-3078**

# ਧਰਤ ਦਾ ਜਾਇਆ ਮੱਘਰ ਸਿੰਘ

ਅਮਨਦੀਪ ਸਿੰਘ ਸਿੱਧੂ
+91-98554-80242



**ਇਕ ਦਿਨ ਤੜਕੇ ਈ ਘਰ ਆਇਆ। ਮੈਂ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਗੁਰਬਾਣੀ ਦਾ ਪ੍ਰਸਾਰਣ ਸੁਣ ਰਿਹਾ ਸੀ। ਮੇਰੇ ਕੋਲ ਪੈਰਾਂ ਭਾਰ ਬਹਿ ਗਿਆ ਤੇ ਸਟੀਲ ਦੇ ਗਿਲਾਸ ਨੂੰ ਦੋਹਾਂ ਹੱਥਾਂ ਵਿਚ ਘੁੱਟੀ ਗਰਮ ਚਾਹ ਦੀਆਂ ਚੁਸਕੀਆਂ ਨਾਲ ਠੰਢ ਮਾਰ ਰਿਹਾ ਸੀ। ਬੜੇ ਗਹੁ ਨਾਲ ਟੈਲੀਵਿਜ਼ਨ ਦੇਖਦਾ ਰਿਹਾ ਤੇ ਫੇਰ ਮੈਨੂੰ ਪੁਛਣ ਲੱਗਾ, 'ਸਰਦਾਰ ਜੀ..ਆਹ ਟੋਭੇ 'ਚ ਕਿੰਨੀਆਂ ਕੁ ਮੱਸੀਆਂ (ਮੱਛੀਆਂ) ਹੋਣਗੀਆਂ ਭਲਾ।' ਮੇਰੀ ਬਿਰਤੀ ਉਧਰੋਂ ਹਟ ਕੇ ਉਹਦੇ ਭੋਲੇਪਣ 'ਤੇ ਜੁੜ ਗਈ। ਹਾਸਾ ਵੀ ਬੰਦ ਨਾ ਹੋਵੇ।**

ਆ ਫੇਸਬੁੱਕ ਤੋਂ ਬਾਅਦ ਵੱਟਸਐਪ ਨੇ ਸਾਰਿਆਂ ਨੂੰ ਕਮਲ਼ਾ ਕੀਤਾ ਹੋਇਐ। ਸਾਰਾ ਦਿਨ ਅੰਗੂਠਾ ਮੋਬਾਈਲ ਸਕਰੀਨਾਂ 'ਤੇ ਸੱਜਣ-ਬੇਲੀਆਂ ਦੇ ਸੁਨੇਹਿਆਂ ਦੇ ਨਾਲ-ਨਾਲ ਮਨੋਰੰਜਨ ਵਾਲੀਆਂ ਵੀਡੀਓਜ਼ 'ਤੇ ਟਿਕ-ਟਿਕ ਕਰਦਾ ਰਹਿੰਦੈ। ਇਕ ਦਿਨ ਪਾਕਿਸਤਾਨੀ ਕਲਾਕਾਰ ਦੀ ਵੀਡੀਓ ਆਈ। ਕਲਾਕਾਰ ਮਿਰਦੰਗ ਵਜਾ ਰਿਹੈ ਤੇ ਮੁਲਕ ਦੇ ਸਿਆਸਤਦਾਨਾਂ ਨੂੰ ਭੰਡਦਾ ਭੰਡਦਾ ਉੱਚੀ ਉੱਚੀ ਗਾ ਰਿਹੈ-'ਬੰਦਾ ਪਾਣੀ ਦਾ ਬੁਲਬੁਲਾ ਜੀ..ਬੰਦਾ ਪਾਣੀ ਦਾ ਬੁਲਬੁਲਾ'। ਜਿਉਂ-ਜਿਉਂ ਮਿਰਦੰਗ ਦੀ ਥਾਪ ਉੱਚੀ ਹੁੰਦੀ ਜਾਂਦੀ ਹੈ ਤੇ ਉਹਦੇ ਬੋਲ ਵੀ ਕਾਹਲੀ ਕਾਹਲੀ ਹੇਕ ਲਾਉਂਦੇ ਜਾਂਦੇ ਨੇ। 'ਬੰਦਾ ਪਾਣੀ ਦਾ ਬੁਲਬੁਲਾ' ਠੀਕ ਮੇਰੇ ਚੇਤਿਆਂ ਵਿਚ ਹਥੌੜੇ ਵਾਂਗ ਵਜਦੈ। ਇਹੀ ਗੱਲ ਤਾਂ ਮੱਘਰ ਸਿਉਂ ਵੀ ਕਹਿੰਦਾ ਸੀ। ਜਦੋਂ ਆਖਣਾ, 'ਮੱਘਰ ਸਿਆਂ, ਰਾਤ ਬਰਾਤੇ ਧਿਆਨ ਨਾਲ ਘਰ ਜਾਇਆ ਕਰ, ਦੋ ਹਾੜੇ ਲਾ ਕੇ ਤੈਨੂੰ ਪਤਾ ਨਹੀਂ ਰਹਿੰਦਾ।' ਓਹਨੇ ਅੱਗੋਂ ਇਕੋ ਗੱਲ ਕਹਿਣੀ, 'ਸਰਦਾਰ ਜੀ ਬੰਦਾ ਤਾਂ ਪਾਣੀ ਦਾ ਬੁਲਬੁਲੈ..ਪਾਣੀ ਦਾ ਬੁਲਬੁਲਾ..ਘੜੀ ਸਾਹ ਆਵੇ ਕਿ ਨਾ ਆਵੇ। ਕੀ ਲੈ ਕੇ ਜਾਣੈ ਇੱਥੋਂ। ਖਾਲੀ ਹੱਥ ਆਏ ਸੀ ਸਰਦਾਰ ਜੀ, ਖਾਲੀ ਹੱਥ ਤੁਰਜਾਂਗੇ। ਬੱਸ ਜਿੰਦੇ ਆਈ ਪਾਣੀ ਦਾ ਬੁਲਬੁਲਾ ਫੁੱਟ ਜਾਣੈ।'

ਮੱਘਰ ਸਿੰਘ ਪਟਿਆਲੇ ਲਾਗੇ ਪੈਂਦੇ ਪਿੰਡ ਖੇੜੀ ਗੌੜੀਆਂ ਰਹਿੰਦਾ ਸੀ ਤੇ ਸ਼ਹਿਰ ਵਿਚ ਪੁਲੀਸ ਅਫ਼ਸਰ ਦੀ ਨਵੀਂ ਬਣਦੀ ਕੋਠੀ ਦਾ ਦਿਹਾੜੀਦਾਰ ਸੀ। ਰਿਸ਼ਤੇਦਾਰੀ ਹੋਣ ਕਾਰਨ ਮੈਂ ਇਸ ਕੋਠੀ ਦੇ ਨਿਰਮਾਣ ਦਾ ਕੰਮ ਦੇਖਦਾ ਸੀ, ਸੋ ਮੱਘਰ ਨਾਲ ਵੀ ਨੇੜਤਾ ਹੋ ਗਈ। ਸਰੀਰ ਦਾ ਇਕਹਿਰਾ ਸੀ ਪਰ ਤਗੜਾ ਸੀ। ਜੋਸ਼-ਹੋਸ਼ ਪੂਰਾ ਕਾਇਮ-ਦਾਇਮ। ਦੁਨੀਆਦਾਰੀ ਦਾ ਹੋਸ਼ ਨਹੀਂ, ਸਗੋਂ ਇਮਾਨਦਾਰੀ ਦਾ। ਸਾਹਿਬ ਦੇ ਘਰ ਦਿਹਾੜੀ ਕਰਦਿਆਂ-ਕਰਦਿਆਂ ਉਹਦਾ ਘਰ ਵੀ ਕੱਚਾ-ਪੱਕਾ ਹੋ ਗਿਆ ਸੀ। ਸਰਦਾਰ ਸਾਹਿਬ ਦਾ ਪੁਰਾਣਾ ਫਾਲਤੂ ਸਾਮਾਨ ਉਹਦੀ ਬੈਠਕ ਦੀ ਸਜਾਵਟ ਬਣਦਾ ਰਿਹਾ। ਛੱਤ ਭਾਵੇਂ ਚੋਂਦੀ ਸੀ ਪਰ ਸਾਹਿਬ ਦੀਆਂ ਬਚੀਆਂ ਟਾਇਲਾਂ ਨਾਲ ਬੈਠਕ ਵਿਚ-ਵਿਚਾਲਿਓਂ ਪੱਕੀ ਹੋ ਗਈ ਸੀ। ਟੀ.ਵੀ. ਦੀ ਕੈਬਨਿਟ ਵਿਚ ਟੀ.ਵੀ. ਤਾਂ ਨਹੀਂ ਪਰ ਰੇਡੂਆ ਫਿੱਟ ਹੋ ਗਿਆ ਸੀ। ਨੀਲੇ ਪੇਂਟ ਵਾਲਾ ਲੱਕੜੀ ਦਾ ਰੈਕ ਹੁਣ ਇਨਾਮਾਂ ਨਾਲ ਤਾਂ ਨਹੀਂ ਪਰ ਸਟੀਲ ਦੇ ਭਾਂਡਿਆਂ ਨਾਲ ਜ਼ਰੂਰ ਸੱਜ ਗਿਆ ਸੀ। ਪੁਰਾਣੇ ਸਟਾਈਲ ਦੇ ਗੁਲਦਾਨ ਵੀ ਖਲ-ਖੂੰਜਿਆਂ ਵਿਚ ਸਜ ਗਏ ਸਨ।

ਸਾਦਾ, ਸਾਊ ਤੇ ਇਮਾਨਦਾਰ ਹੋਣ ਕਾਰਨ ਮੱਘਰ ਸਿੰਘ ਸਾਹਿਬ ਦਾ ਵੀ ਚਹੇਤਾ ਸੀ। ਨਾਂਹ ਕਹਿਣਾ ਤਾਂ ਓਹਨੇ ਸਿੱਖਿਆ ਹੀ ਨਹੀਂ ਸੀ। ਉਂਜ ਵਰਦੀ ਦਾ ਰੋਅਬ ਵੀ ਮਾਰ ਲੈਂਦਾ ਸੀ। ਉਹ ਇਵੇਂ ਕਿ ਸਾਹਿਬ ਦੀ ਪੁਰਾਣੀ ਵਰਦੀ ਬੀਬੀ ਜੀ ਉਹਨੂੰ ਪਾਉਣ ਲਈ ਦੇ ਦਿੰਦੀ ਸੀ ਤੇ ਉਹ ਪਿੰਡ ਜਾ ਕੇ ਛਾਤੀ ਇਵੇਂ ਤਾਣਦਾ ਸੀ ਜਿਵੇਂ ਨਵਾਂ-ਨਵਾਂ ਪੁਲੀਸ ਵਿਚ ਭਰਤੀ ਹੋਇਆ ਹੋਵੇ। ਸਲੂਟ ਤਾਂ ਨਹੀਂ ਸੀ ਮਾਰਨਾ ਆਉਂਦਾ ਪਰ ਸਾਹਿਬ ਦਾ, ਬੀਬੀ ਜੀ ਦਾ, ਇੱਥੋਂ ਤਕ ਕਿ ਛੋਟੇ ਕਾਕਾ ਜੀ ਦਾ ਹੁਕਮ ਪੂਰਾ ਵਜਾਉਂਦਾ ਸੀ। ਮਸਤ ਹੋ ਕੇ ਇਉਂ ਜੁਟ ਜਾਂਦਾ ਕੰਮ ਵਿਚ ਜਿਵੇਂ ਪੈਟਰੋਲ ਦਾ ਫੰਬਾ ਲੱਗਿਆ ਹੋਵੇ।

ਜਦੋਂ ਕਿਤੇ ਚਾਹ ਦੀਆਂ ਚੁਸਕੀਆਂ ਲੈਂਦੇ ਲੈਂਦੇ ਅਖ਼ਬਾਰ ਸਾਹਮਣੇ ਦਿਸ ਜਾਣੀ ਤਾਂ ਵਰਕੇ ਫਰੋਲਣੇ ਸ਼ੁਰੂ ਕਰ ਦੇਣੇ। ਪੜ੍ਹਨਾ ਤਾਂ ਨਹੀਂ ਸੀ ਆਉਂਦਾ ਪਰ ਫੋਟੋਆਂ ਤਾਂ ਦੇਖ ਹੀ ਸਕਦਾ ਸੀ! ਕਈ ਵਾਰ ਫੋਟੋ ਦੇਖ ਕੇ ਸਾਹਿਬ ਨੂੰ ਪੁੱਛਣਾ, 'ਆਹ, ਕੀ ਹੋ ਰਿਹੈ ਸਾਹਿਬ।' ਇਕ ਦਿਨ ਤਾਂ ਸਾਹਿਬ ਦੇ ਮੂੰਹੋਂ ਚਾਹ ਦਾ ਫੁਹਾਰਾ ਫੁੱਟਦਾ ਮਸਾਂ ਬਚਿਆ। ਭੋਲੇ ਭਾਅ, ਇਧਰ-ਉਧਰ ਦੇਖਦਾ ਬੋਲਿਆ, 'ਸਾਹਿਬ ਜੀ, ਆਹ ਨੰਗੀਆਂ-ਪੁੰਗੀਆਂ ਬੀਬੀਆਂ ਨੂੰ ਇਨ੍ਹਾਂ ਦੇ ਘਰ ਦੇ ਟੋਕਦੇ ਨਹੀਂ? ਆਹ ਕਿਵੇਂ ਨਿੱਕੇ-ਨਿੱਕੇ ਕੱਪੜਿਆਂ ਵਿਚ ਸਹੁਰੀ ਦੀਆਂ ਸ਼ਰਮ ਵੀ ਨਹੀਂ ਮੰਨਦੀਆਂ।'



ਉਂਜ ਤਾਂ ਉਹ ਦੇਸੀ ਮਾਰਕਾ ਦਾਰੂ ਹੀ ਪੀਂਦਾ ਸੀ ਪਰ ਕਿਤੇ ਕਿਤੇ ਸਰਦਾਰ ਸਾਹਿਬ ਵੀ ਮਿਹਰਬਾਨ ਹੋ ਜਾਂਦੇ ਸਨ, ਖਾਸ ਤੌਰ 'ਤੇ ਜਦੋਂ ਉਹ ਜ਼ਿਆਦਾ ਕੰਮ ਕਰ ਲੈਂਦਾ ਸੀ। ਫੇਰ ਤਾਂ ਉਹਦੀਆਂ ਵਾਛਾਂ ਪੂਰੀਆਂ ਖਿੜੀਆਂ ਹੁੰਦੀਆਂ। ਪਿੰਡ ਜਾ ਕੇ ਲੁੱਡੀਆਂ ਪਾਉਂਦਾ, ਮਿੱਤਰਾਂ ਵਿਚ ਜਾ ਕੇ ਰੋਅਬ ਮਾਰਦਾ ਕਿ ਅੱਜ ਸਰਦਾਰ ਜੀ ਨੇ ਚੋਰਸ ਜਿਹੀ ਬੋਤਲ ਵਿਚੋਂ ਪੈੱਗ ਲਵਾਇਐ। ...ਦਾਰੂ ਕਾਹਦੀ ਸੀ, ਨਜ਼ਾਰਾ ਈ ਲਿਆਤਾ। ਦਾਰੂ, 'ਚੀਮਾ ਸਾਹਿਬ' ਨਾਲ ਲਵਾਈ ਤੀ।' ਇਕ ਦਿਨ ਮੈਨੂੰ ਵੀ ਮੁਸਕੜੀ ਹਾਸਾ ਹੱਸ ਕੇ ਦੱਸੀ ਜਾਵੇ। ਮੈਨੂੰ ਸਮਝ ਨਾ ਆਵੇ ਬਈ, ਰਾਤੀਂ ਕਿਹੜੇ ਚੀਮਾ ਸਾਹਿਬ ਆਏ ਸੀ..ਜਿਥੋਂ ਤਕ ਮੈਨੂੰ ਯਾਦ ਐ ਰਾਤ ਤਾਂ ਘਰ ਕੋਈ ਨਹੀਂ ਆਇਆ। ਘਰ ਜਦੋਂ ਗੱਲ ਕੀਤੀ ਤਾਂ ਪਤਾ ਲੱਗਾ ਕਿ ਮੱਘਰ ਨੇ ਰਾਤੀਂ ਪੈੱਗ ਨਾਲ ਕੀਮਾ ਵੀ ਖਾਇਆ ਸੀ।

ਇਕ ਦਿਨ ਕੰਮ 'ਤੇ ਨਾ ਆਇਆ। ਅਗਲੇ ਦਿਨ ਬੜਾ ਘਾਬਰਿਆ ਜਿਹਾ ਫਿਰੇ। ਗੋਦੀ ਵਿਚ ਕਤੂਰਾ ਚੁੱਕਿਆ ਹੋਇਆ। ਅਸਲ ਵਿਚ ਉਥੇ ਕੋਠੀ ਵਿਚ ਜਰਮਨ ਸ਼ੈਫਰਡ ਕੁੱਤੀ ਨੇ ਬੱਚੇ ਦਿੱਤੇ ਸੀ ਤੇ ਸਾਹਿਬ ਨੇ ਇਕ ਕਤੂਰਾ ਉਹ ਨੂੰ ਵੀ ਦੇ ਦਿੱਤਾ ਸੀ। ਉਹਨੂੰ ਪਤਾ ਸੀ ਬਈ, ਕਤੂਰਾ ਬਹੁਤ ਮਹਿੰਗੈ। ਉਂਜ ਵੀ ਖਾਂਦੇ-ਪੀਂਦੇ ਘਰੋਂ ਲੈ ਕੇ ਗਿਆ ਸੀ ਤੇ ਵਫ਼ਾਦਾਰ ਸਿਪਾਹੀ ਵਾਂਗ ਕਤੂਰੇ ਦੀ ਵੀ ਪੂਰੀ ਖਾਤਰਦਾਰੀ ਕਰਨੀ ਸੀ। ਚਾਅ-ਚਾਅ ਵਿਚ ਕਤੂਰੇ ਨੂੰ ਜ਼ਿਆਦਾ ਦੁੱਧ ਪਿਲਾ ਬੈਠਾ ਤੇ ਉਹ ਵਿਚਾਰਾ ਮਰ ਗਿਆ। ਡਰਦਾ ਮਾਰਾ ਸਾਹਿਬ ਕੋਲ ਚੁੱਕ ਲਿਆਇਆ ਕਿ ਕਿਤੇ ਸਰਦਾਰ ਜੀ ਇਹ ਨਾ ਸਮਝ ਲੈਣ ਕਿ ਉਸ ਨੇ ਅੱਗੇ ਕਿਤੇ ਵੇਚ ਦਿੱਤਾ। ਓਹਨੇ ਤਾਂ ਆਪਣੇ ਚਿਤੋਂ ਵਾਧੂ ਸੇਵਾ ਕੀਤੀ, ਅਖੇ ਸਰਦਾਰ ਜੀ ਇਹ ਨਾ ਕਹਿਣ ਕਿ ਮੱਘਰ ਦੇ ਘਰ ਦੁੱਧ ਹੈ ਨਹੀਂ ਸੀ।

ਇਕ ਦਿਨ ਤੜਕੇ ਈ ਘਰ ਆਇਆ। ਮੈਂ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਗੁਰਬਾਣੀ ਦਾ ਪ੍ਰਸਾਰਣ ਸੁਣ ਰਿਹਾ ਸੀ। ਮੇਰੇ ਕੋਲ ਪੈਰਾਂ ਭਾਰ ਬਹਿ ਗਿਆ ਤੇ ਸਟੀਲ ਦੇ ਗਿਲਾਸ ਨੂੰ ਦੋਹਾਂ ਹੱਥਾਂ ਵਿਚ ਘੁੱਟੀ ਗਰਮ ਚਾਹ ਦੀਆਂ ਚੁਸਕੀਆਂ ਨਾਲ ਠੰਢ ਮਾਰ ਰਿਹਾ ਸੀ। ਬੜੇ ਗਹੁ ਨਾਲ ਟੈਲੀਵਿਜ਼ਨ ਦੇਖਦਾ ਰਿਹਾ ਤੇ ਫੇਰ ਮੈਨੂੰ ਪੁਛਣ ਲੱਗਾ, 'ਸਰਦਾਰ ਜੀ..ਆਹ ਟੋਭੇ 'ਚ ਕਿੰਨੀਆਂ ਕੁ ਮੱਸੀਆਂ (ਮੱਛੀਆਂ) ਹੋਣਗੀਆਂ ਭਲਾ।' ਮੇਰੀ ਬਿਰਤੀ ਉਧਰੋਂ ਹਟ ਕੇ ਉਹਦੇ ਭੋਲੇਪਣ 'ਤੇ ਜੁੜ ਗਈ। ਹਾਸਾ ਵੀ ਬੰਦ ਨਾ ਹੋਵੇ। ਮੈਂ ਸਮਝਾਉਣ ਦੀ ਕੋਸ਼ਿਸ਼ ਕੀਤੀ, 'ਮੱਘਰਾ, ਇਹ ਪਵਿੱਤਰ ਸਰੋਵਰ ਐ, ਇੱਥੇ ਲੋਕ ਆਪਣੇ ਦੁੱਖ ਤਾਰਦੇ ਨੇ..ਇਹਦੇ ਵਿਚ ਇਸ਼ਨਾਨ ਕਰ ਕੇ ਆਪਣਾ ਤਨ-ਮਨ ਸੁੱਧ ਕਰਦੇ ਆ।' ਅੱਗੋਂ ਕਹਿੰਦਾ, 'ਸਰਦਾਰ ਜੀ, ਮੈਨੂੰ ਕੀ ਪਤਾ, ਮੈਂ ਤਾਂ ਛੋਟੇ ਹੁੰਦੇ ਟੋਭੇ ਵਿਚ ਹੀ ਨਹਾਉਂਦਾ ਸੀ।' ਵਿਚਾਰਾ ਪਿੰਡ ਤੋਂ ਸਾਹਿਬ ਦੀ ਕੋਠੀ ਤਕ ਦਾ ਸਫ਼ਰ ਹੀ ਜਾਣਦਾ ਸੀ। ਕਦੇ ਕਿਤੇ ਮੰਦਰ-ਗੁਰਦਾਰਿਆਂ ਦੀਆਂ ਯਾਤਰਾਵਾਂ ਤਾਂ ਕੀਤੀਆਂ ਨਹੀਂ। ਹਾਂ, ਪਿੰਡ ਦੇ ਗੁਰਦੁਆਰੇ ਉਹ ਨਿੱਤ ਜਾਂਦਾ ਭਾਵੇਂ ਨਾ ਉਹਨੇ ਕਦੇ ਪਾਠ ਸੁਣਿਆ ਸੀ, ਨਾ ਕਦੇ ਹੱਥ ਜੋੜ ਆਪਣੇ ਲਈ ਕੁਝ ਮੰਗਿਆ ਸੀ। ਉਹ ਤਾਂ ਬੱਸ ਕਾਮਾ ਸੀ। ਏਨਾ ਜ਼ਰੂਰ ਸੀ ਕਿ ਕਿਸੇ ਦਿਨ-ਸੁੱਧ 'ਤੇ ਗੁਰਦੁਆਰੇ ਦੀ ਸੇਵਾ ਲਈ ਆਪਣੀ ਦਿਹਾੜੀ ਵੀ ਮਾਰ ਲੈਂਦਾ ਸੀ। ਗੁਰਦੁਆਰੇ ਰੋਜ਼ ਝਾੜੂ ਤਾਂ ਮਾਰਦਾ ਹੀ ਸੀ, ਜਦੋਂ ਕਿਤੇ ਨਗਰ ਕੀਰਤਨ ਲੰਘਣਾ ਹੁੰਦਾ ਤਾਂ ਸਾਰੇ ਰਾਹ ਦੀ ਸਫ਼ਾਈ ਕਰਦਾ। ਫਾਲਤੂ ਲਟਕਦੀਆਂ ਟਾਹਣੀਆਂ ਛਾਂਗ ਸੁੱਟਦਾ, ਕਿਤੇ ਸ਼ਰਧਾਲੂਆਂ ਦੇ ਨਾ ਵੱਜਣ।

ਇਕ ਦਿਨ ਬਾਜ਼ਾਰੋਂ ਸਾਮਾਨ ਲੈਣ ਜਾਣਾ ਸੀ। ਓਹਨੂੰ ਆਪਣੇ ਨਾਲ ਗੱਡੀ ਵਿਚ ਬਿਠਾ ਲਿਆ। ਗੱਡੀ ਵਿਚ ਬੈਠਣ ਤੋਂ ਪਹਿਲਾਂ ਉਹਨੇ ਆਪਣੀਆਂ ਜੁੱਤੀਆਂ ਲਾਹੀਆਂ ਤੇ ਗੋਦੀ ਵਿਚ ਰੱਖ ਲਈਆਂ। ਮੈਂ ਮਨ੍ਹਾ ਵੀ ਕੀਤਾ ਪਰ ਕਹਿੰਦਾ, 'ਨਹੀਂ ਸਰਦਾਰ ਜੀ, ਐਵੇਂ ਮਿੱਟੀ ਨਾਲ ਲਿਬੜੇ ਛਿਤਰਾਂ ਨੇ ਗੱਡੀ ਗੰਦੀ ਕਰ ਦੇਣੀ ਐ। ਫੇਰ ਕਹਿਣ ਲੱਗਾ, "ਸਹੁਰੀ ਦੀ, ਇਹ ਤਾਂ ਹਵਾ 'ਚ ਉਡੀ ਜਾਂਦੀ ਐ। ਸਰਦਾਰ ਜੀ, ਕਦੇ ਮੇਰੇ ਪਿੰਡ ਵੀ ਆਪਾਂ ਗੇੜਾ ਮਾਰ ਕੇ ਆਈਏ? ਸ਼ਰੀਕੇ-ਭਾਈਚਾਰੇ ਵਿਚ ਮੇਰਾ ਵੀ ਟੌਅਰ ਬਣਜੂ।" ਗੱਡੀ ਦੀਆਂ ਸੀਟਾਂ ਨੂੰ ਕਦੇ ਬੂਹੇ-ਬਾਰੀਆਂ ਨੂੰ ਟੋਹ-ਟੋਹ ਕੇ ਦੇਖੇ। ਜਿਵੇਂ ਕਿਸੇ ਜਾਦੂਈ ਦੁਨੀਆ ਵਿਚ ਪਹੁੰਚ ਗਿਆ ਹੋਵੇ।

ਆਲੇ-ਦੁਆਲੇ ਵੀ ਮੱਘਰ ਦੀ ਪੂਰੀ ਭਲ ਬਣਦੀ ਜਾ ਰਹੀ ਸੀ। ਅਖੇ-'ਸੱਦੀ ਨਾ ਬੁਲਾਈ, ਮੈਂ ਲਾੜੇ ਦੀ ਤਾਈ।' ਹਰੇਕ ਦੇ ਘਰ ਜਾ ਵੱਜਣਾ ਤੇ ਬਿਨਾਂ ਕਹੇ-ਪੁੱਛੇ ਮੂਹਰੇ ਦਿਸਦਾ ਕੰਮ ਕਰਨ ਲੱਗ ਪੈਣਾ। ਹਰ ਇਕ ਨੂੰ ਉਹਦੀ ਆਦਤ ਵੀ ਪੈ ਗਈ ਸੀ। ਜਿਹਨੂੰ ਕੰਮ ਹੋਣਾ, 'ਵਾਜ ਮਾਰ ਲੈਣੀ, 'ਮੱਘਰ ਆਹ ਕੰਮ ਕਰ ਜਾਈਂ, ਔ ਲਿਆ ਦੇਈਂ।' ਇਹ ਨਹੀਂ ਸੀ ਕਿ ਉਹਨੂੰ ਕੋਈ ਪੈਸਾ ਮਿਲਦਾ ਸੀ। ਉਹ ਤਾਂ ਜੰਮਿਆ ਈ ਜਿਵੇਂ ਕੰਮ ਕਰਨ ਲਈ ਸੀ। ਲੋਹੜੀ ਤੋਂ ਇਕ ਦਿਨ ਪਹਿਲਾਂ ਕਈ ਘਰਾਂ ਨੂੰ ਲੱਕੜਾਂ ਤੇ ਪਾਥੀਆਂ ਲਿਆ ਕੇ ਦਿੱਤੀਆਂ। ਕਿਸੇ ਘਰੋਂ ਲੋਹੜੀ ਨਹੀਂ ਮੰਗੀ। ਅਗਲੇ ਦਿਨ ਮੈਂ ਦੂਰੋਂ ਉਹਨੂੰ ਦੇਖ 'ਵਾਜ਼ ਮਾਰੀ, 'ਮੱਘਰ, ਓਏ ਤੂੰ ਰਾਤੀਂ ਜਾਂਦਾ ਹੋਇਆ ਲੋਹੜੀ ਲੈ ਕੇ ਈ ਨਹੀਂ ਗਿਆ। ਅੱਗੋਂ ਕਹਿੰਦਾ, 'ਸਰਦਾਰ ਜੀ ਕੀ ਕਰਨੇ ਆ ਪੈਹੇ, ਆਹ ਦੁਨੀਆ ਤਾਂ ਏਥੇ ਈ ਰਹਿ ਜਾਣੀ ਆ। ਬੰਦਾ ਤਾਂ ਪਾਣੀ ਦਾ ਬੁਲਬੁਲਾ ਐ..ਪਾਣੀ ਦਾ ਬੁਲਬੁਲਾ। ਪਤਾ ਨਹੀਂ ਕਦੋਂ ਫੁੱਟ ਜਾਵੇ।'

ਘੁਸ-ਮੁਸਾ ਜਿਹਾ ਹਨੇਰਾ ਹੋ ਰਿਹਾ ਸੀ ਤੇ ਪਿੰਡ ਜਾਣ ਨੂੰ ਕਾਹਲਾ ਪੈ ਰਿਹਾ ਸੀ। ਮੈਂ ਬਥੇਰਾ ਕਿਹਾ ਕਿ ਮੱਘਰ ਅੱਜ ਇੱਥੇ ਈ ਰੁਕ, ਰਾਤ ਨੂੰ ਲੋਹੜੀ ਮਨਾਉਂਦੇ ਆਂ। ਪਰ ਉਹ ਮੁਫ਼ਤ ਦੀ ਘੁੱਟ ਦਾ ਲਾਲਚ ਕੀਤੇ ਬਿਨਾਂ ਸਾਈਕਲ ਦਾ ਪੈਡਲ ਮਾਰਦਾ ਲੰਘ ਗਿਆ। ''ਨਾ ਸਰਦਾਰ ਜੀ..ਜ਼ਿੰਦਗੀ ਰਹੀ..ਲੋਹੜੀਆਂ ਬਥੇਰੀਆਂ ਅੱਜ ਨਿਆਣਿਆਂ ਨਾਲ ਲੋਹੜੀ ਮਨਾਊਂ।'' ਤਿਉਹਾਰ ਹੋਣ ਕਾਰਨ ਮੈਂ ਵੀ ਬਹੁਤਾ ਨਾ ਰੋਕਿਆ।

ਅਗਲੇ ਦਿਨ 'ਪਾਣੀ ਦੇ ਬੁਲਬੁਲੇ ਦੇ ਫੁੱਟ ਜਾਣ ਦੀ ਉਦਾਸ ਖ਼ਬਰ ਆਈ। ਉਸ ਦਿਨ ਘਰ ਜਾਂਦਿਆਂ ਪੁਲੀ 'ਤੇ ਜਾ ਕੇ ਮਾੜਾ ਜਿਹਾ ਹੈਂਡਲ ਡੋਲਿਆ ਤਾਂ ਉਹ ਚਿੱਕੜ ਵਿਚ ਡਿੱਗ ਪਿਆ। ਡਿਗਦਿਆਂ ਹੀ ਕੋਈ ਰੋੜੀ ਸਿਰ ਵਿਚ ਲੱਗੀ ਤੇ ਮੁੜ ਉਹਤੋਂ ਉਠ ਨਾ ਹੋਇਆ।ਮੈਂ ਉਸੇ ਵੇਲੇ ਉਹਦੇ ਪਿੰਡ ਪਹੁੰਚਿਆ। ਕੱਚਾ-ਪੱਕਾ ਘਰ ਬੱਚਿਆਂ ਦੀਆਂ ਲੇਰਾਂ ਨਾਲ ਚੀਕ ਰਿਹਾ ਸੀ। ਕਿੱਲੀ 'ਤੇ ਟੰਗੀ ਖਾਕੀ ਵਰਦੀ ਜਿਵੇਂ ਉਹਨੂੰ ਸ਼ਰਧਾਂਜਲੀ ਦੇ ਰਹੀ ਸੀ ਤੇ ਨਾਲ ਹੀ ਲਟਕਦਾ ਖਾਲੀ ਝੋਲਾ ਝੂਲ ਰਿਹਾ ਸੀ। ਬੱਚਿਆਂ ਲਈ ਚੋਗਾ, ਹੁਣ ਇਸ ਝੋਲੇ ਨੂੰ ਕਦੇ ਨਸੀਬ ਨਹੀਂ ਹੋਣਾ। ਦਰਵੇਸ਼ ਰੂਹ ਦੀਆਂ ਆਖਰੀ ਰਸਮਾਂ 'ਤੇ ਅੰਤਾਂ ਦਾ ਇਕੱਠ ਸੀ। ਕੋਈ ਚਾਰ-ਪੰਜ ਹਜ਼ਾਰ ਬੰਦਾ। ਪਤਾ ਨਹੀਂ ਕਿੱਥੋਂ ਕਿੱਥੋਂ ਲੋਕ ਉਸ ਕਾਮੇ ਨੂੰ ਸ਼ਰਧਾ ਭੇਟ ਕਰਨ ਢੁੱਕੇ ਸਨ। ਸੋਗ ਵਿਚ ਡੁੱਬਿਆ ਪਿੰਡ ਉਹਦੀਆਂ ਗੱਲਾਂ ਇਉਂ ਕਰ ਰਿਹਾ ਸੀ ਜਿਵੇਂ ਪਿੰਡ ਦੀ ਜਿੰਦ ਜਾਨ ਨਿਕਲ ਗਈ ਹੋਵੇ। ਇਹਦੇ ਵਿਚ ਕੋਈ ਸ਼ੱਕ ਵੀ ਨਹੀਂ। ਇਸ ਮੌਕੇ ਜੁੜਿਆ ਇਕੱਠ ਹੀ ਉਹਦੀ ਇਮਾਨਦਾਰੀ, ਮਿਹਨਤ, ਸਾਦਗੀ ਦੀ ਸ਼ਾਹਦੀ ਭਰ ਰਿਹਾ ਸੀ। ਸਾਧਾਰਨ ਬੰਦਾ ਸੀ। ਨਾ ਮੀਡੀਆ ਨੇ ਆਉਣਾ ਸੀ ਤੇ ਨਾ ਕਿਸੇ ਵੱਡੇ ਬੰਦੇ ਜਾਂ ਲੀਡਰ ਨੇ ਪਹੁੰਚਣਾ ਸੀ। ਲੋਕ ਆਪ ਮੁਹਾਰੇ ਹੀ ਜੁੜੇ ਸਨ।

ਵਾਪਸੀ 'ਤੇ ਮਨ ਉਦਾਸ ਵੀ ਸੀ ਤੇ ਇਹ ਮਾਣ ਵੀ ਮਹਿਸੂਸ ਹੋ ਰਿਹਾ ਸੀ ਕਿ ਥੋੜ੍ਹਾ ਹੀ ਸਹੀ ਪਰ ਮੱਘਰ ਦਾ ਸਾਥ ਮਾਣਿਆ। ਰਾਹ ਵਿਚ ਚਾਰ-ਪੰਜ ਉਸੇ ਤਰ੍ਹਾਂ ਦਿਸਦੇ ਕਾਮੇ ਸਾਈਕਲਾਂ 'ਤੇ ਕਹੀਆਂ ਚੁੱਕੀ ਦਿਹਾੜੀਆਂ ਲਾਉਣ ਜਾ ਰਹੇ ਸਨ। ਇਨ੍ਹਾਂ ਸਾਰਿਆਂ ਵਿਚ ਮੈਨੂੰ ਮੱਘਰ ਹੀ ਨਜ਼ਰ ਆ ਰਿਹਾ ਸੀ। ਸੋਚ ਰਿਹਾ ਸੀ ਇਹ ਧਰਤੀ ਅਖੌਤੀ 'ਬਲਦਾਂ' ਦੇ ਸਿੰਗਾਂ 'ਤੇ ਨਹੀਂ, ਇਨ੍ਹਾਂ ਮੱਘਰਾਂ ਦੇ ਮਜ਼ਬੂਤ ਮੋਢਿਆਂ 'ਤੇ ਹੀ ਤਾਂ ਟਿਕੀ ਐ।

J. Oza & Associates
Immigration Services
Office : 204-480-1891, 204-227-0720
Unit 10 – 998 Keewatin Street, Winnipeg

- PNP
- Family & Spouse Sponsership
- Super/ Vistor Visa
- Study & Work Permit
- Affidavits
- Free Passport Photo with all secvices
- ਇਮੀਗਰੇਸ਼ਨ ਅਤੇ ਪਾਸਪੋਰਟ ਫੋਟੋ ਲਈ ਮਿਲੋ

Email : info@thecicg.com

Licensed Immigration Advocate & Practitioner

Member of ICCRC & Commis-sioner for Oaths.

# ਬਖ਼ਸ਼ ਦੀ ਨਵੀਂ ਕਾਵਿ ਪੁਸਤਕ –'ਤੁਰ ਚਾਨਣ ਦੀ ਤੋਰ' ਪੜ੍ਹਦਿਆਂ

ਅਵਤਾਰ ਸਿੰਘ ਬਿਲਿੰਗ
+1-639 571 317
avtarsinghbilling@gmail.com



'ਸੁਣ ਨੀ ਕੁੜੀਏ ਜਿਊਣ ਜੋਗੀਏ' (2007) ਅਤੇ 'ਮਾਂ ਧੀ ਦਾ ਸੰਵਾਦ' (2014) ਤੋਂ ਬਾਅਦ 'ਤੁਰ ਚਾਨਣ ਦੀ ਤੋਰ' (2015) ਐਡਮਿੰਟਨ (ਕਨੇਡਾ) ਵੱਸਦੀ ਪੰਜਾਬੀ ਸ਼ਾਇਰਾ ਤੇ ਪ੍ਰੌੜ ਰੰਗ ਕਰਮੀ ਬਖ਼ਸ਼ ਦੀ ਤੀਜੀ ਕਾਵਿ ਪੁਸਤਕ ਹੈ। ਇਸ ਬਾਰ ਉਸ ਨੇ ਬੋਲੀਆਂ-ਟੱਪਿਆਂ ਰਾਹੀਂ ਆਪਣੇ ਵਿਚਾਰਾਂ ਦੀ ਪੇਸ਼ਕਾਰੀ ਕਰਨ ਦੀ ਕੋਸ਼ਿਸ਼ ਕੀਤੀ ਹੈ। ਬਖ਼ਸ਼, ਅਸਲ ਵਿਚ ਔਰਤ ਮਨ ਦੀ ਵੇਦਨਾ ਨੂੰ ਸਮਝਣ ਵਾਲੀ ਸੰਵੇਦਨਸ਼ੀਲ਼ ਕਵਿੱਤਰੀ ਹੈ। ਔਰਤ ਦੇ ਹਾਵ ਭਾਵ ਉਸ ਦੀ ਕਵਿਤਾ ਵਿਚੋਂ ਡੁੱਲ੍ਹ ਡੁੱਲ੍ਹ ਪੈਂਦੇ ਹਨ। ਖ਼ੂਬਸੂਰਤ ਦਿੱਖ ਵਾਲੀ ਇਸ ਕਾਵਿ ਕਿਤਾਬ ਦਾ ਭਖ਼ਦਾ ਟਾਈਟਲ ਕਵਰ ਹੀ ਸਭ ਤੋਂ ਪਹਿਲਾਂ ਪਾਠਕ ਦਾ ਧਿਆਨ ਖਿੱਚਦਾ ਹੈ ਜੋ ਬੜਾ ਸੁਝਾਊ ਅਤੇ ਚਿੰਨ੍ਹਾਤਮਕ ਹੈ। ਅੱਗ ਦੇ ਬਲਦੇ ਹੋਏ ਭਾਂਬੜ ਵਿਚੋਂ ਪਾਣੀ ਵਿਚ ਤੁਰਦੀਆਂ ਦੋ ਮੁਟਿਆਰਾਂ ਨਜ਼ਰ ਪੈਂਦੀਆਂ ਹਨ ਜਿਨ੍ਹਾਂ ਦੀਆਂ ਉਪਰ ਉੱਲਰੀਆਂ ਬਾਹਾਂ ਤੇ ਹਵਾ ਨਾਲ ਉਡਦੀਆਂ ਜ਼ੁਲਫ਼ਾਂ ਔਰਤ ਜਾਤੀ ਦੀ ਨਿਰੰਤਰ ਤੋਰ ਨੂੰ ਸੁਝਾਉਂਦੀਆਂ ਪ੍ਰਤੀਤ ਹੁੰਦੀਆਂ ਹਨ। ਬਖ਼ਸ਼, ਜੋ ਆਪਣੇ ਜੀਵਨ, ਕਿਰਦਾਰ ਤੇ ਨਾਟਕਾਂ ਵਿਚ ਅਗਾਂਹਵਧੂ ਵਿਚਾਰਧਾਰਾ ਦੀ ਝੰਡਾ ਬਰਦਾਰ ਹੈ, ਇਸ ਪੁਸਤਕ ਨੂੰ 'ਸਮਾਜਕ ਤਬਦੀਲੀ ਲਈ ਜੂਝ ਰਹੇ ਲੋਕਾਂ ਦੇ ਨਾਂ' ਕਰਦਿਆਂ ਆਪਣੀ ਪ੍ਰਚੰਡ, ਜਾਗਰਤ ਸੋਚ ਦਾ ਸੁਝਾਅ ਆਪਣੀ ਕਿਤਾਬ ਦੇ ਆਰੰਭ ਵਿਚ ਹੀ ਦੇ ਦਿੰਦੀ ਹੈ। ਲਹੂ ਮਾਸ ਦੇ ਰਿਸ਼ਤੇ, ਔਰਤ ਮਰਦ ਸਬੰਧ, ਬਾਬਲੇ ਨੇ ਵਰ ਟੋਹਲਿਆ, ਸਹੁਰਾ ਪਰਿਵਾਰ, ਸਾਧਾਂ ਦੇ ਡੇਰੇ, ਮੁਸ਼ੱਕਤੀ ਕਿਸਾਨ-ਮਜ਼ਦੂਰ, ਨਸ਼ਿਆਂ ਦੀ ਲਾਹਨਤ, ਦਾਜ ਦੀ ਬੁਰਾਈ, ਪਰਵਾਸ ਦਾ ਕੱਚ ਸੱਚ, ਸਮਾਜਕ ਰਾਜਨੀਤਕ ਹਾਲਾਤ –ਬਾਰੇ ਇਸ ਸੂਝਵਾਨ ਸ਼ਾਇਰਾ ਵਲੋਂ ਦੁਆਬੇ ਦੇ ਮਿੱਠੇ ਲਹਿਜ਼ੇ ਵਿਚ ਸਮੇਂ ਸਮੇਂ ਉੱਤੇ ਰਚੀਆਂ ਗਈਆਂ ਬੋਲੀਆਂ ਨੂੰ ਲੜੀ ਵਾਰ ਹੱਥਲੀ ਪੁਸਤਕ ਵਿਚ ਪਰੋਇਆ ਗਿਆ ਹੈ। ਕੁਝ ਭਾਵਪੂਰਤ ਟੱਪੇ ਸ਼ਾਮਲ ਕੀਤੇ ਹਨ।




ਪਹਿਲਾ ਰਿਸ਼ਤਾ ਮਾਂ ਧੀ ਦਾ ਸਾਕ ਹੈ। ਪਰ ਸਥਿਤੀ ਦਾ ਵਿਅੰਗ ਦੇਖੋ। ਹਰ ਜੁੱਗ ਦੀ ਮਾਂ ਆਪਣੀ ਧੀ ਨੂੰ ਜੰਮਣ ਤੋਂ ਪਹਿਲਾਂ ਕੁੱਖ ਵਿਚ ਮਾਰਨ ਦੇ ਆਹਰ ਵਿਚ ਹੈ; ਮਾਂ ਦੀ ਗੋਦੀ ਮਿਲੀ ਨਾ ਮੈਨੂੰ/ਕਿਸੇ ਨਾ ਦਿੱਤੀ ਲੋਰੀ/ਦਾਦੀ ਮੇਰੀ ਗੁੜ੍ਹਤੀ ਦਿੱਤੀ/ਦਿੱਤੀ ਜ਼ਹਿਰ ਕਟੋਰੀ/ ਧਰਮੀ ਬਾਬਲ ਨੇ/ਬਿਨਾਂ ਡੋਲੀਓਂ ਤੋਰੀ/

ਜੇ ਇਹ ਉੱਨ੍ਹੀਵੀ-ਵੀਹਵੀ ਸਦੀ ਦਾ ਦੁਖਾਂਤ ਸੀ ਤਾਂ ਅੱਜ ਦੀ ਪੜ੍ਹੀ ਲਿਖੀ ਮਾਂ ਕਿਹੜੀ ਘੱਟ ਗੁਜ਼ਾਰਦੀ ਹੈ; ਰੀਸੋ ਰੀਸੀ ਤੂੰ ਵੀ ਮਾਏ/ ਅਲਟਰਾ ਸਾਊਂਡ ਕਰਾਇਆ/ ਖੋਹ ਲਿਆ ਮੇਰਾ ਜਨਮ ਨੀ ਮਾਏ/ਮੁੜ ਕੇ ਕਦੇ ਨਾ ਆਇਆ/ ਕਿਹੜੇ ਮੁਨਸਫ਼ ਨੇ/ਤੈਨੂੰ ਹੱਕ ਦਿਵਾਇਆ/

ਅਣਜੰਮੀ ਧੀ ਫੇਰ ਵੀ ਮਾਂ ਨਾਲ ਨਿਹੋਰਾ ਕਰਦੀ, ਉਸ ਨੂੰ ਭਵਿੱਖ ਬਾਰੇ ਸੁਚੇਤ ਕਰਦੀ ਹੈ; ਪੁੱਤ ਜੰਮਣ ਲਈ ਸੁੱਖਾਂ ਸੁੱਖਦੀ/ ਧੀ ਜੰਮਣ ਤੋਂ ਨਾਂਹ/ ਧੀਆਂ ਬਾਝੋਂ ਨੀ /ਕੌਣ ਬਣੂਗੀ ਮਾਂ/

ਜੇ ਕਿਸੇ ਕਾਰਨ ਧੀ ਨੂੰ ਜਨਮ ਧਾਰਨ ਦਾ ਮੌਕਾ ਮਿਲ ਜਾਂਦਾ ਹੈ ਤਾਂ ਉਸ ਦਾ ਕੋਈ ਸੁਆਗਤ ਨਹੀਂ; ਨਾ ਬੂਹੇ 'ਤੇ ਪੱਤੇ ਬੰਨ੍ਹੇ/ਨਾ ਵੰਡੀ ਮਠਿਆਈ/ ਨਾ ਕੋਈ ਖੁਸਰੇ ਨੱਚਣ ਆਏ/ਹੇਕ ਨਾ ਡੂੰਮਾਂ ਲਾਈ/ ਨੀ ਜਦੋਂ ਜੰਮੀ ਮੈਂ ਅੰਮੀਏ/ਕਿਸੇ ਵੀ ਨਾ ਦਿੱਤੀ ਵਧਾਈ/

ਜੇ ਧੀਆਂ ਬਾਰ ਬਾਰ ਜੰਮਦੀਆਂ ਹਨ ਤਾਂ ਉਹ ਮਾਂ ਦੇ ਜੰਮੇ ਪੱਥਰ ਹਨ। ਧੀ ਪੁੱਤ ਦੀ ਹਾਜ਼ਰੀ ਵਿਚ ਮਾਂ ਵਲੋਂ ਪੁੱਤਰ ਨੂੰ ਵੱਧ ਪਿਆਰ ਮਿਲਦਾ ਹੈ। ਧੀ ਨਾਲ ਖਾਣ ਪੀਣ ਵਿਚ ਵੀ ਦਰੈਤ ਕਰਦੇ ਹਨ; ਕੱਢ ਕੇ ਦੁੱਧ ਕਾੜ੍ਹਨੀ ਵਿਚੋਂ/ਉੱਤੇ ਸੁੱਟੀ ਮਲਾਈ/ਪੀਣ ਨੂੰ ਵੀਰਾ ਮੰਨੇਂ ਨਾਹੀ/ਮਾਂ ਨਾਲ ਕਰੇ ਲੜਾਈ/ ਮੂੰਹ ਸਵਾਰਾਂ ਕੋਲੇ ਬੈਠੀ/ਮਾਂ ਦੀ ਨਿਗਾਹ ਨਾ ਆਈ/ਬਦੋਬਦੀ ਵੀਰੇ ਨੂੰ/ਭਰ ਕੇ ਗੜਵੀ ਪਿਲਾਈ/ ਕਿਉਂਕਿ ਸਮਾਜ ਦੀ ਨਜ਼ਰ ਵਿਚ ਉਹ ਘਰ ਦਾ ਵਾਰਸ ਹੈ ਜਿਸ ਨੇ ਪਹਿਲਾਂ ਜੰਮੀਆਂ ਧੀਆਂ ਨੂੰ ਵੀ ਢਕ ਲਿਆ ਹੈ। ਤਾਂ ਹੀ ਘਰ ਪਰਿਵਾਰ ਵਿਚ ਖੁਸ਼ੀਆਂ ਦਾ ਹੜ੍ਹ ਆ ਗਿਆ ਹੈ। ਅੱਗੇ ਜਾ ਕੇ ਜਦੋਂ ਪਿਤਾ ਆਪਣੇ ਪੁੱਤਰ ਨੂੰ ਪੜ੍ਹਾਉਣਾ ਚਾਹੁੰਦਾ ਹੈ ਤਾਂ ਧੀ ਦਾ ਤਰਲਾ ਸੁਣੋ; ਮਿੰਨਤਾਂ ਤੇਰੀਆਂ ਕਰਦੀ ਬਾਬਲ/ਪੜ੍ਹਨੋਂ ਨਾ ਹਟਾਈਂ/ਵੀਰੇ ਜਿੰਨਾ ਪੜ੍ਹਾ ਦੇ ਮੈਨੂੰ/ਵਿਆਹ ਦੀ ਰਟ ਨਾ ਲਾਈਂ/ਬਾਬਲ ਮੇਰਿਆ ਵੇ/ਤੇਰ ਮੇਰ ਨਾ ਪਾਈਂ/ਪੁੱਤਰਾਂ ਹਿੱਸੇ ਜਾਇਦਾਦਾਂ ਆ ਜਾਣੀਆਂ ਹਨ। ਧੀ ਨੂੰ ਦਾਜ ਵੀ ਤਾਂ ਮਿਲੇਗਾ, ਜੇ ਉਹ ਪਿਉ ਦੀ ਮਰਜ਼ੀ ਅਨੁਸਾਰ ਵਿਆਹ ਕਰਾਏਗੀ। ਪਰ ਉਹ ਦਾਜ ਵੀ ਸਹੁਰਿਆਂ ਦੇ ਹਿੱਸੇ ਆ ਜਾਵੇਗਾ। ਮਾਂ ਨੂੰ ਤਾਂ ਉਸੇ ਵਕਤ ਚਿੰਤਾ ਚਿੰਬੜ ਜਾਂਦੀ ਹੈ ਜਦੋਂ ਧੀ ਦਾ ਰੂਪ ਰੰਗ ਨਿਖਰਨ ਲੱਗਦਾ ਹੈ; ਮਾਂ ਕਹੇ ਕੁਝ ਸਿੱਖ ਲੈ ਧੀਏ/ਫ਼ਿਕਰਾਂ 'ਚ ਡੁੱਬਦੀ ਜਾਵੇ/ਆਲਾ ਦੁਆਲਾ ਦੇਵੇ ਮੱਤਾਂ/ਮਗਰੇ ਮਾਂ ਲੱਗ ਜਾਵੇ/ਧੀ ਕੁਆਰੀ ਨੂੰ/ਸੱਸ ਦੇ ਰੁਦਨ ਸੁਣਾਵੇ/

ਆਖ਼ਰ ਉਸ ਨੂੰ ਸੂਝ ਸਮਝ ਦੀ ਜ਼ਿਆਦਾ ਜ਼ਰੂਰਤ ਹੈ ਕਿਉਂਕਿ ਉਸ ਨੇ ਬਿਗਾਨੇ ਪਰਿਵਾਰ ਵਿਚ ਵਿਚਰਨਾ ਹੈ; ਦਿਲ ਦੇ ਦੀਵੇ ਅਕਲ ਦੀ ਬੱਤੀ/ਖ਼ੂਨ ਬਾਲ ਕੇ ਬਲਦੀ/ਮਹਿੰਦੀ ਕਹਿੰਦੇ ਸ਼ਗਨਾਂ ਵਾਲੀ/ਵਾਰ-ਵਾਰ ਨਾ ਲੱਗਦੀ/ਬਾਝੋਂ ਸਮਝਾਂ ਦੇ/ਬਾਤ ਕਦੇ ਨਾ ਫੱਬਦੀ

ਜੇ ਕਿਧਰੇ ਧੀ ਪਰਿਵਾਰ ਤੋਂ ਬੇਵਾਹਰੀ ਹੋ ਕੇ ਆਪਣੀ ਮਰਜ਼ੀ ਪੁਗਾ ਲਵੇ ਤਾਂ ਸਾਰੇ ਰਿਸ਼ਤੇ ਬਿਖਰ ਜਾਂਦੇ ਹਨ; ਟਹਿਕਣ ਮੇਰੇ ਨੈਣਾਂ ਵਾਲੀ/ ਜੱਗ ਨੂੰ ਮੇਚ ਨਾ ਆਈ/ਬਾਪ ਮੇਰੇ ਨੂੰ ਜਾ ਕਿਸੇ ਨੇ/ਝੂਠੀ ਲੂਤੀ ਲਾਈ/ ਸਾਰੇ ਰਿਸ਼ਤੇ ਬਦਲ ਗਏ ਫੇਰ/ਭਾਈ ਰਹੇ ਨਾ ਭਾਈ/ਸਮਝ ਨਾ ਆਵੇ ਨੀ/ ਮਾਂ ਨੂੰ ਲੱਗਾਂ ਪਰਾਈ

ਆਖ਼ਰ ਧੀ ਦੀ ਏਨੀ ਦੁਰਦਸ਼ਾ ਕਿਉਂ ਹੈ ? ਇਸ ਬਾਰੇ ਬਖਸ਼ ਦੀ ਕਵਿਤਾ ਕੁਝ ਇਸ਼ਾਰੇ ਜ਼ਰੂਰ ਕਰਦੀ ਹੈ। ਹਰ ਥਾਂ ਕਾਲਖ ਲੱਗਣ ਦਾ ਡਰ ਹੈ। ਚੰਦਰੇ ਰਿਵਾਜ਼ਾਂ ਦੀ ਧੂੜ ਨੇ ਸਮਾਜ ਨੂੰ ਲੱਥ ਪੱਥ ਕਰ ਦਿੱਤਾ ਹੈ। ਧੀਆਂ ਦੇ ਪੱਲੇ ਡਰ ਹੀ ਡਰ ਹਨ। ਵਿਆਹ ਤੋਂ ਪਹਿਲਾਂ ਪਿਉ ਦੀ ਪੱਗ ਦੇ ਮੈਲੀ ਹੋਣ ਦਾ ਡਰ ਹੈ। ਬਾਪ ਸਿਰ ਚੜ੍ਹੇ ਕਰਜ਼ੇ ਦਾ ਡਰ ਹੈ। ਵਿਆਹ ਬਿਜ਼ਨਸ ਬਣ ਗਿਆ ਹੈ। ਜਨਮੋਂ ਪਹਿਲਾਂ ਸਾਨੂੰ ਮਾਏ/ਖੌਫ਼ ਮੌਤ ਦਾ ਆਵੇ/ਵਿਆਹੀ ਵਰੀ ਮੈਂ ਵੱਸਦੀ ਘਰ ਵਿਚ/ਡਰ ਸੌਕਣ ਦਾ ਖਾਵੇ/ ਬੱਚੇ ਹੋ ਜਾਣ ਪਲ ਜਾਣ ਬੱਚੇ/ਬੱਚਿਆਂ ਦਾ ਫਿਕਰ ਸਤਾਵੇ/ਸਾਡਾ ਡਰ ਮਾਏ/ਸਾਥੋਂ ਦੂਰ ਨਾ ਜਾਵੇ

ਅਸਲ ਵਿਚ ਔਰਤ ਦੇ ਪੇਕਿਆਂ ਜਾਂ ਸਹੁਰਿਆਂ ਵਿਚ ਚਾਵਾਂ ਮਲਾਰਾਂ ਦੇ ਪ੍ਰਵਾਨ ਚੜ੍ਹਨ ਵਿਚ ਸਭ ਤੋਂ ਵੱਡਾ ਅੜਿੱਕਾ ਆਰਥਕ ਨਾਬਰਾਬਰੀ, ਬੇਰੁਜ਼ਗਾਰੀ, ਸਿਸਟਮ ਵਿਚਲਾ ਭ੍ਰਿਸ਼ਟਾਚਾਰ ਹੈ ਜਿਸ ਦੇ ਹਵਾਲੇ ਇਸ ਪੁਸਤਕ ਵਿਚ ਥਾਂ ਥਾਂ ਮਿਲਦੇ ਹਨ। ਬਾਪ ਸਿਰ ਚੜ੍ਹੇ ਭਾਰੇ ਕਰਜ਼ੇ ਕਾਰਨ ਵੰਗਾਂ ਚੜ੍ਹਾਉਣ ਦਾ ਨਣਦ ਭਰਜਾਈ ਦਾ ਚਾਅ ਪੂਰਾ ਨਹੀਂ ਹੁੰਦਾ। ਐਮ.ਐਲ.ਏ. ਦਾ ਦਸ ਪੜ੍ਹਿਆ ਮੁੰਡਾ ਨੌਕਰੀ ਹਥਿਆ ਕੇ ਲੈ ਜਾਂਦਾ ਹੈ ਪਰ ਉਸ ਲੜਕੀ ਦਾ ਸੋਲਾਂ ਪਾਸ ਭਾਈ ਬੇਰੁਜ਼ਗਾਰ ਫਿਰਦਾ ਹੈ। ਇਥੇ ਡਿਗਰੀਆਂ ਜਿਣਸਾਂ ਵਾਗੂੰ ਵਿਕਦੀਆਂ ਹਨ। ਬੇਰੁਜ਼ਗਾਰ ਜਵਾਨੀ ਗਲੀਆਂ ਮੋੜਾਂ 'ਤੇ ਖੜ੍ਹਨ ਜੋਗੀ ਰਹਿ ਗਈ ਹੈ। ਸਿਆਸਤ-ਦਾਨਾਂ ਲਈ ਰਾਜਨੀਤੀ ਪਿਤਾ ਪੁਰਖੀ ਧੰਦਾ ਬਣ ਚੁੱਕੀ ਹੈ। ਮਾੜਾ ਅਰਥਚਾਰਾ ਸਮਾਜਕ ਰਿਸ਼ਤਿਆਂ ਵਿਚ ਵੀ ਵਿਗਾੜ ਪਾ ਰਿਹਾ ਹੈ। ਆਰਥਕ ਝਗੜਿਆਂ ਕਾਰਨ ਖ਼ੂਨ ਦੇ ਰਿਸ਼ਤੇ ਤਾਰ ਤਾਰ ਹੋ ਰਹੇ ਹਨ। ਭਾਈ ਭਾਈ ਝਗੜ ਰਹੇ ਹਨ। ਭੂਆ ਪਹਿਲਾਂ ਭਤੀਜੀ ਦਾ ਸਾਕ ਆਪਣੇ ਜੇਠ ਦੇ ਮੁੰਡੇ ਲਈ ਲੈ ਜਾਂਦੀ ਹੈ। ਦਾਜ ਦਹੇਜ ਦਿਵਾ ਕੇ ਭਰਾ ਦਾ ਕੂੰਡਾ ਕਰਾ ਦਿੰਦੀ ਹੈ। ਪਰ ਹਾਲਾਤ ਬਦਲਦਿਆਂ ਦੇਰ ਨਹੀਂ ਲੱਗਦੀ। ਭੂਆ ਭਤੀਜੀ ਹੁਣ ਕਚਹਿਰੀ ਵਿਚ ਇਕ ਦੂਜੀ ਦੇ ਖ਼ਿਲਾਫ਼ ਤਾਰੀਖਾਂ ਭੁਗਤ ਰਹੀਆਂ ਹਨ; ਭੂਆ ਲੈ ਗਈ ਸਾਕ ਨੀ ਮੇਰਾ/ਜੇਠ ਉਹਦੇ ਦਾ ਮੁੰਡਾ/ ਮੰਗਾਂ ਮੰਗਦੀ ਸਾਹ ਲਵੇ ਨਾ/ ਭਰਾ ਦਾ ਕਰਾ ਤਾ ਕੂੰਡਾ/ ਭੂਆ ਹੋ ਗਈ ਵੱਖ ਜੇਠ ਤੋਂ /ਪਈਆਂ ਲੜਾਈਆਂ ਬੜੀਆਂ/ ਭੂਆ ਭਤੀਜੀ ਨੀ ਵਿਚ ਕਚਹਿਰੀ ਲੜੀਆਂ/ਇਸੇ ਤਰ੍ਹਾਂ ਭਰਾ ਲੜ ਰਹੇ ਹਨ; ਇਕ ਭਰਾ ਤਾਂ ਬਾਂਹ ਨੇ ਹੁੰਦੇ/ਦੂਜੇ ਬਣਨ ਸ਼ਰੀਕ/ਲਾਲਚ ਮਾਰੇ ਅਕਲ ਬੰਦੇ ਦੀ/ਰਿਸ਼ਤੀਂ ਲਾਵੇ ਲੀਕ/ਝਗੜੇ ਅੰਮਾਂ ਜਾਇਆਂ ਦੇ/ ਠਾਣੇ ਪਏ ਤਰੀਕ

ਜਦੋਂ ਭਰਾ ਭਰਾ ਜਾਂ ਭਰਾ ਭੈਣਾਂ ਲੜਦੇ ਹਨ ਤਾਂ ਸਾਂਝੇ ਪਰਿਵਾਰ ਨੂੰ ਪਰਨਾਏ ਮਾਪੇ ਕਲਪਦੇ ਰਹਿ ਜਾਂਦੇ ਹਨ; ਬੱਚਿਆਂ ਦਾ ਜਦ ਪਵੇ ਸ਼ਰੀਕਾ/ਜਿਊਂਦੇ ਮਾਪੇ ਮਰਦੇ/ ਇਹ ਦੁੱਖ ਮਾਪਿਆਂ ਨੂੰ/ਔਖੇ ਹੋ ਹੋ ਜਰਦੇ/ ਮੰਡੀ ਦੇ ਦਖਲ ਨਾਲ ਵਧੀ ਮੋਬਾਈਲਾਂ, ਟੀ ਵੀ, ਮੈਰਿਜ ਪੈਲਿਸਾਂ ਦੀ ਫਜ਼ੂਲ ਖਰਚੀ ਨੇ ਸਮਾਜਕ ਸੋਚ ਹੀ ਬਦਲ ਦਿੱਤੀ ਹੈ; ਸੋਚ ਮੰਡੀ ਦੀ ਆਪਸੀ ਰਿਸ਼ਤੇ/ਗਿੱਲੀ ਲੱਕੜ ਧੁੱਖਦੇ/ ਲੋੜ ਮੰਡੀ ਦੀ ਵਧਦੀ ਜਾਵੇ/ ਇਕ ਦੂਜੇ ਨੂੰ ਲੁੱਟਦੇ/ਕਰੀਬੀ ਰਿਸ਼ਤੇ ਵੀ/ਪਲਾਂ ਛਿਣਾਂ ਵਿਚ ਟੁੱਟਦੇ/

ਅਜਿਹੇ ਹਾਲਾਤ ਕਾਰਨ ਹੀ ਟਹਿਕਦੇ ਫੁੱਲਾਂ ਵਰਗੀਆਂ ਮੁਟਿਆਰਾਂ ਨੂੰ ਸਰਮਾਏਦਾਰ ਐਬੀਆਂ ਦੇ ਲੜ ਲਾ ਦਿੱਤਾ ਜਾਂਦਾ ਹੈ। ਵਿੱਦਿਆ ਹੀ ਅਜਿਹੀ ਪੜ੍ਹਾਈ ਜਾਂਦੀ ਹੈ ਜਿਸ ਵਿਚੋਂ ਨੈਤਿਕਤਾ ਗਾਇਬ ਹੈ; ਸਕੂਲ ਸਰਕਾਰਾਂ ਗੁਰੂ ਤੇ ਮਾਪੇ/ਇਕੋ ਪਾਠ ਪੜ੍ਹਉਂਦੇ/ਹਰ ਹੀਲੇ ਧਨ ਇਕੱਠਾ ਕਰਨਾ/ਵੱਡੀ ਆਸ ਰਖਾਉਂਦੇ/ ਸਮਝੋ ਮਾਪਿਓ ਵੇ /ਪੁੱਠੀ ਸੋਚ ਸਿਖਾਉਂਦੇ/ਅਜਿਹੀ ਸੋਚ ਨੇ ਹੀ ਸਾਡੇ ਸਭਿਆਚਾਰ ਦਾ ਨਾਸ਼ ਮਾਰ ਦਿੱਤਾ ਹੈ। ਮੋਹ ਭਿੱਜੇ ਗੀਤ ਲੋਪ ਹੋ ਗਏ ਹਨ। ਵਿਆਂਹ ਬਿਜ਼ਨਸ ਬਣ ਗਏ ਹਨ। ਬਣਾਉਟੀ ਮਾਮੇ ਮਾਮੀਆਂ ਬਣਦੇ ਹਨ। ਅਸਲੀ ਮਾਮਾ ਤਾਂ ਇਕ ਘੰਟੇ ਲਈ ਵਿਆਹ ਵਿਚ ਸ਼ਾਮਲ ਹੁੰਦਾ ਹੈ। ਅਜਿਹੇ ਹਾਲਾਤ ਵਿਚ ਪਿਆਰ ਮੁਹੱਬਤ ਕਿਥੇ ਨਿਭ ਸਕਦੀ। ਸੰਸੇ ਰੋਟੀ ਦੇ/ਗੀਤ ਪੇਟ ਦੇ ਗਾਵਾਂ/ਮਹਿਬੂਬ ਜਦੋਂ ਮਾਹੀ ਬਣਦਾ ਹੈ, ਆਪਣੇ ਕੰਮਾਂ-ਕਾਰਾਂ ਵਿਚ ਉਲਝ ਕੇ ਰਹਿ ਜਾਂਦਾ ਹੈ। ਆਪਣੇ ਦੇਸ ਦੀ ਆਰਥਕ ਤਸਵੀਰ ਵੀ ਬੜੀ ਮੱਧਮ ਹੈ; ਫਿਕਰਾਂ ਦੇ ਵਿਚ ਆਪਾਂ ਮਰਦੇ/ਕਿਵੇਂ ਗੁਜ਼ਾਰਾ ਕਰਨਾ।

ਪੰਜਾਬ ਵਿਚੋਂ ਕਿਰਤ ਸਭਿਆਚਾਰ ਦਾ ਗਾਇਬ ਹੋਣਾ ਵੱਡੀ ਸਮੱਸਿਆ ਹੈ। ਜਵਾਨੀ ਕੰਮ ਵਲੋਂ ਮੁੱਕਰ ਗਈ ਹੈ। ਵਿਦੇਸ਼ ਵਿਚ ਜਾ ਕੇ ਏਹੀ ਨਿਗੂਣੇ ਕੰਮ ਖੁਸ਼ ਹੋ ਕੇ ਕਰਦੇ ਹਨ; ਸੋਲਾਂ ਪੜ੍ਹ ਗਿਆ ਦਿਉਰ ਨੀ ਮੇਰਾ/ਖੇਤੀਂ ਪੈਰ ਨਹੀਂ ਧਰਦਾ/ਬਾਹਰ ਜਾਣ ਦਾ ਰੱਟਾ ਲਾਇਆ/ ਪੈਲੀ 'ਤੇ ਲੈ ਲਿਆ ਕਰਜ਼ਾ/ਨੀ ਹੁਣ ਉਥੇ ਜਾ ਕੇ /ਫਰਮ 'ਚ ਕੰਮ ਕਰਦਾ/ਵਿਦੇਸ਼ ਵਿਚ ਜਾ ਕੇ ਬਹੁਤਾ ਕੰਮ ਕਰਨਾ ਪੈਂਦਾ ਹੈ। ਕਰਜ਼ੇ ਵਿਚ ਬੰਦਾ ਸਾਰੀ ਉਮਰ ਲਈ ਧੱਸ ਜਾਂਦਾ ਹੈ।

ਇੰਜ ਬਖ਼ਸ਼ ਨੂੰ ਦੇਸੀ ਬਦੇਸ਼ੀ ਜੀਵਨ ਦੀ ਪੂਰੀ ਜਾਣਕਾਰੀ ਹੈ। ਨਵੀਂ ਦੁਨੀਆ ਪਬਲੀਕੇਸ਼ਨਜ਼ (ਐਡਮੰਟਨ) ਐਲਬਰਟਾ ਕੈਨੇਡਾ ਵਲੋਂ ਪ੍ਰਕਾਸ਼ਤ , 280 ਸਫ਼ਿਆਂ ਵਿਚ ਫੈਲੀ ਇਹ ਸੁੰਦਰ ਦਿੱਖ ਵਾਲੀ ਪੁਸਤਕ, ਜਿਥੇ ਪਾਠਕ ਦੀ ਜਾਣਕਾਰੀ ਵਿਚ ਵਾਧਾ ਕਰੇਗੀ ਉਥੇ ਸਮਾਜ ਭਲਾਈ ਨੂੰ ਸਮਰਪਤ ਬਖ਼ਸ਼ ਦੀਆਂ ਇਹ ਬੋਲੀਆਂ ਪਾਠਕ ਦਾ ਚੰਗਾ ਦਿਲਪ੍ਰਚਾਵਾ ਵੀ ਕਰਨਗੀਆਂ।

'ਨਵੀਂ ਦੁਨੀਆ' ਦੀ ਪੰਜਾਬੀ ਅਦਬ ਵਿਚ ਨਵੀਂ ਪਹਿਲ
ਨਵੀਂ ਦੁਨੀਆ ਪ੍ਰਕਾਸ਼ਨ
ਲੇਖਕ ਮਿਆਰੀ ਕਿਤਾਬਾਂ ਰਿਆਇਤੀ ਦਰਾਂ 'ਤੇ
ਛਪਵਾਉਣ ਲਈ ਸੰਪਰਕ ਕਰਨ
ਫ਼ੋਨ : 780 465 9118
ਫ਼ੈਕਸ : 780 465 0661
Email : info@nawidunia.com

BELL
STUCCO & RENOVATION
Residential
Commertial
ਰੈਨੋਵੇਸ਼ਨ ਦੇ ਕੰਮ ਲਈ ਵਰਕਰ ਦੀ ਲੋੜ ਹੈ ।
• ਹਰੇਕ ਕਿਸਮ ਦੀ ਰੈਨੋਵੇਸ਼ਨ
• ਸਾਇਡਿੰਗ ਸੌਫਟ, ਫੇਸਿਆ
• ਕਿਸੇ ਵੀ ਕਿਸਮ ਦੀ ਨਵੀਂ ਸੱਟਕੋ ਕਰਵਾਉਣ ਲਈ
FACIA
SOCKET
RENOVATION
Call: ਅਮਰ (AMAR)
780 271 2266
Fax: 780 463 7363

# ਕਿੰਨਾ ਕੁ ਜ਼ਰੂਰੀ ਹੈ ਸੈਰ ਕਰਨਾ



ਤੁਰਨਾ-ਫਿਰਨਾ ਸਿਹਤ ਲਈ ਬਹੁਤ ਹੀ ਜ਼ਰੂਰੀ ਹੈ। ਇਹ ਸਰੀਰ ਨੂੰ ਤਾਜ਼ਗੀ ਅਤੇ ਮਜ਼ਬੂਤੀ ਪ੍ਰਦਾਨ ਕਰਨ ਤੋਂ ਇਲਾਵਾ ਸਵੈ-ਵਿਸ਼ਵਾਸ ਵੀ ਪੈਦਾ ਕਰਦਾ ਹੈ ਪਰ ਅੱਜ-ਕੱਲ੍ਹ ਦੀ ਭੱਜ-ਦੌੜ ਵਾਲੀ ਜ਼ਿੰਦਗੀ ਵਿਚ ਸਾਡੇ ਲਈ ਆਪਣੀ ਸਿਹਤ ਲਈ ਸਮਾਂ ਕੱਢਣਾ ਬਹੁਤ ਔਖਾ ਹੋ ਗਿਆ ਹੈ, ਜਿਸ ਕਰ ਕੇ ਸਰੀਰ 'ਤੇ ਤਣਾਅ-ਚਿੰਤਾ ਦਾ ਅਸਰ ਵਧਦਾ ਜਾ ਰਿਹਾ ਹੈ ਅਤੇ ਮਨੁੱਖ ਅਨੇਕਾਂ ਬਿਮਾਰੀਆਂ ਵਿਚ ਘਿਰਦਾ ਜਾ ਰਿਹਾ ਹੈ। ਬਹੁਤੀਆਂ ਬਿਮਾਰੀਆਂ ਦੀ ਜੜ੍ਹ ਚਿੰਤਾ ਹੀ ਹੈ। ਚਿੰਤਾ ਤੰਦਰੁਸਤ ਸਰੀਰ ਨੂੰ ਵੀ ਖੋਖਲਾ ਬਣਾ ਦਿੰਦੀ ਹੈ ਤੇ ਮਰੀਜ਼ ਤਣਾਅ ਦਾ ਸ਼ਿਕਾਰ ਹੋ ਜਾਂਦਾ ਹੈ। ਇਨ੍ਹਾਂ ਸਭ ਨਤੀਜਿਆਂ ਤੋਂ ਬਚਣ ਵਾਸਤੇ ਸੈਰ ਕਰਨੀ ਬੇਹੱਦ ਜ਼ਰੂਰੀ ਹੈ। ਰੋਜ਼ਾਨਾ ਅੱਧੇ ਘੰਟੇ ਦੀ ਸੈਰ ਸਰੀਰ ਨੂੰ ਤੰਦਰੁਸਤ ਰੱਖਣ ਲਈ ਲਾਭਦਾਇਕ ਸਿੱਧ ਹੋਈ ਹੈ।

## ਸੈਰ ਕਰਨ ਦੇ ਫ਼ਾਇਦੇ

- ਰੋਜ਼ਾਨਾ ਸੈਰ ਕਰਨ ਨਾਲ ਮਨ ਖਿੜਿਆ ਰਹਿੰਦਾ ਹੈ। ਇਸ ਨਾਲ ਸਰੀਰ ਦੇ ਸੈੱਲ ਵੀ ਤਰੋ-ਤਾਜ਼ਾ ਹੋ ਜਾਂਦੇ ਹਨ ਅਤੇ ਮੁੜ ਊਰਜਾਵਾਨ ਹੋ ਕੇ ਆਪਣੇ ਕੰਮਾਂ ਵਿਚ ਜੁਟ ਜਾਂਦੇ ਹਨ।
- ਹਫ਼ਤੇ ਵਿਚ ਤਿੰਨ ਵਾਰੀ ਕੀਤੀ 30 ਮਿੰਟਾਂ ਦੀ ਸੈਰ ਦਿਲ ਲਈ ਫ਼ਾਇਦੇਮੰਦ ਸਾਬਤ ਹੋਈ ਹੈ। ਇਹ ਦਿਲ ਅਤੇ ਫੇਫੜਿਆਂ ਨੂੰ ਮਜ਼ਬੂਤੀ ਪ੍ਰਦਾਨ ਕਰਦੀ ਹੈ। ਇਸ ਤਰ੍ਹਾਂ ਹੌਲੀ-ਹੌਲੀ ਸਰੀਰ ਦੀ ਸੈਰ ਕਰਨ ਅਤੇ ਬਿਨਾਂ ਥਕਾਵਟ ਤੋਂ ਕੰਮ ਕਰਨ ਦੀ ਸਮਰੱਥਾ ਵਧਦੀ ਹੈ।



- ਸੈਰ ਕਰਨ ਨਾਲ ਕੋਲੈਸਟ੍ਰੋਲ ਵੀ ਘਟਦਾ ਹੈ, ਜਿਸ ਨਾਲ ਦਿਲ ਜਵਾਨ ਰਹਿੰਦਾ ਹੈ ਅਤੇ ਦਿਲ ਦੇ ਦੌਰੇ ਦਾ ਖ਼ਤਰਾ ਵੀ ਘਟ ਜਾਂਦਾ ਹੈ।
- ਸੈਰ ਕਰਨ ਨਾਲ ਚਿੰਤਾ ਵਧਾਉਣ ਵਾਲੇ ਹਾਰਮੋਨ ਘਟ ਜਾਂਦੇ ਹਨ ਅਤੇ 'ਬੀਟਾ ਐਂਡੋਰਫਿਨ' ਨਾਮਕ ਚਿੰਤਾ ਘਟਾਉਣ ਵਾਲੇ ਹਾਰਮੋਨ ਵਧ ਜਾਂਦੇ ਹਨ। ਇਸ ਤਰ੍ਹਾਂ ਸੈਰ ਤਣਾਅਗ੍ਰਸਤ ਰੋਗੀਆਂ ਲਈ ਕਾਫ਼ੀ ਕਾਰਗਰ ਸਾਬਤ ਹੋਈ ਹੈ।
- ਤਕਰੀਬਨ 20 ਮਿੰਟਾਂ ਦੀ ਤੇਜ਼ ਸੈਰ ਕਰਨ ਤੋਂ ਬਾਅਦ ਹੌਲੀ-ਹੌਲੀ ਰਫ਼ਤਾਰ ਘਟਾ ਦੇਣੀ ਚਾਹੀਦੀ ਹੈ। ਇਸ ਨਾਲ ਸਰੀਰ ਦੇ ਵੱਖ-ਵੱਖ ਅੰਗਾਂ ਅਤੇ ਮਾਸਪੇਸ਼ੀਆਂ ਦੀ ਲਚਕਤਾ ਵਧਦੀ ਹੈ।
- ਉਮਰ ਦੇ ਨਾਲ ਹੱਡੀਆਂ ਕਮਜ਼ੋਰ ਹੋ ਕੇ ਭੁਰਨ ਲੱਗ ਜਾਂਦੀਆਂ ਹਨ। ਇਸ 'ਓਸਟੀਓਪੋਰੋਸਿਸ' ਨਾਮਕ ਬਿਮਾਰੀ ਤੋਂ ਬਚਣ ਲਈ ਹਫ਼ਤੇ ਵਿਚ ਚਾਰ ਵਾਰੀ ਅੱਧਾ ਘੰਟਾ ਸੈਰ ਲਈ ਜ਼ਰੂਰ ਜਾਣਾ ਚਾਹੀਦਾ ਹੈ।
- ਸੈਰ ਮਾਨਸਿਕ ਤੌਰ 'ਤੇ ਵੀ ਸਰੀਰ ਨੂੰ ਤੰਦਰੁਸਤ ਰੱਖਦੀ ਹੈ। ਸੈਰ ਕਰਨ ਤੋਂ ਬਾਅਦ ਸਰੀਰ ਥਕਾਵਟ ਮਹਿਸੂਸ ਕਰਦਾ ਹੈ ਅਤੇ ਇਸ ਤਰ੍ਹਾਂ ਨੀਂਦ ਵੀ ਵਧੀਆ ਆਉਂਦੀ ਹੈ।
- ਸਰੀਰ ਦਾ ਸੁਰੱਖਿਆਤੰਤਰ ਵੀ ਸੈਰ ਕਰਨ ਨਾਲ ਮਜ਼ਬੂਤ ਹੁੰਦਾ ਹੈ ਅਤੇ ਸਰੀਰ ਦੀ ਬਿਮਾਰੀਆਂ ਨਾਲ ਲੜਨ ਦੀ ਸ਼ਕਤੀ ਵਧ ਜਾਂਦੀ ਹੈ।
- ਸ਼ੂਗਰ ਦੇ ਮਰੀਜ਼ਾਂ ਲਈ ਰੋਜ਼ਾਨਾ ਅੱਧੇ ਘੰਟੇ ਦੀ ਸੈਰ ਬਹੁਤ ਜ਼ਰੂਰੀ ਹੈ। ਸੈਰ ਕਰਨ ਨਾਲ ਕੈਂਸਰ ਦਾ ਖ਼ਤਰਾ ਵੀ ਘਟ ਜਾਂਦਾ ਹੈ। ਸੈਰ ਕਰਨ ਨਾਲ ਭਾਰ ਘਟਦਾ ਹੈ ਅਤੇ ਬਲੱਡ-ਪ੍ਰੈੱਸ਼ਰ ਵੀ ਠੀਕ ਰਹਿੰਦਾ ਹੈ। ਇਸ ਕਰ ਕੇ ਬਲੱਡ-ਪ੍ਰੈੱਸ਼ਰ ਜ਼ਿਆਦਾ ਰਹਿਣ ਵਾਲੇ ਮਰੀਜ਼ਾਂ ਲਈ ਸੈਰ ਬਹੁਤ ਜ਼ਰੂਰੀ ਹੈ।




ਅੱਜ ਦੀ ਤੇਜ਼ ਰਫ਼ਤਾਰ ਜ਼ਿੰਦਗੀ 'ਚ ਵੱਧ ਰਹੇ ਪੀੜ੍ਹੀ-ਪਾੜ੍ਹੇ ਨੂੰ ਘਟਾਉਣ ਦੀ ਕੋਸ਼ਿਸ਼ ਲਈ ਯਤਨਸ਼ੀਲ

ਪੰਜਾਬੀ ਕਲਚਰਲ ਐਸੋਸੀਏਸ਼ਨ ਆਫ਼ ਅਲਬਰਟਾ

Punjabi Cultural Association of Alberta

ਵਲੋਂ ਬੱਚਿਆਂ ਲਈ ਗਰਮੀਆਂ ਦੀਆਂ ਛੁੱਟੀਆਂ ਵਿਚ

ਪੰਜਾਬੀ (ਭਾਸ਼ਾ ਅਤੇ ਨਾਚ), ਅੰਗਰੇਜ਼ੀ ਅਤੇ ਹਿਸਾਬ

ਸਿਖਲਾਈ ਪ੍ਰੋਗਰਾਮ

6 ਜੁਲਾਈ ਤੋਂ 30 ਜੁਲਾਈ 2015



ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ KG ਤੋਂ 7 ਗਰੇਡ ਤੱਕ ਦੇ ਬੱਚੇ ਟੀ.ਡੀ ਬੇਕਰ ਯੂਨੀਅਰ ਹਾਈ ਸਕੂਲ (1750 Millwoods RD East) ਸਕੂਲ ਵਿਚ ਸਿੱਖਿਅਤ ਅਤੇ ਯੋਗ ਅਧਿਆਪਕਾਂ ਕੋਲੋਂ ਪੰਜਾਬੀ ਸਕੂਲ ਦਾ ਫਾਇਦਾ ਉਠਾ ਸਕਦੇ ਹਨ। ਇਹ ਸਕੂਲ ਚਾਰ ਹਫ਼ਤਿਆਂ ਲਈ ਸੋਮਵਾਰ, ਮੰਗਲਵਾਰ, ਬੁੱਧਵਾਰ ਅਤੇ ਵੀਰਵਾਰ 12:30 ਤੋਂ 4:30 ਵਜੇ ਤੱਕ 6 ਜੁਲਾਈ ਤੋਂ 30 ਜੁਲਾਈ 2015 ਤੱਕ ਲਗਾਇਆ ਜਾਵੇਗਾ।

ਦਾਖਲੇ ਲਈ ਫੀਸ $60

ਦਾਖਲਾ ਫ਼ਾਰਮ ਭਰਨ ਲਈ
31 ਮਈ ਅਤੇ 07 ਜੂਨ 2015 ਨੂੰ
ਸਮਾਂ: 1 ਤੋਂ 3, ਸਥਾਨ # 101, 9158-23 ਐਵਿਨਿਊ

ਯੋਗ ਅਧਿਆਪਕਾਂ ਦੀ ਲੋੜ ਹੈ।

ਨੋਟ: ਥੋੜ੍ਹੀਆਂ ਹੀ ਸੀਟਾਂ ਉਪਲਬਧ ਹਨ। ਪਹਿਲਾਂ ਆਓ ਪਹਿਲਾਂ ਪਾਓ ਦੇ ਅਧਾਰ 'ਤੇ ਦਾਖਲਾ ਦਿੱਤਾ ਜਾਵੇਗਾ।

In association with Edmonton Public School and City of Edmonton, Punjabi Cultural Association presents Punjabi Summer Camp, where children can learn Punjabi, English and Math. This camp will be held at TD Baker Junior High School (1750 Millwoods RD East) from 12:30 to 4:30, Monday to Thursday from 06 July to 30 July. Please do not contact J Perey Page School directly.

Note: Need Qualified Teachers. Please send your resume at PCAAlberta@hotmail.com

For information Please Contact:
Varinder Bhullar : 780-966-3121, Kuldip Dhaliwal : 780-278-0627
Or pcaalberta@hotmail.com



ANKUR
Multicultural Association for Performing Arts
Estd. March 05, 2007
Presents Dazzling Multicultural Entertainment
June 27, 2015; 7:00 PM
Royal Alberta Museum, 12845-102 Avenue, Edmonton T5N 0M6



Cuban Movements Dance School
Jhankar Bits Dance Group
Sitar Soul of Music
Philippine Barangay Performing Arts Society
Nadiya Ukrainian Choreographic Ensemble

For tickets please contact:
Adults....................$10.00
Child(<13 yrs)............$5.00
Brittany......(780) 236-2748
Frankline....(780) 709-0965
Savita.........(780) 440-3207
Indranil.......(780) 707-3796
Joann.........(780) 293-4322
Maria..........(780) 655-2213
http://www.ankurcanada.org

# ਵੈਸਟ ਕੋਸਟ ਕਿੰਗਜ਼ ਫੀਲਡ ਹਾਕੀ ਕਲੱਬ ਨੇ ਮੁੜ ਸੀਨੀਅਰ ਖ਼ਿਤਾਬ ਜਿੱਤਿਆ



ਕੈਲਗਰੀ (ਨਦਬ) ਇੱਥੋਂ ਦੇ ਜੈਨਸਿਸ ਸੈਂਟਰ ਵਿਚ ਹੋਏ 18ਵੇਂ ਹਾਕਸ ਗੋਲਡ ਕੱਪ ਫੀਲਡ ਹਾਕੀ ਟੂਰਨਾਮੈਂਟ ਵਿਚ ਪਿਛਲੇ ਸਾਲ ਦੀ ਚੈਂਪੀਅਨ ਟੀਮ ਵੈਸਟ ਕੋਸਟ ਕਿੰਗਜ਼ ਫੀਲਡ ਹਾਕੀ ਕਲੱਬ ਨੇ ਇਸ ਵਾਰ ਵੀ ਬਾਜ਼ੀ ਮਾਰ ਲਈ ਹੈ। ਜ਼ਿਕਰਯੋਗ ਹੈ ਕਿ ਇਹ ਟੂਰਨਾਮੈਂਟ ਕਿੰਗਜ਼ ਇਲੈਵਨ ਫੀਲਡ ਹਾਕੀ ਕਲੱਬ ਕੈਲਗਰੀ ਵਲੋਂ ਕਰਵਾਇਆ ਗਿਆ ਸੀ। ਇਸ ਟੂਰਨਾਮੈਂਟ ਮੇਜ਼ਬਾਨ ਟੀਮ ਹੀ ਉਪ ਜੇਤੂ ਰਹੀ। ਜੂਨੀਅਰ ਵਰਗ ਵਿਚ ਕਿੰਗਜ਼ ਇਲੈਵਨ ਹਾਕੀ ਕਲੱਬ ਹੀ ਜੇਤੂ ਰਿਹਾ।

ਵੈਸਟ ਕੋਸਟ ਕਿੰਗਜ਼ ਫੀਲਡ ਹਾਕੀ ਕਲੱਬ ਦੀ ਟੀਮ ਨੇ ਫਾਈਨਲ ਮੈਚ ਵਿਚ ਕਿੰਗਜ਼ ਇਲੈਵਨ ਦੀ ਟੀਮ ਨੂੰ 11-5 ਦੇ ਫਰਕ ਨਾਲ ਹਰਾਇਆ। ਦਰਸ਼ਕਾਂ ਨੂੰ ਫਾਈਨਲ ਮੈਚ ਫਸਵਾਂ ਹੋਣ ਦੀ ਉਮੀਦ ਸੀ ਪਰ ਕੌਮਾਂਤਰੀ ਖਿਡਾਰੀਆਂ ਨਾਲ ਸਜੀ ਵੈਸਟ ਕੋਸਟ ਦੀ ਟੀਮ ਨੇ ਮੈਚ ਨੂੰ ਇਕ ਪਾਸੜ ਕਰ ਦਿੱਤਾ। ਇਸ ਮੈਚ ਵਿਚ ਜੇਤੂ ਟੀਮ ਵਲੋਂ ਪਾਕੋ ਔਗੀਲਰ ਨੇ ਪੰਜ ਗੋਲ਼ ਦਾਗ਼ ਕੇ ਜਿੱਤ ਲਈ ਰਾਹ ਪੱਧਰਾ ਕਰ ਦਿੱਤਾ। ਮੈਚ ਵਿਚ ਖਿਡਾਰੀ ਗਗਨ ਥਿੰਦ ਅਤੇ ਜਗਦੀਸ਼ ਗਿੱਲ ਨੇ 2-2, ਸੁਖਵਿੰਦਰ ਗੱਬਰ ਅਤੇ ਗਿਆਨ ਸਿੰਘ ਨੇ 1-1 ਗੋਲ ਕੀਤਾ।

ਸੀਨੀਅਰ ਵਰਗ ਵਿਚ ਪਾਕੋ ਔਗੀਲਰ ਅਤੇ ਜੂਨੀਅਰ ਵਰਗ ਵਿਚ ਪਰਮਵੀਰ ਸਿੰਘ ਸਿੱਧੂ ਨੂੰ ਟੂਰਨਾਮੈਂਟ ਦਾ ਬਿਹਤਰੀਨ ਖਿਡਾਰੀ ਐਲਾਨਿਆ ਗਿਆ। ਟੂਰਨਾਮੈਂਟ ਵਿਚ ਕੌਮਾਂਤਰੀ ਖਿਡਾਰੀ ਤਰਲੋਕ ਸਿੰਘ ਭੁੱਲਰ ਅਤੇ ਓਂਕਾਰ ਸਿੰਘ ਢੀਂਡਸਾ ਨੇ ਮੈਚਾਂ ਦੀ ਐਪਾਇਰਿੰਗ ਕੀਤੀ। ਇਨਾਮ ਵੰਡ ਸਮਾਗਮ ਵਿਚ ਪਾਲੀ ਵਿਰਕ, ਹਰਪਿੰਦਰ ਸਿੱਧੂ, ਦਲਵਿੰਦਰ ਸਿੰਘ ਗਿੱਲ, ਨਰਿੰਦਰਪਾਲ ਸਿੰਘ ਔਜਲਾ, ਕੁਲਦੀਪ ਸਿੰਘ ਕੁਲਾਰ, ਹਰਪ੍ਰੀਤ ਕੁਲਾਰ, ਬੌਬੀ ਕੁਲਾਰ, ਬੀਜਾ ਰਾਮ, ਕੁਲਦੀਪ ਸਿੰਘ ਸਿੱਧੂ, ਦਲਜੀਤ ਸਿੰਘ ਪੂਰਬਾ ਸ਼ਾਮਲ ਹੋਏ।

# ਕਨੇਡਾ 'ਚ ਕਰਵਾਈ ਗਈ 5ਵੀਂ ਸਾਲਾਨਾ ਵੀਲ੍ਹ ਚੇਅਰ ਰੇਸ

ਟੋਰਾਂਟੋ (ਨਦਬ) : ਕਨੇਡਾ 'ਚ ਅੰਗਹੀਣ ਵਿਅਕਤੀਆਂ ਲਈ ਕੰਮ ਕਰਨ ਵਾਲੀ ਸੰਸਥਾ ਕਨੇਡੀਅਨ ਸਾਊਥ ਏਸ਼ੀਅਨ ਸਪੋਰਟਿੰਗ ਇੰਡਿਪੈਂਡੈਂਟ ਲੀਵਿੰਗ ਵੱਲੋਂ ਅੰਗਹੀਣ ਵਿਅਕਤੀਆਂ ਦੀ ਮਦਦ ਕਰਨ ਲਈ ਫੰਡ ਇਕੱਠ ਕਰਨ ਵਾਸਤੇ 5ਵੀਂ ਸਾਲਾਨਾ ਵੀਲ੍ਹ ਚੇਅਰ ਰੇਸ ਬਰੈਂਪਟਨ ਸੌਕਰ ਸੈਂਟਰ ਵਿਖੇ ਕਰਵਾਈ ਗਈ ਜਿਸ ਵਿੱਚ ਕੈਨੇਡਾ ਦੇ ਖੇਡ ਰਾਜ ਮੰਤਰੀ ਬਲ ਗੋਸਲ, ਐਮ. ਪੀ. ਪਰਮ ਗਿੱਲ, ਸੂਬਾਈ ਮੰਤਰੀ ਬੀਬਾ ਹਰਿੰਦਰ ਕੌਰ ਮੱਲ੍ਹੀ ਅਤੇ ਸਿਟੀ ਕੌਂਸਲਰ ਸ. ਗੁਰਪ੍ਰੀਤ ਸਿੰਘ ਢਿੱਲੋਂ ਆਦਿ ਜਿੱਥੇ ਵਿਸ਼ੇਸ਼ ਤੌਰ 'ਤੇ ਪਹੁੰਚੇ ਹੋਏ ਸਨ ਉੱਥੇ ਹੀ ਮੁੱਖ ਸਪਾਂਸਰ ਬੀਬਾ ਨਵਦੀਪ ਗਿੱਲ ਚੀਮਾ, ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਸ. ਜਗਦੀਸ਼ ਸਿੰਘ ਗਰੇਵਾਲ, ਸ਼੍ਰੋਮਣੀ ਅਕਾਲੀ ਦਲ ਯੂਥ ਵਿੰਗ ਵੱਲੋਂ ਸ. ਜਸਮੇਰ ਸਿੰਘ ਢੱਟ, ਸ. ਸੁਖਵਿੰਦਰ ਸਿੰਘ ਸੀਲੋਆਣੀ ਅਤੇ ਮਨਨ ਗੁਪਤਾ ਤੋਂ ਇਲਾਵਾ ਵੱਖ-ਵੱਖ ਭਾਈਚਾਰਿਆਂ ਦੇ ਅਨੇਕਾਂ ਹੀ ਲੋਕ ਇਸ ਮੌਕੇ ਮੌਜੂਦ ਸਨ। ਸਟੇਜ ਦੀ ਕਾਰਵਾਈ ਸਹਾਇਤਾ ਸੰਸਥਾ ਦੇ ਕਰਮਜੀਤ ਸਿੰਘ ਗਿੱਲ ਨੇ ਨਿਭਾਈ। ਨੌਜਵਾਨ ਗਾਇਕ ਜੱਸੀ ਧੰਜਲ ਨੇ ਆਪਣੇ ਗੀਤਾਂ ਰਾਹੀਂ ਹਾਜ਼ਰੀ ਲੁਆਈ। ਇਸ ਵੀਲ੍ਹ ਚੇਅਰ ਰੇਸ 'ਚ ਤਕਰੀਬਨ 12 ਟੀਮਾਂ ਨੇ ਹਿੱਸਾ ਲਿਆ। ਤਿੰਨ-ਤਿੰਨ ਮੈਂਬਰਾਂ ਵਾਲੀ ਹਰ ਇੱਕ ਟੀਮ ਨੇ ਸਮਾਂ ਬੱਧ ਤਰੀਕੇ ਨਾਲ ਕੁਝ ਇੱਕ ਸ਼ਰਤਾਂ ਸਹਿਤ ਤਕਰੀਬਰ ਅੱਧਾ ਕਿਲੋਮੀਟਰ ਦੀ ਆਪਣੀ ਦੌੜ ਪੂਰੀ ਕੀਤੀ। ਰੇਸ ਦੌਰਾਨ ਅੰਮ੍ਰਿਤ ਬਾਜਵਾ ਅਤੇ ਪ੍ਰਭ ਸਿਮਰਨ ਦੀ ਟੀਮ ਨੇ ਪਹਿਲਾ ਸਥਾਨ, ਦਲਜੀਤ ਢੀਂਡਸਾ ਦੀ ਟੀਮ ਨੇ ਦੂਜਾ ਸਥਾਨ ਅਤੇ ਸ਼੍ਰੋਮਣੀ ਯੂਥ ਅਕਾਲੀ ਦਲ ਦੀ ਟੀਮ ਨੇ ਤੀਜਾ ਸਥਾਨ ਪ੍ਰਾਪਤ ਕੀਤਾ ਜਿਨ੍ਹਾਂ ਨੂੰ ਪ੍ਰਬੰਧਕਾਂ ਅਤੇ ਭਾਈਚਾਰਕ ਆਗੂਆਂ ਵੱਲੋਂ ਸਨਮਾਨਿਤ ਵੀ ਕੀਤਾ ਗਿਆ।



# ਕੈਲਗਰੀ ਹਾਕਸ ਨੇ ਜਿੱਤਿਆ 18ਵਾਂ ਹਾਕਸ ਗੋਲਡ ਕੱਪ ਹਾਕੀ ਟੂਰਨਾਮੈਂਟ

ਕੈਲਗਰੀ (ਨਦਬ) : ਕੈਲਗਰੀ ਹਾਕਸ ਫ਼ੀਲਡ ਹਾਕੀ ਅਕੈਡਮੀ ਵੱਲੋਂ 18ਵਾਂ ਸਾਲਾਨਾ ਹਾਕਸ ਗੋਲਡ ਕੱਪ ਹਾਕੀ ਟੂਰਨਾਮੈਂਟ ਕਰਵਾਇਆ ਗਿਆ, ਜਿਸ ਵਿਚ ਓਪਨ ਵਰਗ 10 ਟੀਮਾਂ, ਅੰਡਰ-10 ਸਾਲ 4 ਟੀਮਾਂ, ਅੰਡਰ-13 ਸਾਲ 4 ਟੀਮਾਂ ਅਤੇ ਅੰਡਰ-16 ਸਾਲ 6 ਟੀਮਾਂ ਨੇ ਹਿੱਸਾ ਲਿਆ।ਇਸ ਟੂਰਨਾਮੈਂਟ ਦੇ ਸੀਨੀਅਰ ਵਰਗ ਵਿੱਚ ਕੈਨੇਡਾ ਅਤੇ ਅਮਰੀਕਾ ਤੋਂ 9 ਟੀਮਾਂ ਭਾਗ ? ਜਿਹਨਾਂ ਨੂੰ ਦੋ ਪੂਲਾਂ ਵਿੱਚ ਵੰਡਿਆ ਗਿਆ । ਪੂਲ 'ਏ' ਵਿੱਚ ਟੋਬਾ ਵਾਰੀਅਰਜ਼ (ਮੈਨੀਟੋਬਾ), ਸੁਰਜੀਤ ਕਲੱਬ ਲੋਪੋਂ,ਸਸਕਾਟੂਨ, ਐਡਮਿੰਟਨ ਯੂਥ ਫੀਲਡ ਹਾਕੀ ਕਲੱਬ(ਵਾਈਟ), ਕੈਲਗਰੀ(ਰੈੱਡ) ਦੀਆਂ ਟੀਮਾਂ ਜਦ ਕਿ ਪੂਲ 'ਬੀ' ਵਿੱਚ ਫੇਅਰ ਫੀਲਡ ਈਗਲਜ਼ ਕਲੱਬ ਸੈਕਰਾਮੈਂਟੋ(ਅਮਰੀਕਾ), ਐਡਮਿੰਟਨ ਯੂਥ ਫੀਲਡ ਹਾਕੀ ਲੱਬ(ਰੈੱਡ),ਕੈਲਗਰੀ(ਬਲੈਕ)ਅਤੇ ਯੂਨਾਈਟਿਡ ਬ੍ਰਦਰਜ਼ ਕਲੱਬ,ਕੈਲਗਰੀ ਦੀਆਂ ਟੀਮਾਂ ਨੂੰ ਰਖਿਆ ਗਿਆ । ਤਰਕਸ਼ੀਲ ਸਾਹਿੱਤ ਦੀ ਪ੍ਰਦਰਸ਼ਨੀ ਦੋ ਦਿਨ ਚੱਲ; । ਕੈਲਗਰੀ ਵਿੱਚ ਚੰਗੇ ਤੇ ਉਸਾਰੂ ਸਾਹਿੱਤ ਨਾਲ਼ ਆਮ ਲੋਕਾਂ ਵਿੱਚ ਵਿਗਿਆਨਿਕ ਸੋਚ ਪੈਦਾ ਕਰਨ ਲਈ ਵਚਨਬੱਧ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਵਲੋਂ ਇਹ ਪ੍ਰਦਰਸ਼ਨੀ ਲਗਾਈ ਪ੍ਰੋਫੈਸਰ ਦਲਜਿੰਦਰ ਸਿੰਘ ਦੇ ਭੰਗੜਾ ਕਲੱਬ ਅਤੇ ਯੰਗ ਭੰਗੜਾ ਕਲੱਬ ਦੀਆਂ ਟੀਮਾਂ ਪੰਜਾਬੀ ਲੋਕ ਨਾਚਾਂ ਦੀਆਂ ਵੰਨਗੀਆਂ ਪੇਸ਼ .

ਟੂਰਨਾਮੈਂਟ ਵਿਚ ਵਿਸ਼ੇਸ਼ ਤੌਰ 'ਤੇ ਸੰਸਦ ਮੈਂਬਰ ਦਵਿੰਦਰ ਸ਼ੋਰੀ ਅਤੇ ਦਰਸ਼ਨ ਸਿੰਘ ਕੰਗ ਸਾਬਕਾ ਵਿਧਾਇਕ ਖਿਡਾਰੀਆਂ ਨੂੰ ਅਸ਼ੀਰਵਾਦ ਦੇਣ ਲਈ ਪਹੁੰਚੇ। ਇਸ ਸਮੇਂ ਕੈਲਗਰੀ ਬਲੈਕ ਅਤੇ ਕੈਲਗਰੀ ਹਾਕਸ ਵਿਚ ਮੁੱਖ ਮੁਕਾਬਲਾ ਕਰਵਾਇਆ ਗਿਆ। ਮੈਚ ਬਰਾਬਰ ਰਹਿਣ ਕਰਕੇ 4-4 ਪਲੈਨਟੀਆਂ ਦੇਣ ਕਰਕੇ ਕੈਲਗਰੀ ਹਾਕਸ ਨੇ ਪਹਿਲਾ ਸਥਾਨ ਹਾਸਲ ਕੀਤਾ। ਇਸ ਸਮੇਂ ਕਰਵਾਏ 10 ਸਾਲ ਵਰਗ ਵਿਚ ਐਡਮਿੰਟਨ ਨੇ ਪਹਿਲਾ ਸਥਾਨ, ਕੈਲਗਰੀ ਦੂਜਾ, 13 ਸਾਲ ਵਿਚ ਐਡਮਿੰਟਨ ਪਹਿਲਾ, ਕੈਲਗਰੀ ਦੂਜਾ ਅਤੇ 16 ਸਾਲ ਦੇ ਵਿਚ ਕਰਵਾਏ ਮੁਕਾਬਲੇ ਵਿਚ ਹਾਕਸ ਐਕਡਮੀ ਨੇ ਪਹਿਲਾ ਅਤੇ ਐਡਮਿੰਟਨ ਨੇ ਦੂਜਾ ਸਥਾਨ ਹਾਸਲ ਕੀਤਾ। ਇਸ ਸਮੇਂ ਰੱਸਾਕਸ਼ੀ ਦੇ ਕਰਵਾਏ ਮੁਕਾਬਲਿਆਂ ਵਿਚ ਫਰੈਂਡਸ ਕਲੱਬ ਕੈਲਗਰੀ ਨੇ ਪਹਿਲਾ ਅਤੇ ਦੇਸ਼ ਭਗਤ ਸਪੋਰਟਸ ਕਲੱਬ ਢੁੱਡੀਕੇ ਨੇ ਦੂਜਾ ਸਥਾਨ ਹਾਸਲ ਕੀਤਾ। ਇਨਾਮਾਂ ਦੀ ਵੰਡ ਮਨਮੀਤ ਸਿੰਘ ਭੁੱਲਰ ਵਿਧਾਇਕ ਨੇ ਕੀਤੀ। ਸੀਨੀਅਰ ਵਰਗ ਇਨਾਮਾਂ ਨੂੰ ਸਪਾਂਸਰ ਕਰਨ ਲਈ ਪੰਜਾਬੀ ਭਾਈਚਾਰੇ ਵਲੋਂ ਭਰਵਾਂ ਹੁੰਗਾਰਾ ਮਿਲਿਆ ਹੈ।ਸੀਨੀਅਰ ਵਰਗ ਦਾ ਪਹਿਲਾ ਇਨਾਮ ਸੋਲੋ ਲਿਕੁਅਰ ਵਲੋਂ ਸਪਾਂਸਰ ਕੀਤਾ ਗਿਆ ਹੈ।ਸੀਨੀਅਰ ਵਰਗ ਦੇ ਦੂਜੇ ਇਨਾਮ ਲਈ ਮੇਜਰ ਸਿੰਘ ਬਰਾੜ(ਨਿਊ ਲੁੱਕ ਹੋਮਜ਼) ਕਰਮਪਾਲ ਸਿੱਧੂ(ਬੈਸਟ ਬਾਏ ਫਰਨੀਚਰ) ਅਤੇ ਦਰਸ਼ਨ ਸਿੰਘ ਸਿੱਧੂ( ਸਿੱਧੂ ਪੇਂਟਿੰਗ) ਨੇ ਸਾਂਝੇ ਤੌਰ ਤੇ ਸਪਾਂਸਿਰਸ਼ਿਪ ਕੀਤੀ ਹੈ।ਜੂਨੀਅਰ ਵਰਗ(ਅੰਡਰ-13) ਦਾ ਪਹਿਲਾ ਇਨਾਮ ਗੁਰਮੀਤ ਗਿੱਲ(ਮੰਡ), ਜਸਬੀਰ ਸਿੰਘ ਗਿੱਲ ਅਤੇ ਸਵਰਨ ਸਿੰਘ ਸਿੱਧੂ ਦੇ ਸਾਂਝੇ ਸਹਿਯੋਗ ਨਾਲ਼ ਦਿੱਤਾ ਦੂਜਾ ਇਨਾਮ ਬਰਜਿੰਦਰ ਸਿੰਘ ਰੰਧਾਵਾ(ਬਲਿਊ ਡਾਰਟ ਟਰਕਿੰਗ) ਵਲੋਂ ਦਿੱਤਾ ਜਾਵੇਗਾ। ਅੰਡਰ-16 ਦਾ ਪਹਿਲਾ ਇਨਾਮ ਕਰਮਜੀਤ ਸੰਧੂ ਵਲੋਂ ਅਤੇ ਦੂਜਾ ਇਨਾਮ ਕਲੱਬ ਦੇ ਹਾਕੀ ਖਿਡਾਰੀ ਧੀਰਾ ਪੰਨੂ ਵਲੋਂ ਦਿੱਤਾ । ਇਸੇ ਤਰਾਂ ਅੰਡਰ-10 ਉਮਰ ਵਰਗ ਦੇ ਦੋਵੇਂ ਇਨਾਮ ਜੱਗਾ ਰਾਊਕੇ ਵਲੋਂ ਦਿੱਤੇ। ਇਸ ਸਮੇਂ ਡਾ: ਜਸਵਿੰਦਰ ਸਿੰਘ ਬਰਾੜ, ਜਗਦੀਪ ਕੌਰ ਸਹੋਤਾ, ਅਵਿਨਾਸ਼ ਸਿੰਘ ਖੰਗੂੜਾ, ਮੇਜਰ ਸਿੰਘ ਬਰਾੜ, ਹਰਮੀਤ ਸਿੰਘ ਖੁੱਡੀਆ, ਤਰਲੋਕ ਸਿੰਘ ਤੱਤਲਾ, ਗੁਰਮੀਤ ਸਿੰਘ ਮੰਡਵਾਲਾ, ਮੋਹਰ ਸਿੰਘ ਗਿੱਲ ਮਾਣੂਕੇ, ਜਸਕੀਰਤ ਸਿੰਘ, ਡਾ: ਅਨਮੋਲ ਕਪੂਰ, ਹਰਪਿੰਦਰ ਸਿੱਧੂ ਤੇ ਦਰਸ਼ਨ ਸਿੱਧੂ ਨੇ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰੀ ਲਗਵਾਈ।



WE LOOK AFTER ALL YOUR MORTGAGE NEEDS Ph. : (780)479-2222
Best Rates, Choice of Lenders, Mortagage for purchase, construction renewal, Refinance of your home, rental or commercial property, Good or bad credit, New Immigrant or Self Employed



Anuj Gupta
Associate Broker

Alberta Mortgage Centre
# 78, 4003-98 Street, Edmonton, AB
CAAMP ACCHA
empowered by AXIOM MORTGAGE PARTNERS
AMBA
BBB ACCREDITED BUSINESS
think MORTGAGE think AMP™



Krishan(KK)Gupta, AMP
"Experienced, Knowledgeable, Committed"
Serving the Community Since 1999
www.albertamortgagecentre.com

# ਅਲਵਿਦਾ ਅਰੁਣਾ

ਬਿਆਲੀ ਸਾਲ ਤਕ ਕੋਮਾ ਵਿਚ ਰਹਿਣ ਤੋਂ ਬਾਅਦ ਦੁਨੀਆ ਛੱਡ ਦੇਣ ਵਾਲੀ ਮੁੰਬਈ ਦੇ ਕੇ.ਈ.ਐਮ. ਹਸਪਤਾਲ ਦੀ ਸਾਬਕਾ ਨਰਸ ਅਰੁਣਾ ਸ਼ਾਨਬਾਗ ਨੂੰ ਅਜਿਹੀ ਤਕਲੀਫ ਝਲਣੀ ਪਈ, ਜਿਸ ਨੇ ਸਾਡੀ ਸਮੂਹਕ ਚੇਤਨਾ ਨੂੰ ਝੰਜੋੜ ਕਰੇ ਰੱਖ ਦਿੱਤਾ। ਇਹ ਤਰਾਸਦੀ ਹੀ ਹੈ ਕਿ ਉਨ੍ਹਾਂ 'ਤੇ ਜਾਨਲੇਵਾ ਹਮਲਾ ਅਤੇ ਯੌਨ ਹਿੰਸਾ ਕਰਨ ਵਾਲਾ ਹਸਪਤਾਲ ਦਾ ਵਾਰਡ ਬਾਏ ਸੋਹਨ ਲਾਲ ਅਦਾਲਤ ਤੋਂ ਮਿਲੀ ਸਜ਼ਾ ਕੱਟਣ ਤੋਂ ਬਾਅਦ ਆਮ ਜੀਵਨ ਜਿਉਣ ਲਈ ਜੇਲ੍ਹ ਤੋਂ ਬਾਹਰ ਆ ਗਿਆ ਪਰ ਅਹੁਣਾ ਨੂੰ ਕਦੇ ਨਿਆਂ ਨਹੀਂ ਮਿਲ ਸਕਿਆ। ਨਵੰਬਰ 1973 ਨੂੰ ਹੋਏ ਜ਼ੁਲਮ ਤੋਂ ਬਾਅਦ ਉਹ ਕਦੇ ਹੋਸ਼ ਵਿਚ ਨਹੀਂ ਆ ਸਕੀ। ਦਿੱਲੀ ਵਿਚ ਹੋਏ ਨਿਰਭੈਅ ਕਾਂਡ ਤੋਂ ਬਾਅਦ ਨਾ ਸਿਰਫ਼ ਬਲਾਤਕਾਰ ਦੀ ਪਰਿਭਾਸ਼ਾ ਸਖ਼ਤ ਕੀਤੀ ਗਈ ਹੈ, ਸਗੋਂ ਅਜਿਹੇ ਮਾਮਲੇ ਵਿਚ ਸਜ਼ਾ ਦੇ ਪ੍ਰਬੰਧ ਵੀ ਹੋਰ ਸਖ਼ਤ ਕੀਤੇ ਗਏ ਹਨ। ਪਰ ਅਰੁਣਾ ਨਾਲ ਯੌਨ ਹਿੰਸਾ ਕਰਨ ਵਾਲੇ ਸੋਹਨ ਲਾਲ 'ਤੇ ਜਾਨਲੇਵਾ ਹਮਲਾ ਅਤੇ ਡਕੈਤੀ ਦੇ ਮਾਮਲੇ ਤਾਂ ਚੱਲੇ ਅਤੇ ਉਸ ਨੂੰ ਸਜ਼ਾ ਵੀ ਹੋਈ ਪਰ ਉਸ 'ਤੇ ਬਲਾਤਕਾਰ ਜਾਂ ਯੌਨ ਹਿੰਸਾ ਦਾ ਮਾਮਲਾ ਨਹੀਂ ਚਲਾਇਆ ਗਿਆ। ਸ਼ਾਇਦ ਉਸ ਵਕਤ ਦਾ ਸਮਾਜਕ ਢਾਂਚਾ ਅਤੇ ਦਬਾਅ ਵਿਚ ਹਸਪਤਾਲ ਬੋਰਡ ਨੂੰ ਇਹ ਉਚਿਤ ਲਗਿਆ ਸੀ। ਪਰ ਉਸ ਹਾਦਸੇ ਨੇ ਅਰੁਣਾ ਦੀ ਹੋਂਦ ਨੂੰ ਖ਼ਤਮ ਹੀ ਕਰ ਦਿੱਤਾ ਅਤੇ ਜੇਕਰ ਕੇ.ਈ.ਐਮ. ਹਸਪਤਾਲ ਦੇ ਉਨ੍ਹਾਂ ਦੇ ਸਹਿਯੋਗੀ ਅਤੇ ਨਰਸਾਂ ਨੇ ਉਨ੍ਹਾਂ ਦੀ ਸੇਵਾ ਨਾ ਕੀਤੀ ਹੁੰਦੀ, ਤਾਂ ਉਹ ਏਨੇ ਲੰਬੇ ਸਮੇਂ ਤਕ ਜਿਉਂਦੀ ਵੀ ਨਾ ਰਹੀ ਹੁੰਦੀ। ਅਸਲ



ਵਿਚ ਬਲਾਤਕਾਰ ਅਤੇ ਹਿੰਸਾ ਦੇ ਨਾਲ ਹੀ ਅਰੁਣਾ ਦੇ ਮਾਮਲੇ ਦਾ ਇਕ ਹੋਰ ਪਹਿਲੂ ਹੈ ਅਤੇ ਉਹ ਹੈ 'ਇੱਛਾ ਮ੍ਰਿਤੂ।' ਉਨ੍ਹਾਂ ਨਾਲ ਹੋਈ ਜ਼ਿਆਦਤੀ ਤੋਂ ਬਾਅਦ ਅਰੁਣਾ ਨਾ ਸਿਰਫ਼ ਸਰੀਰਕ ਤੌਰ 'ਤੇ ਨਾਕਾਰਾ ਹੋ ਗਏ, ਸਗੋਂ ਉਨ੍ਹਾਂ ਦੀ ਚੇਤਨਾ ਵਾਪਸ ਨਾ ਆ ਸਕੀ। ਇਸ ਨਾਲ ਉਨ੍ਹਾਂ ਨੂੰ ਇੱਛਾ ਮ੍ਰਿਤੂ ਦੇਣ ਦੀ ਮੰਗ ਵੀ ਉਠੀ ਸੀ, ਪਰ ਅਦਾਲਤ ਨੇ ਇਸ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਦੇ ਮਾਮਲੇ ਦੀ ਸੁਣਵਾਈ ਕਰਦਿਆਂ ਸਰਵ ਉੱਚ ਅਦਾਲਤ ਨੇ ਦੇਸ਼ ਵਿਚ ਪੈਸਿਵ ਭਾਵ ਨਿਸ਼ਕਿਰਿਆ ਇੱਛਾ ਮ੍ਰਿਤੂ ਦੀ ਆਗਿਆ ਦੇ ਦਿੱਤੀ, ਜਿਸ ਵਿਚ ਇਲਾਜ ਬੰਦ ਕਰ ਦਿੱਤਾ ਜਾਂਦਾ ਹੈ। ਇਸ ਨਾਲ ਭਾਰਤ ਉਨ੍ਹਾਂ ਦੇਸ਼ਾਂ ਵਿਚ ਸ਼ਾਮਲ ਹੋ ਗਿਆ, ਜਿੱਥੇ ਕਿਸੇ ਨਾ ਕਿਸੇ ਰੂਪ ਵਿਚ ਇੱਛਾ ਮ੍ਰਿਤੂ ਨੂੰ ਮਨਜ਼ੂਰੀ ਹੈ। ਵੈਸੇ ਇੱਛਾ ਮ੍ਰਿਤੂ ਦੇ ਮਾਮਲੇ ਵਿਚ ਨੈਤਿਕਤਾ ਅਤੇ ਮਨੁੱਖੀ ਪਖ ਸਭ ਤੋਂ ਵੱਡੀ ਰੁਕਾਵਟ ਹੈ ਤੇ ਇਹ ਸੰਵਿਧਾਨ ਮੁਤਾਬਕ ਜਿਉਣ ਦਾ ਅਧਿਕਾਰ ਨੂੰ ਰੱਦ ਵੀ ਕਰਦਾ ਹੈ। ਫਿਰ ਇਹ ਨਹੀਂ ਭੁੱਲਣਾ ਚਾਹੀਦਾ ਕਿ ਦੁਨੀਆ ਦੇ ਕੁਝ ਹੀ ਦੇਸ਼ਾਂ ਵਿਚ ਇੱਛਾ ਮ੍ਰਿਤੂ ਨੂੰ ਕਾਨੂੰਨ ਜਾਇਜ਼ ਮੰਨਿਆ ਗਿਆ ਹੈ। ਅਸਲ ਵਿਚ ਇਕ ਸਭਿਅਕ ਸਮਾਜ ਵਿਚ ਇੱਛਾ ਮ੍ਰਿਤੂ ਦੇ ਅਧਿਕਾਰ ਨਾਲੋਂ ਕਿੱਥੇ ਵੱਧ ਜ਼ਰੂਰੀ ਸਨਮਾਨਜਨਕ ਢੰਗ ਨਾਲ ਜਿਉਣ ਦੇ ਅਧਿਕਾਰ ਦੀ ਰੱਖਿਆ ਹੋਣੀ ਚਾਹੀਦੀ ਹੈ।

'ਅਮਰ ਉਜਾਲਾ' ਦੀ ਸੰਪਾਦਕੀ ਟਿੱਪਣੀ


A.K. Auto Detailing & Carpet Cleaning

Commercial & Residential



Gurpreet Nijjar
780-236-0436
aknijjartrucking@gmail.com



Lunch & Dinner Buffet





ALL

INDIA

RESTAURANT & SWEETS

780-463-7770 + 4249 – 23 Ave Edmonton, AB T6L 5Z8 + www.allindiarestaurant.ca


DASHMESH TIRE & LUBE
All Brands of Tires
MRF Or JK (Indian)
B.F. Goodrich. Michelin. Dunlop
Tire Repairs, Brakes, Oil Change & Lubrication
Do Service on Remote Locations Including weighing scales vehicle inspection by certified machines
ਲੌਂਗਹਾਲ, ਗਰੇਵਲ ਆਦਿ ਹਰ ਤਰ੍ਹਾਂ ਦੇ ਟਰੱਕਾਂ ਦੀ ਫਾਇਨਾਇਗ ਕੀਤੀ ਜਾਂਦੀ ਹੈ।
ਕਿਸੇ ਵੀ ਸਮੇਂ, ਕਿਸੇ ਵੀ ਤਰ੍ਹਾਂ ਦੇ ਟਰੱਕਾਂ ਦੇ ਲੋਨ ਲੈਣ ਲਈ ਸੰਪਰਕ ਕਰੋ।
Enough Parking Space
Call : Manjit S. Khosa. Garry Dhaliwal
Ph: 780-298-1114, 780-993-4441
6609 34 St. Edmonton. Alberta.


Maharaja
Banquet Facility
Banques Facility From 100 to 1200 People
ਵਿਆਹ-ਸ਼ਾਦੀ, ਜਨਮ ਦਿਨ ਜਾਂ ਹੋਰ ਕਿਸੇ ਵੀ ਖ਼ੁਸ਼ੀ ਦੇ ਮੌਕੇ 'ਤੇ ਪਾਰਟੀ ਆਦਿ ਲਈ ਮਹਾਰਾਜਾ ਬੈਂਕੁਇਟ ਹਾਲ ਬੁਕ ਕਰੋ।
Big Dance Floor
Full Bar
Excellent Bridal Chair
Great Music System
Beauty Service Elegance
9257-34A Ave. Edmonton, AB.
Call : Tariq Chaudhry 780-695-7200


Residential | Commercial | Investment Properties
Home Life/United Realty Inc. Brokerage
Independently Owned & Operated.
Higher Standards Agents... Higher Results™
Cell: 647 818 6880
Bus: 905 672 1234
FAX: 905 672 0672
hpshundal@gmail.com
ਟੋਰਾਂਟੋ ਦੇ ਇਲਾਕੇ 'ਚ ਜਾਇਦਾਦ ਖਰੀਦਣ ਜਾਂ ਵੇਚਣ ਲਈ ਇੱਕ ਭਰੋਸੇਮੰਦ ਨਾਂ
Sales Representative
Harinder Hundal
M.Sc. Eco, M.B.A
MLS MULTIPLE LISTING SERVICE
REALTOR
50 SunnyVale Gate, Unit # 7, Brampton, ON L6S 0C4


ਮੁਲਾਕਾਤ
Productions
ਟੀ.ਵੀ ਪ੍ਰੋਗਰਾਮ ਮੁਲਾਕਾਤ
Aired on VISION TV
6:00 pm to 6:30pm
(Alberta Time / Every Saturday)
Charanjit Brar
Producer & Host
Ph: 647 300 8436
cbrar@rogers.com


STP ELECTRIC LTD.
stpelectric@hotmail.com
Offering Full Range of Electrical Services of
C. 780.984 2356
F. 780.463 6276
Residential
Commercial
Industrial Installations
ਹਰ ਤਰ੍ਹਾਂ ਦੇ ਇਲੈਕਟ੍ਰੀਕਲ ਦੇ ਕੰਮ ਲਈ ਸੰਪਰਕ ਕਰੋ
Sushil Singh
Certified Master Electrician
ਸਰਟੀਫਾਈਡ ਮਾਸਟਰ ਇਲੈਕ੍ਰੀਸ਼ਨ


WILDROSE MASONARY & STONE WORKS
Commercial & Residential
Ph: 780 340 1400
Off: 780 450 1413
Fax: 780 490 4888
ਘਰਾਂ ਦੇ ਬਾਹਰ ਜਾਂ ਅੰਦਰ ਕਲਚਰ ਸਟੋਨ, ਇੱਟਾਂ, ਹਰ ਤਰ੍ਹਾਂ ਦੇ ਬਲਾਕ ਲਗਵਾਉਣਾ ਚਾਹੁੰਦੇ ਹੋ, ਇੱਕ ਵਾਰ ਸਾਡੇ ਤੋਂ ਜ਼ਰੂਰ ਐਸਟੀਮੇਟ ਲਗਵਾਓ
Dave Johal
Culture Stone Bricks
Blocks Glass Blocks
email:wildrosemasonary@live.ca
1404-69th St. SW Edmonton, AB T6L 1L4


HARRY`S EXCAVATING
PH: 780-918-2252
Specialist in :
Digging Basements & All Kind Of Services
ਨਵੇਂ ਘਰ ਲਈ ਬੇਸਮੈਂਟ ਪੁਟਾਉਣੀ ਹੋਵੇ ਜਾਂ ਕੋਈ ਹੋਰ ਟੋਆ ਪੁਟਾਉਣਾ ਹੋਵੇ,
ਟਰੱਕ ਅਤੇ ਮਿੱਟੀ-ਰੇਤੇ ਦਾ ਕੋਈ ਵੀ ਕੰਮ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ।


A & K INSULATION & DRYWALL LTD.
Best Quailty at Reasonable Rates
ਹੋਟਲ, ਮੋਟਲ, ਬਿਜ਼ਨਿਸ, ਰਿਹਾਇਸ਼ੀ ਜਾਂ ਕਿਸੇ ਵੀ ਤਰ੍ਹਾਂ ਦੀ ਬਿਲਡਿੰਗ ਲਈ ਡਰਾਈਵਾਲ, ਇੰਸੁਲੇਸ਼ਨ, ਟੇਪਿੰਗ ਜਾਂ ਟੈਕਸਚਰ ਦੇ ਕੰਮ ਲਈ ਸੰਪਰਕ ਕਰੋ
Rana : 780-245-5191 Joga : 780-245-5192


NEW WAY
Stucco Ltd.
Quality work at reasonable rates.
We do Splash Dash Stucco and Acrylic. For free estimates call
(BALJIT) Ph. : (780)-708-1436, Fax : (780)-462-0691
All Kind of Stucco Acrylic & Rain Screen Residential & Commercial
ਕਿਸੇ ਵੀ ਕਿਸਮ ਦੀ ਵਧੀਆ ਸਟੱਕੋ ਕਰਵਾਉਣ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਉ


Moga Painting Company
Serving Since 1985
Experts in Interior & Exterior Paint
Residential & Commercial
> Excellent Colour Matching
> Guaranteed Work
> Reasonable Rates
Office Painting, Spray Painting, Staircase Railing, Stain & Varnish
ਆਪਣੇ ਘਰ ਜਾਂ ਦਫ਼ਤਰ 'ਚ ਵਧੀਆ ਪੇਂਟ ਵਾਜਬ ਦਾਮ 'ਤੇ ਕਰਵਾਉਣ ਲਈ ਅੱਜ ਹੀ ਸੁਰਜੀਤ ਨੂੰ ਕਾਲ ਕਰੋ।
For Free ESTIMATES Call SURJIT
Edmonton (780) 934-3535 Winnipeg (204) 979-7070

(ਪੱਤਰਕਾਰ ਦਾ ਦਾਅਵਾ)

# ਲਾਦੇਨ ਦੀ ਮੌਤ ਬਾਰੇ ਸੁਣਾਈ ਜਾ ਰਹੀ ਕਹਾਣੀ ਝੂਠੀ

ਓਸਾਮਾ ਬਿਨ ਲਾਦੇਨ ਦੀ ਮੌਤ ਬਾਰੇ ਅਮਰੀਕਾ ਵਲੋਂ ਜੋ ਕਹਾਣੀ ਸੁਣਾਈ ਗਈ ਹੈ ਉਸ ਨੂੰ ਲੈ ਕੇ ਅਕਸਰ ਵਿਵਾਦ ਉੱਠਦੇ ਰਹੇ ਹਨ। ਬਹੁਤ ਸਾਰਿਆਂ ਦਾ ਇਹ ਮਤ ਹੈ ਕਿ ਲਾਦੇਨ ਦੀ ਮੌਤ ਉਸ ਤਰ੍ਹਾਂ ਨਹੀਂ ਹੋਈ ਜਿਸ ਤਰ੍ਹਾਂ ਕਿ ਅਮਰੀਕਾ ਵਲੋਂ ਪ੍ਰਚਾਰਿਆ ਜਾ ਰਿਹਾ ਹੈ। ਹੁਣ ਇਸ ਕਹਾਣੀ ਨੂੰ ਲੈ ਕੇ ਪ੍ਰਸਿੱਧ ਪੱਤਰਕਾਰ ਸੇਮੂਅਰ ਐਮ ਹਰਸ ਦੀ ਲਿਖਤ ਸਾਹਮਣੇ ਆਈ ਹੈ। ਇਸ ਲਿਖਤ ਵਿਚ ਉਸ ਨੇ ਅਮਰੀਕਾ ਅਤੇ ਪਾਕਿਸਤਾਨੀ ਖੁਫ਼ੀਆ ਏਜੰਸੀਆਂ ਦੇ ਹਵਾਲਿਆਂ ਨਾਲ ਇਹ ਸਿੱਧ ਕੀਤਾ ਹੈ ਕਿ ਲਾਦੇਨ ਦੀ ਮੌਤ ਉਸ ਤਰ੍ਹਾਂ ਨਹੀਂ ਹੋਈ ਜਿਸ ਤਰ੍ਹਾਂ ਕਿ ਇਸ ਨੂੰ ਮੀਡੀਆ ਰਾਹੀਂ ਦਰਸਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਬਿਨ ਲਾਦੇਨ ਨੂੰ ਅਮਰੀਕਾ ਹਵਾਲੇ ਕਰਨ ਲਈ ਪਾਕਿਸਤਾਨੀ ਅਧਿਕਾਰੀਆਂ ਨੇ 25 ਮਿਲੀਅਨ ਡਾਲਰ ਦਾ ਸਮਝੌਤਾ ਕੀਤਾ ਸੀ।



## ਹਰਸ ਮੁਤਾਬਕ ਕੀ ਵਾਪਰਿਆ

ਹਰਸ ਦੀ ਰਿਪੋਰਟ ਮੁਤਾਬਕ ਲਾਦੇਨ ਨੂੰ ਅਮਰੀਕਾ ਦੇ ਸਿਪਾਹੀਆਂ ਨੇ ਨਹੀਂ ਫੜਿਆ। ਸਗੋਂ ਉਸ ਨੂੰ ਪਾਕਿਸਤਾਨੀ ਸਿਪਾਹੀਆਂ ਵਲੋਂ ਫੜਿਆ ਗਿਆ ਹੈ। ਉਸ ਮੁਤਾਬਕ ਬਿਨ ਲਾਦੇਨ 2006 ਤੋਂ ਆਈ.ਐਸ.ਆਈ. ਦਾ ਕੈਦੀ ਸੀ। ਇਸ ਤੋਂ ਬਾਅਦ 2010 ਵਿਚ ਪਾਕਿਸਤਾਨ ਦੇ ਸਾਬਕਾ ਸੀਨੀਅਰ ਇੰਟੈਲੀਜੈਂਸ ਨੇ ਜੋਨਾਥਨ ਬੈਂਕ ਤੱਕ ਪਹੁੰਚ ਕੀਤੀ। ਉਸ ਤੋਂ ਬਾਅਦ ਇਸਲਾਮਾਬਾਦ 'ਚ ਯੂ.ਐਸ. ਅੰਬੈਸੀ ਵਿਚ ਸੀ.ਆਈ.ਏ. ਦੇ ਸਟੇਸ਼ਨ ਚੀਫ਼ ਨਾਲ ਗੱਲਬਾਤ ਹੋਈ, ਜਿੱਥੇ ਇਹ ਸੌਦਾ 25 ਮਿਲੀਅਨ ਡਾਲਰ ਵਿਚ ਤਹਿ ਹੋਇਆ। ਇਸ ਤੋਂ ਬਾਅਦ ਯੂ.ਐਸ. ਦੇ ਅਧਿਕਾਰੀਆਂ ਨੇ ਇਹ ਤਸੱਲੀ ਕੀਤੀ ਕਿ ਕੀ ਫੜਿਆ ਗਿਆ ਵਿਅਕਤੀ ਸਚਮੁੱਚ ਬਿਨ ਲਾਦੇਨ ਹੈ। ਫਿਰ ਅਮਰੀਕਾ ਦੇ ਸੈਨਿਕਾਂ ਨੇ ਆਈ.ਐਸ.ਆਈ. ਦੀ ਮਦਦ ਨਾਲ ਆਰਾਮ ਨਾਲ ਸੀਮਾ ਪਾਰ ਕੀਤੀ ਤੇ ਉਨ੍ਹਾਂ ਨੂੰ ਆਈ.ਐਸ.ਆਈ. ਦੇ ਕੰਪਾਊਂਡ 'ਤੇ ਰੇਡ ਕਰਨ ਲਈ ਕਿਹਾ ਗਿਆ ਜਿੱਥੇ ਕਿ ਬਿਮਾਰ ਹਾਲਤ 'ਚ ਲਾਦੇਨ ਨੂੰ ਡੱਕਿਆ ਹੋਇਆ ਸੀ। ਇੱਥੇ ਕਿਸੇ ਵੀ ਤਰ੍ਹਾਂ ਦੀ ਕੋਈ ਗੋਲੀਬਾਰੀ ਨਹੀਂ ਹੋਈ। ਸੈਨਿਕਾਂ ਨੇ ਨਿਹੱਥੇ ਅਤੇ ਬਿਮਾਰ ਬਿਨ ਲਾਦੇਨ 'ਤੇ ਫਾਇਰ ਖੋਲ੍ਹ ਦਿੱਤੇ। ਇਸ ਮਾਮਲੇ ਵਿਚ ਯੂਐਸ ਦੇ ਇਕ ਸਾਬਕਾ ਅਧਿਕਾਰੀ ਦਾ ਕਹਿਣਾ ਹੈ ਕਿ ਬਿਨ ਲਾਦੇਨ ਦੀ ਮੌਤ ਦੇ ਮਾਮਲੇ ਦਾ ਸੱਚ ਕੁਝ ਹੋਰ ਹੀ ਹੈ ਪਰ ਇਸ ਬਾਰੇ ਅਸੀਂ ਕੁਝ ਕਹਿ ਨਹੀਂ ਸਕਦੇ।

## ਘੜੀ ਗਈ ਕਹਾਣੀ ਕੀ ਹੈ ?

ਇਸ ਕਹਾਣੀ ਮੁਤਾਬਕ ਅਮਰੀਕਾ ਦੀਆਂ ਏਜ਼ੰਸੀਆਂ ਨੇ ਇਹ ਪਤਾ ਲਗਾਇਆ ਕਿ ਬਿਨ ਲਾਦੇਨ ਐਬਟਾਬਾਦ ਵਿਚ ਇਕ ਖ਼ਾਸ ਟਿਕਾਣੇ 'ਤੇ ਰਹਿ ਰਿਹਾ ਹੈ। ਜਦੋਂਕਿ ਪਾਕਿਸਤਾਨੀ ਅਧਿਕਾਰੀਆਂ ਨੂੰ ਇਸ ਗੱਲ ਦਾ ਕੋਈ ਅੰਦਾਜ਼ਾ ਨਹੀਂ ਸੀ ਕਿ ਬਿਨ ਲਾਦੇਨ ਐਬਟਾਬਾਦ ਵਿਚ ਰਹਿ ਰਿਹਾ ਹੈ। ਬਿਨ ਲਾਦੇਨ ਦੇ ਟਿਕਾਣਾ ਦਾ ਪਤਾ ਲੱਗਣ ਤੋਂ ਬਾਅਦ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਯੂ ਐਸ ਨੇਵੀ ਸੀਲਜ਼ ਨੂੰ ਹੁਕਮ ਦਿੰਦੇ ਹਨ, ਇਸ ਥਾਂ 'ਤੇ ਗੁਪਤ ਰੇਡ ਮਾਰੀ ਜਾਵੇ ਤੇ ਬਿਨ ਲਾਦੇਨ ਨੂੰ ਮੁਕਾਇਆ ਜਾਵੇ।

## ਲਾਦੇਨ ਦੀ ਲਾਸ਼ ਦਾ ਕੀ ਬਣਿਆ ?

ਅਮਰੀਕਾ ਦੀ ਘੜੀ ਹੋਈ ਕਹਾਣੀ ਮੁਤਾਬਕ ਬਿਨ ਲਾਦੇਨ ਦੀ ਲਾਸ਼ ਨੂੰ ਸਮੁੰਦਰ ਵਿਚ ਡੂੰਘਾ ਦਫ਼ਨਾ ਦਿੱਤਾ ਗਿਆ ਸੀ ਜਦੋਂ ਕਿ ਇਹ ਸੱਚ ਨਹੀਂ ਹੈ। ਪੱਤਰਕਾਰ ਹਰਸ ਮੁਤਾਬਕ ਸੈਨਿਕਾਂ ਨੇ ਗੋਲੀਆਂ ਨਾਲ ਬਿਨ ਲਾਦੇਨ ਦੀ ਲਾਸ਼ ਦੇ ਟੁਕੜੇ ਕਰ ਦਿੱਤੇ ਤੇ ਸਿਰਫ਼ ਉਸ ਦਾ ਗਰਦਨ ਤੋਂ ਉਪਰਲਾ ਹਿੱਸਾ ਹੀ ਅਜਿਹਾ ਸੀ ਜਿਸ ਵਿਚ ਕੁੱਝ ਗੋਲੀਆਂ ਦੇ ਹੋਲ ਸਨ। ਇਸ ਤੋਂ ਬਾਅਦ ਲਾਸ਼ ਨੂੰ ਬੌਡੀ ਬੈਗ ਵਿਚ ਪਾਇਆ ਗਿਆ ਤੇ ਜਲਾਲਾਬਾਦ ਮੁੜਦਿਆਂ ਬਿਨ ਲਾਦੇਨ ਦੀ ਲਾਸ਼ ਦੇ ਕੁਝ ਟੁਕੜਿਆਂ ਨੂੰ ਹਿੰਦੂ ਕੁਸ਼ ਪਹਾੜੀਆਂ 'ਤੇ ਖਿਲਾਰ ਦਿੱਤਾ ਗਿਆ।

## ਪੱਤਰਕਾਰ ਅਤੇ ਉਸ ਦੇ ਸੋਮਿਆਂ ਬਾਰੇ

ਇੱਥੇ ਦੱਸਣਾ ਬਣਦਾ ਹੈ ਕਿ ਸੇਮੂਅਰ ਐਮ ਹਰਸ ਖੋਜੀ ਪੱਤਰਕਾਰ ਹੈ ਇਸ ਤੋਂ ਪਹਿਲਾਂ ਵੀ ਉਸ ਨੇ ਬਹੁਤ ਸਾਰੇ ਅਜਿਹੇ ਖੁਲਾਸੇ ਕੀਤੇ ਹਨ ਜਿਨ੍ਹਾਂ ਨਾਲ ਘਟਨਾਵਾਂ ਦਾ ਧਰਾਤਲ ਹੀ ਬਦਲ ਗਿਆ। ਵੀਅਤਨਾਮ ਦੀ ਜੰਗ ਦੌਰਾਨ ਕੀਤੀ ਗਈ ਇਕ ਸਟੋਰੀ 'ਤੇ ਉਨ੍ਹਾਂ ਨੂੰ 1970 ਵਿਚ ਪੁਲੀਟਜਰ ਪ੍ਰਾਈਜ਼ ਮਿਲਿਆ ਸੀ। ਹਰਸ ਮੁਤਾਬਕ ਉਪਰੋਕਤ ਸਟੋਰੀ ਪਿੱਛੇ ਮੁੱਖ ਸੋਮੇ ਸਾਬਕਾ ਅਧਿਕਾਰੀ ਹਨ।



## ਕੌਮਾਂਤਰੀ ਪੰਜਾਬੀ ਇਲਮ ਵਲੋਂ ਪਹਿਲਾ ਯੁਵਾ ਸਾਹਿਤਕ ਅਤੇ ਸਭਿਆਚਾਰਕ ਉਤਸਵ-2015

# ਮੰਜ਼ਿਲ ਤੱਕ ਪਹੁੰਚਣ ਲਈ ਕਿਤਾਬਾਂ ਦਾ ਸਾਥ ਜ਼ਰੂਰੀ : ਰਾਣਾ ਰਣਬੀਰ

ਚੰਡੀਗੜ੍ਹ (ਨਦਬ) : ਸਾਡੇ ਕੋਲੋਂ ਕਿਰਦਾਰ ਮੁੱਕ ਗਏ ਹਨ। ਇਸਦਾ ਮੁੱਖ ਕਾਰਨ ਕਿਤਾਬਾਂ ਤੋਂ ਸਾਡੀ ਬੇਮੁਖੀ ਹੈ। ਅੱਜ ਅਸੀਂ ਸ਼ਬਦਾਂ ਤੋਂ ਦੂਰ ਹੋ ਗਏ ਹਾਂ ਅਤੇ ਜਦ ਤੱਕ ਅਸੀਂ ਆਪਣੇ ਬੱਚਿਆਂ ਨੂੰ ਕਿਤਾਬਾਂ ਨਾਲ ਨਹੀਂ ਜੋੜਦੇ, ਉਦੋਂ ਤੱਕ ਸਾਡਾ ਦੇਸ਼ ਤੇ ਸਮਾਜ ਤਰੱਕੀ ਨਹੀਂ ਕਰ ਸਕਦਾ। ਇਹ ਕਹਿਣਾ ਹੈ ਪੰਜਾਬੀ ਫਿਲਮਾਂ ਦੇ ਪ੍ਰਸਿੱਧ ਕਲਾਕਾਰ ਅਤੇ ਰੰਗਕਰਮੀ ਰਾਣਾ ਰਣਬੀਰ ਦਾ। ਉਹ ਐਤਵਾਰ ਨੂੰ ਪੰਜਾਬ ਕਲਾ ਭਵਨ ਸੈਕਟਰ 16 ਚੰਡੀਗੜ੍ਹ ਵਿਖੇ 'ਪਹਿਲੇ ਯੁਵਾ ਸਾਹਿਤਕ ਅਤੇ ਸਭਿਆਚਾਰਕ ਉਤਸਵ-2015' ਦੇ ਮੌਕੇ ਕਿਤਾਬਾਂ ਅਤੇ ਜ਼ਿੰਦਗੀ ਦੇ ਬਾਰੇ ਗੱਲਬਾਤ ਕਰ ਰਹੇ ਸਨ। ਕੌਮਾਂਤਰੀ ਪੰਜਾਬੀ ਇਲਮ ਵਲੋਂ ਅਦਾਰਾ 'ਹੁਣ' ਦੇ ਸਹਿਯੋਗ ਨਾਲ ਕਰਵਾਏ ਗਏ ਇਸ ਪ੍ਰੋਗਰਾਮ ਦੀ ਖਾਸ ਗੱਲ ਇਹ ਰਹੀ ਕਿ ਇੱਥੇ ਜੋ ਵੀ ਪੇਸ਼ਕਾਰੀਆਂ ਹੋਈਆਂ, ਉਸਦਾ ਸਾਰਾ ਪ੍ਰਬੰਧ ਬੱਚਿਆਂ ਵਲੋਂ ਹੀ ਕੀਤਾ ਗਿਆ ਸੀ।







ਸਮਾਗਮ ਦੇ ਪਹਿਲੇ ਸੈਸ਼ਨ ਵਿਚ ਬੱਚਿਆਂ ਵਲੋਂ ਬਣਾਈਆਂ ਗਈਆਂ ਪੇਂਟਿੰਗਜ਼ ਨੂੰ ਪੇਸ਼ ਕੀਤਾ ਗਿਆ। ਪੇਂਟਿੰਗਜ਼ ਐਗਜੀਬੀਸ਼ਨ ਵਿਚ ਸ਼ਹਿਰ ਦੇ ਵੱਖ-ਵੱਖ ਸਕੂਲਾਂ ਅਤੇ ਕਾਲਜਾਂ ਦੇ 11 ਕਲਾਕਾਰਾਂ ਨੇ ਭਾਗ ਲਿਆ, ਜਿਨ੍ਹਾਂ ਨੇ ਆਪਣੀ ਕਲਾ ਦੇ ਲਗਭਗ 200 ਨਮੂਨੇ ਪੇਸ਼ ਕੀਤੇ। ਇਸ ਵਿਚ ਬੱਚਿਆਂ ਨੇ ਘਰ ਤੋਂ ਲੈ ਕੇ ਸ਼ਹਿਰ ਤੱਕ ਅਤੇ ਆਮ ਇਨਸਾਨ ਦੇ ਜੀਵਨ ਦੇ ਹਰ ਪਹਿਲੂ ਨੂੰ ਬਾਖੂਬੀ ਪੇਸ਼ ਕੀਤਾ। ਇਸ ਸੈਸ਼ਨ ਦਾ ਉਦਘਾਟਨ ਮਲਕੀਤ ਸਿੰਘ ਆਰਟਿਸਟ ਅਤੇ ਸਮਾਜ ਸੇਵੀ ਗੁਰਦਰਸ਼ਨ ਸਿੰਘ ਨੇ ਕੀਤਾ, ਜਦਕਿ ਮੰਚ ਸੰਚਾਲਨ ਸੀਰਤ ਰਾਣਾ ਨੇ ਕੀਤਾ।

ਪ੍ਰੋਗਰਾਮ ਦੇ ਦੂਜੇ ਸੈਸ਼ਨ ਦੀ ਪ੍ਰਧਾਨਗੀ ਜਸਬੀਰ ਭੁੱਲਰ, ਡਾ. ਕਰਮਜੀਤ ਸਿੰਘ, ਮਨਮੋਹਨ ਸਿੰਘ ਦਾਊਂ ਅਤੇ ਸਰਬਜੀਤ ਬੇਦੀ ਨੇ ਕੀਤੀ। ਇਸ ਪ੍ਰੋਗਰਾਮ ਵਿਚ ਮੁੱਖ ਮਹਿਮਾਨ ਵਜੋਂ ਐਸ ਡੀ ਪਬਲਿਕ ਸਕੂਲ ਅੰਬਾਲਾ ਕੈਂਟ ਦੀ ਨਿਰਦੇਸ਼ਕ ਨੀਲਇੰਦਰਜੀਤ ਸੰਧੂ ਪਹੁੰਚੇ ਜਦਕਿ ਪੰਜਾਬ ਕਲਾ ਪ੍ਰੀਸ਼ਦ ਦੇ ਜਨਰਲ ਸਕੱਤਰ ਨਿਰਮਲ ਦੱਤ, ਜਸਵੰਤ ਦਮਨ, ਗੁਰਨਾਮ ਕੰਵਰ ਅਤੇ ਕੰਵਲਜੀਤ ਢਿੱਲੋਂ ਨੇ ਬਤੌਰ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਯੁਵਾ ਕਾਵਿ ਮਹਿਫਲ ਵਿਚ ਪ੍ਰੀਤਪਾਲ ਰੁਮਾਨੀ, ਅਸਾਵਰੀ ਡੀ ਅਤੇ ਰਿਤੂਰਾਗ ਕੌਰ ਨੇ ਆਪਣਾ ਕਲਾਮ ਪੇਸ਼ ਕੀਤਾ।

ਇਸ ਸੈਸ਼ਨ ਵਿਚ ਯੁਵਾ ਗਾਇਕ ਹਿਮਾਂਸ਼ੂ ਅਤੇ ਅਮੀਨ ਨੇ ਆਪਣੀ ਗਾਇਕੀ ਨਾਲ ਮੌਜੂਦ ਬੱਚਿਆਂ ਅਤੇ ਸਰੋਤਿਆਂ ਨੂੰ ਮੰਤਰ ਮੁਗਧ ਕੀਤਾ ਜਦਕਿ ਵਾਰਸ ਰਾਣਾ ਨੇ ਆਪਣੀ ਕੋਰੀਓਗ੍ਰਾਫੀ ਨਾਲ ਸਭ ਨੂੰ ਨੱਚਣ ਲਈ ਮਜਬੂਰ ਕਰ ਦਿੱਤਾ। ਸਮਾਗਮ ਵਿਚ ਪੰਜਾਬ ਅਨਏਡਿਡ ਟੈਕਨੀਕਲ ਇੰਸਟੀਚਿਊਟ ਐਸੋਸੀਏਸ਼ਨ ਦੇ ਪ੍ਰਧਾਨ ਡਾ. ਜੇ ਐਸ ਧਾਲੀਵਾਲ ਮੁੱਖ ਮਹਿਮਾਨ ਸਨ ਜਦਕਿ ਤਾਰਨ ਗੁਜਰਾਲ, ਪ੍ਰੋ. ਕੁਲਵੰਤ, ਸ਼ਾਮ ਸਿੰਘ, ਨਿਰਮਲ ਜਸਵਾਲ, ਗੋਵਰਧਨ ਗੱਬੀ, ਅਰਵਿੰਦਰ ਜੌਹਲ, ਬੀਨਾ ਜੰਮੂ ਅਤੇ ਬਲਵਿੰਦਰ ਸਿੰਘ ਉੱਤਮ ਵਿਸ਼ੇਸ਼ ਮਹਿਮਾਨ ਵਜੋਂ ਪੁੱਜੇ।

ਸਮਾਗਮ ਵਿਚ ਵੱਖ-ਵੱਖ ਕੈਟਾਗਰੀਆਂ ਵਿਚ ਭਾਗ ਲੈਣ ਵਾਲੇ ਬੱਚਿਆਂ ਨੂੰ ਕੌਮਾਂਤਰੀ ਇਲਮ ਵਲੋਂ ਸਰਟੀਫਿਕੇਟ ਦਿੱਤੇ ਗਏ। ਪ੍ਰੋਗਰਾਮ ਦੇ ਅਖੀਰ ਵਿਚ ਵੋਆਇਸ ਆਫ ਪੰਜਾਬ ਫੇਮ ਬੈਨਿਟ ਦੁਸਾਂਝ ਨੇ ਲੋਕ ਗੀਤ ਪੇਸ਼ ਕਰ ਕੇ ਆਪਣੀ ਆਵਾਜ਼ ਦਾ ਜਾਦੂ ਬਿਖੇਰਿਆ। ਪ੍ਰੋਗਰਾਮ ਦਾ ਸਮਾਪਨ ਹਮ ਹੋਂਗੇ ਕਾਮਯਾਬ ਦੇ ਸਮੂਹ ਗਾਨ ਨਾਲ ਹੋਇਆ। ਇਸ ਮੌਕੇ ਕੌਮਾਂਤਰੀ ਪੰਜਾਬੀ ਇਲਮ ਦੇ ਪ੍ਰਧਾਨ ਦਰਸ਼ਨ ਸਿੰਘ ਬੁੱਟਰ, ਪ੍ਰੋਗਰਾਮ ਕਨਵੀਨਰ ਅਜ਼ਲ ਦੁਸਾਂਝ, ਜਨਰਲ ਸਕੱਤਰ ਸੁਸ਼ੀਲ ਦੁਸਾਂਝ, ਉਪ ਪ੍ਰਧਾਨ ਜੈਨਇੰਦਰ ਚੌਹਾਨ, ਬਲਵਿੰਦਰ ਸੰਧੂ, ਜਗਦੀਪ ਸਿੱਧੂ, ਪੱਤਰਕਾਰ ਅਤੇ ਕਵੀ ਦੀਪਕ ਸ਼ਰਮਾ ਤੋਂ ਇਲਾਵਾ ਕੌਮਾਂਤਰੀ ਇਲਮ ਦੇ ਮੈਂਬਰ ਦੀ ਮੌਜੂਦ ਸਨ।

ਇਸ ਉਤਸਵ ਵਿਚ ਸਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤੇ ਗਏ। ਪੇਂਟਿੰਗ ਐਗਜੀਬੀਸ਼ਨ ਤੋਂ ਬਾਅਦ ਸੂਫੀਆਨਾ ਗੀਤਾਂ ਤੇ ਸਭਿਆਚਾਰਕ ਪ੍ਰੋਗਰਾਮ ਦਾ ਆਗਾਜ਼ ਹੋਇਆ। ਜਿਸ ਵਿਚ ਸਾਗਰ ਸ਼ਰਮਾ ਅਤੇ ਹਿਮਾਂਸ਼ੂ ਨੇ ਆਪਣੀ ਕਲਾ ਨਾਲ ਮੌਜੂਦ ਦਰਸ਼ਕਾਂ ਨੂੰ ਕੀਲਿਆ।

ਲੇਖਕ ਧੂਮਕੇਤੂ ਦੁਆਰਾ ਲਿਖਿਆ ਨਾਟਕ 'ਪੋਸਟ ਆਫਿਸ' ਅਤੇ ਭਾਅ ਜੀ ਗੁਰਸ਼ਰਨ ਸਿੰਘ ਦੇ ਲਿਖੇ ਨਾਟਕ 'ਲਾਰੇ' ਦੇ ਮੰਚਨ ਦੁਆਰਾ ਸਮਾਜਿਕ ਕੁਰੀਤੀਆਂ 'ਤੇ ਤਿੱਖੀ ਸੱਟ ਮਾਰੀ ਗਈ। 'ਪੋਸਟ ਆਫਿਸ' ਵਿਚ ਦੱਸਿਆ ਗਿਆ ਕਿ ਸਰਕਾਰੀ ਦਫਤਰਾਂ ਵਿਚ ਲੋਕਾਂ ਦੇ ਕੰਮਾਂ 'ਤੇ ਘੱਟ ਅਤੇ ਆਪਣੀ ਆਰਾਮਪ੍ਰਸਤੀ 'ਤੇ ਜ਼ਿਆਦਾ ਧਿਆਨ ਦਿੱਤਾ ਜਾਂਦਾ ਹੈ। ਨਾਟਕ ਦਾ ਨਿਰਦੇਸ਼ਨ ਅਜ਼ਲ ਦੁਸਾਂਝ ਵਲੋਂ ਕੀਤਾ ਗਿਆ, ਜਿਸ ਵਿਚ 24 ਦੇ ਕਰੀਬ ਕਲਾਕਾਰਾਂ ਨੇ ਭਾਗ ਲਿਆ।

ਦੂਸਰੇ ਨਾਟਕ ਵਿਚ ਦੋ ਬਜ਼ੁਰਗਾਂ ਦੇ ਪਰਿਵਾਰ ਦੇ ਬਾਰੇ ਵਿਚ ਦਰਸਾਇਆ ਗਿਆ ਸੀ। ਨਾਟਕ ਵਿਚ ਦੋਵਾਂ ਵਿਅਕਤੀਆਂ ਨੂੰ ਇੰਤਜ਼ਾਰ ਸੀ ਕਿ ਉਹਨਾਂ ਨੂੰ ਬੁਢਾਪੇ ਵਿਚ ਪੈਨਸ਼ਨ ਦੇਵੇਗੀ ਸਰਕਾਰ ਪਰ ਸਰਕਾਰ ਪੈਨਸ਼ਨ ਤਾਂ ਨਹੀਂ ਦਿੰਦੀ ਉਲਟਾ ਬਿਜਲੀ ਦੇ ਬਿੱਲਾਂ ਨੂੰ ਵਧਾ ਦਿੰਦੀ ਹੈ। ਇਸ ਨਾਟਕ ਦਾ ਨਿਰਦੇਸ਼ਨ ਵੀ ਅਜ਼ਲ ਦੁਸਾਂਝ ਨੇ ਹੀ ਕੀਤਾ।

Nu Tech Plumbing
Services & Maintenance for
Residential & Commercial Projects
Licensed Insured Bonded
We also install RO and water softner
Email : nutechplumbing@gmail.com
ਤਜ਼ਰੇਬਕਾਰ ਵਰਕਰ ਦੀ ਜ਼ਰੂਰਤ ਹੈ
Gurpreet Mann
780-267-8033
Jagwant Wraich
780-450-2464

City Furnace Cleaning Ltd
Your Indoor Air Quality Specialist
We have certified, insured and bonded Techinican's who clean :-
FURNACES
AIR DUCTS
HOT WATER TANKS
DRYER VENTS
AIR CONDITIONING COILS
ਹਰਪ੍ਰੀਤ ਸਿੰਘ ਗਰੇਵਾਲ
Free Estimate
'ਨਵੀਂ ਦੁਨੀਆ' ਨੂੰ ਗ਼ਦਰ ਸ਼ਤਾਬਦੀ ਵਿਸ਼ੇਸ਼ ਅੰਕ ਪ੍ਰਕਾਸ਼ਤ ਕਰਨ ਲਈ ਸ਼ੁਭ ਇਛਾਵਾਂ
For a free, none obligation quote please call
(780) 469-7202
ਭਾਵੇਂ ਤੁਸੀਂ ਨਵਾਂ ਘਰ ਬਣਾਇਆ ਹੈ ਜਾਂ ਆਪਣੇ ਪੁਰਾਣੇ ਘਰ ਦਾ ਫਰਨਸ ਅਤੇ ਵਾਟਰ ਟੈਂਕ ਸਾਫ ਕਰਵਾਉਣਾ ਚਾਹੁੰਦੇ ਹੋ ਤਾਂ ਸਾਨੂੰ ਕਾਲ ਕਰੋ

Noble Auto Parts Ltd.
Driven by Quality
NEED HELP WITH YOUR VEHICLE?
We are a auto parts shop based in Edmonton Alberta, specializing in all makes and models.We carry a wide range of high quality auto parts for the lowest possible prices. At Noble Auto Parts, we strive to provide you with the best possible service. We offer fast delivery to your location for absolutely FREE. Our friendly staff provides you with fast, accurate and professional service throughout your buying experience. The combination of great service and unbeatable prices will leave you satisfied every time!
Sam Rooprai
587-754-7403
6330 Davies Rd Edmonton, AB T6E 4M9

Summerside FINANCIAL



# ਸਮਰਸਾਈਡ ਫ਼ਾਈਨੈਂਸ਼ੀਅਲ

## Welcome to Summerside Financial

*We, at Summerside Financial, strive not only to be the best in the industry by being the leader in client care, but also provide innovative financial solutions. We do not categorize each purchase/finance/sale in one box as we understand that each and every one and circumstances are unique. Our innovative financial representatives will provide financing solutions to best suite your needs.*

*Let us help you with your financial needs, whether it's purchasing or selling your equipment. Make South Asian Financial your loyal financial companion in building your business.*

## ਸਮਰਸਾਈਡ ਫ਼ਾਈਨੈਂਸ਼ੀਅਲ 'ਚ ਸਵਾਗਤ ਹੈ

ਅਸੀਂ, ਸਮਰਸਾਈਡ ਫ਼ਾਈਨੈਂਸ਼ੀਅਲ ਨਾ ਸਿਰਫ਼ ਆਪਣੇ ਗਾਹਕਾਂ (ਕਲਾਇੰਟਸ) ਦੀਆਂ ਜ਼ਰੂਰਤਾਂ ਪੂਰੀਆਂ ਕਰਨ ਵਿਚ ਸਭ ਤੋਂ ਅੱਗੇ ਹਾਂ, ਸਗੋਂ ਉਨ੍ਹਾਂ ਨੂੰ ਨਵੇਂ ਤੇ ਬਿਹਤਰੀਨ ਹੱਲ ਵੀ ਮੁਹੱਈਆ ਕਰਾਉਂਦੇ ਹਾਂ। ਅਸੀਂ ਹਰੇਕ ਖ਼ਰੀਦ/ਫਾਇਨਾਂਸ/ਵੇਚ ਨੂੰ ਇਕੋ ਬਕਸੇ ਵਿਚ ਨਹੀਂ ਰੱਖਦੇ ਕਿਉਂਕਿ ਅਸੀਂ ਸਮਝਦੇ ਹਾਂ ਕਿ ਹਰੇਕ, ਹਰ ਇਕ ਲਈ ਤੇ ਹਰ ਹਾਲਾਤ ਵਿਲੱਖਣ ਹੁੰਦੇ ਹਨ। ਸਾਡੇ ਉਤਸ਼ਾਹੀ ਵਿੱਤੀ ਪ੍ਰਤੀਨਿਧ ਤੁਹਾਡੀਆਂ ਜ਼ਰੂਰਤਾਂ ਮੁਤਾਬਕ ਤੁਹਾਨੂੰ ਬਿਹਤਰ ਤੋਂ ਬਿਹਤਰ ਹੱਲ ਸੁਝਾਉਣਗੇ।

ਆਪਣੀਆਂ ਵਿੱਤੀ ਲੋੜਾਂ ਮੁਤਾਬਕ, ਭਾਵੇਂ ਤੁਸੀਂ ਕੋਈ ਖ਼ਰੀਦ ਕਰਨੀ ਹੈ ਜਾਂ ਤੁਸੀਂ ਕੋਈ ਸਾਮਾਨ ਵੇਚਣਾ ਹੈ, ਤੁਸੀਂ ਸਾਨੂੰ ਮਦਦ ਦਾ ਮੌਕਾ ਦਿਓ। ਆਪਣਾ ਕਾਰੋਬਾਰ ਵਧਾਉਣ ਵਿਚ ਸਾਊਥ ਏਸ਼ੀਅਨ ਫਾਇਨਾਸ਼ੀਅਲ ਨੂੰ ਆਪਣਾ ਸੱਚਾ ਵਿੱਤੀ ਸਹਾਇਕ ਬਣਾਓ।

## Why Summerside Financial

- *Loyal Financial Companion*
- *Innovative financing/solutions*
- *Quick turnaround time/approvals*
- *Competitive rates*
- *Excellent client care*
- *Down payment assistance*
- *Finance and/or sell your equipment*

## ਸਮਰਸਾਈਡ ਫ਼ਾਈਨੈਂਸ਼ੀਅਲ ਹੀ ਕਿਉਂ!

- ਭਰੋਸੇਮੰਦ ਵਿੱਤੀ ਸਾਥੀ
- ਉਤਸ਼ਾਹੀ ਫਾਇਨਾਂਸ/ਹੱਲ
- ਤੁਰੰਤ ਨਵੀਂ ਨੀਤੀ ਧਾਰਕ/ਮਨਜ਼ੂਰੀਆਂ
- ਮੁਕਾਬਲਾ ਦਰਾਂ
- ਬਿਹਤਰੀਨ ਗਾਹਕ ਸਹੂਲਤਾਂ
- ਨਕਦ ਅਦਾਇਗੀ ਸਹਾਇਤਾ
- ਆਪਣੇ ਔਜਾਰ ਵੇਚਣ ਜਾਂ ਫਾਇਨਾਂਸ ਦੀ ਸਹੂਲਤ

## Available Financial Solutions

*Whether it's your first time purchasing/leasing your very first equipment or seeking to further expand your company, Summerside Financial is your loyal financial companion. We strive to be the best in the industry by providing innovative ways to help you achieve your financial needs.*

*Summerside Financial not only assist you in your purchases/leases (from construction, to office to medical equipments) but also will assist in many ways that other financial companies won't do. Our financial representatives are all experienced in the industry and have seen and experienced it all.*

*Contact us and let us show and prove to you what we can do. Let Summerside Financial be your loyal financial companion.*



## ਮੌਜੂਦ ਵਿੱਤੀ ਹੱਲ

ਭਾਵੇਂ ਤੁਸੀਂ ਪਹਿਲੀ ਵਾਰ ਆਪਣੇ ਔਜਾਰ ਖ਼ਰੀਦ ਜਾਂ ਲੀਜ਼ 'ਤੇ ਲੈ ਰਹੇ ਹੋ ਜਾਂ ਤੁਸੀਂ ਆਪਣੀ ਕੰਪਨੀ ਦਾ ਵਿਸਥਾਰ ਕਰਨਾ ਚਾਹੁੰਦੇ ਹੋ। ਸਮਰਸਾਈਡ ਫ਼ਾਈਨੈਂਸ਼ੀਅਲ ਤੁਹਾਡਾ ਭਰੋਸੇਮੰਦ ਵਿੱਤੀ ਸਾਥੀ ਹੈ। ਤੁਹਾਡੀਆਂ ਵਿੱਤੀ ਲੋੜਾਂ ਪੂਰੀਆਂ ਕਰਨ ਵਿਚ ਹਰ ਸੰਭਵ ਮਦਦ ਕਰਨ ਦੀ ਸਾਡੀ ਕੋਸ਼ਿਸ਼ ਰਹਿੰਦੀ ਹੈ।

ਸਮਰਸਾਈਡ ਫ਼ਾਈਨੈਂਸ਼ੀਅਲ ਨਾ ਸਿਰਫ਼ ਖ਼ਰੀਦ/ਲੀਜ਼ (ਨਿਰਮਾਣ ਕਾਰਜਾਂ ਤੋਂ ਲੈ ਕੇ ਦਫ਼ਤਰ ਤੇ ਮੈਡੀਕਲ ਔਜਾਰ) ਵਿਚ ਤੁਹਾਡੀ ਮਦਦ ਕਰਦਾ ਹੈ, ਸਗੋਂ ਹੋਰਨਾਂ ਕੰਮਾਂ ਵਿਚ ਵੀ ਤੁਹਾਨੂੰ ਸਹਿਯੋਗ ਕਰੇਗਾ ਜੋ ਦੂਜੀਆਂ ਵਿੱਤੀ ਕੰਪਨੀਆਂ ਨਹੀਂ ਕਰਦੀਆਂ। ਇਸ ਖੇਤਰ ਵਿਚ ਸਾਡੇ ਸਾਰੇ ਪ੍ਰਤੀਨਿਧ ਬੇਹੱਦ ਤਜਰਬੇਕਾਰ ਹਨ।

ਸਾਡੇ ਨਾਲ ਸੰਪਰਕ ਕਰੋ ਅਤੇ ਸਾਨੂੰ ਆਪਣਾ ਬਿਹਤਰੀਨ ਕੰਮ ਦਿਖਾਉਣ ਦਾ ਮੌਕਾ ਦਿਓ। ਸਮਰਸਾਈਡ ਫ਼ਾਈਨੈਂਸ਼ੀਅਲ ਨੂੰ ਆਪਣਾ ਸੱਚਾ, ਭਰੋਸਾਮੰਦ ਸਾਥੀ ਬਣਾਓ।

## For More info Contact Summerside Financial

ਵਧੇਰੇ ਜਾਣਕਾਰੀ ਲਈ ਸਮਰਸਾਈਡ ਫ਼ਾਈਨੈਂਸ਼ੀਅਲ ਨਾਲ ਸੰਪਰਕ ਕਰੋ:

**Toll Free:1-877-816-3510**

**www.summersidefinancial.com**

**#200, 17834 106A Avenue Edmonton, Alberta T5S 1V3**

**Alan Ajit Walia**

**780-995-2719 (Cell)**

**780-705-6668 (Off.)**

**Email: info@summersidefinancial.com, Fax : 780-705-6641**

# ਪੰਜਾਬ ਦੇ 19 ਮੌਜੂਦਾ ਤੇ ਸਾਬਕਾ ਵਿਧਾਇਕ ਕਰਜ਼ਾ ਲੈ ਕੇ ਭੁੱਲੇ

## ਮੁੱਖ ਮੰਤਰੀ ਦਾ ਸਲਾਹਕਾਰ, ਦੋ ਮੁੱਖ ਸੰਸਦੀ ਸਕੱਤਰ ਤੇ ਦੋ ਚੇਅਰਮੈਨ ਡਿਫਾਲਟਰ ਐਲਾਨੇ; ਸਾਬਕਾ ਵਿਧਾਇਕਾ ਰੂਪ ਰਾਣੀ ਦੇ ਸਿਰ ਸਭ ਤੋਂ ਵੱਧ ਕਰਜ਼ਾ

ਬਠਿੰਡਾ (ਨਦਬ) : ਕਰੀਬ ਡੇਢ ਦਰਜਨ ਮੌਜੂਦਾ ਅਤੇ ਸਾਬਕਾ ਵਿਧਾਇਕ ਪੰਜਾਬ ਵਿਧਾਨ ਸਭਾ ਦਾ ਕਰਜ਼ਾ ਨਹੀਂ ਮੋੜ ਸਕੇ। ਵਿਧਾਨ ਸਭਾ ਦੇ ਡਿਫਾਲਟਰਾਂ ਦੀ ਸੂਚੀ ਵਿੱਚ ਮੁੱਖ ਮੰਤਰੀ ਦੇ ਸਲਾਹਕਾਰ ਤੇ ਦੋ ਮੁੱਖ ਸੰਸਦੀ ਸਕੱਤਰਾਂ ਤੋਂ ਇਲਾਵਾ ਦੋ ਚੇਅਰਮੈਨਾਂ ਦੇ ਨਾਮ ਵੀ ਸ਼ਾਮਲ ਹਨ। ਕਈ ਡਿਫਾਲਟਰਾਂ ਦੀ ਮੌਤ ਹੋ ਚੁੱਕੀ ਹੈ ਤੇ ਉਨ੍ਹਾਂ ਦਾ ਕਰਜ਼ਾ ਵੱਟੇ ਖਾਤੇ ਪਾ ਦਿੱਤਾ ਗਿਆ। ਪੰਜਾਬ ਵਿਧਾਨ ਸਭਾ ਦੇ ਅਜਿਹੇ 19 ਮੌਜੂਦਾ ਤੇ ਸਾਬਕਾ ਵਿਧਾਇਕ ਹਨ ਜਿਨ੍ਹਾਂ ਵੱਲ ਮਕਾਨ ਅਤੇ ਵਾਹਨ ਦਾ ਕਰੀਬ 42.20 ਲੱਖ ਰੁਪਏ ਦਾ ਕਰਜ਼ਾ ਖੜ੍ਹਾ ਹੈ।

'ਸੂਚਨਾ ਦੇ ਅਧਿਕਾਰ' ਐਕਟ ਤਹਿਤ ਪੰਜਾਬ ਵਿਧਾਨ ਸਭਾ ਸਕੱਤਰੇਤ ਤੋਂ ਪ੍ਰਾਪਤ ਵੇਰਵਿਆਂ ਅਨੁਸਾਰ ਪੰਜਾਬ ਦੇ 13 ਮੌਜੂਦਾ ਅਤੇ ਸਾਬਕਾ ਵਿਧਾਇਕਾਂ ਵੱਲ 16.37 ਲੱਖ ਦਾ ਕਰਜ਼ਾ ਹੈ ਜੋ ਵਾਹਨ ਖ਼ਰੀਦਣ ਵਾਸਤੇ ਲਿਆ ਗਿਆ ਸੀ। ਇਵੇਂ ਹੀ 17 ਵਿਧਾਇਕਾਂ ਵੱਲੋਂ ਮਕਾਨ ਉਸਾਰੀ ਲਈ ਕਰਜ਼ਾ ਲਿਆ ਗਿਆ ਸੀ ਜੋ ਮੋੜਿਆ ਨਹੀਂ ਗਿਆ ਹੈ। ਇਨ੍ਹਾਂ ਵਿੱਚੋਂ ਅੱਧੀ ਦਰਜਨ ਵਿਧਾਇਕ ਤੇ ਸਾਬਕਾ ਵਿਧਾਇਕ ਤਾਂ ਮਕਾਨ ਅਤੇ ਵਾਹਨ ਦੇ ਦੋਵੇਂ ਤਰ੍ਹਾਂ ਦੇ ਕਰਜ਼ਿਆਂ ਦੇ ਡਿਫਾਲਟਰ ਹਨ। ਡਿਫਾਲਟਰਾਂ 'ਚੋਂ ਕਰੀਬ ਸੱਤ ਮੌਜੂਦਾ ਤੇ ਸਾਬਕਾ ਵਿਧਾਇਕਾਂ ਦੀ ਮੌਤ ਹੋ ਚੁੱਕੀ ਹੈ। ਇਨ੍ਹਾਂ ਵਿੱਚੋਂ ਮਰਹੂਮ ਗੁਰਦੀਪ ਸਿੰਘ ਭੁੱਲਰ ਅਤੇ ਜਤਿੰਦਰ ਸਿੰਘ ਕਰੀਹਾ ਦਾ ਕਰਜ਼ਾ ਵੱਟੇ ਖਾਤੇ ਪਾ ਦਿੱਤਾ ਗਿਆ ਹੈ।

ਮੁੱਖ ਸੰਸਦੀ ਸਕੱਤਰ ਚੌਧਰੀ ਨੰਦ ਲਾਲ ਵੱਲ 1,75,540 ਰੁਪਏ ਕਰਜ਼ਾ ਖੜ੍ਹਾ ਹੈ ਜੋ ਮਕਾਨ ਉਸਾਰੀ ਵਾਸਤੇ ਲਿਆ ਗਿਆ ਸੀ। ਚੌਧਰੀ ਨੰਦ ਲਾਲ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਕਰੀਬ 10 ਵਰ੍ਹੇ ਪਹਿਲਾਂ ਕਰਜ਼ਾ ਲਿਆ ਸੀ ਪਰ ਵਿਧਾਨ ਸਭਾ ਵੱਲੋਂ ਉਨ੍ਹਾਂ ਨੂੰ ਕਦੇ ਕੋਈ ਰਿਮਾਂਈਡਰ ਨਹੀਂ ਭੇਜਿਆ ਗਿਆ। ਇਸ ਕਰਕੇ ਉਨ੍ਹਾਂ ਨੂੰ ਇਸ ਦਾ ਚੇਤਾ ਨਹੀਂ ਹੈ। ਉਨ੍ਹਾਂ ਕਿਹਾ ਕਿ ਉਹ ਬਕਾਏ ਕਲੀਅਰ ਕਰ ਦੇਣਗੇ। ਮੁੱਖ ਸੰਸਦੀ ਸਕੱਤਰ ਬਲਵੀਰ ਸਿੰਘ ਵੱਲ ਵੀ 63,150 ਰੁਪਏ ਦਾ ਬਕਾਇਆ ਖੜ੍ਹਾ ਹੈ। ਬਲਵੀਰ ਸਿੰਘ ਦਾ ਕਹਿਣਾ ਸੀ ਕਿ ਵਿਧਾਨ ਸਭਾ ਨੇ ਤਨਖ਼ਾਹ ਵਿੱਚੋਂ ਹੀ ਲੋਨ ਦੀ ਕਿਸ਼ਤ ਕੱਟਣੀ ਹੁੰਦੀ ਹੈ ਜੋ ਉਨ੍ਹਾਂ ਨੂੰ ਕੱਟ ਲੈਣੀ ਚਾਹੀਦੀ ਸੀ। ਮੁੱਖ ਮੰਤਰੀ ਦੇ ਸਲਾਹਕਾਰ ਮਹੇਸ਼ਇੰਦਰ ਸਿੰਘ ਗਰੇਵਾਲ ਵੱਲ 1,59,749 ਰੁਪਏ ਦਾ ਕਰਜ਼ਾ ਖੜ੍ਹਾ ਹੈ ਜੋ ਉਨ੍ਹਾਂ ਨੇ ਮਕਾਨ ਉਸਾਰੀ ਵਾਸਤੇ ਲਿਆ ਸੀ। ਸ੍ਰੀ ਗਰੇਵਾਲ ਦਾ ਕਹਿਣਾ ਸੀ ਕਿ ਉਨ੍ਹਾਂ ਨੇ ਜਨਵਰੀ 2015 ਤੱਕ ਰੈਗੂਲਰ ਕਿਸ਼ਤ ਤਾਰੀ ਹੈ ਤੇ ਉਨ੍ਹਾਂ ਵੱਲ ਸਿਰਫ਼ ਵਿਆਜ ਹੀ ਬਕਾਇਆ ਰਹਿ ਗਿਆ ਹੋਵੇਗਾ। ਉਨ੍ਹਾਂ ਆਖਿਆ ਕਿ ਉਨ੍ਹਾਂ ਨੂੰ ਡਿਫਾਲਟਰ ਨਹੀਂ ਐਲਾਨਿਆ ਹੈ। ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਦੇ ਉੱਪ ਚੇਅਰਮੈਨ ਰਾਜ ਕੁਮਾਰ ਵੇਰਕਾ ਵੱਲ ਵੀ 50,250 ਰੁਪਏ ਦੇ ਬਕਾਏ ਕੱਢੇ ਗਏ ਹਨ। ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਚੰਡੀਗੜ੍ਹ ਦੇ ਚੇਅਰਮੈਨ ਸੁਖਦਰਸ਼ਨ ਸਿੰਘ ਮਰਾੜ ਇਸ ਵੇਲੇ 6,37,850 ਰੁਪਏ ਦੇ ਕਰਜ਼ੇ ਦੇ ਡਿਫਾਲਟਰ ਹਨ। ਸ੍ਰੀ ਮਰਾੜ ਦਾ ਕਹਿਣਾ ਸੀ ਕਿ ਉਨ੍ਹਾਂ ਨੇ ਮੂਲ ਕਰਜ਼ ਤਾਂ ਪਹਿਲਾਂ ਹੀ ਭਰ ਦਿੱਤਾ ਸੀ। ਪੰਜਾਬ ਲੋਕ ਸੇਵਾ ਕਮਿਸ਼ਨ ਦੇ ਚੇਅਰਮੈਨ ਮੋਹਨ ਲਾਲ ਬੰਗਾ ਵੱਲ ਵੀ ਵਿਧਾਨ ਸਭਾ ਨੇ 22,104 ਰੁਪਏ ਦਾ ਬਕਾਇਆ ਕੱਢਿਆ ਹੋਇਆ ਹੈ। ਪੰਜਾਬ ਕਾਂਗਰਸ ਦੇ ਕਿਸਾਨ ਅਤੇ ਖੇਤ ਮਜ਼ਦੂਰ ਸੈਲ ਦੇ ਚੇਅਰਮੈਨ ਤੇ ਸਾਬਕਾ ਵਿਧਾਇਕ ਇੰਦਰਜੀਤ ਸਿੰਘ ਜ਼ੀਰਾ ਵੀ 93,627 ਰਕਮ ਦੇ ਡਿਫਾਲਟਰ ਹਨ। ਸਭ ਤੋਂ ਵੱਧ ਕਰਜ਼ਾ ਭਾਜਪਾ ਦੀ ਸਾਬਕਾ ਵਿਧਾਇਕ ਰੂਪ ਰਾਣੀ ਵੱਲ 9 ਲੱਖ ਦਾ ਹੈ। ਡਿਫਾਲਟਰ ਸੂਚੀ ਵਿੱਚ ਸ਼ਾਮਲ ਖੁਸ਼ਹਾਲ ਬਹਿਲ, ਉਜਾਗਰ ਸਿੰਘ ਰੰਗਰੇਟਾ, ਜਗੀਰ ਸਿੰਘ ਭੁੱਲਰ ਤੇ ਜੋਰਾ ਸਿੰਘ ਭਾਗੀਕੇ ਦੀ ਮੌਤ ਹੋ ਚੁੱਕੀ ਹੈ। ਇਸ ਤੋਂ ਇਲਾਵਾ ਡਿਫਾਲਟਰ ਸੂਚੀ ਵਿੱਚ ਬਾਬਾ ਰਾਮ ਚਾਵਲਾ, ਰਵਿੰਦਰ ਸਿੰਘ ਸੰਧੂ, ਜਗਤਾਰ ਸਿੰਘ ਰਾਜਲਾ, ਬਲਵੰਤ ਸਿੰਘ ਅਮਲੋਹ, ਗੋਬਿੰਦ ਸਿੰਘ ਕਾਂਝਲਾ, ਹਰਮੇਲ ਸਿੰਘ ਟੌਹੜਾ ਤੇ ਰਾਜਮਹਿੰਦਰ ਸਿੰਘ ਮਜੀਠਾ ਆਦਿ ਦਾ ਨਾਂ ਸ਼ਾਮਲ ਹੈ।

### ਵਸੂਲੀ ਲਈ ਕਾਰਵਾਈ ਜਾਰੀ: ਸਕੱਤਰ

ਵਿਧਾਨ ਸਭਾ ਦੀ ਸਕੱਤਰ ਸ਼ਸ਼ੀ ਮਿਸ਼ਰਾ ਦਾ ਕਹਿਣਾ ਹੈ ਕਿ ਉਹ ਡਿਫਾਲਟਰ ਵਿਧਾਇਕਾਂ ਤੋਂ ਵਸੂਲੀ ਲਈ ਲਗਾਤਾਰ ਕਾਰਵਾਈ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਵਸੂਲੀ ਵਾਸਤੇ ਡਿਪਟੀ ਕਮਿਸ਼ਨਰਾਂ ਨੂੰ ਵੀ ਲਿਖਿਆ ਗਿਆ ਹੈ ਤੇ ਕਾਫ਼ੀ ਰਕਮ ਵਸੂਲ ਕਰ ਲਈ ਹੈ।

# ਜੰਗੀ ਪੱਧਰ 'ਤੇ ਜਾਰੀ ਹੈ ਆਨਲਾਈਨ ਪੰਜਾਬੀ-ਅੰਗਰੇਜ਼ੀ ਡਿਕਸ਼ਨਰੀ ਦਾ ਕੰਮ

ਪਟਿਆਲਾ (ਨਦਬ) : ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ 'ਐਡਵਾਂਸ ਸੈਂਟਰ ਫ਼ਾਰ ਟੈਕਨੀਕਲ ਡਿਵੈੱਲਪਮੈਂਟ ਆਫ਼ ਪੰਜਾਬੀ ਲੈਂਗੂਏਜ ਲਿਟਰੇਚਰ ਐਂਡ ਕਲਚਰ' ਵਿਭਾਗ ਵਲੋਂ ਤਿਆਰ ਆਨਲਾਈਨ ਪੰਜਾਬੀ ਤੋਂ ਅੰਗਰੇਜ਼ੀ ਡਿਕਸ਼ਨਰੀ ਵਿਚ ਰਹਿ ਗਈਆਂ ਘਾਟਾਂ ਪੂਰੀਆਂ ਕਰਨ ਦਾ ਕੰਮ ਜੰਗੀ ਪੱਧਰ 'ਤੇ ਜਾਰੀ ਹੈ। ਦੱਸਣਯੋਗ ਹੈ ਕਿ http://dic.learnpunjabi.org ਲਿੰਕ 'ਤੇ ਪਈ ਇਹ ਆਨਲਾਈਨ ਡਿਕਸ਼ਨਰੀ ਲੋੜਵੰਦਾਂ ਲਈ ਵਰਦਾਨ ਆਖੀ ਜਾ ਰਹੀ ਹੈ। ਇਸ ਡਿਕਸ਼ਨਰੀ ਵਿਚ ਪੰਜਾਬੀ ਦੇ 30,000 ਰੂਟ ਸ਼ਬਦ ਪਾਏ ਜਾ ਚੁੱਕੇ ਹਨ, ਬਹੁਤ ਸਾਰੇ ਸ਼ਬਦ ਰਹਿ ਗਏ ਸਨ, ਉਨ੍ਹਾਂ ਦੀ ਘਾਟ ਪੂਰੀ ਕਰਨ ਲਈ 7000 ਸ਼ਬਦਾਂ ਦੀ ਸ਼ਾਹਮੁਖੀ ਵਿੱਚ ਲਿਪੀਅੰਤਰ ਅਤੇ ਆਵਾਜ਼ ਰਿਕਾਰਡ ਹੋ ਚੁੱਕੀ ਹੈ। ਉਹ ਅਗਲੇ ਮਹੀਨੇ ਵਿਚ ਹੀ ਅਪਲੋਡ ਕਰ ਦਿੱਤੇ ਜਾਣਗੇ। ਇਸ ਡਿਕਸ਼ਨਰੀ ਦੇ ਪ੍ਰਾਜੈਕਟ ਲੀਡਰ ਡਾ. ਗੁਰਪ੍ਰੀਤ ਸਿੰਘ ਲਹਿਲ ਦਾ ਕਹਿਣਾ ਹੈ ਕਿ ਪੰਜਾਬੀ ਯੂਨੀਵਰਸਿਟੀ ਵਲੋਂ ਤਿਆਰ ਪੰਜਾਬੀ ਅੰਗਰੇਜ਼ੀ ਡਿਕਸ਼ਨਰੀ ਦਾ ਹੂ-ਬ-ਹੂ ਰੂਪ ਹੈ ਪਰ ਜੋ ਸ਼ਬਦ ਇਸ ਵਿਚੋਂ ਰਹਿ ਗਏ ਹਨ, ਉਨ੍ਹਾਂ ਵਿਚੋਂ 7000 ਸ਼ਬਦ ਸ਼ਾਹਮੁਖੀ ਵਿਚ ਲਿਪੀਅੰਤਰ ਕਰ ਲਏ ਹਨ ਤੇ ਉਨ੍ਹਾਂ ਸ਼ਬਦਾਂ ਨਾਲ ਆਵਾਜ਼ ਵੀ ਰਿਕਾਰਡ ਹੋ ਚੁੱਕੀ ਹੈ। ਉਹ ਜਲਦੀ ਹੀ ਅਪਲੋਡ ਕਰ ਦਿੱਤੇ ਜਾਣਗੇ।

## ਸੰਧੂ ਪਰਿਵਾਰ ਨੂੰ ਸਦਮਾ

ਐਡਮਿੰਟਨ (ਨਦਬ) : ਲੰਘੀ 28 ਮਈ ਨੂੰ ਐਡਮਿੰਟਨ ਰਹਿੰਦੇ 70 ਸਾਲਾ ਕੇਵਲ ਸਿੰਘ ਸੰਧੂ ਦਾ ਅਚਾਨਕ ਦੇਹਾਂਤ ਹੋ ਗਿਆ। ਪਰਿਵਾਰਕ ਸੂਤਰਾਂ ਅਨੁਸਾਰ ਉਨ੍ਹਾਂ ਨੂੰ ਅਟੈਕ ਆਉਣ ਤੋਂ ਬਾਅਦ ਹਸਪਤਾਲ



ਲਿਜਾਇਆ ਗਿਆ ਜਿਥੇ ਦੂਜੇ ਹੀ ਦਿਨ ਡਾਕਟਰਾਂ ਨੇ ਉਨ੍ਹਾਂ ਦੇ ਗੁਰਦੇ ਫੇਲ੍ਹ ਹੋ ਜਾਣ ਕਰ ਕੇ ਮ੍ਰਿਤਕ ਐਲਾਨ ਦਿੱਤਾ। ਜ਼ਿਲ੍ਹਾ ਨਵਾਂ ਸ਼ਹਿਰ ਦੇ ਖੜਕਨਾ ਕਲਾਂ ਤੋਂ 1994 ਦੇ ਲਗਭਗ ਪਰਿਵਾਰ ਸਮੇਤ ਕਨੇਡਾ ਆਏ ਸ. ਸੰਧੂ ਬੇਹੱਦ ਮਿਲਾਪੜੇ ਸੁਭਾਅ ਦੇ ਮਾਲਕ ਸਨ। ਉਹ ਆਪਣੇ ਪਿਛੇ ਪਤਨੀ ਛਿੰਦੋ ਸੰਧੂ, ਪੁੱਤਰ ਮੁਖਤਿਆਰ ਸੰਧੂ ਤੇ ਨੂੰਹ ਹਰਕੀਰਤ ਸੰਧੂ, ਬੇਟੀ ਕਸ਼ਮੀਰ ਗੌਸਲ ਤੇ ਜਵਾਈ ਹੀਰਾ ਸਿੰਘ ਗੋਸਲ, ਬੇਟੀ ਬਲਬੀਰ ਅਟਵਾਲ ਤੇ ਜਵਾਈ ਕਰਨ ਬਲਜੀਤ ਸਿੰਘ ਅਟਵਾਲ, ਬੇਟੀ ਹਰਜਿੰਦਰ ਬੈਂਸ ਤੇ ਜਵਾਈ ਬਲਿਹਾਰ ਸਿੰਘ ਬੈਂਸ ਛੱਡ ਗਏ ਹਨ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਜਾਂ ਹੋਰ ਜਾਣਕਾਰੀ ਲਈ 780-200-3074 ਜਾਂ 780-245-2125 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਅਦਾਰਾ 'ਨਵੀਂ ਦੁਨੀਆ' ਇਸ ਦੁੱਖ ਦੀ ਘੜੀ ਵਿਚ ਪਰਿਵਾਰ ਨਾਲ ਦੁੱਖ ਵੰਡਾਉਂਦਾ ਹੈ।

ਸਫ਼ਾ ਇਕ ਦੀ ਬਾਕੀ

# ਮੂਲ ਵਾਸੀਆਂ ਨਾਲ ਕੀਤਾ ਗਿਆ ਵਿਵਹਾਰ 'ਸਭਿਆਚਾਰਕ ਨਸਲਕੁਸ਼ੀ' ਗਰਦਾਨਿਆ

ਕਮਿਸ਼ਨ ਵੱਲੋਂ ਰਿਪੋਰਟ ਪਿਛਲੇ ਛੇ ਸਾਲਾਂ ਵਿੱਚ ਵੱਖ-ਵੱਖ ਧਿਰਾਂ ਅਤੇ ਐਬਓਰਿਜਨਲ ਲੋਕਾਂ ਨਾਲ ਵਿਅਕਤੀਗਤ ਪੱਧਰ 'ਤੇ ਗੱਲਬਾਤ ਕਰਕੇ ਤਿਆਰ ਕੀਤੀ ਗਈ ਹੈ। ਰਿਪੋਰਟ ਦੇ ਤੱਥਾਂ ਨੂੰ ਲੈ ਕੇ ਕਾਫ਼ੀ ਬਹਿਸ ਹੋ ਰਹੀ ਹੈ ਤੇ ਇਸ ਦੀਆਂ ਸਿਫਾਰਿਸ਼ਾਂ ਨੂੰ ਲੈ ਕੇ ਅਮਲੀ ਪੱਧਰ 'ਤੇ ਕਦਮ ਚੁੱਕੇ ਜਾਣ ਦੀ ਮੰਗ ਕੀਤੀ ਜਾ ਰਹੀ ਹੈ।



ਜ਼ਿਕਰਯੋਗ ਹੈ ਕਿ ਇਸ ਕਮਿਸ਼ਨ ਦਾ ਮੁਖੀ ਜਸਟਿਸ ਮਰ੍ਹੀ ਸਿਨਕਲੇਅਰ ਸੀ। ਉਹਨਾਂ ਨੇ ਰਿਪੋਰਟ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਜੇਕਰ ਅਸੀਂ ਚਾਹੁੰਦੇ ਹਾਂ ਕਿ ਹਾਲਤਾਂ ਵਿੱਚ ਬਦਲਾਅ ਆਵੇ ਤਾਂ ਸਾਨੂੰ ਸਾਡੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਵਿੱਚ ਤਬਦੀਲੀ ਲੈ ਕੇ ਆਉਣੀ ਹੋਵੇਗੀ ਤੇ ਸਿੱਖਿਆ ਅਤੇ ਹੋਰ ਖੇਤਰਾਂ ਵਿੱਚ ਉਹਨਾਂ ਸਿਫਾਰਿਸ਼ਾਂ 'ਤੇ ਕੰਮ ਕਰਨਾ ਹੋਵੇਗਾ ਜਿਹੜੀਆਂ ਕਿ ਕਮਿਸ਼ਨ ਵੱਲੋਂ ਖੋਜ ਤੋਂ ਬਾਅਦ ਛਾਣਬੀਣ ਕਰਕੇ ਪੇਸ਼ ਕੀਤੀਆਂ ਗਈਆਂ ਹਨ। ਦੱਸਣਾ ਬਣਦਾ ਹੈ ਕਿ ਕਮਿਸ਼ਨ ਵੱਲੋਂ ਸਿੱਖਿਆ ਅਤੇ ਯਾਦਗਾਰਾਂ ਦੇ ਸੰਦਰਭ ਵਿੱਚ 94 ਸਿਫਾਰਿਸ਼ਾਂ ਕੀਤੀਆਂ ਗਈਆਂ ਹਨ।

ਜਿਹੜੀ ਗੱਲ 'ਤੇ ਉਹਨਾਂ ਨੇ ਜ਼ੋਰ ਦਿੱਤਾ ਉਹ ਇਹ ਹੈ ਕਿ ਸੱਭਿਆਚਾਰਕ ਨਸਲਕੁਸ਼ੀ ਨੂੰ ਲੈ ਕੇ ਸਾਨੂੰ ਸਿਰਫ਼ ਬਿਆਨਬਾਜ਼ੀ ਨਹੀਂ ਕਰਨੀ ਚਾਹੀਦੀ ਸਗੋਂ ਅਮਲੀ ਪੱਧਰ 'ਤੇ ਠੋਸ ਕਦਮ ਚੁੱਕਣੇ ਪੈਣਗੇ। ਉਹਨਾਂ ਕਿਹਾ ਕਿ ਐਬਓਰਿਜਨਲ ਲੋਕਾਂ ਲਈ ਸਮਝੌਤਾ ਕੋਈ ਸਮੱਸਿਆ ਨਹੀਂ ਹੈ ਸਗੋਂ ਇਹ ਗੈਰ ਐਬਓਰਿਜਨਲ ਲੋਕਾਂ ਦੀ ਸਮੱਸਿਆ ਹੈ। ਇਸ ਮਾਮਲੇ ਵਿੱਚ ਖ਼ਾਸ ਗੱਲ ਇਹ ਹੈ ਕਿ ਸਮਝੌਤੇ ਲਈ ਜ਼ਰੂਰੀ ਹੁੰਦਾ ਹੈ ਕਿ ਸਾਰੀਆਂ ਧਿਰਾਂ ਇਸ ਵਿੱਚ ਸ਼ਾਮਲ ਹੋਣ।

ਰਿਪੋਰਟ ਜਾਰੀ ਹੋਣ ਤੋਂ ਮਗਰੋਂ ਐਬਓਰਿਜਨਲ ਆਗੂ, ਚਰਚ ਦੇ ਪ੍ਰਤੀਨਿਧੀ, ਸਰਕਾਰ ਅਤੇ ਵਿਰੋਧੀ ਧਿਰ ਦੇ ਆਗੂਆਂ ਸਮੇਤ ਸਭ ਨੇ ਇਹ ਪ੍ਰਵਾਨ ਕੀਤਾ ਹੈ ਕਿ ਕਮਿਸ਼ਨ ਵੱਲੋਂ ਕੀਤਾ ਗਿਆ ਕੰਮ ਇੱਕ ਸ਼ੁਰੂਆਤ ਹੈ। ਸਾਰਿਆਂ ਨੇ ਇਸ ਨੂੰ ਸਵੀਕਾਰ ਕੀਤਾ ਹੈ ਕਿ ਰਿਹਾਇਸ਼ੀ ਸਕੂਲ ਕਨੇਡਾ ਦੀ ਸਿੱਖਿਆ ਪ੍ਰਣਾਲੀ ਦਾ ਹਿੱਸਾ ਹਨ। ਇਸ ਮਾਮਲੇ ਵਿੱਚ ਕਮਿਸ਼ਨ ਦੇ ਮੁਖੀ ਦਾ ਕਹਿਣਾ ਹੈ ਕਿ ਪਿਛਲੀਆਂ ਸੱਤ ਪੁਸ਼ਤਾਂ ਤੋਂ ਐਬਓਰਿਜਨਲ ਲੋਕਾਂ ਦੀ ਪਹਿਚਾਣ ਤੋਂ ਇਨਕਾਰ ਕੀਤਾ ਜਾ ਰਿਹਾ ਹੈ। ਉਹਨਾਂ ਦੇ ਸੱਭਿਆਚਾਰ, ਭਾਸ਼ਾ ਅਤੇ ਰਸਮਾਂ-ਰਿਵਾਜ਼ਾਂ ਤੋਂ ਇਨਕਾਰ ਕੀਤਾ ਜਾ ਰਿਹਾ ਹੈ। ਇਸ ਤਰ੍ਹਾਂ ਉਹਨਾਂ ਨੂੰ ਪੂਰੀ ਤਰ੍ਹਾਂ ਤੋੜ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਉਹਨਾਂ ਨੇ ਸਾਲਾਨਾ ਸਟੇਟ ਆਫ ਐਬਓਰਿਜਨਲ ਪੀਪਲਜ਼ ਰਿਪੋਰਟ ਦੇ ਹਵਾਲੇ ਨਾਲ ਬੱਚਿਆਂ ਦੀ ਸਥਿਤੀ ਬਾਰੇ ਵੀ ਗੱਲ ਕੀਤੀ ਹੈ।

ਜਦੋਂ ਲਾਪਤਾ ਅਤੇ ਕਤਲ ਹੋਈਆਂ ਮੂਲਵਾਸੀ ਔਰਤਾਂ ਨੂੰ ਲੈ ਕੇ ਰਾਸ਼ਟਰੀ ਜਾਂਚ ਦੀ ਮੰਗ ਬਾਰੇ ਗੱਲ ਚੱਲੀ ਤਾਂ ਐਬਓਰਿਜਨਲ ਮਾਮਲਿਆਂ ਬਾਰੇ ਮੰਤਰੀ ਬਰਨਾਰਡ ਵੈਲਕੋਰਟ ਆਪਣੀ ਥਾਂ 'ਤੇ ਚੁੱਪਚਾਪ ਬੈਠਾ ਰਿਹਾ ਜਦੋਂ ਕਿ ਹਾਰਪਰ ਸਰਕਾਰ ਵੱਲੋਂ ਇਸ ਮਸਲੇ ਨੂੰ ਲੈ ਕੇ ਰਾਸ਼ਟਰੀ ਜਾਂਚ ਕਰਨ ਤੋਂ ਇਨਕਾਰ ਕਰ ਦਿੱਤਾ ਗਿਆ ਹੈ।

ਅੰਤ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਕਮਿਸ਼ਨ ਦੀ ਰਿਪੋਰਟ ਨੇ ਐਬਓਰਿਜਨਲ ਲੋਕਾਂ ਦੀ ਬਹਿਸ ਨੂੰ ਹੋਰ ਤਿੱਖਾ ਕਰ ਦਿੱਤਾ ਹੈ। ਆਮ ਲੋਕਾਂ ਅਤੇ ਮਹੱਤਵਪੂਰਨ ਸਮਾਜਕ ਅਤੇ ਸਿਆਸੀ ਸੰਸਥਾਵਾਂ ਦਾ ਸਮੱਰਥਨ ਬਿਨਾ ਸ਼ੱਕ ਇਸ ਬਹਿਸ ਨੂੰ ਕਿਸੇ ਨਤੀਜੇ ਤੱਕ ਲੈ ਕੇ ਜਾਵੇਗਾ।

Harjeet Sandhu
REALTOR
"Serving all your Real Estate needs"
ਕਿਸੇ ਵੀ ਪ੍ਰਕਾਰ ਦੀ ਜਾਇਦਾਦ ਵੇਚਣੀ ਜਾਂ ਖ੍ਰੀਦਣੀ ਹੋਵੇ ਤਾਂ ਆਪਣੀ ਕਮਿਊਨਿਟੀ ਦੇ ਭਰੋਸੇਯੋਗ ਰੀਅਲਟਰ ਹਰਜੀਤ ਸੰਧੂ ਨੂੰ ਮਿਲੋ ਜਾਂ ਫੋਨ ਕਰੋ ।
"CONVERTING YOUR DREAMS INTO REALITY"
(780) 233-3100
Friendly Service & Free Market Evaluation
To view Thousands of properties online visit:
www.harjeetsandhu.com
harjsandhu@gmail.com
Realty Executives Polaris
Each Office Independently Owned and Operated
4107-99 St., Edmonton AB T6E 3N4
Tel: (780) 450-6300 (24hrs),
Fax: (780) 450-6670
Polaris
Member - Edmonton Real Estate Board, Residential & Commercial Divsion





ਕਹਾਣੀ

# ਅਜੇ ਮੈਂ ਜੀਊਂਦਾ ਹਾਂ

ਲਾਲ ਸਿੰਘ ਦਸੂਹਾ
+91-94655-74866



ਦਿਲ ਦਾ ਦਰਦ ਉੱਤਰ ਕੇ ਪਹਿਲਾਂ ਗੋਡਿਆਂ ਅੰਦਰ ਆ ਗਿਆ ਫਿਰ ਗਿੱਟਿਆਂ ਵਿਚ ਅਤੇ ਮੈਨੂੰ ਗਠੀਆ ਹੋ ਗਿਆ। ਫੇਫੜਿਆਂ ਅੰਦਰਲਾ ਸਾਹ ਬਲਗਮ ਜੰਮੀਆਂ ਨਾੜੀਆਂ ਵਿਚਕਾਰੋਂ ਲੰਘਣੋਂ ਬੰਦ ਹੋਣ ਲੱਗ ਪਿਆ, ਤਾਂ ਡਾਕਟਰਾਂ ਆਖ ਦਿੱਤਾ ਕਿ ਮੈਨੂੰ ਦਮਾ ਵੀ ਹੈ। ਬਹੁਤ ਔਖੇ ਦਿਨ ਲੰਘਣ ਲੱਗੇ। ਖਾਣਾ-ਪੀਣਾ ਹਰਾਮ ਹੋ ਗਿਆ। ਮਲ ਮੂਤਰ ਦੀ ਹਾਜ਼ਤ ਵੇਲੇ ਉਠਣੋਂ-ਬੈਠਣੋਂ ਆਤਰ ਹੋਇਆ ਜਦੋਂ ਕਿਸੇ ਨੂੰ ਆਵਾਜ਼ ਮਾਰਦਾ ਤਾਂ ਦਮ ਸਾਥ ਨਾ ਦੇਂਦਾ। 'ਵਾਜ਼ ਮਾਰਦਾ ਵੀ ਕਿਹਨੂੰ ? ਕੁੜੀਆਂ ਦੋਨੋਂ ਸਹੁਰੇ ਘਰੀਂ ਤੁਰ ਗਈਆਂ ਸਨ ਅਤੇ ਮੁੰਡੇ ਅਮਰੀਕਾ। ਗੁਆਂਢੀਆਂ ਦੇ ਪਾਸ਼ੇ ਤੋਂ ਉਪਰੋਂ-ਥਲੀਂ ਕਈ ਚਿੱਠੀਆਂ ਵੀ ਪੁਆਈਆਂ, ਪਰ ਦੋਨਾਂ 'ਚੋਂ ਕੋਈ ਨਾ ਬਹੁੜਿਆ। ਹਾਂ, ਇਕ ਲੰਮੀ ਚੌੜੀ ਚਿੱਠੀ ਜ਼ਰੂਰ ਆਈ : ਅਖੇ - ਾਪਾ ਜੀ, ਸਿਹਤ ਦਾ ਧਿਆਨ ਰੱਖਣਾ, ਕਿਸੇ ਚੰਗੇ ਜਿਹੇ ਡਾਕਟਰ ਤੋਂ ਦੁਆਈ ਲੈਣੀ।

ਪਰ ਡੁੱਬੀ ਤੇ ਤਾਂ ਜੇ ਸਾਹ ਨਾ ਆਇਆ। ਦੁਆਈ ਕਿਹੜਾ ਡ੍ਰਉਆ ਲਿਆ ਕੇ ਦਿੰਦਾ। ਰੋਜ਼ ਰੋਜ਼ ਕੌਣ ਵਗਾਰਾਂ ਕਰਦਾ ? ਪਰ, ਉਹ ਰੰਡੀ, ਮੇਰੇ ਚੌਹਾਂ ਨਿਆਣਿਆਂ ਦੀ ਮਾਂ ਨੇ ਤਾਂ ਕਸਮ ਹੀ ਖਾਧੀ ਹੋਈ ਸੀ। ਨਾ ਸੁਣੀ 'ਵਾਜ਼ ਦਾ ਉੱਤਰ ਦੇਣਾ, ਨਾ ਡਿੱਗੇ ਢੱਠੇ ਨੂੰ ਸੰਭਾਲਣਾ। ਕਈ ਵਾਰ ਮੇਰਾ ਜੀਅ ਕਰਦਾ ਕਿ ਆਰੀ ਲੈ ਕੇ ਇਸ ਕਮਜਾਤ ਦੇ ਟੁਕੜੇ-ਟੁਕੜੇ ਕਰ ਦਿਆਂ, ਪਰ ਬੈਠੀ ਤੋਂ ਉੱਠ ਨਾ ਹੋਵੇ, ਫਿੱਟੇ ਮੂੰਹ ਗੋਡਿਆਂ ਦਾ!

ਚਾਰੇ ਬੰਨਿਓਂ ਤੰਗ ਆ ਕੇ ਮੈਂ ਕਈ ਵੇਰਾਂ ਅਰਦਾਸ ਕੀਤੀ - 'ਹੇ ਰੱਬਾ ਸੱਚਿਆ, ਚੰਗਾ ਹੋਵੇ ਜੇ ਤੂੰ ਮੈਨੂੰ ਚੁੱਕ ਲਵੇਂ, ਪਰ ਰੱਬ ਕਿਤੇ ਹੁੰਦਾ ਤਾਂ ਈ, ਕੋਈ ਕਾਰਾ ਕਰਦਾ ?

ਇਕ ਦਿਨ ਸਵੇਰੇ ਸਵੇਰੇ ਭਾਣਾ ਵਰਤਿਆ ਕਿ ਮੈਨੂੰ ਬਹੁਤ ਭੁੱਖ ਲੱਗ ਗਈ। ਮੈਂ ਪੂਰੇ ਜ਼ੋਰ ਨਾਲ ਸਵਰਨੋ ਨੂੰ 'ਵਾਜ਼ ਮਾਰੀ। ਇਕ ਦੋ 'ਵਾਜ਼ਾਂ ਦਾ ਉੱਤਰ ਤਾਂ ਉਹ ਦਿਆ ਈ ਨਹੀਂ ਸੀ ਕਰਦੀ। ਪੰਜਵੀਂ-ਛੇਵੀਂ 'ਵਾਜ਼ ਮਾਰਦਿਆਂ ਵੀ ਮੈਨੂੰ ਹੁੱਥੂ ਨਾ ਲੱਗਾ ਅਤੇ ਨਾ ਈ ਸਾਹ ਉੱਖੜਿਆ। ਕਿਤੇ ਅੱਧੇ ਘੰਟੇ ਮਗਰੋਂ ਉਹ ਆਈ-ਈ-ਆਈ ਤਾਂ ਆਉਂਦਿਆਂ ਸਾਰ ਬਿਜਲੀ ਵਾਂਗ ਕੜਕਦੀ ਬੋਲੀ "ਕਾਹੈ, ਟਰੈਂ-ਟਰੈਂ ਕਰੇ ਰੇ ਨਾਹੋਂ ਮਰੈ .... ਨਾਹੋਂ ਜਾਨ ਛਾਡੇ..., ਕਾ ਹੋ ?" "ਮੈਂ ਆਖਿਆ -"ਮੈਨੂੰ ਭੁੱਖ ਲੱਗੀ ਆ ਰੋਟੀ ਲਿਆ ਦੇ।" ਮੱਕੀ ਦੀਆਂ ਤਿੰਨ ਚਾਰ ਰੋਟੀਆਂ ਖਾ ਕੇ ਮੈਂ ਚੈਨ ਨਾਲ ਸੌਂ ਗਿਆ।

ਥੋੜ੍ਹੇ ਚਿਰ ਪਿਛੋਂ ਮੈਨੂੰ ਲੱਗਾ ਕਿ ਮੇਰੇ ਗਿੱਟੇ-ਗੋਡੇ ਰਮਾ ਹੋ ਗਏ ਹਨ, ਸਾਹ ਠੀਕ-ਠਾਕ ਚੱਲਣ ਲੱਗ ਪਿਆ ਹੈ ਤੇ ਮੈਂ ਬਿਲਕੁਲ ਤੰਦਰੁਸਤ ਹੋ ਗਿਆ ਹਾਂ। ਵਰ੍ਹਿਆਂ ਤੋਂ ਨੀਮ ਬੋਲੇ ਕੰਨਾਂ ਨੂੰ ਚੰਗਾ ਭਲਾ ਸੁਣਨ ਲੱਗ ਪਿਆ ਹੈ। ਵੀਹਾਂ ਸਾਲਾਂ ਤੋਂ ਲੱਗੀਆਂ ਨਜ਼ਰ ਦੀਆਂ ਐਨਕਾਂ ਦੀ ਵੀ ਲੋੜ ਨਹੀਂ ਰਹੀ। ਲਾਗੇ ਖੜੇ ਬੰਦੇ ਨੂੰ ਪਛਾਨਣ ਲਈ ਅੱਖਾਂ ਉੱਤੇ ਹੱਥ ਦੀ ਛਾਂ ਵੀ ਨਹੀਂ ਕਰਨੀ ਪੈਂਦੀ।

ਆਪਣੇ ਆਪ ਉੱਠਣ-ਬੈਠਣ ਜੋਗਾ ਹੋ ਕੇ ਮੈਨੂੰ ਖ਼ੁਸ਼ੀ ਤਾਂ ਬਹੁਤ ਹੋਈ ਪਰ ਬਹੁਤੀ ਖ਼ੁਸ਼ੀ ਮੈਨੂੰ ਚਾਰੇ ਪਾਸੇ ਪੱਸਰੇ ਸੁੱਖ, ਚੈਨ ਆਰਾਮ ਕਰ ਕੇ ਵੀ ਹੋਈ- ਨਾ ਕਿਸੇ ਤਰ੍ਹਾਂ ਦਾ ਰੌਲਾ, ਨਾ ਰੱਪਾ ਨਾ ਚੀਕ, ਨਾ ਚਿਹਾੜਾ, ਨਾ ਮੰਜੇ ਲਾਗੇ ਬੱਝੀ ਮਹਿੰ ਦੀਆਂ ਛੜਾਂ ਨਾ ਮੋਕ-ਪਿਸ਼ਾਬ ਦੇ ਛਿੱਟੇ ਜਿਹੜੇ ਕਈਆਂ ਚਿਰਾਂ ਤੋਂ ਮੇਰੇ ਮੰਜੇ-ਬਿਸਤਰੇ ਨੂੰ ਰੰਗਦੇ ਆ ਰਹੇ ਸਨ। ਹੋਰ ਤਾਂ ਹੋਰ ਮੈਨੂੰ ਆਪਣੇ ਆਪ ਤੋਂ ਸੜਾਂਦ ਦੀ ਥਾਂ ਖ਼ੁਸ਼ਬੂ ਜਿਹੀ ਆਉਣ ਲੱਗ ਪਈ। ਪਹਿਲਾਂ ਮੈਨੂੰ ਇਉਂ ਪ੍ਰਤੀਤ ਹੋਇਆ ਕਿ ਕੋਈ ਯਖ-ਠੰਢੀ ਸ਼ੈਅ ਮੇਰੇ ਉੱਤੇ ਧਰ ਦਿੱਤੀ ਗਈ ਹੈ। ਫਿਰ ਲੱਗਾ ਕਿ ਗਰਮ ਪਾਣੀ ਨਾਲ ਇਸ਼ਨਾਨ ਕਰ ਰਿਹਾਂ ਹਾਂ। ਹੈਂ ..... ਇਹ ਕੀ ? ਖ਼ੁਸ਼ਬੂਦਾਰ ਸਾਬਣ ਦੀ ਝੱਗ। ਕਮਾਲ ਹੋ ਗਈ। ਸਾਰੀ ਉਮਰ ਇਹੋ ਜਿਹੇ ਨਰਮ ਸਾਬਣ ਦੀ ਛੋਹ ਮੇਰੇ ਕਰੜ ਬਰੜੇ ਹੱਥਾਂ ਨੂੰ ਪ੍ਰਾਪਤ ਨਹੀਂ ਸੀ ਹੋਈ। ਪਰ ਹੁਣ .... ਹੁਣ ਤਾਂ ਪੈਰਾਂ ਦੀਆਂ ਅੱਡੀਆਂ ਵਿਚ ਫੁੱਟੀਆਂ ਬਿਆਈਆਂ ਵੀ ਖ਼ੁਸ਼ਬੂਦਾਰ ਸਾਬਣ ਨਾਲ ਧੋਤੀਆਂ ਜਾ ਰਹੀਆਂ ਸਨ ਅਤੇ ਕਾਂਗਲ ਜਿਹੇ ਬਦਨ ਉਤੇ ਅਤਰ ਛਿੜਕਿਆ ਜਾ ਰਿਹਾ ਸੀ। ਬਿਲਕੁਲ ਉਹੋ ਜਿਹਾ ਅਤਰ ਜਿਸ ਦੀ ਖ਼ੁਸ਼ਬੂ, ਮੈਂ ਪਹਿਲੀ ਵਾਰ ਮੌਲਵੀ ਚਰਾਗਦੀਨ ਦੇ ਤੁਰਲੇ 'ਚੋਂ ਖ਼ੁਸ਼ਕੱਤ ਕਰ ਕੇ ਲਿਖੀ ਫੱਟੀ ਦਿਖਾਉਂਦਿਆਂ ਸੁੰਘੀ ਸੀ ਅਤੇ ਦੂਜੀ ਵਾਰੀ ਰਾਵਲਪਿੰਡੀ ਭਾਈ ਅਤਰ ਸਿੰਘ ਬਚਿੱਤਰ ਸਿੰਘ ਦੀ ਦੁਕਾਨ ਪਿਛਵਾੜੇ ਕੰਮ ਕਰਦਿਆਂ। ਬਹੁਤੇ ਈ ਕਮਾਲ ਦੀ ਚੀਜ਼ ਸੀ ਉਹ। ਸਾਰੇ ਮੀਨਾ ਬਾਜ਼ਾਰ ਅੰਦਰ ਉਨ੍ਹਾਂ ਦੀ ਦੁਕਾਨੇ ਵਿਕਦੇ ਅਤਰ ਦੀ ਖ਼ੁਸਬੋ ਖਿਲਰੀ ਰਹਿੰਦੀ ਸੀ। ਜ਼ਨਾਨੀਆਂ ਤਾਂ ਉਸ ਬਾਜ਼ਾਰੇ ਬਿਨਾਂ ਕੰਮੋਂ ਈ ਫੇਰਾ ਤੋਰਾ ਰੱਖਦੀਆਂ ਸਨ। ਜਿਨ੍ਹਾਂ ਦਾ ਹੱਥ ਜ਼ਰਾ ਸੌਖਾ ਹੁੰਦਾ, ਉਨ੍ਹਾਂ ਦੀਆਂ ਜੇਬਾਂ ਵਿਚੋਂ ਜ਼ੁਲਫੈ-ਲਾਹੌਰ ਜਾਂ ਜ਼ੁਲਫੇ ਰਾਵਲਪਿੰਡੀ ਮਾਰਕਾ ਅਤਰ ਦੀਆਂ ਸ਼ੀਸ਼ੀਆਂ ਖ਼ਰੀਦਣ ਲਈ ਦਸ ਜਾਂ ਅੱਠ ਆਨੇ ਝੱਟ ਪੱਟ ਨਿਕਲ ਆਉਂਦੇ ਪਰ ਖਾਲੀ ਹੱਥਾਂ ਵਾਲੀਆਂ ਹਿਰਾਸੀਆਂ ਨਜ਼ਰ ਨਾਲ ਦੇਖਦੀਆਂ ਭਰਵੇਂ ਡੂੰਘੇ ਸਾਹ ਭਰਦੀਆਂ ਮੱਧਮ ਚਾਲੇ ਅੱਗੇ ਲੰਘ ਜਾਂਦੀਆਂ ਸਨ।

ਮੈਂ ਵੀ ਦੁਕਾਨ ਦੇ ਅੰਦਰ ਰੈਕਾਂ ਦੀ ਮੁਰੰਮਤ ਕਰਦਾ ਦੋ ਦਿਨਾਂ ਦਾ ਕੰਮ ਚਾਰ ਦਿਹਾੜੀਆਂ ਵਿਚ ਮੁਕਾਇਆ ਕਰਦਾ ਸੀ ਅਤੇ ਚਾਰ ਆਨੇ ਦਿਹਾੜੀ ਦੀ ਥਾਂ ਤਿੰਨ ਆਨੇ ਲੈ ਕੇ ਕਈ ਕਈ ਦਿਨ ਦੁਕਾਨ ਪਿਛਵਾੜੇ ਬਣਦੇ ਅਤਰ ਦੀ ਦੂਰ ਤੱਕ ਖਿਲਰੀ ਖ਼ੁਸ਼ਬੂ ਸੁੰਘਦਾ ਰਹਿੰਦਾ ਸੀ। ਓਥੇ ਹੀ ਐਹ ... ਨਿਖ਼ਸਮੀ ਅਤਰ-ਪੱਟੀ ਸਗਲੀ ਦੂਜੇ ਚੌਥੇ ਗੇੜਾ ਮਾਰਦੀ ਨੇ ਮੈਨੂੰ ਪੱਟ ਘੱਤਿਆ। ਸਵੇਰੇ-ਸ਼ਾਮੀਂ ਗੁਰਦੁਆਰੇ ਜਾਂਦੇ ਦਾ ਪਿੱਛਾ ਕਰਦੀ ਉੱਪਰ ਈ ਆ ਚੜ੍ਹੀ ਸੀ- 'ਅਖੇ ਮੈਂ ਵਸੈਂ ਤਾਂ ਥਾਰੈਈ ਵਸੈਂ।' ਅੰਨ੍ਹਾ ਕੀ ਭਾਲੇ ਦੋ ਅੱਖਾਂ। ਵੱਤੋਂ ਲੰਘ ਚੁੱਕਾ ਹੋਣ ਕਰ ਕੇ ਮੈਂ ਵੀ ਵੇਲਾ ਸਾਂਭ ਲਿਆ ਅਤੇ ਸਗਲੀ ਨੂੰ ਸਵਰਨ ਕੌਰ ਬਣਾ ਓਦੋਂ ਤਾਂ ਆਪਣੀ ਰੋਟੀ ਪੱਕਦੀ ਕਰ ਲਈ ਪਰ ਕੀ ਪਤਾ ਸੀ - ਇਸ ਚੁੜੇਲ ਨੇ ਮੁੜ ਗਲੋਂ ਈ ਨਹੀਂ ਲਹਿਣਾ। ਮੈਂ ਵੀ ਉਸ ਨੂੰ ਪੈਰ ਦੀ ਜੁੱਤੀ ਤੋਂ ਸਿਵਾ ਕੁਝ ਨਹੀਂ ਸੀ ਸਮਝਿਆ। ਖਾਣ-ਪੀਣ ਹੰਢਾਣ ਵਿਚ ਭਾਵੇਂ ਸਾਰੀ ਉਮਰ ਮੈਂ ਆਪਣੀ ਈ ਮਨਮਾਨੀ ਕੀਤੀ ਸੀ ਪਰ ਅੱਜ ਚਾਲ੍ਹੀਆਂ ਵਰ੍ਹਿਆਂ ਪਿਛੋਂ ਓਸੇ ਅਤਰ ਦੀ ਖ਼ੁਸ਼ਬੋ ਮੈਨੂੰ ਆਪਣੇ ਨਿੱਘਰ ਚੁੱਕੇ ਸਰੀਰ ਦੁਆਲਿਓਂ ਆਉਂਦੀ ਓਪਰੀ ਜਿਹੀ ਲੱਗੀ।

ਫਿਰ, ਮੈਨੂੰ ਮੁਲੈਮ ਬੁਰ ਵਾਲੇ ਤੌਲੀਏ ਨਾਲ ਪੂੰਝ ਕੇ ਨਵੇਂ ਨਿਕੋਰ ਤਿਲਕਣੇ ਕੱਪੜੇ ਦੀ ਕਮੀਜ਼ ਪੁਆ ਕੇ ਸੀਤੇ-ਸਿਲਾਏ ਗਰਮ ਸੂਟ ਨਾਲ ਸ਼ਿੰਗਾਰਿਆ ਗਿਆ। ਦਾੜ੍ਹੀ ਦੇ ਝਾੜੂ ਬਣੇ ਵਾਲਾਂ ਦੀ ਜ਼ਰਾ ਕੁ ਗੁੱਟੀ ਕਰ ਕੇ ਮੋਟੀ ਗੰਢ ਵਾਲੀ ਟਾਈ ਬੰਨ੍ਹੀ ਗਈ। ਗੁਲਾਬੀ ਰੰਗ ਦੀ ਸੱਤ-ਗਜ਼ੀ ਪੱਗ ਦਾ ਮਡਾਸਾ ਬਣਾ ਕਾਲੇ ਕੋਟ ਦੀ ਉੱਪਰਲੀ ਜੇਬ ਅੰਦਰਲੇ ਚਿੱਟੇ ਰੁਮਾਲ ਦੀਆਂ ਨੋਕਾਂ ਕੱਢੀਆਂ ਗਈਆਂ। ਵਿਤੋਂ-ਬਾਹਰੀ ਖੁਲ੍ਹੀ ਪਤਲੂਣ ਦਾ ਜਪਾਨੀ ਪੇਟੀ ਨਾਲ ਮੇਰੇ ਲੱਕ ਦੁਆਲੇ ਬੰਨ੍ਹ ਕੇ ਬੋਕਾ ਜਿਹਾ ਬਣਾ ਦਿੱਤਾ ਗਿਆ। ਪੈਰਾਂ ਵਿਚ ਨੈਲੱਨ ਦੀਆਂ ਜਰਾਬਾਂ ਚਾੜ੍ਹ ਜਦ ਕੁਰਮ ਦੇ ਕਾਲੇ ਬੂਟਾਂ ਦੀ ਵਾਰੀ ਆਈ ਤਾਂ ਕਿਸੇ ਨੇ ਟੋਕ ਦਿੱਤਾ।

ਮੈਂ ਇਹ ਸਾਰਾ ਮਾਜਰਾ ਚੁੱਪ-ਚਾਪ ਦੇਖਦਾ ਰਿਹਾ। ਵਿਚਕਾਰੋ ਧਰਤੀ ਨਾਲ ਲੱਗੀ ਟੁੱਟੀ ਜਿਹੀ ਮੰਜੀ ਤੋਂ ਚੁੱਕ ਕੇ ਤਖ਼ਤਪੋਸ਼ ਵਰਗੀ ਨਵੀਂ ਬਣੀ ਕਰੜੀ ਥਾਂ 'ਤੇ ਲੇਟਣ ਤੱਕ ਮੈਂ ਭਗਤੂ ਤਰਖਾਣ ਤੋਂ ਬਦਲ ਕੇ ਵਲੈਤੀ ਸਿੱਖ ਵਰਗਾ ਆਪਣਾ ਹੁਲੀਆ ਦੇਖ ਕੇ ਇਕ ਵਾਰ ਤਾਂ ਖ਼ੁਸ਼ੀਆਂ ਮਾਰਾ ਫੁੱਲ ਗਿਆ ਪਰ ਛੇਤੀ ਈ ਬਚਪਣੇ ਤੋਂ ਲੈ ਕੇ ਬੜੇ ਚਾਅ ਨਾਲ ਹੰਢਾਈ ਆਪਣੀ ਰਹਿਤ-ਮਾਰਯਾਦਾ ਬਦੇਸ਼ੀ ਵਰਦੀ ਦੇ ਭਾਰ ਹੇਠਾਂ ਦੱਬੀ ਦਾ ਮੈਨੂੰ ਸਾਹ ਘੁਟਦਾ ਜਾਪਣ ਲੱਗਾ। ਨਾਲ ਦੀ ਨਾਲ ਈ ਚੋਰੀ ਅੱਖੀਂ ਮੈਂ ਸੜੀ-ਭੁੱਜੀ ਆਪਣੀ ਘਰਵਾਲੀ, ਫੱਫੇਕੁੱਟਣੀ ਸਵਰਨੋ ਦੀ ਬੂਥੇ ਵੱਲ ਵੀ ਦੇਖਦਾ ਰਿਹਾ, ਜਿਸ ਉੱਤੇ ਖਿੜੇ ਫੁੱਲ ਵਰਗੀ ਖ਼ੁਸ਼ੀ ਪਸਰੀ ਹੋਈ ਸੀ। ਮੇਰੇ ਖੱਬੇ ਹੱਥ ਬੈਠੀਆਂ ਕਰਮੀਂ, ਭਾਗੋ, ਤਾਬੋ, ਪ੍ਰੀਤੋ, ਜੀਤੋ ਤੇ ਹੋਰਨਾਂ ਸੁਆਣੀਆਂ ਨੇ ਝੁਰੜੀਆਂ ਮਾਰੇ ਮੱਥਿਆਂ 'ਤੇ ਚਿੱਟੇ ਦੁਪੱਟੇ ਲਟਕਾਈ ਹਟਕੋਰੇ ਭਰਦੀਆਂ ਨੇ ਤਾਂ ਕਈ ਵਾਰੀ ਨੱਕਾਂ 'ਚੋਂ ਵਗਦਾ ਪਾਣੀ ਪੱਲਿਆਂ ਨਾਲ ਪੂੰਝ ਲਿਆ ਸੀ ਪਰ ਸੱਜੇ ਹੱਥ ਬੈਠੇ ਫੀਲੇ ਨੰਦੂ, ਬੰਤੇ ਕੇਸਰ ਅਤੇ ਦਿਆਲੋ ਦੇ ਚਿਹਰਿਆਂ 'ਤੇ ਗ਼ਮੀ ਦੀ ਕੋਈ ਨਿਸ਼ਾਨੀ ਨਹੀਂ ਸੀ ਦਿੱਸਦੀ। ਹਾਂ ਮੇਰੇ ਛੋਟੇ ਭਰਾ ਫੱਤੂ ਦੀਆਂ ਅੱਖਾਂ ਵਿਚੋਂ ਲਮਕਦੇ ਅੱਥਰੂਆਂ ਨਾਲ ਉਸ ਦੀਆਂ ਟੋਏ ਬਣੀਆਂ ਖਾਖਾਂ ਭਰੀਆਂ ਪਈਆਂ ਸਨ। ਮੈਨੂੰ ਉਸ ਦੀ ਲੀਰੋ-ਲੀਰ ਹੋਈ ਹਾਲਤ ਦੇਖ ਕੇ ਬਹੁਤ ਤਰਸ ਆਇਆ। ਪਹਿਲਾਂ ਤਾਂ ਮੇਰਾ ਜੀਅ ਕੀਤਾ ਕਿ ਉਸ ਨੂੰ ਪੁੱਛ ਈ ਲਵਾਂ- ਕਿ ਭਰਾਵਾਂ, ਤੂੰ ਮੈਨੂੰ ਇਸ ਤਰ੍ਹਾਂ ਸਜਿਆ-ਧੱਜੀਆ ਦੇਖ ਕੇ ਰੋਂਦਾ ਕਿਉਂ ਏਂ ? ਫਿਰ ਝੱਟ ਹੀ ਮੈਨੂੰ ਯਾਦ ਆ ਗਿਆ- ਕਿ ਹਾਲੀ ਦੋ ਈ ਮਹੀਨੇ ਪਹਿਲਾਂ ਤਾਂ ਉਸ ਨੇ ਆਪਣੇ ਪੰਝੀਆਂ ਵਰ੍ਹਿਆਂ ਦੇ ਜੁਆਨ-ਜਹਾਨ ਪੁੱਤ ਸਰਾਹਣੇ ਕੱਚਾ ਭਾਂਡਾ ਭੰਨਿਆ ਸੀ! ਹਾਲੀ ਤਾਂ ਉਸ ਦੇ ਇਕੋ-ਇਕ ਸਹਾਰੇ ਦਾ ਸਿਵਾ ਵੀ ਠੰਢਾ ਨਹੀਂ ਹੋਇਆ! ਵਰ੍ਹਿਆਂ ਤੋਂ ਦੇਸ਼ ਅੰਦਰਲੀ ਬੇਕਾਰੀ ਦਾ ਡੰਗਿਆ ਤਰਸੇਮ ਦੂਰ ਕਿਸੇ ਮੁਲਕ ਅੰਦਰ ਕਾਰਖਾਨੇ ਉੱਤੇ ਸੁੱਟੇ ਬੰਬਾਂ ਨਾਲ ਕਈਆਂ ਬੇਦੋਸ਼ੀਆਂ ਵਾਂਗ ਫੀਤਾ-ਫੀਤਾ ਹੋ ਕੇ ਲਕੜੀ ਦੀ ਪੇਟੀ 'ਚ ਬੰਦ ਹੋ ਕੇ ਘਰ ਪਰਤੇ ਨੂੰ ਹਾਲੀਂ ਕਿਹੜਾ ਬਹੁਤਾ ਸਮਾਂ ਲੰਘਿਆ ਸੀ ਜਿਸ ਨਾਲ ਉਸ ਦਾ ਅੱਲਾ ਜ਼ਖ਼ਮ ਭਰ ਜਾਂਦਾ।

ਦੂਜੇ ਈ ਪਲ ਮੈਨੂੰ ਲੱਗਾ ਕਿ ਇਹ ਲੋਕ ਮੇਰੇ ਬਹਾਨੇ ਆਪਣਿਆਂ ਨੂੰ ਰੋਈ ਜਾਂਦੇ ਆ। ਪਰ ..... ਭਰਾ ਲੋਕ ਕਿਵੇਂ ਹੋਏ ? ਲੋਕ ਤਾਂ ਮੇਰੇ ਲਈ ਆਪਣੇ ਅਮਰੀਕਾ ਬੈਠੇ ਦੋਨੋਂ ਮੁੰਡੇ ਸੀ ਜਾਂ ਫੱਤੂ ਲਈ ਉਹਦੀ ਨੌਂਹ ਜਿਹੜੀ ਸੇਮੂ ਦਾ ਬਾਹਰੋਂ ਆਇਆ ਸਾਰਾ ਪੈਸਾ-ਧੇਲਾ ਸਾਂਭ ਆਪਣੇ ਪੇਕੀਂ ਚਲੀ ਗਈ ਸੀ। ਥੋੜ੍ਹੇ ਜਿਹੇ ਦਿਨਾਂ ਪਿਛੋਂ ਈ ਉਸ ਦਾ ਪਿਓ, ਧੀ ਨੂੰ ਦੋ ਵਰ੍ਹੇ ਪਹਿਲਾਂ ਦਿੱਤੀ ਦਾਜ ਦੀ ਟਰਾਲੀ ਭਰ ਕੇ ਲੈ ਗਿਆ ਸੀ- ਅਖੇ ਮੇਰੀ ਧੀ ਸਹੁਰੇ-ਘਰ ਸਾਰੀ ਉਮਰ ਦਾ ਰੰਡੇਪਾ ਕਿਮੇਂ ਕੱਟੂ ? 'ਘਰ ਦੀ ਇੱਜ਼ਤ ਘਰੇ ਰੱਖਣ ਲਈ ਮੈਂ ਆਪਣੇ ਨਿੱਕੇ ਲਈ ਉਸ ਭਲੇਮਾਨਸ ਦੀਆਂ ਲੱਖ ਮਿੰਨਤਾਂ ਕੀਤੀਆਂ। ਪਰ ਉਸ ਪਿਓ ਦੇ ਪੁੱਤ ਦੇ ਕੰਨਾਂ 'ਤੇ ਜੂੰ ਨਹੀਂ ਸੀ ਸਰਕੀ। ਉਸ ਦਿਨ ਮੈਨੂੰ ਪਹਿਲੀ ਵਾਰ ਪਤਾ ਲੱਗਾ - ਕਿ ਮਾਪੇ ਵਿਆਹ ਦੀ ਆੜ ਪਿਛੇ ਪੁੱਤਾਂ ਦਾ ਈ ਨਹੀਂ ਧੀਆਂ ਦਾ ਵੀ ਮੁੱਲ ਵੱਟਦੇ ਹਨ।

ਉਸ ਦਿਨ ਤੋਂ ਮੇਰਾ ਭਰਾ ਫ਼ਤਿਹ ਸਿੰਘ ਉਰਫ਼ ਫੱਤੂ ਤੇ ਮੈਂ ਲੋਕ ਨਹੀਂ ਸੀ ਰਹੇ। ਸੇਮੂ ਦੀ ਤੁਰੀ ਜਾਂਦੀ ਅਰਥੀ ਦੇਖ ਕੇ ਮੇਰੇ ਅੰਦਰੋਂ ਹੰਝੂਆਂ ਦਾ ਹੜ੍ਹ ਚੱਲ ਨਿਕਲਿਆ ਸੀ ਪਰ ਮੈਂ ਲਾਚਾਰ ਆਪਣੇ ਪੁੱਤਰ ਨੂੰ ਮੋਢਾ ਨਹੀਂ ਸੀ ਦੇ ਸਕਿਆ। ਗਠੀਏ ਤੇ ਦਮੇ ਦਾ ਮਰੀਜ਼ ਧਾਹਾਂ ਮਾਰ ਮਾਰ ਬੱਸ ਰੋਂਦਾ ਈ ਰਿਹਾ ਸੀ ਜਿੱਦਾਂ ਹੁਣ ਫੱਤੂ ਰੋਈ ਜਾਂਦਾ ਸੀ। ਕਸੀਸ ਵੱਟ ਕੇ ਮੈਂ ਆਪਣਾ ਧਿਆਨ ਦੂਜੇ ਪਾਸੇ ਮੋੜ ਲਿਆ ਅਤੇ ਪਾਲਕੀ ਦੁਆਲੇ ਲਟਕਦੇ ਗੁਬਾਰਿਆਂ ਵਰਗੇ ਗੋਲ-ਗੋਲ ਚਿਹਰਿਆਂ ਵਾਲੇ ਆਪਣੇ ਦੋਨਾਂ ਮੁੰਡਿਆਂ ਵੱਲ ਬਿੱਟ-ਬਿੱਟ ਦੇਖਦਾ ਰਿਹਾ। ਉਨ੍ਹਾਂ ਦੀਆਂ ਅੱਖਾਂ 'ਚ ਨਮੀ ਦੇ ਨਿਸ਼ਾਨ ਪੂਰਾ ਤਾਣ ਲਾਉਣ 'ਤੇ ਵੀ ਮੈਨੂੰ ਨਹੀਂ ਸੀ ਲੱਭੇ। ਉਹ ਉਦਾਸ-ਉਦਾਸ ਜ਼ਰੂਰ ਦਿਸ ਰਹੇ ਸਨ ਪਰ ਉਨ੍ਹਾਂ ਦੀ ਆਪੋ ਵਿਚਲੀ ਕਾਨਾ-ਫੂਸੀ ਤੋਂ ਇਸ ਕਿਰਿਆ ਕਰਮ 'ਚ ਬੱਧੇ-ਰੁੱਧੇ ਫਸੇ ਹੋਣ ਦੇ ਸੰਕੇਤ ਸਪਸ਼ਟ ਨਜ਼ਰੀਂ ਆ ਰਹੇ ਸਨ। ਲੋਕ-ਲਾਜ ਮਾਰਿਆਂ ਵੀ ਛੋਟੇ ਨੇ ਅਫ਼ਸੋਸ ਦੇ ਚਾਰ ਅੱਖਰ ਕਿਸੇ ਨਾਲ ਸਾਂਝੇ ਨਹੀਂ ਸੀ ਕੀਤੇ। ਪਰ ਵੱਡੇ ਨੇ ਇਕ-ਅੱਧ ਵਾਰ ਫੱਤੂ ਕੋਲੋਂ ਤਰਸੇਮ ਬਾਰੇ ਪੁਛਿਆ ਸੀ।

ਮੱਕੀ ਦੀਆਂ ਚਾਰ ਮੰਨੀਆਂ ਖਾਣ ਤੋਂ ਲੈ ਕੇ ਚੌਂਹ ਮੋਢਿਆਂ 'ਤੇ ਚੜ੍ਹ ਜਾਣ ਤਕ ਕਿੰਨਾ ਚਿਰ ਲੱਗਾ ਉਹ ਤਾਂ ਮੈਨੂੰ ਪਤਾ ਨਹੀਂ ਪਰ ਮੇਰੇ ਉਪਰੋਂ ਦੀ ਹੁੰਦੀ ਚੁਆਨੀਆਂ, ਅਠਿਆਨੀਆਂ, ਛੁਹਾਰੇ, ਸੌਗੀ, ਪਤਾਸੇ, ਫੁੱਲੀਆਂ ਦੀ ਵਰਖਾ ਤੋਂ ਇਉਂ ਲੱਗਦਾ ਸੀ ਕਿ ਇਸ ਸਾਰੇ ਅਡੰਬਰ ਨੂੰ ਕਾਫੀ ਵਕਤ ਲੱਗਾ ਹੋਊ। ਅੱਗੇ-ਅੱਗੇ ਜਾਂਦਾ ਬੀਨਾਂ-ਆਲਾ ਬਾਜਾ ਵੱਡੇ ਪਿੱਪਲ 'ਤੇ ਬੈਠੇ ਮੋਰਾਂ ਵਾਂਗ ਉੱਚੀਆਂ ਤਿੱਖੀਆਂ ਸੁਰਾਂ ਅਲਾਪਦਾ ਸਹਿਜੇ-ਸਹਿਜੇ ਤੁਰਿਆ ਤਾਂ ਕਿਸੇ ਸ਼ਹਿਨਸ਼ਾਹ ਦੀ ਲੰਘਦੀ ਸੁਆਰੀ ਦਾ। ਭੁਲੇਖਾ ਪਾਉਂਦਾ ਸੀ ਪਰ ਸੰਖ ਘੜਿਆਲ ਦਾ ਬੇਸੁਰਾ ਤਾਲ ਮੇਰੇ ਢਿਲਕੇ ਜਿਹੇ ਪੱਗੜ ਵਿਚੋਂ ਦੀ ਲੰਘ ਕੇ ਵੀ ਕੰਨਾਂ ਦੀਆਂ ਖਿੜਕੀਆਂ ਤੋੜ ਰਿਹਾ ਸੀ।

ਪਿੰਡੋਂ ਵਿਦਾ ਹੋ ਬਾਹਰਲੀ ਜੂਹ ਵਲ ਤੁਰੇ ਜਾਂਦੇ ਦਾ ਮੇਰਾ ਸਿਰ ਵਾਲਾ ਪਾਸਾ ਦੋਨਾਂ ਉੱਚੇ ਲੰਮੇ ਜੁਆਨ ਮੁੰਡਿਆਂ ਨੇ ਥੰਮਿਆ ਹੋਇਆ ਸੀ ਪਰ ਪੈਰਾਂ ਵਲੋਂ ਨੀਵੇਂ ਕਮਜ਼ੋਰ ਮੋਢਿਆਂ ਉੱਤੇ ਹੋਣ ਕਰ ਕੇ ਥੋੜ੍ਹਾ ਲਿਫਿਆ ਹੋਇਆ ਮੈਂ ਆਪਣੇ ਪਿਛੇ ਤੁਰੇ ਆਉਂਦੇ ਸਾਰੇ ਰਿਸ਼ਤੇਦਾਰਾਂ ਸੰਗੀ-ਸਾਥੀਆਂ ਯਾਰਾਂ-ਬੇਲੀਆਂ ਨੂੰ ਚੰਗੀ ਤਰ੍ਹਾਂ ਦੇਖ ਸਕਦਾ ਸੀ। ਉਨ੍ਹਾਂ ਵਿਚ ਪਿੰਡ ਦੇ ਸਾਰੇ ਜੱਟ ਜਿਨ੍ਹਾਂ ਦੀਆਂ ਹੱਲੜ-ਪੰਜਾਲੀਆਂ ਮੰਜੀਆਂ-ਪੀੜ੍ਹੀਆਂ ਭਗਤੂ ਤਰਖਾਣ ਬਣਾਇਆ ਕਰਦਾ ਸੀ ਅਤੇ ਸਾਰੇ ਕੰਮੀ-ਕਮੀਣ ਜਿਨ੍ਹਾਂ ਵਿਹੜਿਓਂ ਲੰਘਦਿਆਂ ਉਹ ਲੋਕ ਮੈਨੂੰ 'ਮਿਸਤਰੀ ਜੀ- ਮਿਸਤਰੀ ਜੀ 'ਆਖਦੇ ਨਹੀਂ ਸੀ ਥੱਕਦੇ। ਉਨ੍ਹਾਂ ਪਿਛੇ ਪਿੰਡ ਅਤੇ ਵਿਹੜੇ ਦੀਆਂ ਬਿਰਧ, ਨੌਜਵਾਨ ਚੁੱਪ-ਚਾਪ ਤੁਰੀਆਂ ਆਉਂਦੀਆਂ ਸੁਆਣੀਆਂ ਵਿਚਕਾਰ ਡਿੱਗ-ਡਿੱਗ ਪੈਂਦੀਆਂ ਮੇਰੀਆਂ ਦੋਨੋਂ ਧੀਆਂ ਵੀ ਸਨ, ਜਿਨ੍ਹਾਂ ਦੇ ਖਿਲਰੇ ਨੰਗੇ ਸਿਰਾਂ ਤੋਂ ਮੇਰੀ ਖਾਤਰ ਬਹੁਤ ਰੋਂਦੀਆਂ ਰਹਿਣ ਦਾ ਝੋਲਾ ਪੈਂਦਾ ਸੀ। ਉਨ੍ਹਾਂ ਨਾਲ ਮੇਰੀ ਕਰਮਾਂ ਮਾਰੀ ਸਵਰਨੋ ਵੀ ਸੀ। ਬਾਹਰਲੇ ਦੇਸ਼ੋਂ ਆਇਆ ਸੂਟ ਪਾਈ ਮਟਕ-ਮਟਕ ਤੁਰਦੀ ਧੀਆਂ ਨੂੰ ਹੌਸਲਾ ਵੀ ਦੇਂਦੀ ਅਤੇ ਵਿਚ-ਵਿਚਾਲੇ ਉੱਚੀ ਜਿਹੀ ਹੋਕਰਾ ਵੀ ਮਾਰਦੀ ਸੀ -'ਹਾੜੋ ...ਬੋ..., ਮਾਰੋ ਖਾਬਿੰਦੋ!'

ਜਿੰਨੀ ਸੱਜ-ਧੱਜ ਨਾਲ ਮੈਨੂੰ ਘਰੋਂ ਉਠਾ ਚੜ੍ਹਦੀ ਬਾਹੀ ਪਿੰਡੋਂ ਬਾਹਰ ਮਸਾਣ-ਭੂਮੀ ਲੈ ਜਾਇਆ ਗਿਆ ਓਨੇ ਈ ਸਜੇ-ਧਜੇ ਦਰਬਾਰ ਅੰਦਰ ਮੈਨੂੰ ਕਿਤੇ ਅਗਾਂਹ ਲੈ ਜਾ ਕੇ ਪੇਸ਼ ਕਰ ਦਿੱਤਾ ਗਿਆ।

ਬਹੁਤ ਵੱਡੇ ਇਹਾਤੇ ਨੂੰ ਲੱਗਾ ਬਾਹਰਲਾ ਵੱਡਾ ਗੇਟ ਬੜੇ ਸੁੰਦਰ ਫੁੱਲਾਂ ਅਤੇ ਦਿਲ-ਖਿੱਚਵੇਂ ਹਾਰਾਂ ਨਾਲ ਸ਼ਿੰਗਾਰਿਆ ਹੋਇਆ ਸੀ। ਗੇਟ 'ਤੇ ਖੜੇ ਦਰਬਾਨ ਨੇ ਬੜੇ ਅਦਬ ਨਾਲ ਮੈਨੂੰ ਜੀ -ਆਇਆਂ ਆਖਿਆ। ਕਾਲੇ-ਕਲੂਟੇ ਜਮਦੂਤਾਂ ਵਰਗਿਆਂ ਦੀ ਇਕ ਹੇੜ ਹੱਥਾਂ ਵਿਚ ਬਰਛੇ, ਟਕੂਏ ਗੰਡਾਸੇ ਕਿਰਪਾਨਾਂ ਫੜੀ ਅੰਗ-ਰੱਖਿਅਕ ਬਣੀ ਮੇਰੇ ਅੱਗੇ ਪਿੱਛੇ ਤੁਰਦੀ ਗਈ। ਅੰਦਰਲੇ ਦਰਵਾਜ਼ੇ 'ਤੇ ਖੜੇ ਦਿਓ-ਕੱਦ ਦਰਬਾਨ ਨੇ ਮੈਨੂੰ ਪੈਰਾਂ ਤੋਂ ਲੈ ਕੇ ਸਿਰ ਤਕ ਨਿਹਾਰਿਆ। ਮੈਂ ਠਠੰਬਰ ਕੇ ਪਲ ਦੀ ਪਲ ਰੁਕਣ ਹੀ ਲੱਗਾ ਸੀ ਕਿ ਉਨ੍ਹਾਂ ਵਿਚੋਂ ਕਿਸੇ ਨੇ ਏਨੇ ਜ਼ੋਰ ਦੀ ਧੱਕਾ ਦਿੱਤਾ ਕਿ ਮੈਂ ਤਿਲਕਣੇ ਚਿੱਟੇ ਫਰਸ਼ 'ਤੇ ਮੂੰਹ ਭਾਰ ਜਾ ਡਿਗਿਆ। ਮੇਰੇ ਸੱਜੇ ਗੁੱਟ 'ਤੇ ਲੱਗੀ ਬਾਹਰਲੀ ਘੜੀ ਟੁੱਟ ਕੇ ਚੂਰਾ-ਚੂਰਾ ਹੋ ਗਈ ਅਤੇ ਮਡਾਸਾ ਬਣੀ ਪਗੜੀ ਭੁੜਕ ਕੇ ਕਿਤੇ ਦੂਰ ਜਾ ਡਿੱਗੀ। ਮੂੰਹਦੜੇ ਮੂੰਹ ਡਿਗਿਆ ਧੜੀ ਔਖ ਨਾਲ ਸੰਭਲ ਕੇ, ਮੈਂ ਹਾਲੀ ਖੜਾ ਈ ਹੋਇਆ ਸੀ ਕਿ ਹਾਥੀ-ਦੰਦ ਦੀਆਂ ਕੁਰਸੀਆਂ 'ਤੇ ਬੈਠੀਆਂ ਬੀਬੀਆਂ ਸੂਰਤਾਂ, ਮੇਰੀ ਇਸ ਲਾਚਾਰਗੀ ਉੱਤੇ ਜ਼ੋਰ ਦਾ ਠਹਾਰਾ ਮਾਰ ਕੇ ਹੱਸ ਪਈਆਂ। ਦਰਬਾਰ ਅੰਦਰ ਵੜਦਿਆਂ ਹੋਏ 'ਸੁਆਗਤ' ਦੀ ਨਮੋਸ਼ੀ ਨੂੰ ਭਾਲਦਿਆਂ ਮੇਰਾ ਧਿਆਨ ਇਕਦਮ ਹਿੜ-ਹਿੜ ਕਰਦੇ ਚਿੱਟ-ਕਪੜੀਏ ਸੇਠਾਂ-ਸਰਦਾਰਾਂ ਵਲ ਖਿੱਚਿਆ ਗਿਆ।

ਪਹਿਲੀਆਂ ਦੋ ਤਿੰਨ ਕਤਾਰਾਂ ਅੰਦਰ ਬੈਠੀਆਂ ਬੀਬੜ ਜਿਹੀਆਂ ਪੰਜਾਹ-ਸੱਠ ਸ਼ਕਲਾਂ ਵਿਚੋਂ ਤਾਂ ਮੈਥੋਂ ਕੋਈ ਵੀ ਪਛਾਣੀ ਨਾ ਗਈ। ਹਾਂ ..., ਇਕ ਸੋਨੇ ਦੇ ਫ਼ਰੇਮ ਵਾਲੀਆਂ ਐਨਕਾਂ ਲਾਈ ਬੈਠੇ ਸੰਗਮਰਮਰੀ ਚਿਹਰੇ ਨੂੰ ਕਿਤੇ ਦੇਖਿਆ ਹੋਣ ਦਾ ਝਾਉਲਾ ਜ਼ਰੂਰ ਪਿਆ। ਸ਼ੈਤ.....ਉਹ ਕਈ ਸਾਲ ਪਹਿਲਾਂ ਪਸ਼ੂਆਂ ਦੇ ਹਸਪਤਾਲ ਦੀ ਇੱਟ ਰੱਖਣ ਆਇਆ ਸੀ ਜਾਂ ਕਿਤੇ ਉਹਨੇ ਇਕ-ਅੱਧ ਵਾਰੀ ਗੁਰਦੁਆਰੇ ਹੋਏ 'ਕੱਠ ਮੂਹਰੇ ਲੈਕਚਰ ਕੀਤਾ ਸੀ। ਪੂਰਾ ਯਤਨ ਕਰਨ 'ਤੇ ਵੀ ਮੈਂ ਉਹਦੀ ਧੁੰਦਲੀ ਜਿਹੀ ਪਛਾਣ 'ਚੋਂ ਉਹਦਾ ਨਾਂ-ਪਤਾ ਨਹੀਂ ਸੀ ਲੱਭ ਸਕਿਆ ਪਰ ਉਸ ਦੀ ਪਿਛਵਾੜੀ ਬੈਠੇ ਜ਼ੈਲਦਾਰ ਦੁੰਨਾ ਸਿਉਂ ਦੇ ਪਿਓ ਗੁਰਪਰਤਾਪ ਸੁੰਹ ਦੀਆਂ ਦੱਸੀਆਂ ਕਈ ਸਾਰੀਆਂ ਗੱਲਾਂ ਜ਼ਰੂਰ ਚੇਤੇ ਆ ਗਈਆਂ ਸਨ ਕਿ ਉਹ ਬੜੀ ਪਹੁੰਚ ਵਾਲਾ ਖਾਨਦਾਨੀ ਬੰਦਾ ਐ। ਬਹੁਤ ਵੱਡੇ ਅਹੁਦੇ 'ਤੇ ਲੱਗਾ ਹੋਇਆ। ਸਾਰੀ ਉਮਰ ਗ਼ਰੀਬ-ਗੁਰਬਿਆਂ ਦੀ ਸੇਵਾ ਕਰਨ ਤੋਂ ਸਿਵਾ ਉਹਦੇ ਕੱਖ ਭੰਨ ਕੇ ਦੋਹਰਾ ਨਹੀਂ ਕੀਤਾ।

ਮੈਂ ਰਾਜਿਆਂ-ਮਹਾਰਾਜਿਆਂ ਦੇ ਪਹਾੜ ਉਤੋਂ ਖੱਡਾਂ ਅੰਦਰ ਸੁੱਟੇ ਜੀਊਂਦੇ ਹਾਥੀਆਂ ਨੂੰ ਚੀਕਦੇ-ਚਿੰਗਾੜਦੇ ਦੇਖ ਕੇ ਖੁਸ਼ ਹੋਣ ਵਰਗੇ ਸ਼ੌਕ ਰੱਖਣ ਵਾਲੇ 'ਸੇਵਾਦਾਰ' ਤੋਂ ਉਸ ਦੇ ਸਾਹਮਣੇ ਹੋਈ ਬੇਇੱਜ਼ਤੀ ਦਾ ਕਾਰਨ ਪੁਛਣ ਲਈ ਹਾਲੀਂ ਦੋ ਪੈਰ ਹੀ ਤੁਰਿਆ ਸੀ ਕਿ ਕਿਸੇ ਅਹਿਲਕਾਰ ਦੀ ਉੱਚੀ ਆਵਾਜ਼ ਨੇ ਮੇਰੇ ਕਦਮ ਰੋਕ ਦਿੱਤੇ- "ਹੈਲੋ ਹੈਲੋ! ਰਾਈਟ ਆਫ਼ ਐਂਟਰੀ ਰੀਜ਼ਰਵਡ, ਆਈ ਮੀਨ...ਟੁਮ ਓਸ ਟਰਫ਼ ਨਹੀਂ ਜਾ ਸ਼ਕਟਾ।"

"ਉਹ ਕਿਉਂ ?" ਮੈਂ ਖਿਝ ਕੇ ਪੁਛਿਆ।

"ਵੋਹ ਵੀ.ਆਈ.ਪੀਜ਼ ਕੇ ਚੈਂਬੜ ਹੈ।"

"ਉਹ ਕੀ ਹੁੰਦੇ ਆ ?"

"ਬਿੱਗ ਐਂਡ ਵੈਲਦੀ ਪੀਪਲਜ਼ ਆਈ ਮੀਨ .....ਖਾਸ ਔਰ ਬਰੇ ਲੋਕ ਜੋ ਹਮਾੜੇ ਬਾਸ ਕੀ ਗੁੱਡ-ਬਕਸ ਮੇਂ ਹੈਂ ਫੇਥਫੁੱਲ ਐਂਡ ਪੇਇੰਗ ਆਈ ਮੀਨ ...ਜੋ ਹਮਾੜੇ ਲੀਏ ਧਨ ਇਕੱਟਾ ਕਰਟੇਂ ਹੈ।"

"ਕਿਹੋ ਜਿਹਾ ਧੰਨ, ਚਿੱਟਾ ਜਾਂ ਕਾਲਾ ?"

"ਵੱਟ ਕਾਲਾ! ਮਨੀ ਇਜ਼ ਮਨੀ ਐਂਡ ਇਜ਼ ਵਾਈਟਿਸ਼ ਆਲਵੇਜ਼। ਬਾਸ ਡੋਂਟ ਬਾਦਰ ਫਾਰ ਮੀਨਜ਼ ਆਈ-ਮੀਨ ...।"

ਉਸ ਦੀ ਇਹ ਗਿੱਟ-ਮਿੱਟ ਮੁਕਣ ਤੋਂ ਪਹਿਲਾਂ ਈ ਮੈਨੂੰ ਐਮ.ਈ.ਐਸ ਦੇ ਇਕ ਠੇਕੇਦਾਰ ਦੀ ਚਾਲ੍ਹੀ-

ਪੰਜਤਾਲੀ ਸਾਲ ਪਹਿਲਾਂ ਆਖੀ ਗੱਲ, ਇਕਦਮ ਯਾਦ ਆ ਗਈ ....“ਮਿਸਤਰੀ ਠੇਕੇਦਾਰੀ ਕਰਦਿਆਂ ਬੜਾ ਕੁਝ ਹੋਰ ਵੀ ਕਰਨਾ ਪੈਂਦਾ ..। ਧਰਮ-ਪੁੱਤਰ ਬਣ ਕੇ ਉੱਪਰਲਿਆਂ ਦੇ ਆਲੇ-ਵਰਗੇ ਖੁੱਲ੍ਹੇ ਮੂੰਹ ਬੰਦ ਕਰਨੇ ਬੜੇ ਔਖੇ ਆ।”

ਚਾਂਦੀ ਦੀਆਂ ਕੰਧਾਂ ਵਾਲੇ ਸ਼ੀਸ਼-ਮਹਿਲ ਦੀ ਕੈਦ ਅੰਦਰ ਘਿਰਿਆਂ ਡੌਰ-ਭੌਰ ਖੜਾ ਮੈਂ ਹੀਰੇ-ਮੋਤੀਆਂ ਨਾਲ ਲਿਸ਼ਕਦੀ ਛੱਤ ਹੇਠ ਡਿੱਠੀਆਂ ਸੈਂਕੜੇ ਕੁਰਸੀਆਂ ’ਤੇ ਬਿਰਾਜੇ ‘ਬੜਾ ਕੁਛ ਹੋਰ ਕਰਨ ਵਾਲੇ’ ਠੇਕੇਦਾਰਾਂ, ਜ਼ੈਲਦਾਰਾਂ, ਤਹਿਸੀਲਦਾਰਾਂ, ਠਾਣੇਦਾਰਾਂ, ਲੰਬੜਦਾਰਾਂ ਅਤੇ ਘਿਓ-ਖਿਚੜੀ ਹੋਏ ਬੈਠੇ ਭਾਂਤ-ਭਾਂਤ ਦੇ ਹੋਰਨਾਂ ‘ਸੇਵਾਦਾਰਾਂ’ ਨੂੰ ਅਜੇ ਪਛਾਣ ਈ ਰਿਹਾ ਸੀ ਕਿ ਉੱਚੀ ਲੰਮੀ ਹੇਕ ਮੇਰੇ ਮੱਥੇ ਵਿਚ ਆ ਵੱਜੀ - “ਭਗਤੂ ਵਲਦ ਹੁਕਮਾ ..ਜਾਤ ਤਰਖਾਣ.. ਸਕਨਾ ਝੱਜ...ਹਾਜ਼ਰ ਹੋ...ਓ...ਓ...”

ਆਵਾਜ਼ ਦੀ ਦਿਸ਼ਾ ਵਲ ਸਹਿਜੇ-ਸਹਿਜੇ ਤੁਰਿਆ ਮੈਂ ਇਕ ਉੱਚੇ ਥੜੇ ਕੋਲ ਜਾ ਖੜਾ ਹੋਇਆ। ਥੜੇ ਦੇ ਐਨ ਵਿਚਕਾਰ ਧਰੀ ਸੋਨੇ ਦੀ ਉੱਚੀ ਕੁਰਸੀ ’ਤੇ ਬੈਠੇ ਆਕਾਰ ਵਲ ਦੇਖਣ ਤੋਂ ਪਹਿਲਾਂ ਹੀ ਮੈਂ ਸਿੰਘਾਸਣ ਪਿਛੇ ਖੜੀਆਂ ਦੋ ਪਤਲੀਆਂ ਨਾਜ਼ੁਕ ਮੁਟਿਆਰਾਂ ਨੂੰ ਮੋਰ-ਖੰਭਾਂ ਦੇ ਬਣੇ ਪੱਖੇ ਝਲਦੀਆਂ ਨੂੰ ਪਛਾਣ ਲਿਆ। ਇਨ੍ਹਾਂ ਵਿਚੋਂ ਇਕ ਮਾਸਟਰ ਗਿਆਨ ਸਿੰਘ ਦੀ ਨੌਂਹ ਪਿਛਲੀ ਲੜਾਈ ਅੰਦਰ ਮਾਰੇ ਵੱਡੇ ਪੁੱਤਰ ਮੇਜਰ ਨਰਿੰਦਰ ਸਿੰਘ ਦੀ ਵਹੁਟੀ ਸੀ ਜਿਹੜੀ ਪਤੀ ਦੀ ਬਹਾਦਰੀ ਦਾ ਇਨਾਮ ਲੈਣ ਗਈ ਮੁੜ ਘਰ ਨਹੀਂ ਸੀ ਪਰਤੀ ਅਤੇ ਦੂਜੀ ਰੁਕਨਦੀਨ ਜੁਲਾਹੇ ਦੀ ਉਧਾਲੀ ਇਕਲੌਤੀ ਧੀ ਰਹਿਮਤੇ ਸੀ। ਮੋਟੀ ਬੋਦੀ ਵਾਲੇ ਤਿਲਕਧਾਰੀ ਮੁੰਨੀ ਲਾਲ ਮੁਨੀਮ ਵਰਗੇ ਅੱਧਖੜ ਧੋਤੀ-ਟੁੰਗ ਤੋਂ ਮੇਰਾ ਵਹੀ-ਖਾਤਾ ਫੜ ਕੇ ਸਿੰਘਾਸਣ ਗਰਜਿਆ-” ਤੂੰ ਭਗਤੂ ਹੈਂ ...ਓਏ ..ਏ ..?”

“ਜੀ ....ਈ ਮ੍ਹਾਰਾਜ “ਮੈਂ ਜ਼ਰਾ ਤਣ ਕੇ ਉੱਤਰ ਦਿੱਤਾ।

“ਤੂੰ ਨੇ ਕੋਈ ਜਨ-ਭਗਤੀ ਦੇਸ਼-ਭਗਤੀ ਜਾਂ ਪ੍ਰਭੂ-ਭਗਤੀ ਭੀ ਕੀ ਹੈ ਜਾਂ ਨਹੀਂ।”

“ਜੀ ..ਈ ਕੀਤੀ ਤਾਂ ਬਹੁਤ ਐ ਪਰ ਐਹੋ ਜਿਹੀ ਨਹੀਂ ਜਿਹੋ ਜਿਹੀ ਤੁਆਡੇ ਐਨ੍ਹਾਂ ਦਰਬਾਰੀਆਂ ਨੇ ਕੀਤੀ ਐ।”

“ਕਿਆ ਮਤਲਬ ?”

“ਮੈਂ ਸਿਰਫ਼ ਕਿਰਤ ਕੀਤੀ ਐ ਜਿਸ ਨੂੰ ਅਸੀਂ ਲੋਕ ਸਭ ਤੋਂ ਵੱਡੀ ਭਗਤੀ ਸਮਝਦੇ ਆਂ।”

“ਪਰ ...ਤੇਰੇ ਖਾਤੇ ਮੇਂ ਤੋ ਕੁਛ ਔਰ ਹੀ ਲਿਖਾ ਹੈ।”

“ਕੀ ਲਿਖਿਆ ...ਆ ਮ੍ਹਾਰਾਜ!”

“ਕਿ ਤੂੰ ਅਹਿਸਾਨ ਫ਼ਰਾਮੋਸ਼ ਹੈਂ....ਹਮ ਨੇ ਮਾਤ ਲੋਕ ਮੇਂ ਬਹੁਤ ਸੀ ਸੜਕੇਂ ਬਨਵਾਈ, ਨਹਿਰੇਂ ਖੁਦਵਾਈ, ਡੈਮ ਬਨਵਾਏ, ਤੁਮ ਲੋਗੋਂ ਕੇ ਅੰਧੇਰੇ ਘਰੋਂ ਕੋ ਬਿਜਲੀ ਦੀ ...ਗੁਰਦਵਾਰੋਂ, ਮੰਦਰੋਂ, ਮਸੀਤੋਂ ਔਰ ਗਿਰਜਾ ਘਰੋਂ ਕੇ ਲੀਏ ਧੰਨ ਔਰ ਧਰਤੀ ਬਾਂਟੀ ... ਤੁਮਹਾਰੇ ਜਾਹਲ ਔਰ ਅਵਾਰਾਂ ਲੋਂਡੋਂ ਕੋ ਵਿਕਸਤ ਦੇਸ਼ੋਂ ਮੇਂ ਜਾ ਕਰ ਧੰਨ ਕਮਾਨੇ ਕੀ ਅਨੁਮਤੀ ਦੀ..... ਤੁਮਹਾਰੀ ਜਹਾਲਤ ਦੂਰ ਕਰਨੇ ਕੇ ਲੀਏ ਪਾਂਚ-ਵਰਸ਼ੀਐ ਯੋਜਨਾਏਂ ਉਪਲਬਦ ਕੀ ....ਕਿਆ ਕੁਝ ਨਹੀਂ ਕੀਆ ਹਮ ਨੇ ..ਪਰ ਤੂੰ ਨੇ ਸਾਰੀ ਆਯੂ ਹਮਾਰਾ ਧੰਨਆਵਾਦ ਤਕ ਨਹੀਂ ਕੀਆ।”

“ਧੰਨਵਾਦ ਕਿਹੜੀ ਗੱਲ ਦਾ! ਸੜਕਾਂ ਨਹਿਰਾਂ ਡੈਮਾਂ ਦੇ ਹਵਨ-ਕੁੰਡ ਅੰਦਰ ਮੇਰੇ ਵਰਗਿਆਂ ਲੱਖਾਂ ਦੀ ਆਹੂਤੀ ਪਈ ...ਤੁਆਡੇ ਬਣਾਏ ਧਰਮਾਂ ਦੀ ਆੜ ਅੰਦਰ ਲੋਕਾਂ ਇਕ ਦੂਜੇ ਦੇ ਖ਼ੂਨ ਨਾਲ ਰੱਜ ਕੇ ਹੋਲੀ ਖੇਡੀ ...ਭੁੱਖਮਰੀ ਤੇ ਬੇਕਾਰੀ ਤੇ ਪੁੜਾਂ ਅੰਦਰ ਪਿਸਦੇ ਸਾਡੇ ਕਾਰੀਗਰ ਬੱਚਿਆਂ ਨੂੰ ਦੇਸ਼-ਨਿਕਾਲਾ ਦੇ ਕੇ ਤੁਸੀਂ ਸਾਡੀ ਬੋਲੀ ਤਾਂ ਕੀ ਸਾਰੇ ਦਾ ਸਾਰਾ ਸਭਿਆਚਾਰ ਆਪਣੇ ਵਿਦੇਸ਼ੀ ਭਾਈਵਾਲਾਂ ਕੋਲ ਗਿਰਵੀ ਕਰ ਦਿੱਤਾ ਅਤੇ ਤੁਹਾਡੀਆਂ ਯੋਜਨਾਵਾਂ ਦਾ ਲਾਭ ਤਾਂ ਆਹ ਤੁਆਡੇ ਸਾਹਮਣੇ ਬੈਠੇ ਚੌਧਰੀਆਂ ਨੇ ਆਪੋ ਵਿਚ ਦੀ ਈ ਵੰਡ ਲਿਆ .....ਮ੍ਹਾਰਾਜ!

“ਐਸਾ ਨਹੀਂ ਹੋ ਸਕਤਾ ...ਤੇਰਾ ਹਿੱਸਾ ਤੁਝੇ ਜ਼ਰੂਰ ਮਿਲਾ ਹੈ ....ਇਧਰ ਸਭ ਕੁਝ ਲਿਖਾ ਹੂਆ ਹੈ ..... ਤੂੰ ਨੇ ਤੋਂ ਸਾਰੀ ਆਯੂ ਛੋਟੇ ਛੋਟੇ ਸੇ ਨੀਚ ਕਾਮ ਹੀ ਕੀਏ ਹੈਂ ...ਹਮਾਰੇ ਹਾਂ ਛੋਟੇ ਕਾਮੋਂ ਕਾ ਫਲ ਭੀ ਛੋਟਾ ਹੋਤਾ ਹੈ ਔਰ ਨੀਚ ਲੋਕ ਨਰਕੋਂ ਕੇ ਹੀ ਭਾਗੀ ਬਨਤੇ ਹੈਂ .....ਸਮਝੇ।”

“ਸਮਝ ਤਾਂ ਗਿਆ ਹਜ਼ੂਰ ਪਰ ਧਰਮ ਰਾਜ ਦੀ ਕਚਹਿਰੀ ਅੰਦਰ ਵੀ ਜੇ ਖਰੇ ਖੋਟੇ ਦੀ ਪਛਾਣ ਨਹੀਂ ਹੋਣੀ ਤਾਂ ਫਿਰ ਕਿਥੇ ਹੋਵੇਗੀ ...?”

“ਦੇਖੋ ਭਗਤੂ ਹਮ ਧਰਮਰਾਜ ਨਹੀਂ ਯਮਰਾਜ ਹੈ ਔਰ ਅਪਨੇ ਢੰਗ ਸੇ ਕਾਮ ਕਰਤੇਂ ਹੈਂ ...ਯਦੀ ਐਸੇ ਵਾਦ-ਵਿਵਾਦ ਮੇਂ ਹਮਾਰਾ ਬਹੁਤ ਸਾ ਸਮੇਂ ਨਸ਼ਟ ਹੋਤਾ ਰਹਾ ਤੋ ਇਸ ਕਾ ਉਪਾਏ ਭੀ ਹਮੇਂ ਸੋਚਨਾ ਹੋਗਾ ...। ਹਾਂ ਸੱਚ ਏਕ ਬਾਤ ਔਰ ਤੇਰੇ ਊਪਰ ਤੋ ਏਕ ਲਾਵਾਰਿਸ ਜ਼ਨਾਨੀ ਉਧਾਲਨੇ ਕਾ ਭੀ ਦੋਸ਼ ਹੈ।”

“ਮੈਂ ਨਹੀਂ ਉਧਾਲੀ ਮ੍ਹਾਰਾਜ ਸਗੋਂ ਉਸ ਨੇ ਮੈਨੂੰ ਉਧਾਲਿਆ ....ਆਪਣੇ ਈ ਪਿੰਡ ਦੀਆਂ ਨੌਂਹਾਂ-ਧੀਆਂ ਉਧਾਲਣ ਵਾਲੇ ਤਾਂ ਤੁਆਡੇ ਸਾਹਮਣੇ ਬਿਰਾਜਮਾਨ ਹਨ ਦੇਵਤਿਓ!”

“ਤੂੰ ਬਹੁਤ ਮੂੰਹ ਜ਼ੋਰ ਹੈ...ਬੇ-ਹਯਾ ਬਦ-ਤਮੀਜ਼..ਹਮ ਜ਼ਿਆਦਾ ਬਾਤੇ ਸੁਨਨੇ ਕਾ ਆਦੀ ਨਹੀਂ, ਦੂਰ ਹੋ ਜਾ ਹਮਾਰੀ ਨਜ਼ਰੋਂ ਸੇ ਕੌਮਨਿਸਟ ਕਹੀਂ ਕਾ..।”

ਗੁੱਸੇ ਨਾਲ ਲਾਲ-ਪੀਲੇ ਹੋਏ ਮੂੰਹ ਅੰਦਰੋਂ ਝੱਗ ਉਗਲਦੇ ਯਮਰਾਜ ਨੇ ਪੱਥਰ-ਪਾੜਵੀਂ ਨਜ਼ਰ ਨਾਲ ਇਕ ਵਾਰ ਫਿਰ ਮੈਨੂੰ ਘੂਰ ਕੇ ਦੇਖਿਆ ਅਤੇ ਦੂਜੇ ਹੀ ਪਲ ਗਰਜਵੀਂ ਉੱਚੀ ਆਵਾਜ਼ ਵਿਚ ਲਾਗੇ ਖੜੇ ਯਮਦੂਤਾਂ ਨੂੰ ਆਦੇਸ਼ ਕਰ ਦਿੱਤਾ- “ਇਸੇ ਨਰਕਾਪਰੀ ਮੇਂ ਡਾਲ ਦੀਆ ਜਾਏ।”

ਅੰਦਰ ਡੱਕੇ ਲਾਵੇ ਦੇ ਹੋਰ ਫੁੱਟ ਨਿਕਲਣ ਤੋਂ ਪਹਿਲਾਂ ਈ ਬਿਜਲੀ ਦੀ ਫੁਰਤੀ ਵਾਂਗ ਯਮਦੂਤਾਂ ਨੇ ਮੇਰੀਆਂ ਮੁਸ਼ਕਾਂ ਬੰਨ੍ਹੀਆਂ ਅਤੇ ਧੂਹੰਦੇ-ਘਸੀਟਦੇ ਨੂੰ ਦਰਬਾਰ ਅੰਦਰੋਂ ਬਾਹਰ ਲਿਆ ਕੇ ਇਕ ਉਜੜੇ ਜਿਹੇ ਕੱਚੇ ਰਾਹ ’ਤੇ ਤੁਰਦਾ ਕਰ ਦਿੱਤਾ।

ਥੋੜ੍ਹਾ ਜਿਹਾ ਪੈਂਡਾ ਮੁਕਾ ਕੇ ਆਪਣੇ ਅੱਗੇ-ਪਿਛੇ ਤੁਰੇ ਆਉਂਦੇ ਦਸ-ਬਾਰਾਂ ਯਮਦੂਤਾਂ ਤੋਂ, ਮੈਂ ਧਰਮਰਾਜ ਦੀ ਕਚਹਿਰੀ ਜਾਣ ਦੀ ਆਗਿਆ ਮੰਗੀ।

ਪਰ ਇਕ ਰੁਖੇ ਖਰ੍ਹਵੇਂ ਨੇ ਮੇਰੀ ਬੇਨਤੀ ਠਕਰਾਉਂਦਿਆਂ ਉੱਤਰ ਦਿੱਤਾ- “ਯਮਰਾਜ ਈ ਅੱਜਕੱਲ ਧਰਮਰਾਜ ਐ, ਉਹ ਕਿਸੇ ਕੜ੍ਹੀ-ਕਚਹਿਰੀ ਦੀ ਪਰਵਾਹ ਨਹੀਂ ਕਰਦਾ। ਜਿਹੜਾ ਜਿਹੜਾ ਉਸ ਨੂੰ ਰੜਕਦਾ ਉਹਨੂੰ ਉਹ ਮੱਖਣ ’ਚੋਂ ਵਾਲ ਵਾਂਗੂ ਬਾਹਰ ਵਗਾਹ ਮਾਰਦਾ।”

ਇਹ ਕਠੋਰ ਸੱਚ ਸੁਣ ਕੇ ਮੇਰੇ ਅੰਦਰ ਅੱਗੇ ਬੋਲਣ ਦੀ ਹਿੰਮਤ ਨਾ ਰਹੀ ਅਤੇ ਘੁਸਮੁਸੇ ਵਿਚ ਚੁਪ ਚਾਪ ਤੁਰਿਆ ਸੌੜੀ ਜਿਹੀ ਤੰਗ ਵਲਗਣ ਅੰਦਰ ਪਹੁੰਚ ਗਿਆ ਜਿਸ ਥਾਂ ਵੜਦਿਆਂ ਸਾਰ ਈ ਭਾਂਤ ਭਾਂਤ ਦੇ ਜੰਗਲੀ ਪਸ਼ੂਆਂ ਦੀਆਂ ਚਾਂਗਰਾਂ ਵਰਗੇ ਚੀਕ-ਚਿੰਗਾਰਾਂ ਵਰਗੇ ਚੀਕ-ਚਿਹਾੜੇ ਨੇ ਮੈਨੂੰ ਘੇਰ ਲਿਆ। ਜਿਉਂ-ਜਿਉਂ ਮੈਂ ਅਗਾਂਹ ਵਧਦਾ ਗਿਆ ਤਿਉਂ-ਤਿਉਂ ਉਨ੍ਹਾਂ ਆਵਾਜ਼ਾਂ ਵਿਚਲਾ ਦਰਦ ਮੇਰੀ ਰੂਹ ਨੂੰ ਜ਼ਖਮੀ ਕਰਦਾ ਗਿਆ।

ਰਾਤ ਵਰਗੇ ਹਨੇਰੇ ਦੀ ਕਾਲਖ ਨੂੰ ਚੀਰ ਕੇ ਮੈਂ ਅਜੇ ਥੋੜ੍ਹੇ ਕਦਮ ਹੀ ਅਗਾਂਹ ਗਿਆ ਸੀ ਕਿ ਦਿਨ ਦੇ ਚੜ੍ਹਾ ਵਰਗੇ ਚਾਨਣ ਅੰਦਰ ਆਪਣੇ ਕਿੱਤੇ ਲੱਗਾ ਨਾਮ੍ਹਾਂ-ਚਮਿਆਰ ਮੇਰੀ ਨਿਗਾਹ ਪੈ ਗਿਆ।

“ਉਹਨੂੰ ਧੌੜੀ ਦੀ ਨਿੱਗਰ ਜੁੱਤੀ ਨੂੰ ਭਰੀ -ਕੁਰਮ ਦੇ ਬੂਟਾਂ ਅੰਦਰ ਅਟੁੰਗ ਕੇ ਸੀਂਦੇ ਨੂੰ ਮੈਂ ਪੁਛਿਆ - “ਇਹ ਕੀਹਦਾ ਜੋੜਾ ਬਣਦਾ ?”

“ਯਮਰਾਜ ਦਾ।”

“ਇਹਨੂੰ ਪੈਰੀਂ ਪਾ ਕੇ ਉਹ ਤੁਰੇਗਾ ਕਿਮੇਂ ?”

“ਛਾਨੂੰ ਕੀ ਚੌਅਰੀ ਤੁਰਦਾ ਤੁਰੇ ਨਹੀਂ ਤਾਂ ਆਪੇ ਡਿੱਗੂ ਮੂੰਹ ਭਾਰ।” ਆਖ ਕੇ ਉਹ ਆਪਣੇ ਕੰਮ ਲੱਗਾ ਰਿਹਾ। ਦੋ-ਚਾਰ ’ਲਾਘਾਂ ਹੋਰ ਅੱਗੇ ਨਿਕਲ ਕੇ ਮੈਂ ਦੇਖਿਆ ਕਿ ਗੋਲ-ਚੌਂਕੜੀ ਮਾਰੀ ਸਾਫ਼-ਸੁਥਰੇ ਥੜੇ ’ਤੇ ਬੈਠਾ ਕਿਸ਼ਨਾ ਦਰਜ਼ੀ ਠੰਢੀ-ਖੁੱਲੀ ਐਚਕਨ ਉੱਤੇ ਕਾਲਾ ਗਰਮ ਕੋਟ ਚਾੜ੍ਹ ਕੇ ਵੱਡੇ ਸਾਰੇ ਸੂਏ ਨਾਲ ਨਗੰਦੇ ਮਾਰ ਰਿਹਾ ਸੀ।

“ਕੀ ਬਣਦਾ ਮਾਹਟਰ ?” ਮੈਂ ਪੁੱਛਿਆ।

“ਯਮਰਾਜੇ ਦਾ ਹੁਕਮ ਐ ਚਿੱਟੀ ਐਚਕਨ ਉੱਤੇ ਕਾਲਾ ਉਛਾੜ ਸੀਂ ਦਿੱਤਾ ਜਾਵੇ ਤਾਂ ਕਿ ਨਿੱਤ ਨਵੇਂ ਧੋਣ-ਬਦਲਣ ਦਾ ਟੰਟਾ ਹੀ ਮੁਕਦਾ ਹੋਵੇ।”

ਵਿਦੇਸ਼ੀ ਗਰਮ ਸੂਟ ਅੰਦਰ ਨਿੱਘਾ ਹੋਇਆ ਆਪਣੀ ਖੂੰਟੀ ਟੇਕਦਾ ਮੈਂ ਅਜੇ ਦਸ ਕੁ ਕਦਮ ਅਗਾਂਹ ਗਿਆ ਸੀ ਕਿ ਖਿਲਰੇ ਸੰਦਾਂ ਅੰਦਰ ਚੁੱਪ-ਚਾਪ ਖੜਾ ਮੈਨੂੰ ਆਪਣਾ ਪੁੱਤਰ ਸੇਮੂ ਦਿੱਸ ਪਿਆ। ਸਾਹਮਣੇ ਪਈਆਂ ਦੋਨਾਂ ਕੁਰਸੀਆਂ ਵਲੋਂ ਧਿਆਨ ਹਟਾ ਕੇ ਉਹ ਡਡਿਆ ਕੇ ਮੇਰੇ ਨਾਲ ਆ ਚਿੰਬੜਿਆ। ਉੱਚੀ ਉੱਚੀ ਢਾਹਾਂ ਮਾਰ ਕੇ ਰੋਂਦੇ ਦੀਆਂ ਉਸ ਦੀਆਂ ਅੱਖਾਂ ਅੰਦਰ ਲਾਲ ਲਾਲ ਡੋਰੇ ਉਭਰ ਆਏ। ਮੈਂ ਬਿਆਈਆਂ ਪਾਟੇ ਖ਼ਰਵੇ ਪੋਟਿਆਂ ਨਾਲ ਉਸ ਦੀਆਂ ਨਰਮ-ਨਾਜ਼ਕ ਖਾਖਾਂ ਤੋਂ ਤਿਲਕਦੇ ਹੰਝੂ ਪੂੰਝਦਿਆਂ ਪੁਛਿਆ - “ਕੀ ਕਰਨ ਲੱਗਾ ਐਂ ?”

“ਇਹ ਛੋਟੀ ਕੁਰਸੀ ਨੂੰ ਵੱਡੀ ਕੁਰਸੀ ਉੱਪਰ ਫਿੱਟ ਕਰਨ ਦੀ ਤਰਕੀਬ ਸੋਚ ਰਿਹਾਂ।”

“ਉਹ ਕਿਉਂ ?” ਮੈਂ ਪੁੱਛਿਆ।

“ਯਮਰਾਜ ਕਹਿੰਦਾ ਕਿ ਉਢ੍ਹੀ ਨਿੱਕੀ ਕੁਰਸੀ ਵਰਗੀਆਂ ਤਾਂ ਹੋਰ ਵੀ ਕਈ ਕੁਰਸੀਆਂ ਹਨ।”

“ਉਹ ਧਰਮਰਾਜ ਵਾਲੀ ਵੱਡੀ ਕੁਰਸੀ ਕਿਉਂ ਨਹੀਂ ਸਾਂਭ ਲੈਂਦਾ ?”

“ਪਰ ਉਹ ਛੋਟੀ ਕੁਰਸੀ ਵੀ ਨਈਂ ਛੱਡਦਾ ਤੇ ਵੱਡੀ ਉੱਤੇ ਵੀ ਬੈਠਣਾ ਚਾਹੁੰਦਾ ...। ਇਸੇ ਲਈ ਉਸ ਨੇ ਦੋਨਾਂ ਦੀਆਂ ਲੱਤਾਂ, ਬਾਹਾਂ, ਢੋਆਂ ਸੀਟਾਂ ਜੋੜ ਕੇ ਬਣਾਉਣ ਲਈ ਹੁਕਮ ਚਾੜ੍ਹ ਦਿੱਤਾ ਆ।”

ਧਰਮ ਅਤੇ ਇਨਸਾਫ਼ ਦੇ ਨਾਂ ਹੇਠ ਉਸਰੀ ਕਚਹਿਰੀ ਅੰਦਰ ਹੁਣੇ-ਹੁਣੇ ਵਾਪਰੀ ਘਟਨਾ ਕਰ ਕੇ ਮੇਰੇ ਬੇਚੈਨ ਹੋਏ ਮਨ ਅੰਦਰਲਾ ਤੌਖਲਾ, ਨਾਮ੍ਹੇਂ, ਕਿਸ਼ਨੇ ਅਤੇ ਸੇਮੇ ਦੀਆਂ ਗੱਲਾਂ ਸੁਣ ਕੇ ਹੋਰ ਵਧ ਗਿਆ। ਵਿਤੋਂ ਬਾਹਰੀ ਸ਼ਕਤੀ ਹਥਿਆਉਣ ਦੀ ਲਾਲਸਾ ਅਤੇ ਇਸ ਦੀ ਆਪ-ਹੁਦਰੀ ਵਰਤੋਂ ਦੀਆਂ ਸੰਭਾਵਨਾਵਾਂ ਦਾ ਭੈਅ, ਪਰਛਾਵੇਂ ਵਾਂਗ ਮੇਰੇ ਨਾਲ ਆ ਖੜਾ ਹੋਇਆ ਜਿਸ ਦੀ ਪਿੱਠ-ਭੂਮੀ ਤਿਆਰ ਕਰਨ ਲਈ, ਕਈਆਂ ਚਿਰਾਂ ਤੋਂ ਈ ਮੇਰੀ ਉਲਾਦ ਅਮਰੀਕੀ ਮਹੁਰੇ ਦੀ ਮਿਠਾਸ ਚੱਟਦੀ ਆ ਰਹੀ ਸੀ।

ਆਪਣੀ ਨਿੱਘਰ ਚੁੱਕੀ ਦੇਹੀ ਦੇ ਝੋਰੇ ਕਰ ਕੇ ਮੈਂ ਤਰਸੇਮ ਜ਼ੁੰਮੇ ਲੱਗੇ ਕੰਮ ਉੱਤੇ ਆਪਣੀ ਮਰਜ਼ੀ ਕਰ ਸਕਣ ਦੀ ਅਸਮਰੱਥਾ ਪ੍ਰਗਟਾਉਂਦਿਆਂ ਆਖਿਆ - “ਬੇਟਾ ਕੁਰਸੀ ਐਨੀ ਉੱਚੀ ਨਾ ਕਰ ਦਈਂ ਜਿਸ ਉੱਤੇ ਬੈਠੇ ਧਰਮਰਾਜੇ ਨੂੰ ਮਾਤ ਲੋਕ ਅੰਦਰ ਵਸਦੇ ਲੋਕੀਂ ਦਿਸਣੋਂ ਹਟ ਜਾਣ।”

ਕਾਰੀਗਰ ਪੁੱਤਰ ਨੂੰ ਆਸ਼ੀਰਵਾਦ ਦੇ ਕੇ ਮੈਂ ਥੋੜ੍ਹੀ ਜਿਹੀ ਵਿੱਥ ’ਤੇ ਕਹੀ ਵਾਹੁੰਦੇ ਮੇਹਰੂ ਜੱਟ ਕੋਲ ਜਾਣ ਲਈ ਅਜੇ ਦੋ ਕੁ ਪੈਰ ਹੀ ਪੱਟੇ ਸਨ ਕਿ ਜਮਦੂਤਾਂ ਦੀ ਲਾਠੀਆਂ ਉਲਾਰਦੀ ਟੋਲੀ ਨੇ ਮੈਨੂੰ ਵਿਦਰੋਹ ਦੀ ਸਾਜ਼ਿਸ਼ ਕਰਨ ਦੇ ਇਲਜ਼ਾਮ ਅੰਦਰ ਆ ਘੇਰਿਆ।

ਪੈਰ ਪੈਰ ’ਤੇ ਉਛਾਲੀ ਮਾਰਦੇ ਪਰ ਨੱਪ ਕੇ ਅੰਦਰ ਡੱਕੇ ਉਬਾਲ ਨੂੰ ਹੋਰ ਸਾਂਭਣਾ ਔਖਾ ਹੋ ਜਾਣ ਕਾਰਨ ਮੇਰੇ ਕੰਬਦੇ ਹੱਥਾਂ ਨੇ ਵੀ ਆਪਣੀ ਖੂੰਟੀ ਉਪਰ ਉੱਠੀਆਂ ਲਾਠੀਆਂ ਮੂਹਰੇ ਉਲਾਰ ਕੇ ਤਣ ਦਿੱਤੀ।

....ਮਸਾਣ-ਭੂਮੀ ਅੰਦਰ ਧਰੀ ਗੁਬਾਰਿਆਂ ਨਾਲ ਸ਼ਿੰਗਾਰੀ ਅਰਥੀ ਅੰਦਰੋਂ ਜ਼ੋਰ ਨਾਲ ਹਿੱਲੀ ਤੇ ਉੱਪਰ ਨੂੰ ਉੱਠੀ ਮੇਰੀ ਬਾਂਹ ਦੇਖ ਕੇ ਚਿਤਾ ਚਿਣਦੀ ਸਾਰੀ ਦੀ ਸਾਰੀ ਵਹੀਰ ਪਹਿਲਾਂ ਤਾਂ ਮੈਨੂੰ ਭੂਤ ਸਮਝ ਕੇ ਡਰਦੀ ਪਿਛਾਂਹ ਦੌੜ ਗਈ ਪਰ ਅਗਲੇ ਈ ਪਲ ਮੇਰੇ ਮੂੰਹੋਂ ਨਿਕਲਿਆ ‘ਵਾਖਰੂ’ ਅੱਖਰ ਸੁਣ ਕੇ ਮੇਰੇ ਦੁਆਲੇ ਆ ’ਕੱਠੀ ਹੋਈ।

“ ....ਇਹ ਤਾਂ ਅਜੇ ਜੀਂਦਾ ਆ” ਉਨ੍ਹਾਂ ਵਿਚੋਂ ਕਿਸੇ ਨੇ ਆਖਿਆ।

“ਹਾਂ ...ਅਜੇ ਮੈਂ ਜਿਉਂਦਾ ਹਾਂ।” ਮੈਂ ਆਸ ਪਾਸ ਖੜੀ ਸਾਰੀ ਦੀ ਸਾਰੀ ਭੀੜ ਨੂੰ ਆਖਣ ਵਿਚ ਰਤੀ ਭਰ ਵੀ ਢਿੱਲ ਨਾ ਕੀਤੀ।





# Matrimonial

### ਕੰਨਿਆ ਦੀ ਲੋੜ

ਜੱਟ ਸਿੱਖ ਪੂਨੀਆਂ 28 ਸਾਲ, ਕੱਦ 5'-7', ਪੜ੍ਹੇ ਲਿਖੇ, ਵੈਸ਼ਨੂੰ, ਡਿਪਲੋਮਾ ਹੋਲਡਰ, 15 ਏਕੜ ਜ਼ਮੀਨ, ਇੰਡੀਆ ਰਹਿੰਦੇ ਇਕਲੌਤੇ ਲੜਕੇ ਲਈ ਕਨੇਡੀਅਨ ਸਿਟੀਜਨ ਜਾਂ ਇੰਮੀਗ੍ਰਾਂਟ ਲੜਕੀ ਦੀ ਲੋੜ ਹੈ। ਮਾਂ-ਬਾਪ ਜਲਦੀ ਹੀ ਪੱਕੇ ਤੌਰ 'ਤੇ ਕਨੇਡਾ ਆ ਰਹੇ ਹਨ। ਹੋਰ ਜਾਣਕਾਰੀ ਲਈ ਸੰਪਰਕ ਕਰੋ 780-236-1325 ਜਾਂ 98143-53113

----

ਆਪਣਾ ਬਿਜ਼ਨਸ ਕਰਨ ਵਾਲੇ ਯੂ.ਐਸ.ਏ. ਰਹਿੰਦੇ 34 ਸਾਲਾ, ਕੱਦ 5'11' ਕਲੀਨ ਸ਼ੇਵ ਲੜਕੇ ਲਈ ਲੜਕੀ ਦੀ ਜ਼ਰੂਰਤ ਹੈ। ਭੈਣ ਕਨੇਡਾ ਵਿਚ ਸੈੱਟ ਹੈ। ਸੰਪਰਕ ਕਰੋ : 780-242-6563 ਜਾਂ ਈਮੇਲ ਕਰੋ : bhantgrewal@yahoo.co.uk

---

USA Citizen Jatt Sikh Sekhon 35yrs 5-10" well settled only son, running his own business. Looking for educated, nice & beautiful girl. Contact: 780-242-6563 or email bhantgrewal@yahoo.co.uk

---

ਜੱਟ ਸਿੱਖ ਮੌੜ 27 ਸਾਲ 6'-1' ਬੈਂਕ ਵਿਚ ਜੌਬ ਕਰਦੇ, ਹਾਕੀ ਪਲੇਅਰ, ਨਸ਼ਿਆਂ ਤੋਂ ਰਹਿਤ

### ਕੰਨਿਆ ਦੀ ਲੋੜ

ਇੰਡੀਆ ਰਹਿੰਦੇ ਲੜਕੇ ਲਈ ਕਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੇ ਪਿਤਾ ਜੀ ਬੈਂਕ ਆਫ਼ਿਸਰ ਹਨ ਤੇ ਸ਼ਹਿਰੀ ਤੇ ਪੇਂਡੂ ਪ੍ਰਾਪਰਟੀ ਹੈ। ਕਨੇਡਾ 'ਚ ਸੈਟਲ ਕਰਨ ਲਈ ਪੂਰੀ ਮਦਦ ਕੀਤੀ ਜਾਵੇਗੀ। ਹੋਰ ਜਾਣਕਾਰੀ ਲਈ 780-669-0456 ਜਾਂ ਈ ਮੇਲ daman.passion@gmail.com 'ਤੇ ਸੰਪਰਕ ਕਰੋ।

---

Smart match for MBBS Handsome single boy, 6-11-1988, 5'-10'', father-mother Govt. employees, sister married. Contact: hotincoolsingh@yahoo.com, or 94171-88904.

---

In search for a UNMARRIED, SIKH RAJPUT Beautiful Bride for a very Handsome Groom. The Groom is CANADIAN CITIZEN, highly qualified, currently employed with a high managing position in an Engineering Firm, 31 years of age, very handsome, stands 5'6", very fair complexion, divorced and has one son who is 5 years of age. We are looking for a Bride with following qualities: UNMARRIED, GOOD

### ਕੰਨਿਆ ਦੀ ਲੋੜ

FAMILY VALUES, SIKH RAJPUT, BEAUTIFUL, WELL EDUCATED, WELL CULTURED. SERIOUS INQUIRIES & RESPONSES Are more than welcomed to contact for more information. Please Call : +1 780 686 3798

---

Seeking a suitable match for 22 years 6' Gupta ( Mahajan ) boy. Pursuing Master of Business Management in India. boy is totally teetotaler and well educated. caste no bar. his sister is well settled in Canada. contact no 780-761-3393.

### ਵਰ ਦੀ ਲੋੜ

We are looking for a suitable sikh match for a Canadian Resident girl, 1988 born, 5'1", good looking, Ramgariya, doing well paid private job. Boy should be educated, doing well paid job and vegetarian. Only Canadian boys respecting family values should contact. Please Contact : (204) 414-8107 or email at sukhminder_ubhi@hotmail.com

### ਕੰਨਿਆ ਦੀ ਲੋੜ

Suitable match required for Jat-Sikh, Canadian Citizen, Engineer, 31 years, 6ft 2 in, clean shaven, doing well-paid Govt. job. Girl should be Canadian immigrant / citizen respecting family values. Please contact E mail: singhjrm13@gmail.com phone: 780-200-2647

ਕਨੇਡੀਅਨ ਸਿਟੀਜ਼ਨ, ਜੱਟ-ਸਿੱਖ, ਇੰਜਨੀਅਰ, 31 ਸਾਲਾ, 6 ਫੁਟ 2 ਇੰਚ, ਸਰਕਾਰੀ ਜੌਬ ਕਰਦੇ ਲੜਕੇ ਲਈ ਸੁਹਣੀ-ਸੁਨੱਖੀ, ਪੜ੍ਹੀ-ਲਿਖੀ, ਇਮੀਗਰੈਂਟ/ਸਿਟੀਜ਼ਨ ਪਰਿਵਾਰਕ ਸੁਭਾਅ ਵਾਲੀ ਲੜਕੀ ਦੀ ਲੋੜ ਹੈ। ਸੰਪਰਕ ਲਈ ਫੋਨ 780-200-2647 ਜਾਂ ਈ ਮੇਲ : **singhjrm13@gmail.com**

Dhillon Family 30 years old 5'5 nursing from India smart , intelligent Canadian PR girl looking Canadian boy . only Amritsar area boys can contact. Bio data will be email on kaursurjeet123@gmail.com

- - - - -

# Classified Plus

## *Experienced Tutor for your child*

- Experienced and certified teacher of science.
- Teach all subjects including homework help up to grade 6.
- Teach science and also helps children with their science home work specifically from grade 7 to grade 10.
- Tuitions at my place only and charge $15 for an hour.
- Able to teach the child in English, Punjabi and Hindi (as child feels comfortable with)

Location: 17st and white mud near new Wal-Mart at tamarack road.
Contact: 780-395-0393 or arshinder_kaur@yahoo.co.in

## House for Sale

Brand New 2014 build, 2460 sq. ft. double car attached garage 2 Story home with 120 sq. ft. special balcony, 3 full washroom, 5 bedroom for sale in Edmonton. For more information please call Anil Jain 780-245-0351, Email : suman1590@yahoo.com



ਸਿਟੀ ਅਸਟੇਟਸ

## City Estates

**All Types of Property, Plots & Kothis available for Sale & Purchase in Chandigarh/Mohali/ Panchkula.**

ਮੋਹਾਲੀ, ਚੰਡੀਗੜ੍ਹ, ਪੰਚਕੂਲਾ 'ਚ ਜਾਇਦਾਦ ਖਰੀਦਣ ਤੇ ਵੇਚਣ ਲਈ ਇਕ ਭਰੋਸੇਯੋਗ ਨਾਂ

For More Info Contact: SCO 123, Phase 7, Mohali (Punjab)
**011 91 98147 11263 or 011 91 98729 73304**

## ਕਾਰਪੇਂਟਰ ਹੈਪਲਰ ਦੀ ਲੋੜ

ਕਿਚਨ ਕੈਬਨਿਟ ਬਣਾਉਣ ਵਾਲੀ ਕੰਪਨੀ ਵੈਸਟਫੋਰਕ ਇੰਟੀਰੀਅਰਜ਼ ਨੂੰ ਕਾਰਪੇਂਟਰ ਹੈਲਪਰ ਦੀ ਜ਼ਰੂਰਤ ਹੈ। ਤਨਖ਼ਾਹ ਤਜ਼ਰਬੇ ਅਨੁਸਾਰ। ਵਧੇਰੇ ਜਾਣਕਾਰੀ ਲਈ ਗੁਰਮੇਲ ਮਠਾੜੂ 780-990-9349 ਜਾਂ ਰਣਜੀਤ ਮਠਾੜੂ 780-907-9889 ਨਾਲ ਸੰਪਰਕ ਕਰੋ।
Email : info@westforkinteriors.com

## Required: Long haul truck driver (NOC: 7411)

**Job Types :** Regular job
**Terms of Employment:** Permanent, Full Time
**Salary :** $54,000.00 Yearly, for 45.00 Hours per week
**Benefits:** Extended Health care benefits including Medical Benefits, Dental Benefits
**Anticipated Start Date:** As soon as possible
**Name of Employer:** Servcom Carriers Ltd.
**Address of Employer:** 496 Craig St Winnipeg, MB R3G 3C1
**Number of Vacancies:** 9 vacancies
**Skill Requirements:**
**Education**: Some high school, Credentials (certificates, licenses, memberships, courses, etc.) : Driver's Licence (Class 1 or A)
**Experience:** 1 year to less than 2 years
**Languages:** Knowledge of Basic English required
**Type of Trucking and Equipment:** Tractor-trailer
**Type of Travel:** Long-haul
**Weight Handling:** Up to 9 kg (20 lbs)
**Specific Skills :** Operate and drive straight or articulated trucks to transport goods and materials, Drive as part of a two-person team or convoy, Oversee condition of vehicle and inspect tires, lights, brakes, cold storage and other equipment
**Security and Safety:** Criminal record check
**Other:** Only Basic English is required. We offer $0.41 to Solo Driver & $0.25 to Team Driver, per Canadian Mile. $0.42 to Solo Driver & $0.27 to Team Driver per International Mile (includes safety bonus)

How to Apply:
By Fax: (877) 236-9633
By E-mail: spannu@lslinc.com

## General Insurance Agent Required

***We are seeking a qualified professional to join our Team in a full time position. A General Level 1 Insurance License is required. Salary depending on experience.***

***If you are motivated to succeed, appreciate a great team environment and want to work in a real career, we would love to hear from you. English is must, knowledge of other Languages are assets. Please reply to this advertisement, if you have the following license: General Level 1.***

**Fax your Resume: 780-465-0661**
Email your Resume: vnijjar@deolinsurance.com

ਅਲਜੀਰੀਆ ਦੀ ਕੌਮੀ ਮੁਕਤੀ ਜੰਗ ਵਿਚ ਫ਼ਰਾਂਸੀਸੀ ਬਸਤਾਨਾਂ ਦਾ ਅਤਿ ਭਿਆਨਕ ਰੂਪ ਆਲਮ ਸਾਹਮਣੇ ਆਇਆ। ਇਕ ਨਵੰਬਰ 1954 ਨੂੰ ਫ਼ਰਾਂਸੀਸੀਆਂ ਦੀ ਗ਼ੁਲਾਮੀ ਦੇ ਇਕ ਸੌ ਤੀਹ ਸਾਲ ਪੂਰੇ ਹੋਣ ਤੋਂ ਬਾਅਦ ਅਲਜੀਰੀਆ ਦੇ ਕੌਮੀ ਮੁਕਤੀ ਫਰੰਟ ਨੇ ਬਸਤਾਨਾਂ ਵਿਰੁੱਧ ਸੰਗਰਾਮ ਦਾ ਪਿੜ ਮੱਲ ਲਿਆ। ਅਲਜੀਰੀਆ ਦੀ ਮੁਕਤੀ ਬਾਬਤ ਸੁਹਿਰਦ ਸੰਵਾਦ ਰਚਾਉਣ ਦੀ ਥਾਂ ਫ਼ਰਾਂਸੀਸੀਆਂ ਨੇ ਪੰਜ ਲੱਖ ਤੋਂ ਵੱਧ ਰੰਘਰੂਟ ਅਲਜੀਰੀਆ ਭੇਜ ਦਿੱਤੇ।



## ਫਰਾਂਜ਼ ਫਾਨੋ, ਸਾਰਤਰ ਅਤੇ ਫ਼ਿਲਮ

# ਇੰਟੀਮੇਟ ਐਨਮੀਜ਼

ਜਤਿੰਦਰ ਮੌਹਰ
+91-97799-34737
jatindermauhar@gmail.com



ਦੂਜਿਆਂ ’ਤੇ ਕਬਜ਼ਾ ਜਮਾਉਣ ਦੀ ਧਾਰਨਾ ਨੇ ਮਨੁੱਖਤਾ ਦਾ ਸਦੀਆਂ ਤੋਂ ਘਾਣ ਕੀਤਾ ਹੈ। ਇਸੇ ਕੜੀ ’ਚ ਫ਼ਰਾਂਸੀਸੀ ਬਸਤਾਨਾਂ ਦੀਆਂ ਕਰਤੂਤਾਂ ਇਸ ਘਿਨੌਣੇ ਰੁਝਾਨ ਦਾ ਉਘੜਵਾਂ ਪਹਿਲੂ ਰਹੀਆਂ ਹਨ। ਨਪੋਲੀਅਨ ਦੇ ਮਸਤਾਏ ਫ਼ਰਾਂਸੀਸੀ ਹਾਕਮ ਹੁਣ ਵੀ ਆਲਮੀ ਜੇਤੂ ਹੋਣ ਦਾ ਸੁਪਨਾ ਦੇਖਦੇ ਹਨ। ਅਲਜੀਰੀਆ, ਵੀਅਤਨਾਮ ਤੇ ਹਿੰਦ-ਚੀਨ ਤੋਂ ਲੈ ਕੇ ਅੱਜ ਦੇ ਲਿਬੀਆ ਤੱਕ ਉਹ ਤਬਾਹੀ ਦੇ ਮੰਜ਼ਰ ਸਾਕਾਰ ਕਰਦੇ ਰਹੇ ਹਨ। ਦੂਜੇ ਬਸਤਾਨਾਂ ਦੇ ਮੁਕਾਬਲੇ ਫ਼ਰਾਂਸੀਸੀਆਂ ਦੀ ਬਦਨਾਮੀ ਇਸ ਗੱਲ ’ਚ ਹੈ ਕਿ ਉਹ ਆਪਣੀ ਪੂਰੀ ਦੀ ਪੂਰੀ ‘ਸਭਿਅਤਾ’ ਬਸਤੀਆਂ ’ਤੇ ਥੋਪਣ ਦੀ ਜ਼ਿੱਦ ਪੁਗਾਉਂਦੇ ਰਹੇ ਹਨ। ਉਹ ਮੁਕਾਮੀ ਬੋਲੀਆਂ ਅਤੇ ਸਭਿਅਚਾਰਾਂ ਨੂੰ ਧੁਰ ਅੰਦਰ ਤੱਕ ਨਫ਼ਰਤ ਕਰਦੇ ਹੋਏ ਗ਼ੁਲਾਮੀ ਦੇ ‘ਸ਼ੁੱਧ’ ਰੂਪ ਦੀ ਵਕਾਲਤ ਕਰਦੇ ਹਨ। ਅਲਜੀਰੀਆ ਦੀ ਕੌਮੀ ਮੁਕਤੀ ਜੰਗ ਵਿਚ ਫ਼ਰਾਂਸੀਸੀ ਬਸਤਾਨਾਂ ਦਾ ਅਤਿ ਭਿਆਨਕ ਰੂਪ ਆਲਮ ਸਾਹਮਣੇ ਆਇਆ। ਇਕ ਨਵੰਬਰ 1954 ਨੂੰ ਫ਼ਰਾਂਸੀਸੀਆਂ ਦੀ ਗ਼ੁਲਾਮੀ ਦੇ ਇਕ ਸੌ ਤੀਹ ਸਾਲ ਪੂਰੇ ਹੋਣ ਤੋਂ ਬਾਅਦ ਅਲਜੀਰੀਆ ਦੇ ਕੌਮੀ ਮੁਕਤੀ ਫਰੰਟ ਨੇ ਬਸਤਾਨਾਂ ਵਿਰੁੱਧ ਸੰਗਰਾਮ ਦਾ ਪਿੜ ਮੱਲ ਲਿਆ। ਅਲਜੀਰੀਆ ਦੀ ਮੁਕਤੀ ਬਾਬਤ ਸੁਹਿਰਦ ਸੰਵਾਦ ਰਚਾਉਣ ਦੀ ਥਾਂ ਫ਼ਰਾਂਸੀਸੀਆਂ ਨੇ ਪੰਜ ਲੱਖ ਤੋਂ ਵੱਧ ਰੰਗਰੂਟ ਅਲਜੀਰੀਆ ਭੇਜ ਦਿੱਤੇ। ਸੰਨ 1959 ਵਿਚ ਫ਼ਰਾਂਸ ਨੇ ਕੌਮੀ ਮੁਕਤੀ ਲਹਿਰ ਨੂੰ ਮਿੱਧਣ ਲਈ ਫ਼ੌਜੀ ਕਾਰਵਾਈ ਸ਼ੁਰੂ ਕਰ ਦਿੱਤੀ। ਇਸ ਤਰ੍ਹਾਂ ਖ਼ੂਨੀ ਜੰਗ ਦਾ ਮੁੱਢ ਬੱਝਿਆ। ਇਹ ਜੰਗ 1962 ਤੱਕ ਚੱਲਦੀ ਰਹੀ ਅਤੇ ਅੰਤ ’ਚ ਅਲਜੀਰੀਆ ਨੂੰ ਫ਼ਰਾਂਸ ਤੋਂ ਮੁਕਤੀ ਮਿਲੀ। ਅਕਤੂਬਰ 1999 ਤੱਕ ਫ਼ਰਾਂਸ ਇਹ ਗੱਲ ਮੰਨਣ ਤੋਂ ਇਨਕਾਰੀ ਰਿਹਾ ਕਿ ਅਲਜੀਰੀਆ ਵਿਚ ਉਨ੍ਹਾਂ ਵਿਰੁੱਧ ਕੋਈ ਜੰਗ ਚਲਦੀ ਰਹੀ ਹੈ। ਜਿਸ ਜੰਗ ਵਿਚ ਤਿੰਨ ਤੋਂ ਛੇ ਲੱਖ ਅਲਜੀਰਿਆਈ ਮਾਰੇ ਗਏ। ਦੋ ਲੱਖ ਤੋਂ ਵੱਧ ਫ਼ਰਾਂਸੀਸੀ ਜਵਾਨ ਇਸ ਜੰਗ ਦਾ ਹਿੱਸਾ ਬਣੇ। ਜਿਨ੍ਹਾਂ ਵਿਚੋਂ ਸਤਾਈ ਹਜ਼ਾਰ ਤੋਂ ਵੱਧ ਮਰੇ।

2007 ’ਚ ਪਰਦਾਪੇਸ਼ ਹੋਈ ਫ਼ਿਲਮ ‘ਇੰਟੀਮੇਟ ਐਨਮੀਜ਼’ ਅਲਜੀਰੀਆ-ਫ਼ਰਾਂਸ ਜੰਗ ਬਾਬਤ ਹੈ ਅਤੇ ਫ਼ਰਾਂਸੀਸੀ ਫ਼ੌਜੀਆਂ ਦੇ ਮਨੋਵਿਗਿਆਨਕ ਪੱਖ ਨੂੰ ਉਭਾਰਦੀ ਹੈ। ਫ਼ਿਲਮ ਫ਼ਰਾਂਸ ਦੇ ਫ਼ੌਜੀ ਕਾਰਵਾਈ ਸ਼ੁਰੂ ਕਰਨ ਸਮੇਂ ਦੀ ਹੈ। ਫ਼ੌਜੀ ਅਲਜੀਰੀਆ ਦੀ ਧਰਤੀ ’ਤੇ ਕਤਲੇਆਮ ਤੇ ਤਸ਼ੱਦਦ ਦੇ ਕਾਲੇ ਲੇਖ ਲਿਖ ਰਹੇ ਹਨ। ਪਿੰਡਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ। ਜੁਆਕਾਂ ਤੋਂ ਬੁੱਢਿਆਂ ਤੱਕ ਨੂੰ ਅਣਮਨੁੱਖੀ ਤਸ਼ੱਦਦ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ। ਇਸ ਮਾਹੌਲ ’ਚ ਜਾਬਰਾਂ ਦਾ ਮਾਨਸਿਕ ਤਵਾਜ਼ਨ ਹਿੱਲਣਾ ਸੁਭਾਵਕ ਹੈ। ਜਬਰ ਨੂੰ ਸਹੀ ਠਹਿਰਾਉਣ ਲਈ ਸੱਤਾ ਨੂੰ ਬਹਾਨਿਆਂ ਦੀ ਘਾਟ ਕਦੇ ਨਹੀਂ ਰਹੀ ਹੈ। ਬਸਤਾਨ ਆਪਣੇ ਗ਼ੁਨਾਹਾਂ ਦਾ ਕਸੂਰਵਾਰ ਵੀ ਅਲਜੀਰਿਆਈ ਜੁਝਾਰੂਆਂ ਤੇ ਲੋਕਾਂ ਨੂੰ ਠਹਿਰਾਉਂਦੇ ਹਨ।

ਜੁਝਾਰੂਆਂ ਦੇ ਅਸਰ ਹੇਠਲੇ ਖਿੱਤੇ ਨੂੰ ‘ਵਰਜਿਤ ਖਿੱਤਾ’ ਕਿਹਾ ਜਾਂਦਾ ਹੈ। ਫ਼ਰਾਂਸੀਸੀ ਫ਼ੌਜੀਆਂ ਦਾ ਦਲ ਇਸ ਖਿੱਤੇ ਵਿਚ ਕਾਰਵਾਈ ਕਰ ਰਿਹਾ ਹੈ। ਨਵਾਂ ਆਇਆ ਫ਼ਰਾਂਸੀਸੀ ਲੈਫਟੀਨੈਂਟ ਟੈਰੇਨ ਤਸ਼ੱਦਦ ਢਾਹੁਣ ਨੂੰ ਵਾਜਬ ਨਹੀਂ ਗਿਣਦਾ। ਫ਼ੌਜੀ ਦਲ ਦੇ ਬਾਕੀ ਫ਼ੌਜੀ ਬੁੱਚੜਪੁਣੇ ਦੇ ਆਦੀ ਹੋ ਚੁੱਕੇ ਹਨ। ਇਕ ਬੁੱਚੜ ਅਫ਼ਸਰ ਟੈਰੇਨ ਨੂੰ ਸਮਝਾਉਂਦਾ ਹੈ ਕਿ ਅਲਜੀਰੀਆ ਫ਼ਰਾਂਸ ਦਾ ਹਿੱਸਾ ਹੈ। ਇਸ ਕਰ ਕੇ ਕਿਸੇ ਵੀ ਹਾਲਾਤ ਵਿਚ ਇਹਨੂੰ ਮੁਕਤ ਨਹੀਂ ਕੀਤਾ ਜਾ ਸਕਦਾ। ਟੈਰੇਨ ਦਾ ਸਵਾਲ ਹੈ, “ਅਸੀਂ ਮੁਕਾਮੀ ਲੋਕਾਂ ਨੂੰ ਆਪਣੇ ਬਰਾਬਰ ਦੇ ਹੱਕ ਨਹੀਂ ਦਿੰਦੇ। ਇਸ ਕਰ ਕੇ ਉਨ੍ਹਾਂ ਦੀ ਨਾਬਰੀ ਵਾਜਬ ਹੈ।” ਹੌਲੀ ਹੌਲੀ ਟੈਰੇਨ ਵੀ ਵਹਿਸ਼ੀ ਬਣ ਜਾਂਦਾ ਹੈ ਅਤੇ ਮਨੋਰੋਗੀ ਹੋਣ ਦੀ ਕਗਾਰ ’ਤੇ ਪਹੁੰਚ ਜਾਂਦਾ ਹੈ। ਉਹਦਾ ਇਕ ਹੋਰ ਸਾਥੀ ਸਾਰਜੈਂਟ ਡਗਨਕ ਖ਼ੁਦ ਨੂੰ ਕਰੰਟ ਲਵਾ ਕੇ ਸਦਮੇ ’ਚੋਂ ਉਭਰਨ ਦੀ ਕੋਸ਼ਿਸ਼ ਕਰਦਾ ਹੈ ਪਰ ਹੋਰ ਧਸਦਾ ਚਲਾ ਜਾਂਦਾ ਹੈ। ਲੋਕਾਂ ’ਤੇ ਏਨਾ ਤਸ਼ੱਦਦ ਢਾਹੁਣ ਤੋਂ ਬਾਅਦ ਸਹਿਜ ਹੋਣਾ ਸੌਖਾ ਨਹੀਂ ਹੈ। ਇਸ ਕਿਰਦਾਰ ਨੂੰ ਦੇਖ ਕੇ ਪੰਜਾਬੀ ਕਹਾਣੀਕਾਰ ਮਨਿੰਦਰ ਸਿੰਘ ਕਾਂਗ ਦੀ ਕਹਾਣੀ ‘ਭਾਰ’ ਯਾਦ ਆ ਜਾਂਦੀ ਹੈ। ਖਾਲਿਸਤਾਨੀ ਲਹਿਰ ਵੇਲੇ ਲੋਕਾਂ ’ਤੇ ਅਣਮਨੁੱਖੀ ਤਸ਼ੱਦਦ ਢਾਹੁਣ ਵਾਲਾ ਪੁਲਸੀਆ ਚਾਹੁੰਦਾ ਹੈ ਕਿ ਉਹਨੂੰ ਟਰੱਕ ਹੇਠ ਦੇ ਕੇ ਮਾਰਿਆ ਜਾਵੇ। ਉਹਨੇ ਹੋਰ ਕਤਲਾਂ ਦੇ ਨਾਲ ਨਾਲ ਮਾਸੂਮ ਬੱਚੀ ਦਾ ਬੇਦਰਦੀ ਨਾਲ ਕਤਲ ਕੀਤਾ ਸੀ। ਪੁਲਸੀਏ ਤੋਂ ਸਦਮਾ ਸਹਿਣ ਨਹੀਂ ਹੋ ਰਿਹਾ। ਉਹ ਗ਼ੁਨਾਹ ਤੋਂ ਪਿੱਛਾ ਛੁਡਾਉਣ ਲਈ ਭਾਰੇ ਟਰੱਕ ਹੇਠ ਆਉਣਾ ਲੋਚਦਾ ਹੈ।

ਇਸ ਰੁਝਾਨ ਦੀ ਬਾਤ ਪਾਉਂਦੀ ਫ਼ਿਲਮ ‘ਇੰਟੀਮੇਟ ਐਨਮੀਜ਼’ ਨੂੰ ਮਸ਼ਹੂਰ ਨਾਬਰ-ਚਿੰਤਕ ਜੀਨ ਪਾਲ ਸਾਰਤਰ ਅਤੇ ਇਨਕਲਾਬੀ-ਲੇਖਕ ਫਰਾਂਜ਼ ਫਾਨੋ ਦੀ ਕਿਤਾਬ ‘ਰੈਚਟ ਔਫ਼ ਦੀ ਅਰਥ’ ਦੇ ਹਵਾਲੇ ਨਾਲ ਸਮਝਿਆ ਜਾ ਸਕਦਾ ਹੈ। ਸਾਰਤਰ ਨੇ ਇਸ ਕਿਤਾਬ ਦੀ ਭੂਮਿਕਾ ਲਿਖੀ ਸੀ। ਫਾਨੋ ਫ਼ਰਾਂਸ ਦੀ ਬਸਤੀ ਮਾਰਟਨਕਿਊ ਵਿਚ ਜੰਮਿਆ। ਉਹਨੇ ਯੂਨੀਵਰਸਿਟੀ ਪੱਧਰ ਤੱਕ ਮਨੋਰੋਗਾਂ ਅਤੇ ਦਵਾਈਆਂ ਦੀ ਪੜ੍ਹਾਈ ਕੀਤੀ ਅਤੇ ਅਲਜੀਰੀਆ ਦੇ ਲੜਾਈ ਵਾਲੇ ਖਿੱਤੇ ਵਿਚ ਬਤੌਰ ਡਾਕਟਰ ਨੌਕਰੀ ਕੀਤੀ। ਉਹਦੇ ਕੋਲ ਕਈ ਫ਼ਰਾਂਸੀਸੀ ਫ਼ੌਜੀ ਆਉਂਦੇ ਸਨ ਜੋ ਲੋਕਾਂ ’ਤੇ ਤਸ਼ੱਦਦ ਢਾਹੁੰਦੇ ਤੇ ਕਤਲੇਆਮ ਮਚਾਉਂਦੇ ਸਨ। ਉਨ੍ਹਾਂ ਦਾ ਮਾਨਸਿਕ ਤਵਾਜ਼ਨ ਹਿੱਲਿਆ ਹੁੰਦਾ ਸੀ। ਹੌਲੀ-ਹੌਲੀ ਫਾਨੋ ਦੀ ਫ਼ਰਾਂਸ ਬਾਬਤ ਵਫ਼ਾਦਾਰੀ ਬਦਲ ਗਈ। ਉਹਨੇ 1956 ਵਿਚ ਨੌਕਰੀ ਛੱਡ ਦਿੱਤੀ ਤੇ ਟੂਨੀਸ਼ੀਆ ਵਿਚ ਨਰਸਾਂ ਨੂੰ ਸਿਖਲਾਈ ਦੇਣ ਲੱਗ ਪਿਆ। ਇਹ ਨਰਸਾਂ ਅਲਜੀਰੀਆ ਦੀ ਮੁਕਤੀ ਲਈ ਸਰਗਰਮ ਕੌਮੀ ਮੁਕਤੀ ਫਰੰਟ ਲਈ ਸੇਵਾ ਕਰਦੀਆਂ ਸਨ। ਫਾਨੋ ਮੁਕਤੀ ਦੇ ਕਾਜ ਨੂੰ ਸਮਰਪਤ ਹੋ ਗਿਆ। ਉਹਨੇ ਨਿਮਾਣਿਆਂ ਤੇ ਨਿਤਾਣਿਆਂ ਦੀ ਧਿਰ ਵਜੋਂ ਕਈ ਅਹਿਮ ਕਿਤਾਬਾਂ ਲਿਖੀਆਂ। ਜਿਨ੍ਹਾਂ ਵਿਚ ਉਹਨੇ ਬਸਤਾਨਾਂ ਦੀ ਹਿੰਸਾ ਤੇ ਵਹਿਸ਼ੀਪਣ ਨੂੰ ਬੇਪਰਦ ਕੀਤਾ ਹੈ। ਮਨੁੱਖਤਾ ਦਾ ਨਵਾਂ ਇਤਿਹਾਸ ਲਿਖਣ ਲਈ ਤੀਜੀ ਦੁਨੀਆ ਨੂੰ ਬਸਤਾਨਾਂ ਤੋਂ ਮੁਕਤ ਕਰਾਉਣ ਦਾ ਸ਼ਿੱਦਤ ਨਾਲ ਹੋਕਾ ਲਾਇਆ ਹੈ। ਸਾਰਤਰ ਨੇ ਫਾਨੋ ਦੀ ਕਿਤਾਬ ਦੀ ਭੂਮਿਕਾ ’ਚ ਲਿਖਿਆ ਸੀ, “ਜੇ ਅਸੀਂ ਫ਼ਰਾਂਸੀਸੀ ਲੋਕ ਚਾਹੁੰਦੇ ਹਾਂ ਕਿ ਫ਼ਰਾਂਸ ਨੂੰ ਮੁਲਕ ਵਜੋਂ ਜਾਣਿਆ ਜਾਵੇ ਤਾਂ ਸਾਨੂੰ ਇਹ ਕਿਤਾਬ ਲਾਜ਼ਮੀ ਪੜ੍ਹਨੀ ਚਾਹੀਦੀ ਹੈ। ਜੇ ਅਸੀਂ ਆਪਣੀਆਂ ਕਰਤੂਤਾਂ ਤੋਂ ਬਾਜ਼ ਨਾ ਆਏ ਤਾਂ ਫ਼ਰਾਂਸ ਮੁਲਕ ਦਾ ਨਾਂ ਨਹੀਂ ਸਗੋਂ ਮਨੋਰੋਗ ਦਾ ਨਾਂ ਹੋਵੇਗਾ।” ਇਹ ਸਿਰਫ਼ ਫ਼ਰਾਂਸ ਦੇ ਸੋਚਣ ਦਾ ਮਸਲਾ ਨਹੀਂ ਹੈ। ਇਹ ਹਰ ਮੁਲਕ ਅਤੇ ਹਰ ਮਨੁੱਖ ਦੇ ਸੋਚਣ ਦਾ ਮਸਲਾ ਹੈ। ਕੀ ਅਸੀਂ ਦੂਜਿਆਂ ’ਤੇ ਦਾਬਾ ਪਾ ਕੇ ਤੇ ਜਬਰ ਕਰ ਕੇ ਬਿਮਾਰ ਸਮਾਜ ਦੀ ਸਿਰਜਣਾ ਵੱਲ ਨਹੀਂ ਜਾ ਰਹੇ ? ਫਾਨੋ ਆਪਣੀ ਕਿਤਾਬ ’ਚ ਗ਼ਾਲਬਾਂ ਦੇ ਦਾਬੇ ਦੀ ਛਿੱਲ ਲਾਹੁੰਦਾ ਹੈ ਤੇ ਜ਼ੋਰਦਾਰ ਵਿਰੋਧਤਾ ਕਰਨ ਦੀ ਵਕਾਲਤ ਕਰਦਾ ਹੈ। ਉਹ ਸਖ਼ਤ ਸ਼ਬਦਾਂ ’ਚ ਕਹਿੰਦਾ ਹੈ, “ਯੂਰਪ ਨੇ ਸਾਡੇ ਮਹਾਂਦੀਪਾਂ ’ਤੇ ਪੰਜੇ ਜਮਾਏ ਹੋਏ ਹਨ। ਅਸੀਂ ਇਹਦੇ ਬੰਦ ਬੰਦ ਉਦੋਂ ਤੱਕ ਕੱਟਦੇ ਰਹਾਂਗੇ ਜਦੋਂ ਤੱਕ ਇਹ ਸਾਡੀ ਧਰਤੀ ਨਹੀਂ ਛੱਡ ਜਾਂਦੇ।”

ਸਾਰਤਰ ਬਤੌਰ ਯੂਰਪੀ ਆਪਣੇ ਸਮਾਜ ਨਾਲ ਸੰਵਾਦ ਕਰਦਾ ਹੈ ਕਿ ਨਿਤਾਣਿਆਂ ਤੇ ਨਿਤਾਣਿਆਂ ਦੇ ਗੁੱਸੇ ਤੋਂ ਬਚੋ। ਸਾਡੀ ਲੁੱਟ ਨੇ ਹੱਥਲ ਕੀਤੇ ਇਹ ਲੋਕ ਸਾਡੀਆਂ ਬਰੂਹਾਂ ’ਤੇ ਆ ਪਹੁੰਚਣਗੇ। ਇਨ੍ਹਾਂ ਦੀ ਲੁੱਟ ਬੰਦ ਨਾ ਕੀਤੀ ਤਾਂ ਅਣਕਿਆਸੇ ਸਿੱਟੇ ਭੁਗਤਣ ਲਈ ਤਿਆਰ ਹੋ ਜਾਵੋ। ਅਸੀਂ ਕਿਰਤੀ-ਕਿਸਾਨਾਂ ਨੂੰ ਭੁੱਖ ਤੇ ਬਿਮਾਰੀ ਨਾਲ ਮਰਨ ਲਈ ਮਜਬੂਰ ਕਰਦੇ ਹਾਂ। ਉਨ੍ਹਾਂ ਦੀ ਜ਼ਮੀਨ ਖੋਂਹਦੇ ਹਾਂ। ਜੇ ਉਨ੍ਹਾਂ ਅੰਦਰ ਥੋੜ੍ਹੀ ਬਹੁਤ ਜੀਣ ਦੀ ਚਾਹਤ ਬਚਦੀ ਹੈ ਤਾਂ ਅਸੀਂ ਉਨ੍ਹਾਂ ਨੂੰ ਭੈਅ ਦਿਖਾ ਕੇ ਮਾਰਦੇ ਹਾਂ। ਸਾਡੀਆਂ ਬੰਦੂਕਾਂ ਉਨ੍ਹਾਂ ਦੀਆਂ ਛਾਤੀਆਂ ’ਤੇ ਟਿਕੀਆਂ ਹੋਈਆਂ ਹਨ। ਜੇ ਉਹ ਵਿਰੋਧ ਕਰਦੇ ਹਨ ਤਾਂ ਪੁਲਸੀਏ ਉਨ੍ਹਾਂ ਨੂੰ ਗੋਲੀਆਂ ਨਾਲ ਮਾਰਦੇ ਹਨ। ਰੋਜ਼ੀ-ਰੋਟੀ ਤੇ ਜ਼ਮੀਨ ਖੁੱਸਣ ਨਾਲ ਹੀਣ ਭਾਵਨਾ ਪੈਦਾ ਹੁੰਦੀ ਹੈ। ਅਸੀਂ ਉਨ੍ਹਾਂ ਨੂੰ ਭੈਅ ਤੇ ਹੀਣ ਭਾਵਨਾ ਦਾ ਗ਼ੁਲਾਮ ਬਣਾ ਦਿੱਤਾ ਹੈ। ਅਸੀਂ ਉਨ੍ਹਾਂ ਦੀ ਹੋਂਦ ਨੂੰ ਟੁਕੜੇ ਟੁਕੜੇ ਕਰ ਦਿੱਤਾ ਹੈ। ਇਸ ਵਿਚਾਰ ਦੀ ਰੌਸ਼ਨੀ ’ਚ ਪਤਾ ਲਗਦਾ ਹੈ ਕਿ ਫ਼ਿਲਮ ਬਸਤਾਨਾਂ ਦੇ ਜਬਰ ਦੀ ਗੱਲ ਤਾਂ ਛੋਂਹਦੀ ਹੈ ਪਰ ਫ਼ਿਲਮਸਾਜ਼ ਦਾ ਨਜ਼ਰੀਆ ਯੂਰਪੀ ਹੀ ਰਹਿੰਦਾ ਹੈ। ਉਹ ਕੌਮੀ ਮੁਕਤੀ ਲਹਿਰ ਦੇ ਜੁਝਾਰੂਆਂ ਨੂੰ ਵਹਿਸ਼ੀ ਕਾਤਲ ਬਣਾ ਕੇ ਪੇਸ਼ ਕਰਦਾ ਹੈ। ਸਮੁੱਚੇ ਤੌਰ ’ਤੇ ਭਾਵ ਇਹੀ ਨਿਕਲਦਾ ਹੈ ਕਿ ਅਫ਼ਰੀਕੀ ਵਹਿਸ਼ੀਆਂ ਨਾਲ ਵਹਿਸ਼ੀ ਬਣ ਕੇ ਪੇਸ਼ ਨਾ ਆਓ ਕਿਉਂਕਿ ਯੂਰਪੀ ਵਹਿਸ਼ੀ ਨਹੀਂ ਹਨ। ਇਹ ਯੂਰਪੀਆਂ ਦੇ ਉੱਤਮ ਹੋਣ ਦੇ ਗ਼ੁਮਾਨ ਦਾ ਮਹੀਨਤਮ ਪ੍ਰਗਟਾਵਾ ਹੈ। ਫਾਨੋ ਤੇ ਸਾਰਤਰ ਇਸ ਵਿਚਾਰ ਨੂੰ ਮੁੱਧੇ ਮੂੰਹ ਕਰ ਦਿੰਦੇ ਹਨ। ਦੂਜਿਆਂ ’ਤੇ ਦਾਬਾ ਪਾਉਣਾ ਵਹਿਸ਼ੀ ਕੰਮ ਹੈ। ਇਸ ਦਾਬੇ ਨੂੰ ਜਾਰੀ ਰੱਖਣ ਲਈ ਗ਼ੁਲਾਮ ਬਸਤੀਆਂ ’ਤੇ ਢਾਹੇ ਜਾਂਦੇ ਤਸ਼ੱਦਦ ਤੇ ਕਤਲੇਆਮ ਵਹਿਸ਼ੀ ਹਨ। ਨਿਮਾਣਿਆਂ ਤੇ ਨਿਤਾਣਿਆਂ ਦੀ ਨਾਬਰੀ ਨੂੰ ਬਦਨਾਮ ਕਰਨ ਲਈ ਬਸਤਾਨ ਆਮ ਤੌਰ ’ਤੇ ਅਜਿਹੇ ਹੀ ਤਰਕ ਘੜਦੇ ਹਨ। ਫਾਨੋ ਇਨ੍ਹਾਂ ਤਰਕਾਂ ਦੇ ਤੂੰਬੇ ਹੀ ਨਹੀਂ ਉਡਾਉਂਦਾ ਸਗੋਂ ਸਿੱਟੇ ਭੁਗਤਣ ਦੀ ਬੇਕਿਰਕ ਚੇਤਾਵਨੀ ਵੀ ਦਿੰਦਾ ਹੈ। ਦੱਬੇ-ਲੁੱਟੇ ਜਾਂਦਿਆਂ ਦੀ ਆਵਾਜ਼ ਤਾਂ ਉੱਚੀ ਹੀ ਹੋਣੀ ਚਾਹੀਦੀ ਹੈ। ਇਸੇ ਆਵਾਜ਼ ਦਾ ਇਕ ਨੁਮਾਇੰਦਾ ਫਰਾਂਜ਼ ਫਾਨੋ ਹੈ। ਬਸਤਾਨਾਂ ਨਾਲ ਨਿਮਾਣਿਆਂ ਦੀ ਹਰ ਜੰਗ ਨੂੰ ਫਾਨੋ ਦੀਆਂ ਲਿਖਤਾਂ ਦੇ ਹਵਾਲੇ ਨਾਲ ਸਮਝਣਾ ਨਵੀਆਂ ਤੰਦਾਂ ਖੋਲ੍ਹਦਾ ਹੈ। ਇਸੇ ਸੰਦਰਭ ’ਚ ‘ਇੰਟੀਮੇਟ ਐਨਮੀਜ਼’ ਵਰਗੀਆਂ ਫ਼ਿਲਮਾਂ ਨੂੰ ਦੇਖਣਾ ਚਾਹੀਦਾ ਹੈ।

PUNJABI MARKET
ਪੰਜਾਬੀ ਮਾਰਕੀਟ ਗਰੋਸਰੀ ਸਟੋਰ GROCERY STORE

ਇਥੋਂ ਇੰਡੀਅਨ ਪਾਕਿਸਤਾਨੀ ਗਰੋਸਰੀ, ਮਸਾਲੇ, ਤਾਜ਼ੀਆਂ ਸਬਜ਼ੀਆਂ ਅਤੇ ਫਲ-ਫਰੂਟ ਮਿਲਦੇ ਹਨ।
A Large Selection of Indian, Pakistani, Fijian Groeries, Spices, Fresh Vegetables & Much Much More....

For More Info : 403-277-7736
#527 4774 Westwinds Dr. N.E. Calgary
(Behind Green Plaza)



## ਸੇਵਾ ਦੇ ਅਹਿਸਾਸ 'ਚ ਘਰ ਵਾਪਸੀ ਦਾ ਨੁਕਤਾ

# ਇਹ ਜਨਮ ਤੁਮ੍ਹਾਰੇ ਲੇਖੇ



ਹਰਪ੍ਰੀਤ ਸਿੰਘ ਕਾਹਲੋਂ
+91-94641-41678
harpreetsingh.media@gmail.com


ਨਵੀਂ ਤਰ੍ਹਾਂ ਦੇ ਗੁਆਂਢ ਬਣ ਚੁੱਕੇ ਫੇਸਬੁੱਕ ਤੋਂ ਹੀ ਮਿੱਤਰਾਂ ਦੀ ਖੈਰ ਸੁਖ ਮਿਲਦੀ ਹੈ ਅਤੇ ਨਾਲ ਹੀ ਵਿਖਦਾ ਹੈ ਉਨ੍ਹਾਂ ਦੇ ਵਿਚਾਰਾਂ ਦਾ ਪ੍ਰਗਟਾਵਾ। ਯਾਦਵਿੰਦਰ ਨੇ ਇਕ ਵੀਡਿਓ ਸਾਂਝੀ ਕੀਤੀ ਅਤੇ ਨਾਲ ਉਸ ਬਾਰੇ ਛੋਟਾ ਜਿਹਾ ਸੰਦਰਭ ਲਿਖਿਆ, "ਵਿਚਾਰਧਾਰਕ ਮਸ਼ੀਨ ਬਣ ਚੁੱਕੇ ਲੋਕਾਂ ਲਈ, ਜਿਨ੍ਹਾਂ ਨੂੰ ਭਾਵਨਾਤਮਕ ਗੱਲ ਦੁਨੀਆ ਦੀ ਸਭ ਤੋਂ ਛੋਟੀ ਚੀਜ਼ ਲੱਗਦੀ ਹੈ।" ਸੋ ਪਹਿਲੀ ਗੱਲ ਤਾਂ ਇਹੋ ਹੈ ਕਿ ਭਾਵਨਾ ਸ਼ਬਦ ਨੂੰ ਸਮਝਿਆ ਜ਼ਰੂਰ ਜਾਵੇ। ਇਹ ਤੁਹਾਡੀ ਨਿੱਜੀ ਖੋਜ ਹੈ ਪਰ ਸਾਰਿਆਂ ਦੇ ਹਿਤ 'ਚ ਹੈ।

ਦੂਜਾ ਕਿ ਇਹ ਮੇਰੇ ਦਿਮਾਗ 'ਚ ਇਸ ਲਈ ਚੱਲ ਰਿਹਾ ਹੈ ਕਿਉਂ ਕਿ ਭਗਤ ਪੂਰਨ ਸਿੰਘ ਨੂੰ ਸਮਝਨ ਲਈ ਤਰਕ ਦੀ ਸੂਝ ਭਾਵਨਾ ਮਾਰਫਤ ਹੈ। ਹਰਜੀਤ ਸਿੰਘ ਵਲੋਂ ਨਿਰਦੇਸ਼ਤ ਭਗਤ ਪੂਰਨ ਸਿੰਘ ਦੀ ਫ਼ਿਲਮ ਸਿਰਫ਼ ਬਾਇਓਗ੍ਰਾਫੀਕਲ ਫ਼ਿਲਮ ਨਹੀਂ ਸਗੋਂ ਸਿਰਫ਼ ਕੁੰਜੀ ਹੈ। ਇਹ ਫ਼ਿਲਮ ਸਿਰਫ਼ ਉਨ੍ਹਾਂ ਦੀ ਜ਼ਿੰਦਗੀ ਤੱਕ ਪਹੁੰਚਣ ਦੇ ਛੋਟੇ ਛੋਟੇ ਇਸ਼ਾਰਿਆਂ ਦਾ ਦਸਤਖ਼ਤ ਹੈ। ਇਸੇ ਲਈ ਸਿਨੇਮਾ ਬਾਰੇ ਗੱਲ ਕਰਨ ਵਾਲਿਆਂ ਨੂੰ ਇਹ ਵਿਸਥਾਰ 'ਚ ਮਹਿਸੂਸ ਨਹੀਂ ਹੁੰਦੀ ਜਾਂ ਇੰਜ ਲੱਗਦਾ ਹੈ ਕਿ ਇਹ ਫ਼ਿਲਮ ਕਈ ਜਗ੍ਹਾ ਤੋਂ ਟੁੱਟਦੀ ਹੈ। ਕਹਾਣੀ ਕਹਿਣ 'ਚ ਕਾਹਲ ਜਾਪਦੀ ਹੈ ਜਾਂ ਫਿਲਮ ਸੰਪਾਦਨਾ ਵਿਚ ਕਮੀ ਵੀ ਮਹਿਸੂਸ ਹੁੰਦੀ ਹੈ।

ਪਰ ਇਸ ਫ਼ਿਲਮ ਦਾ ਵਰਤਾਰਾ ਤਕਨੀਕੀ ਪੱਖ ਤੋਂ ਉੱਪਰ ਦਾ ਹੈ। ਇਹਨੂੰ ਵੇਖਦੇ ਹੋਏ ਵਾਇਆ ਸਿਨੇਮਾ ਮੈਂ ਲੋਕ ਮਨਾਂ ਨੂੰ ਵੀ ਵੇਖ ਰਿਹਾ ਸੀ, ਸੁਣ ਰਿਹਾ ਸੀ। ਫ਼ਿਲਮ ਸ਼ੁਰੂ ਹੋਣ ਦੌਰਾਨ ਚਰਚਾ ਇਹ ਚੱਲ ਰਹੀ ਹੈ ਕਿ ਫ਼ਿਲਮ ਦਾ ਨਾਮ 'ਇਹ ਜਨਮ ਤੁਮ੍ਹਾਰੇ ਲੇਖੇ' 'ਚ ਪੰਜਾਬੀ ਫ਼ਿਲਮ ਬਣਾਉਣ ਵੇਲੇ ਹਿੰਦੀ ਦਾ ਸ਼ਬਦ 'ਤੁਮ੍ਹਾਰੇ' ਕਿਉਂ ਵਰਤਿਆ ਗਿਆ। ਸ਼ਾਇਦ ਉਨ੍ਹਾਂ ਨੂੰ ਭਗਤ ਰਵੀਦਾਸ ਦੇ ਸ਼ਬਦ ਦਾ ਨਹੀਂ ਸੀ ਪਤਾ ਜਿੱਥੋਂ ਇਹ ਸਿਰਲੇਖ ਲਿਆ ਗਿਆ। ਸਿਨੇਮਾ ਅੰਦਰ ਅਗਲੀਆਂ ਸੀਟਾਂ 'ਤੇ ਬੈਠੇ ਨੌਜਵਾਨਾਂ ਵਲੋਂ ਇਹ ਚਰਚਾ ਨੂੰ ਹੋ ਸਕਦੈ ਮੇਰੀ ਨਜ਼ਰ ਉਂਜ ਹੀ ਵਧਾ ਚੜ੍ਹਾ ਕੇ ਵੇਖੀ ਜਾ ਰਹੀ ਹੋਵੇ ਪਰ ਇਹ ਤੰਦ ਮੇਰੇ ਸਾਹਮਣੇ ਉਜਾਗਰ ਕਰਦੀ ਹੈ ਕਿ ਪੰਜਾਬ ਅੰਦਰੋ ਹਰ ਸਾਹ ਦਰ ਸਾਹ ਪਹੁੰਚਣ ਵਾਲੇ ਫਲਸਫੇ ਕਿੰਜ ਉਨ੍ਹਾਂ ਦੀ ਪਹੁੰਚ ਤੋਂ ਦੂਰ ਹੋ ਰਹੇ ਹਨ ਕਿ ਜਿਨ੍ਹਾਂ ਗੱਲਾਂ ਦਾ ਆਮ ਜ਼ਿਕਰ ਜਾਂ ਉਨ੍ਹਾਂ ਦੀ ਸਮਝ ਅਧੀਨ ਪਸਾਰ ਹੋਣਾ ਚਾਹੀਦਾ ਸੀ, ਉਹ ਨਹੀਂ ਹੈ। ਜਦੋਂ ਫ਼ਿਲਮ ਖ਼ਤਮ ਹੁੰਦੀ ਹੈ ਤਾਂ ਕੁਝ ਦਾ ਜ਼ਿਕਰ ਹੈ ਕਿ ਇਹ ਤਾਂ ਕੋਈ ਸੌਧਾ ਨਾ ਹੋਇਆ, ਦਿਲਜੀਤ ਦਾ ਗਾਣਾ ਤਾਂ ਵਿਖਾਇਆ ਨਹੀਂ। ਇਨ੍ਹਾਂ ਸਾਰੀਆਂ ਗੱਲਾਂ 'ਚ ਖੁਸ਼ੀ ਇਹ ਮਹਿਸੂਸ ਹੋ ਰਹੀ ਹੈ ਕਿ ਉਨ੍ਹਾਂ ਇਹ ਫ਼ਿਲਮ ਵੇਖਣ ਦੀ ਪਹਿਲ ਤਾਂ ਕੀਤੀ। ਪਰ ਸੋਚ ਅੰਦਰ ਇਹ ਜ਼ਰੂਰ ਚੱਲ ਰਿਹਾ ਹੈ ਕਿ ਫ਼ਿਲਮ ਵੇਖਣ ਤੋਂ ਬਾਅਦ ਜੋ ਸੋਚ 'ਚ ਚੱਲਣੀ ਚਾਹੀਦਾ ਸੀ, ਉਹ ਨਹੀਂ ਮਹਿਸੂਸ ਹੋ ਰਿਹਾ। ਬਾਕੀ ਅੱਧੇ ਸਿਨੇਮਾ ਦਾ ਭਰਨਾ ਮੇਰੀ ਨਜ਼ਰੇ ਸਾਰਥਕ ਜ਼ਰੂਰ ਹੋਇਆ ਹੈ। ਇਕ ਵਾਰ ਫ਼ਿਲਮ ਸ਼ੁਰੂ ਹੋਣ ਤੋਂ ਬਾਅਦ ਕਿਸੇ ਵੀ ਤਰ੍ਹਾਂ ਦੀ ਘੁਸਰ ਮੁਸਰ ਨਹੀਂ ਹੋ ਰਹੀ ਸੀ। ਇਹ ਮੇਰੇ ਲਈ ਵੱਖਰਾ ਤਜਰਬਾ ਸੀ।

ਇਸ ਫ਼ਿਲਮ ਦੇ ਬਹਾਨੇ ਸਾਡੇ ਜ਼ਿਹਨ 'ਚ ਇਹ ਜ਼ਰੂਰ ਰਹਿਣਾ ਚਾਹੀਦਾ ਹੈ ਕਿ ਅਸੀ ਸਾਰੇ ਕੋਸਦੇ ਹਾਂ ਕਿ ਚੰਗਾ ਸਿਨੇਮਾ ਨਹੀਂ ਬਣਦਾ, ਚੰਗੇ ਵਿਸ਼ੇ ਨਹੀਂ ਹਨ। ਪਰ ਜਦੋਂ ਅਜਿਹੀ ਫ਼ਿਲਮ ਆਉਂਦੀ ਹੈ ਸਾਨੂੰ ਹੁੰਗਾਰਾ ਜ਼ਰੂਰ ਦੇਣਾ ਚਾਹੀਦਾ ਹੈ। ਭਗਤ ਪੂਰਨ ਸਿੰਘ ਪੰਜਾਬ ਦੇ ਓਸ ਫ਼ਲਸਫੇ ਦਾ ਪ੍ਰਤੀਕ ਹੈ ਜਿੱਥੇ ਗੁਰੂ ਨਾਨਕ ਸਾਹਬ ਦੇ ਪੂਰਨੇ ਪਾਏ ਵਿਖਦੇ ਹਨ। ਸੰਗਤ, ਪੰਗਤ, ਸੇਵਾ, ਨਿੱਜ ਦਾ ਤਿਆਗ, ਅਣਮਨੁੱਖੀ ਵਰਤਾਰੇ ਦਾ ਵਿਰੋਧ, ਦਇਆ ਇਨ੍ਹਾਂ ਸੰਗ ਸੰਸਾਰ ਦੀ ਸੋਚ ਸਹੀ ਬਣੇਗੀ। ਭਗਤ ਪੂਰਨ ਸਿੰਘ ਦੀ ਭੂਮਿਕਾ ਨੂੰ ਪਵਨ ਰਾਜ ਮਲਹੋਤਰਾ ਨੇ ਏਨੀ ਖ਼ੂਬਸੂਰਤੀ ਨਾਲ ਜ਼ਿੰਦਾ ਕੀਤਾ ਹੈ ਕਿ ਭਗਤ ਪੂਰਨ ਸਿੰਘ ਤੋਂ ਅਣਜਾਨ ਬੰਦਾ ਉਨ੍ਹਾਂ ਦੀ ਸ਼ਖਸੀਅਤ ਨਿਰਮਾਣ 'ਚ ਝਾਤ ਸੋਖਿਆਂ ਮਾਰ ਲੈਂਦਾ ਹੈ। ਇਹ ਫ਼ਿਲਮ ਭਗਤ ਪੂਰਨ ਸਿੰਘ ਦੇ ਵਿਸਥਾਰ 'ਚ ਨਹੀਂ ਜਾਂਦੀ ਸਗੋਂ ਉਹਦੇ ਛੋਟੇ ਛੋਟੇ ਇਸ਼ਾਰੇ ਕਰਦੀ ਹੈ। ਉਹ ਕੁਝ ਉਸੇ ਤਰ੍ਹਾਂ ਦਾ ਅਹਿਸਾਸ ਹੈ ਕਿ ਆਪਣੀ ਫਸਲ ਆਪ ਬੀਜਣੀ ਪਵੇਗੀ ਅਤੇ ਆਪ ਹੀ ਕੱਟਣੀ ਪਵੇਗੀ। ਸੋ, ਇਸ ਫ਼ਿਲਮ ਨੂੰ ਵੇਖੋ ਭਗਤ ਪੂਰਨ ਸਿੰਘ ਪ੍ਰਤੀ ਉਤਸੁਕਤਾ ਜਗਾਓ ਅਤੇ ਉਨ੍ਹਾਂ ਨੂੰ ਹੋਰ ਜਾਨਣ ਲਈ ਖ਼ੁਦ ਸੇਵਾ 'ਚ ਪੈ ਜਾਓ। ਸੇਵਾ ਦੇ ਮਾਇਨਿਆਂ ਨੂੰ ਸਮਝਨ ਲਈ ਇਹ ਮੁੱਢਲੀ ਗਾਈਡਲਾਈਨ ਹੈ।

ਫ਼ਿਲਮ ਦੀ ਸ਼ੁਰੂਆਤ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਵਲੋਂ ਲਿਖੇ ਸ਼ਬਦ 'ਆਰਤੀ' ਤੋਂ ਹੁੰਦੀ ਹੈ। ਉਸ ਦੇ ਫ਼ਿਲਮਾਂਕਣ ਨਾਲ ਹੀ ਸਾਡੀ ਸੋਚ ਅੰਦਰ ਚਿੰਤਨ ਜਨਮ ਲੈਂਦਾ ਹੈ ਅਤੇ ਭਗਤ ਪੂਰਨ ਸਿੰਘ ਦੀ ਜ਼ਿੰਦਗੀ ਅੰਦਰਲੀਆਂ ਨਿਸ਼ਾਨਦੇਹੀਆਂ ਵਿਖਦੀਆਂ ਹਨ। ਜਦੋਂ ਅੱਜ ਪਛਾਣ ਨੂੰ ਲੈ ਕੇ ਸਾਰਿਆਂ ਅੰਦਰ ਤੜਪ ਹੈ। ਫੇਸਬੁੱਕ 'ਤੇ ਤਰਜੀਹ, ਲਾਈਕ, ਟਿੱਪਣੀਆਂ ਦੇ ਸ਼ਕਤੀ ਪ੍ਰਦਰਸ਼ਨ ਦੇ ਦੌਰ ਤੋਂ ਲੈ ਕੇ ਘਰ ਵਾਪਸੀ ਵਰਗੇ ਫਾਲਤੂ ਸ਼ਸੋਪੰਜ ਚਰਚਾ 'ਚ ਹਨ। ਅਜਿਹੇ 'ਚ ਨਿਰਦੇਸ਼ਕ ਕਹਾਣੀ ਦੱਸਣ ਤੋਂ ਪਹਿਲਾਂ ਅਹਿਸਾਸ ਕਰਵਾ ਰਿਹਾ ਹੈ ਕਿ ਭਗਤ ਪੂਰਨ ਸਿੰਘ ਵਰਗਾ ਸਿੱਖ ਇਸ ਨੁਕਤੇ ਨੂੰ ਮਹਿਸੂਸ ਕਰਦਾ ਸੀ ਕਿ ਕੁਦਰਤ ਦੇ ਜਲੌਅ 'ਚ ਏਡੀ ਵੱਡੀ ਆਰਤੀ 'ਚ ਸਾਡਾ ਨਿੱਜ ਕਿੱਥੇ ਠਹਿਰਦਾ ਹੈ। ਇਸ ਲਈ ਭਗਤ ਪੂਰਨ ਸਿੰਘ ਪਿੰਗਲਵਾੜਾ ਮਹਾਨਤਮ ਅਹਿਸਾਸ ਨੂੰ ਅਪੜੇ ਹਨ।

ਫ਼ਿਲਮ ਦੀ ਪੇਸ਼ਕਾਰੀ 'ਚ ਸੰਵਾਦ ਨੂੰ ਤੋਰਨ 'ਚ ਇੰਜ ਐਲੀਮੈਂਟ ਨੂੰ ਵਰਤਣਾ ਬਹੁਤ ਖ਼ੂਬਸੂਰਤ ਲੱਗਿਆ। ਕਿਤੇ ਨਾ ਕਿਤੇ ਆਰਤੀ ਦੇ ਉਨ੍ਹਾਂ





ਮਾਇਨਿਆਂ ਨੂੰ ਦੁਬਾਰਾ ਸਮਰਣ ਕਰਨ ਦੀ ਲੋੜ ਹੈ ਫਿਰ ਹੀ ਸੰਸਾਰ ਦੀ ਭਾਵਨਾਤਮਕ ਗੱਲ ( ਜੋ ਮੈਂ ਯਾਦਵਿੰਦਰ ਦੇ ਫੇਸਬੁੱਕੀ ਟਿੱਪਣੀ ਦੇ ਹਵਾਲੇ ਨਾਲ ਕੀਤੀ ਸੀ ) ਵੱਡੀ ਜਾਪੇਗੀ। ਪਿਛਲੇ ਦਿਨਾਂ ਦੀਆਂ ਸਾਰੀਆਂ ਖ਼ਬਰਾਂ ਇਹੋ ਅਹਿਸਾਸ ਕਰਵਾ ਰਹੀਆਂ ਹਨ ਕਿ ਸਿੱਖੀ ਅੰਦਰ ਵੀ 'ਗਗਨ ਮੈ ਥਾਲਿ' ਦੇ ਮਾਇਨੇ ਗਵਾਚ ਗਏ ਹਨ। ਬਾਕੀ ਧਰਮਾਂ ਅੰਦਰ ਵੀ ਇਹ ਅਹਿਸਾਸ ਨਿਗੁਨੇ ਹੋਏ ਹਨ। ਗੋਆ ਤੋਂ ਇਕ ਖ਼ਬਰ ਆਈ ਸੀ ਕਿ ਕਿਸੇ ਨੇ ਕਿਹਾ ਕਿ ਜੇ ਤੁਸੀਂ ਇਸਾਈ ਨਹੀਂ ਬਣਦੇ ਤਾਂ ਨਰਕ 'ਚ ਜਾਓਗੇ। ਛਤੀਸਗੜ੍ਹ 'ਚ ਆਰ.ਐੱਸ.ਐੱਸ ਵਾਲਿਆਂ ਇਕ ਇਸਾਈ ਮਿਸ਼ਨਰੀ ਦੇ ਸਕੂਲ 'ਚ ਮੁੱਖ ਅਧਿਆਪਕ ਨੂੰ ਆਪਣੇ ਆਪ ਨੂੰ ਫਾਦਰ ਕਹਾਉਣ ਤੋਂ ਰੋਕਿਆ ਅਤੇ ਸਕੂਲ 'ਚ ਸਰਸਵਤੀ ਦੀ ਮੂਰਤੀ ਸਥਾਪਤ ਕਰਨ ਦੀਆਂ ਹਦਾਇਤਾਂ ਜੜ੍ਹ ਛੱਡੀਆਂ। ਆਰ.ਐੱਸ.ਐੱਸ ਸਣੇ ਕੱਟੜ ਹਿੰਦੂਵਾਦੀ ਗੁੱਟ 2025 'ਚ ਸੰਪੂਰਨ ਭਾਰਤ ਨੂੰ ਹਿੰਦੂ ਬਣਾਉਣ ਦਾ ਏਜੰਡਾ ਲੈ ਕੇ ਚੱਲ ਰਹੇ ਹਨ। ਅਜਿਹੀਆਂ ਨਿਗੁਣੀਆਂ ਗੱਲਾਂ 'ਚ ਸੇਵਾ ਅਤੇ ਮਨੁੱਖਤਾ ਦੇ ਬੀਜ ਸੁਰਜੀਤ ਕਰਨ ਲਈ ਭਗਤ ਪੂਰਨ ਸਿੰਘ ਪਿੰਗਲਵਾੜਾ ਦੀ ਸੋਚ ਨੂੰ ਧਾਰਨ ਕਰਨਾ ਬਹੁਤ ਜ਼ਰੂਰੀ ਹੈ। ਅੰਮ੍ਰਿਤਸਰ ਦੀ ਇਕ ਵਾਰਤਾ ਦਾ ਜ਼ਿਕਰ ਕਰਦੇ ਹੋਏ ਸਾਡਾ ਮਿੱਤਰ ਮਨਜੀਤ ਸਿੰਘ ਰਾਜਪੁਰਾ ਦੱਸਦਾ ਹੈ ਕਿ ਸਿੰਘ ਬ੍ਰਦਰਜ਼ ਪਬਲੀਕੇਸ਼ਨ ਵਾਲਿਆਂ ਆਪਣੇ ਤਜਰਬੇ ਨਾਲ ਭਗਤ ਪੂਰਨ ਸਿੰਘ ਬਾਰੇ ਕੁਝ ਇਸ ਤਰ੍ਹਾਂ ਦੱਸਦੇ ਸਨ। "ਉਹ ਉਨ੍ਹਾਂ ਮਰੀਜ਼ਾਂ ਦੀ ਸੇਵਾ ਕਰਦੇ ਸਨ ਤੇ ਜਿਹੋ ਜਿਹੀ ਉਨ੍ਹਾਂ ਮਰੀਜ਼ਾਂ ਦੀ ਹਾਲਤ ਹੁੰਦੀ ਸੀ ਉਸ ਨੂੰ ਵੇਖ ਕੇ ਤਾਂ ਸਗੇ ਵੀ ਮੂੰਹ ਫੇਰ ਲੈਣ। ਅਜਿਹੀ ਸੇਵਾ ਲਈ ਤਾਂ ਕਿਸੇ ਸ਼ਖਸੀਅਤ ਦਾ Abnormal ਹੋਣਾ ਹੀ ਜ਼ਰੂਰੀ ਹੈ।" ਮੈਂ ਇਸ ਨੂੰ Normal Man in Abnormal World ਦਾ ਵਿਸ਼ੇਸ਼ਣ ਦਿੰਦਾ ਹਾਂ।

ਫ਼ਿਲਮਸਾਜ਼ ਦੀ ਇਹ ਫ਼ਿਲਮ ਬਹੁਤ ਹੀ ਇਮਾਨਦਾਰ ਕੋਸ਼ਿਸ਼ ਹੈ। ਭਗਤ ਪੂਰਨ ਸਿੰਘ ਹੋਰਾਂ ਦੀ ਸੋਚ ਤੇ ਉਨ੍ਹਾਂ ਦੀ ਸ਼ਖਸੀਅਤ ਨਿਰਮਾਣ 'ਚ ਉਨ੍ਹਾਂ ਦੀ ਮਾਂ ਦੀਆਂ ਸਿੱਖਿਆਵਾਂ ਦਾ ਬਹੁਤ ਵੱਡਾ ਹੱਥ ਹੈ। ਭਗਤ ਪੂਰਨ ਸਿੰਘ ਤੇ ਉਨ੍ਹਾਂ ਦੀ ਮਾਂ ਦਰਮਿਆਨ ਰਿਸ਼ਤਾ ਪੂਰੇ ਨਿਰਦੇਸ਼ਕੀ ਕੌਸ਼ਲ ਦਾ ਕਮਾਲ ਹੈ। ਇਸੇ ਕੌਸ਼ਲ 'ਚ ਪ੍ਰਦੂਸ਼ਣ ਪ੍ਰਤੀ ਉਨ੍ਹਾਂ ਦੀ ਚਿੰਤਾ ਅਤੇ ਪਦਾਰਥਵਾਦੀ ਵਰਤਾਰੇ 'ਚ ਪੜ੍ਹੇ ਲਿਖਿਆ ਨੂੰ ਪੜ੍ਹੇ ਲਿਖੇ ਜਾਹਲ ਕਹਿਣਾ ਉਨ੍ਹਾਂ ਦੇ ਰੋਸ ਤੇ ਗੁੱਸੇ ਨੂੰ ਬਿਆਨ ਵੀ ਕਰਦਾ ਹੈ। ਨਾਲੋ ਨਾਲ ਅਜੋਕੀ ਪੜ੍ਹਾਈ ਅੰਦਰੋਂ ਮਨਫ਼ੀ ਸਮਾਜਕ ਜ਼ਿੰਮੇਵਾਰੀ ਦੇ ਵਿਸਥਾਰ ਲਈ ਬਣਾਉਟੀ ਵਰਤਾਰੇ 'ਤੇ ਟਿੱਪਣੀ ਵੀ ਖ਼ੂਬ ਕਰਦਾ ਹੈ। ਇਸ ਤੋਂ ਸਿੱਖਣ ਦੀ ਲੋੜ ਹੈ ਕਿ ਅਸੀ ਕਿਸੇ ਪ੍ਰਤੀ ਧਾਰਨਾ ਬਣਾਉਣ ਦਾ ਮੁੱਢਲਾ ਜ਼ਰੀਆ ਉਹਦੇ ਪਹਿਰਾਵੇ ਨੂੰ ਨਾ ਬਣਾਈਏ ਤੇ ਬੰਦੇ ਨੂੰ ਬੰਦਾ ਸਮਝਣ ਦਾ ਫਲਸਫਾ ਜਿੰਨਾ ਛੇਤੀ ਹੋ ਸਕੇ ਸਿੱਖ ਲਈਏ। ਭਗਤ ਪੂਰਨ ਸਿੰਘ ਦਾ 1984 ਵੇਲੇ ਦਰਬਾਰ ਸਾਹਿਬ 'ਤੇ ਹਮਲੇ ਅਤੇ ਬੇਦੋਸ਼ਿਆਂ ਦੇ ਕਤਲੇਆਮ ਕਾਰਨ ਆਪਣਾ ਪਦਮ ਸ਼੍ਰੀ ਪੁਰਸਕਾਰ ਵਾਪਸ ਕਰਨਾ ਬਹੁਤ ਖਾਸ ਦਸਤਖਤ ਸੀ। ਅਜਿਹੇ 'ਚ ਸਿਸਟਮ ਪ੍ਰਤੀ ਉਨ੍ਹਾਂ ਦੀ ਟਿੱਪਣੀ ਬਹੁਤ ਮਾਇਨੇ ਰੱਖਦੀ ਹੈ। ਇਸ ਨੂੰ ਹੋਰ ਵਿਸਥਾਰ 'ਚ ਸਮਝਣ ਲਈ ਇਕ ਕਿਤਾਬ ਪੜ੍ਹੀ ਜਾ ਸਕਦੀ ਹੈ। Garland Around My Neck: The Story of Puran Singh of Pingalwara, by Patwant Singh & Harinder Kaur Sekhon.

ਬਹੁਤ ਕੁਝ ਵਿਚਾਰਨ ਨੂੰ ਜੀਅ ਕਰਦਾ ਹੈ। ਇਹੋ ਫ਼ਿਲਮ ਦੀ ਸਾਰਥਕਤਾ ਹੈ। ਆਦਮ ਤੇ ਹਵਾ ਦੇ ਰਿਸ਼ਤੇ ਵਿਚ, ਵੱਖੋ ਵੱਖਰੇ ਰਿਸ਼ਤਿਆਂ ਨੂੰ ਨਿਭਾਉਂਦੇ ਹੋਏ ਕਿਹੜੇ ਜਜ਼ਬਾਤ ਨੂੰ ਸਹੀ ਲੀਹੇ ਲੈ ਕੇ ਜਾਈਏ। ਉਨ੍ਹਾਂ ਤੱਕ ਇਹ ਸੰਦੇਸ਼ ਪਹੁੰਚਾਉਣ ਦੀ ਲੋੜ ਹੈ ਕਿ ਪਿੰਜਰ ਦੀ ਪਾਤਰ ਜਿਸ ਸਲਾਮਤੀ ਦੀ ਦੁਆ 'ਚ ਮਨੁੱਖਤਾ ਦੀ ਘਰ ਵਾਪਸੀ ਨਾਲ ਆਪਣਾ ਆਪ ਵੇਖ ਰਹੀ ਹੈ। ਉਹ ਹੀ ਸੱਚਾ ਤੇ ਸੁੱਚਾ ਅਹਿਸਾਸ ਹੈ। ਅਜਮੇਰ ਸਿੱਧੂ ਦੀ ਕਹਾਣੀ 'ਇਕਬਾਲ ਹੁਸੈਨ ਮੋਇਆ ਨੀ' ਜਿਸ ਧਰਮ ਦੀ ਕੱਟੜਤਾ 'ਤੇ ਵਿਅੰਗ ਕਰਦੀ ਹੈ ਉਸ 'ਚ ਹੀ ਧਰਮ ਦੇ ਲੰਬੜਦਾਰ ਵੇਖਣ ਕਿ ਫਤਵੇ ਰਾਹ ਦਸੇਰਾ ਨਹੀਂ ਬਣਦੇ ਕਿਸੇ ਅਹਿਸਾਸ ਦੇ। ਇਸ ਫ਼ਿਲਮ ਦੇ ਮਾਰਫਤ ਪਿਆਰ, ਦਇਆ, ਆਦਰ, ਮਨੁੱਖਤਾ, ਕੁਦਰਤ ਕਿੰਨੀਆਂ ਹੀ ਵੰਨਗੀਆਂ ਮੁੜ ਚੇਤੇ ਆ ਜਾਂਦੀਆਂ ਹਨ। ਜਦੋਂ ਇਸ ਸਮੇਂ ਘਰ ਵਾਪਸੀ ਸ਼ਬਦ ਆਪਣਾ ਨਿੱਖਧ ਰੂਪ ਧਾਰਨ ਕਰ ਚੁੱਕਾ ਹੈ। ਅਜਿਹੇ 'ਚ ਸੇਵਾ ਦੀ ਭਾਵਨਾ ਨਾਲ ਮਨੁੱਖਤਾ ਅਤੇ ਕੁਦਰਤ ਦੇ ਨੁਕਤਿਆਂ ਵਿਚ ਆਪਣੇ ਜਨਮ ਨੂੰ ਕਿਸ ਲੇਖੇ ਲਾਉਣਾ ਹੈ..ਇਹ ਹੀ ਸਾਡਾ ਮੂਲ ਚਿੰਤਨ ਹੈ। ਇਹੋ ਹੀ ਘਰ ਵਾਪਸੀ ਹੈ।

# Royal Executive Homes

Royal Executive Homes

## New Project by Royal Executive Homes in Beaumont

## Walkout Lots for Sale




**4501 50 AVE BEAUMONT**

- Excellent Location
- Close To all Amenities
- Transit Access
- Close to 50th Street
- Affordable Prices

**SALES CONTACT :**

# 780-965-7390

# ਮੌਰਗੇਜ ਦੇ ਵਧੀਆ ਰੇਟ ਅਤੇ ਭਰੋਸੇਯੋਗ ਸੇਵਾਵਾਂ ਲਈ ਕਾਲ ਕਰੋ



**Amar Vig**
780-270-2727
Mortgage Specialist



**Jody Vig**
780-485-8700
Manager

**BEST MORTGAGE RATES BEST SERVICE**

2014 PROFIT 500 CANADA'S FASTEST-GROWING COMPANIES




CMP CANADIAN MORTGAGE AWARDS WINNER 2014
WWW.CANADIANMORTGAGEAWARDS.COM

• PURCHASE • REFINANCE • PRE-APPROVAL
• FIRST TIME HOME BUYERS • NEW TO CANADA
• SELF EMPLOYED • INVESTMENT PROPERTY
• COMMERCIAL FINANCING • EQUIPMENT LEASING
100% FINANCING AVAILABLE*

DOMINION LENDING CENTRES
Mortgage Force
Independently Owned and Operated

**780-466-9898**
Unit 12, 3908-97 Street Edmonton T6E 6N2

* Some Conditions Apply

# JAY'S TRAVEL LTD.

FOR ALL YOUR WORLDWIDE TRAVEL NEEDS
BEST SERVICE WITH DISCOUNTED PRICES

• VACATION PACKAGE • AIR TICKETS • TOUR
• HOTEL • CAR • CRUISE

Authorised Agent For :-
Lufthansa, Qatar, Emirates, Gulf Airways, Jet Airways, Kuwait, Emirates
Air Canada, West Jet, Eva Airways, China Airline, Air China, Singapore Airline



3655-99 STREET EDMONTON ALBERTA, CANADA T6E 6K5
TEL : (780) 461-6666 FAX : (780) 450-8683 Email : anil@incentre.net

# HARPREET GILL
MORTGAGE SPECIALIST

Helping you buy your home is our first priorty
*Professional, trusted, experienced*

ਆਪਣੇ ਨਵੇਂ ਜਾਂ ਪੁਰਾਣੇ ਘਰ 'ਤੇ ਮੌਰਗੇਜ਼, ਲਾਈਨ ਆਫ਼ ਕਰੈਡਿਟ ਜਾਂ ਕੰਨਸਟਰਕਸ਼ਨ ਮੌਰਗੇਜ਼ ਲੈਣ ਵਾਸਤੇ

**HARPREET GILL**
ਪਾਸੋਂ ਆਪਣੀ ਮੌਰਗੇਜ਼ ਪਹਿਲਾਂ ਹੀ ਮਨਜ਼ੂਰ ਕਰਵਾਉ। ਪੁਰਾਣੇ ਘਰਾਂ ਤੇ ਰੀਫ਼ਾਇਨੈਂਸ ਵੀ ਮਿਲ ਸਕਦੀ ਹੈ ਅਤੇ ਘੱਟ ਤੋਂ ਘੱਟ ਰੇਟ 'ਤੇ ਮੌਰਟਗੇਜ਼ ਲੈ ਕੇ ਦਿੰਦੇ ਹਨ।

**MORTGAGE FOR**
- Self Employed
- Construction
- Self Built
- New Immigrants
- Equity Program

RBC Royal Bank



harpreet.k.gilll@rbc.com **Cell : (780) 993-3029**



**Enrich** your child's **future** by investing a few dollars a week.

Global RESP Corporation (GRESP)
Approved Distributor of the Global Education Trust Plan (GETP)

Call us now to learn more about the GETP and how to save for your child's future education.

**Varinder Kaur Nijjar**
Sales Representative
(780)-667-3015

**Jasvir Deol**
Branch Manager
(780)-906-4497

GLOBAL RESP CORPORATION www.globalfinancial.ca
Every **Dream** needs a **Plan**™